ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 81
ਫ਼ੋਨ: +91- 92168-07500
E-mail: news@charhdikala.com
www.charhdikala.com

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Tuesday, 24 March, 2026) ਮੰਗਲਵਾਰ, 24 ਮਾਰਚ, 2026, 11 ਚੇਤ, ਨਾਨਕਸ਼ਾਹੀ ਸੰਮਤ 558, ਬਿਕ੍ਰਮੀ 2083/ PRGI (RNI) Regd. No. 22972/1972/ ਮੁੱਲ: 2 ਰੁਪਏ

*ਨਗਰ ਨਿਗਮ ਚੋਣਾਂ ਦੀ ਹੱਦਬੰਦੀ ਦਾ ਮਾਮਲਾ*

## ਹਾਈ ਕੋਰਟ ਵੱਲੋਂ ਨੋਟੀਫਿਕੇਸ਼ਨਾਂ ਨੂੰ ਚੁਣੌਤੀ ਦੇਣ ਵਾਲੀਆਂ ਸਾਰੀਆਂ ਪਟੀਸ਼ਨਾਂ ਰੱਦ

ਚੰਡੀਗੜ੍ਹ , 23 ਮਾਰਚ (ਚ.ਨ.ਸ.):ਪੰਜਾਬ ਵਿੱਚ ਨਗਰ ਨਿਗਮ ਅਤੇ ਨਗਰ ਕੌਂਸਲ ਦੀ ਹੱਦਬੰਦੀ ਨੂੰ ਲੈ ਕੇ ਚੱਲ ਰਹੀ ਕਾਨੂੰਨੀ ਲੜਾਈ ਵਿੱਚ ਪੰਜਾਬ ਸਰਕਾਰ ਨੂੰ ਵੱਡੀ ਸਫਲਤਾ ਮਿਲੀ ਹੈ। ਹਾਈਕੋਰਟ ਨੇ ਹੱਦਬੰਦੀ ਦੀਆਂ ਨੋਟੀਫਿਕੇਸ਼ਨਾਂ ਨੂੰ ਚੁਣੌਤੀ ਦੇਣ ਵਾਲੀਆਂ ਸਾਰੀਆਂ ਪਟੀਸ਼ਨਾਂ ਨੂੰ ਖਾਰਜ ਕਰ ਦਿੱਤਾ ਹੈ। ਅਦਾਲਤ ਨੇ ਸਪੱਸ਼ਟ ਕੀਤਾ ਕਿ ਇਹ ਨੋਟੀਫਿਕੇਸ਼ਨਾਂ 1 ਜਨਵਰੀ, 2026 ਤੋਂ ਪਹਿਲਾਂ ਜਾਰੀ ਹੋਈਆਂ ਸਨ, ਜਦਕਿ ਇਸ ਤੋਂ ਬਾਅਦ ਵਾਲੀਆਂ ਨੋਟੀਫਿਕੇਸ਼ਨਾਂ ਸਰਕਾਰ ਪਹਿਲਾਂ ਹੀ ਵਾਪਸ ਲੈ ਚੁੱਕੀ ਹੈ।




# ਈਰਾਨੀ ਪਾਵਰ ਪਲਾਂਟਾਂ 'ਤੇ 5 ਦਿਨ ਹਮਲਾ ਨਹੀਂ ਕਰਾਂਗੇ: ਟਰੰਪ

**ਚੜ੍ਹਦੀਕਲਾ ਬਿਊਰੋ**

================

ਵਾਸ਼ਿੰਗਟਨ, 23 ਮਾਰਚ: ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੋਮਵਾਰ ਨੂੰ ਕਿਹਾ ਕਿ ਅਮਰੀਕਾ ਦੀ ਈਰਾਨ ਨਾਲ ਚੰਗੀ ਅਤੇ ਉਸਾਰੂ ਗੱਲਬਾਤ ਹੋਈ ਹੈ। ਉਨ੍ਹਾਂ ਨੇ ਫੌਜ ਨੂੰ ਹੁਕਮ ਦਿੱਤਾ ਹੈ ਕਿ ਈਰਾਨੀ ਪਾਵਰ ਪਲਾਂਟਾਂ ਅਤੇ ਊਰਜਾ ਦੇ ਬੁਨਿਆਦੀ ਢਾਂਚੇ 'ਤੇ ਕੀਤੇ ਜਾਣ ਵਾਲੇ ਕਿਸੇ ਵੀ ਫੌਜੀ ਹਮਲੇ ਨੂੰ ਪੰਜ ਦਿਨਾਂ ਲਈ ਮੁਲਤਵੀ ਕਰ ਦਿੱਤਾ ਜਾਵੇ।



ਟਰੰਪ ਦਾ ਇਹ ਕਦਮ ਈਰਾਨ ਦੀ ਉਸ ਧਮਕੀ ਤੋਂ ਬਾਅਦ ਆਇਆ ਹੈ, ਜਿਸ ਵਿੱਚ ਈਰਾਨ ਨੇ ਕਿਹਾ ਸੀ ਕਿ ਜੇਕਰ ਅਮਰੀਕਾ ਨੇ ਉਸ ਦੇ ਬਿਜਲੀ ਨੈੱਟਵਰਕ ਨੂੰ ਨਿਸ਼ਾਨਾ ਬਣਾਇਆ, ਤਾਂ ਉਹ ਇਜ਼ਰਾਈਲ ਦੇ ਪਾਵਰ ਪਲਾਂਟਾਂ ਅਤੇ ਖਾੜੀ ਖੇਤਰ ਵਿੱਚ ਅਮਰੀਕੀ ਬੇਸਾਂ ਨੂੰ ਸਪਲਾਈ ਦੇਣ ਵਾਲੇ ਪਲਾਂਟਾਂ 'ਤੇ ਹਮਲਾ ਕਰੇਗਾ।ਹਾਲਾਂਕਿ ਅਮਰੀਕਾ ਨੇ ਈਰਾਨ ਦੇ ਫ਼ੌਜੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਹੈ ਪਰ ਦੁਨੀਆਂ ਭਰ ਵਿੱਚ ਤੇਲ ਦੇ ਸੰਕਟ ਅਤੇ ਕੀਮਤਾਂ ਵਧਣ ਦੇ ਡਰੋਂ ਉਨ੍ਹਾਂ ਨੇ ਈਰਾਨ ਦੇ ਤੇਲ ਟਰਮੀਨਲਾਂ (ਜਿੱਥੋਂ ਤੇਲ ਭੇਜਿਆ ਜਾਂਦਾ ਹੈ) 'ਤੇ ਸਿੱਧਾ ਹਮਲਾ ਨਹੀਂ ਕੀਤਾ। ਇਸ ਦਾ ਫਾਇਦਾ ਉਠਾਉਂਦੇ ਹੋਏ ਈਰਾਨ ਨੇ ਆਪਣੇ ਤੇਲ ਦੇ ਅੱਡੇ ਚਾਲੂ ਰੱਖੇ ਹਨ ਅਤੇ ਚੋਰੀ-ਛਿਪੇ ਚੱਲਣ ਵਾਲੇ ਜਹਾਜ਼ਾਂ ਰਾਹੀਂ ਚੀਨ ਨੂੰ ਲਗਾਤਾਰ ਤੇਲ ਦੀ ਸਪਲਾਈ ਜਾਰੀ ਰੱਖੀ ਹੋਈ ਹੈ।

(ਬਾਕੀ ਸਫਾ 2 'ਤੇ)

### ਸਾਡੀ ਸਖ਼ਤ ਚੇਤਾਵਨੀ ਤੋਂ ਬਾਅਦ ਟਰੰਪ ਪਿੱਛੇ ਹਟੇ: ਈਰਾਨ

ਦੁਬਈ, 23 ਮਾਰਚ (ਚ.ਨ.ਸ.): ਈਰਾਨ ਦੇ ਸਰਕਾਰੀ ਟੈਲੀਵਿਜ਼ਨ ਨੇ ਸੋਮਵਾਰ ਨੂੰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਹੋਰਮੁਜ਼ ਜਲਡਮਰੂ ਨੂੰ ਮੁੜ ਖੋਲ੍ਹਣ ਦੀ ਸਮਾਂ ਸੀਮਾ ਪੰਜ ਦਿਨ ਵਧਾਉਣ ਦੇ ਫੈਸਲੇ 'ਤੇ ਤਹਿਰਾਨ ਦਾ ਪਹਿਲਾ ਪ੍ਰਤੀਕਰਮ ਦਿੱਤਾ। ਇਹ ਸਮਾਂ ਸੀਮਾ ਮੰਗਲਵਾਰ ਨੂੰ ਭਾਰਤੀ ਸਮੇਂ ਅਨੁਸਾਰ ਸਵੇਰੇ 12 ਵਜੇ ਦੇ ਕਰੀਬ ਖਤਮ ਹੋਣ ਵਾਲੀ ਸੀ ਪਰ ਟਰੰਪ ਨੇ ਸੋਮਵਾਰ ਨੂੰ ਕਿਹਾ ਕਿ ਉਨ੍ਹਾਂ ਨੇ ਸਮਾਂ ਸੀਮਾ ਪੰਜ ਦਿਨ ਵਧਾ ਦਿੱਤੀ ਹੈ। ਖ਼ਬਰਾਂ 'ਤੇ ਪ੍ਰਤੀਕਿਰਿਆ ਦਿੰਦੇ ਹੋਏ, ਈਰਾਨ ਦੇ ਸਰਕਾਰੀ ਟੈਲੀਵਿਜ਼ਨ ਨੇ ਸਕ੍ਰੀਨ 'ਤੇ ਇੱਕ ਗ੍ਰਾਫਿਕ ਵਿੱਚ ਕਿਹਾ, 'ਈਰਾਨ ਦੀ ਸਖ਼ਤ ਚੇਤਾਵਨੀ ਤੋਂ ਬਾਅਦ ਅਮਰੀਕੀ ਰਾਸ਼ਟਰਪਤੀ ਪਿੱਛੇ ਹਟ ਗਏ।'

*ਡੀ.ਐਮ. ਖ਼ੁਦਕੁਸ਼ੀ ਮਾਮਲੇ 'ਚ ਪੁਲਿਸ ਦੀ ਵੱਡੀ ਕਾਰਵਾਈ*

# ਸਾਬਕਾ ਮੰਤਰੀ ਲਾਲਜੀਤ ਸਿੰਘ ਭੁੱਲਰ ਗ੍ਰਿਫ਼ਤਾਰ

**ਚੜ੍ਹਦੀਕਲਾ ਬਿਊਰੋ**

================

ਚੰਡੀਗੜ੍ਹ, 23 ਮਾਰਚ:ਆਮ ਆਦਮੀ ਪਾਰਟੀ ਦੇ ਵਿਧਾਇਕ ਤੇ ਸਾਬਕਾ ਮੰਤਰੀ ਲਾਲਜੀਤ ਸਿੰਘ ਭੁੱਲਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਉਨ੍ਹਾਂ ਖ਼ਿਲਾਫ਼ ਪੰਜਾਬ ਸਟੇਟ ਵੇਅਰਹਾਊਸਿੰਗ ਕਾਰਪੋਰੇਸ਼ਨ, ਅੰਮ੍ਰਿਤਸਰ ਦੇ ਜ਼ਿਲ੍ਹਾ ਮੈਨੇਜਰ ਗਗਨਦੀਪ ਸਿੰਘ ਰੰਧਾਵਾ ਖ਼ੁਦਕੁਸ਼ੀ ਮਾਮਲੇ ਵਿਚ ਐੱਫ.ਆਈ.ਆਰ. ਦਰਜ ਕੀਤੀ ਗਈ ਸੀ ਤੇ ਅੱਜ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਦੱਸ ਦੇਈਏ ਕਿ ਪਰਸੋਂ ਰਾਤ ਉਨ੍ਹਾਂ ਖਿਲਾਫ ਐੱਫ.ਆਈ.ਆਰ. ਦਰਜ ਕੀਤੀ ਗਈ ਸੀ।



ਬੀਤੇ ਦਿਨੀਂ ਵਿਰੋਧੀ ਧਿਰਾਂ ਨੇ ਪ੍ਰਦਰਸ਼ਨ ਕੀਤਾ ਸੀ ਤੇ ਅੱਜ ਵੱਡੀ ਕਾਰਵਾਈ ਹੋਈ। ਮੰਡੀ ਗੋਬਿੰਦਗੜ੍ਹ ਤੋਂ ਇਹ ਗ੍ਰਿਫਤਾਰੀ ਹੋਈ। ਡੀ.ਐੱਮ. ਵੱਲੋਂ ਆਪਣੀ ਜੀਵਨ ਲੀਲਾ ਸਮਾਪਤ ਕੀਤੀ ਗਈ ਸੀ ਤੇ ਸੋਸ਼ਲ ਮੀਡੀਆ 'ਤੇ ਇਕ ਵੀਡੀਓ ਵਾਇਰਲ ਹੋਈ ਸੀ ਜਿਸ ਵਿਚ ਉਨ੍ਹਾਂ ਨੇ ਸਾਬਕਾ ਮੰਤਰੀ ਲਾਲਜੀਤ ਸਿੰਘ ਭੁੱਲਰ 'ਤੇ ਗੰਭੀਰ ਦੋਸ਼ ਲਗਾਏ ਸਨ। ਉਸ ਤੋਂ ਬਾਅਦ ਲਗਾਤਾਰ ਮਾਮਲਾ ਚਰਚਾ ਦਾ ਵਿਸ਼ਾ ਰਿਹਾ। ਉਸੇ ਦਿਨ ਸੀ.ਐੱਮ. ਵੱਲੋਂ ਮੰਤਰੀ ਦਾ ਅਸਤੀਫਾ ਲੈ ਲਿਆ ਗਿਆ ਸੀ ਤੇ ਕਾਰਵਾਈ ਦੀ ਗੱਲ ਆਖੀ ਗਈ ਸੀ। ਅੱਜ ਲੋਕ ਸਭਾ ਵਿਚ ਵੀ ਡੀ.ਐੱਮ. ਦਾ ਮੁੱਦਾ ਚੁੱਕਿਆ ਗਿਆ। ਵਿਰੋਧੀ ਧਿਰਾਂ ਦੇ ਸਾਂਸਦਾਂ ਨੇ ਇਸ ਪੂਰੇ ਮਾਮਲੇ 'ਤੇ ਸਵਾਲ ਚੁੱਕੇ। ਐੱਮ.ਪੀ. ਔਜਲਾ ਨੇ ਕਿਹਾ ਕਿ ਸੀ.ਬੀ.ਆਈ. ਜਾਂਚ ਕਰਵਾਈ ਜਾਵੇ ਜਿਸ 'ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਤੁਸੀਂ ਮੈਨੂੰ ਲਿਖ ਕੇ ਦਿਓ ਤਾਂ ਇਹ ਮਾਮਲਾ ਤੁਰੰਤ ਸੀ.ਬੀ.ਆਈ. ਨੂੰ ਦੇ ਦਿੱਤਾ ਜਾਵੇਗਾ। ਇਸ ਤੋਂ ਕੁਝ ਸਮੇਂ ਬਾਅਦ ਹੀ ਸਾਬਕਾ ਮੰਤਰੀ ਲਾਲਜੀਤ ਸਿੰਘ ਭੁੱਲਰ ਦੀ ਗ੍ਰਿਫਤਾਰੀ ਹੋ ਗਈ। ਲਗਾਤਾਰ ਇਹ ਮਾਮਲਾ ਸਿਆਸੀ ਹਲਚਲ ਦਾ ਮੁੱਦਾ ਬਣਦਾ ਜਾ ਰਿਹਾ ਹੈ। ਇਥੇ ਇਹ ਵੀ ਦੱਸਣਯੋਗ ਹੈ ਕਿ 4 ਕਾਂਗਰਸੀ ਸਾਂਸਦਾਂ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਪੱਤਰ ਲਿਖਿਆ ਹੈ।

(ਬਾਕੀ ਸਫਾ 2 'ਤੇ)

*ਭੁੱਲਰ ਦੀ ਗ੍ਰਿਫ਼ਤਾਰੀ ਮਗਰੋਂ ਮੁੱਖ ਮੰਤਰੀ ਦਾ ਟਵੀਟ*

## ਕਿਸੇ ਦੀ ਪੁਸ਼ਤ ਪਨਾਹੀ ਸਾਡੀ ਪਾਰਟੀ ਦਾ ਏਜੰਡਾ ਨਹੀਂ: ਮਾਨ

**ਚੜ੍ਹਦੀਕਲਾ ਬਿਊਰੋ**

================

ਚੰਡੀਗੜ੍ਹ, 23 ਮਾਰਚ:ਸਾਬਕਾ ਮੰਤਰੀ ਲਾਲਜੀਤ ਸਿੰਘ ਭੁੱਲਰ ਦੀ ਗ੍ਰਿਫਤਾਰੀ ਮੰਡੀ ਗੋਬਿੰਦਗੜ੍ਹ ਤੋਂ ਕੀਤੀ ਗਈ ਹੈ ਜਦੋਂ ਕਿ ਦੂਜੇ ਪਾਸੇ ਗ੍ਰਿਫਤਾਰੀ ਮਗਰੋਂ ਲਾਲਜੀਤ ਭੁੱਲਰ ਨੇ ਬਿਆਨ ਦਿੱਤਾ ਹੈ ਕਿ ਮੈਂ ਖੁਦ ਆਤਮਸਮਰਪਣ ਕੀਤਾ ਹੈ। ਸਾਬਕਾ ਮੰਤਰੀ ਦੀ ਗ੍ਰਿਫਤਾਰੀ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਟਵੀਟ ਕੀਤਾ ਹੈ ਤੇ ਲਿਖਿਆ ਹੈ ਕਿ ਮੇਰੇ ਲਈ ਸਾਰਾ ਪੰਜਾਬ ਹੀ ਇੱਕ ਪਰਿਵਾਰ ਹੈ, ਪੰਜਾਬ ਵਿਚ ਕੋਈ ਵੀ ਜੇਕਰ ਕਾਨੂੰਨ ਦੀ ਉਲੰਘਣਾ ਕਰੇਗਾ ਤਾਂ ਉਸ ਵਿਰੁੱਧ ਸਖ਼ਤ ਕਾਰਵਾਈ ਹੋਵੇਗੀ, ਭਾਵੇਂ ਉਹ ਕਿਸੇ ਵੀ ਅਹੁਦੇ 'ਤੇ ਜਾਂ ਮੇਰਾ ਕੋਈ ਸਕਾ-ਸੰਬੰਧੀ ਜਾਂ ਰਸੂਖਦਾਰ ਹੋਵੇ, ਕਿਸੇ ਦੀ



(ਬਾਕੀ ਸਫਾ 2 'ਤੇ)

## ਸੋਨੇ-ਚਾਂਦੀ ਦੀਆਂ ਕੀਮਤਾਂ 'ਚ ਵੱਡੀ ਗਿਰਾਵਟ ਦਰਜ

ਨਵੀਂ ਦਿੱਲੀ, 23 ਮਾਰਚ (ਚ.ਨ.ਸ.):ਭਾਰਤੀ ਬਾਜ਼ਾਰ ਵਿੱਚ ਅੱਜ ਸੋਨੇ ਦੀਆਂ ਕੀਮਤਾਂ ਵਿੱਚ ਜ਼ਬਰਦਸਤ ਗਿਰਾਵਟ ਦੇਖਣ ਨੂੰ ਮਿਲੀ ਹੈ। ਮਲਟੀ ਕਮੋਡਿਟੀ ਐਕਸਚੇਂਜ (ਐਮ.ਸੀ.ਐਕਸ) 'ਤੇ ਸੋਨੇ ਦੀ ਕੀਮਤ 5% ਤੋਂ ਵੀ ਜ਼ਿਆਦਾ ਡਿੱਗ ਗਈ ਹੈ।

ਅੱਜ ਸੋਨਾ 1,40,158 ਰੁਪਏ 'ਤੇ ਖੁੱਲ੍ਹਿਆ ਸੀ ਪਰ ਜਲਦੀ ਹੀ ਇਹ 1,36,403 ਰੁਪਏ ਪ੍ਰਤੀ 10 ਗ੍ਰਾਮ ਦੇ ਪੱਧਰ 'ਤੇ ਆ ਗਿਆ। ਪਿਛਲੇ ਬੰਦ ਦੇ ਮੁਕਾਬਲੇ ਸੋਨੇ ਵਿੱਚ ਲਗਪਗ 8,000 ਰੁਪਏ ਤੋਂ ਵੱਧ ਦੀ ਗਿਰਾਵਟ ਦਰਜ ਕੀਤੀ ਗਈ ਹੈ।ਸੋਨੇ ਦੇ ਨਾਲ-ਨਾਲ ਚਾਂਦੀ ਦੀਆਂ ਕੀਮਤਾਂ ਵਿੱਚ ਵੀ ਭਾਰੀ ਗਿਰਾਵਟ ਆਈ ਹੈ। ਚਾਂਦੀ ਦੀ ਵਿਕਰੀ ਇੰਨੀ ਤੇਜ਼ੀ ਨਾਲ ਹੋਈ ਕਿ ਇਸ ਨੂੰ 6% ਦਾ ਲੋਅਰ ਸਰਕਟ ਲਗਾਉਣਾ ਪਿਆ (ਕੀਮਤ ਇੰਨੀ ਡਿੱਗ ਗਈ ਕਿ ਕਾਰੋਬਾਰ ਰੋਕਣਾ ਪਿਆ)। ਚਾਂਦੀ ਦੀ ਕੀਮਤ 13,606 ਰੁਪਏ ਪ੍ਰਤੀ ਕਿਲੋ ਘਟ ਕੇ 2,13,166 ਰੁਪਏ 'ਤੇ ਪਹੁੰਚ ਗਈ ਹੈ। ਨਿਵੇਸ਼ਕਾਂ ਲਈ ਇਹ ਇੱਕ ਬਹੁਤ ਵੱਡਾ ਝਟਕਾ ਹੈ ਕਿਉਂਕਿ ਕੀਮਤਾਂ ਉਮੀਦ ਤੋਂ ਕਿਤੇ ਜ਼ਿਆਦਾ ਤੇਜ਼ੀ ਨਾਲ ਹੇਠਾਂ ਆਈਆਂ ਹਨ।

(ਬਾਕੀ ਸਫਾ 2 'ਤੇ)

## ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ 'ਭਾਰਤ ਰਤਨ' ਦੀ ਮੰਗ ਭਾਜਪਾ ਸਰਕਾਰ ਨੇ ਨਹੀਂ ਮੰਨੀ: ਮਾਨ




**ਮਦਨ ਲਾਲ ਤਿਵਾੜੀ**

================

ਹੁਸੈਨੀਵਾਲਾ (ਫਿਰੋਜ਼ਪੁਰ), 23 ਮਾਰਚ: ਫਿਰੋਜ਼ਪੁਰ ਦੇ ਹੁਸੈਨੀਵਾਲਾ ਵਿਖੇ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਮੌਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ਹੀਦਾਂ ਦੇ ਸਨਮਾਨ ਵਜੋਂ ਉਨ੍ਹਾਂ ਦੇ ਸੁਪਨਿਆਂ ਦਾ 'ਰੰਗਲਾ ਪੰਜਾਬ' ਬਣਾਉਣ ਲਈ ਆਪਣੀ ਸਰਕਾਰ ਦੀ ਵਚਨਬੱਧਤਾ ਦੁਹਰਾਉਂਦਿਆਂ ਇੱਥੇ ਇਤਿਹਾਸਕ ਕੌਮੀ ਸ਼ਹੀਦ ਸਮਾਰਕ 'ਤੇ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਸਨਮਾਨਿਤ ਕੀਤਾ ਅਤੇ 24.99 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਹੁਸੈਨੀਵਾਲਾ ਵਿਰਾਸਤੀ ਕੰਪਲੈਕਸ ਦਾ ਨੀਂਹ ਪੱਥਰ ਰੱਖਿਆ ।

ਦੇਸ਼ ਦੇ ਮਹਾਨ ਇਨਕਲਾਬੀਆਂ ਦੀ ਸ਼ਾਨਾਮੱਤੀ ਵਿਰਾਸਤ ਨੂੰ ਯਾਦ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਮੌਕਾ ਸਿਰਫ਼ ਉਨ੍ਹਾਂ ਯੋਧਿਆਂ ਦੀ ਕੁਰਬਾਨੀ ਨੂੰ ਯਾਦ ਕਰਨ ਦਾ ਨਹੀਂ, ਸਗੋਂ ਉਨ੍ਹਾਂ ਦੇ ਆਦਰਸ਼ਾਂ ਅਤੇ ਬੇਇਨਸਾਫ਼ੀ ਵਿਰੁੱਧ ਆਢਾ ਲੈਣ ਵਾਲੇ ਦ੍ਰਿੜ ਇਰਾਦਿਆਂ ਨੂੰ ਅਗਲੀਆਂ ਪੀੜ੍ਹੀਆਂ ਤੱਕ ਪਹੁੰਚਾਉਣ ਦਾ ਹੈ। ਉਨ੍ਹਾਂ ਨੇ ਸ਼ਹੀਦਾਂ ਦੀ ਮਹਾਨ ਸੋਚ ਅਨੁਸਾਰ ਪੰਜਾਬ ਅਤੇ ਦੇਸ਼ ਦੀ

(ਬਾਕੀ ਸਫਾ 2 'ਤੇ)

## ਪੱਛਮੀ ਏਸ਼ੀਆ ਜੰਗ 'ਚ ਭਾਰਤੀਆਂ ਦੀ ਸੁਰੱਖਿਆ ਸਾਡੀ ਵੱਡੀ ਤਰਜੀਹ: ਮੋਦੀ

ਨਵੀਂ ਦਿੱਲੀ, 23 ਮਾਰਚ (ਚ.ਨ.ਸ.):ਪੱਛਮੀ ਏਸ਼ੀਆ ਵਿਚ ਜੰਗ ਦੇ ਹਾਲਾਤਾਂ 'ਤੇ ਮੋਦੀ ਨੇ ਪਹਿਲੀ ਵਾਰ ਜਨਤਕ ਬਿਆਨ ਦਿੱਤਾ। ਲੋਕ ਸਭਾ ਵਿਚ 25 ਮਿੰਟ ਦੀ ਸਪੀਚ ਵਿਚ ਉਨ੍ਹਾਂ ਨੇ ਕਿਹਾ ਕਿ ਤਣਾਅ ਖਤਮ ਹੋਣਾ ਚਾਹੀਦਾ ਹੈ। ਗੱਲਬਾਤ ਹੀ ਸਮੱਸਿਆ ਦਾ ਹੱਲ ਹੈ। ਪੀ.ਐੱਮ. ਨੇ ਕਿਹਾ ਕਿ ਨਾਗਰਿਕਾਂ ਤੇ ਪਾਵਰ ਪਲਾਂਟ 'ਤੇ ਹਮਲੇ ਮਨਜ਼ੂਰ ਨਹੀਂ । ਹੋਮੁਰਜ ਦਾ ਰਸਤਾ ਰੋਕਣਾ ਸਵੀਕਾਰ ਨਹੀਂ ਹੋਵੇਗਾ। ਪੀ.ਐੱਮ. ਨੇ ਕਿਹਾ ਕਿ ਸਰਕਾਰ ਦੀ ਕੋਸ਼ਿਸ਼ ਹੈ ਕਿ ਦੇਸ਼ ਵਿਚ ਤੇਲ ਗੈਸ ਦਾ ਸੰਕਟ ਨਾ ਹੋਵੇ। ਇਸ ਲਈ 27 ਦੀ ਜਗ੍ਹਾ ਹੁਣ 41 ਦੇਸ਼ਾਂ ਤੋਂ ਇੰਪੋਰਟ ਕਰ ਰਹੇ ਹਾਂ। ਪੱਛਮੀ ਏਸ਼ੀਆ ਵਿਚ 1 ਕਰੋੜ ਭਾਰਤੀ ਰਹਿੰਦੇ ਹਨ। ਉਨ੍ਹਾਂ ਦੀ ਸੁਰੱਖਿਆ ਸਾਡੀ ਪਹਿਲ ਹੈ। ਉਨ੍ਹਾਂ ਦੱਸਿਆ ਕਿ ਹੁਣ ਤੱਕ 3 ਲੱਖ 75 ਹਜ਼ਾਰ ਭਾਰਤੀ ਸੁਰੱਖਿਅਤ ਦੇਸ਼ ਪਰਤ ਚੁੱਕੇ ਹਨ। ਈਰਾਨ ਤੋਂ ਵੀ ਹਜ਼ਾਰ ਭਾਰਤੀ ਸੁਰੱਖਿਅਤ ਪਰਤੇ ਹਨ। 700 ਤੋਂ ਵੱਧ ਮੈਡੀਕਲ ਦੀ ਪੜ੍ਹਾਈ ਕਰਨ ਵਾਲੇ ਨੌਜਵਾਨ ਹਨ। ਮੋਦੀ ਨੇ ਕਿਹਾ ਕਿ ਮੌਜੂਦਾ ਸਮੇਂ 'ਚ ਪੱਛਮੀ ਏਸ਼ੀਆ ਦੀ ਹਾਲਤ

(ਬਾਕੀ ਸਫਾ 2 'ਤੇ)

# ਰਾਘਵ ਚੱਢਾ ਫੜ ਸਕਦੇ ਨੇ ਭਾਜਪਾ ਦਾ ਪੱਲਾ

## ਪੰਜਾਬ ਵਿੱਚ ਦਿੱਤੀ ਜਾ ਸਕਦੀ ਹੈ ਅਹਿਮ ਜ਼ਿੰਮੇਵਾਰੀ

**ਦਰਸ਼ਨ ਸਿੰਘ ਦਰਸ਼ਕ**

================

ਪਟਿਆਲਾ: ਆਮ ਆਦਮੀ ਪਾਰਟੀ ਦੇ ਕਿਸੇ ਸਮੇਂ ਮਹੱਤਵਪੂਰਨ ਰਹੇ ਲੀਡਰ ਅਤੇ ਰਾਜ ਸਭਾ ਦੇ ਮੈਂਬਰ ਰਾਘਵ ਚੱਢਾ ਜੋ ਕਿ ਅੱਜ ਕੱਲ੍ਹ ਅਰਵਿੰਦ ਕੇਜਰੀਵਾਲ, ਮਨੀਸ਼ ਸਿਸੋਦੀਆ ਦੀਆਂ ਸਿਆਸੀ ਸਰਗਰਮੀਆਂ ਤੋਂ ਦੂਰ ਅਤੇ ਪੰਜਾਬ ਵਿਚੋਂ ਗੈਰ ਹਾਜ਼ਰ, ਬਾਰੇ ਪਤਾ ਲੱਗਾ ਹੈ ਕਿ ਉਹ ਭਾਜਪਾ ਦਾ ਪੱਲਾ ਫੜਨ ਜਾ ਰਹੇ ਹਨ।

ਇਸ ਸਬੰਧ ਵਿੱਚ ਭਾਵੇਂ ਰਾਜ ਸਭਾ ਮੈਂਬਰ ਤੇ ਆਪ ਦੇ ਪ੍ਰਮੁੱਖ ਆਗੂ ਸੰਜੇ ਸਿੰਘ ਨੇ ਕਿਹਾ ਹੈ ਕਿ ਜੇਕਰ ਚੱਢਾ ਭਾਜਪਾ ਵਿੱਚ ਸ਼ਾਮਲ ਹੋਣਗੇ ਤਾਂ ਸਭ ਤੋਂ ਪਹਿਲਾਂ ਉਹ ਉਨ੍ਹਾਂ ਦੇ ਖ਼ਿਲਾਫ਼ ਖੜ੍ਹੇ ਹੋਣਗੇ।



ਪਿਛਲੇ ਲੰਬੇ ਸਮੇਂ ਤੋਂ ਰਾਘਵ ਚੱਢਾ ਆਪ ਦੀ ਸਿਆਸਤ ਵਿੱਚ ਸਰਗਰਮ ਨਜ਼ਰ ਨਹੀਂ ਆ ਰਹੇ ਜਦਕਿ ਜਦੋਂ ਪੰਜਾਬ ਵਿਚ ਮਾਨ ਸਰਕਾਰ ਬਣੀ ਸੀ ਤਾਂ ਉਸ ਸਮੇਂ ਸੁਪਰ ਸੀ ਐੱਮ ਰਾਘਵ ਚੱਢਾ ਹੀ ਸਨ। ਉਨ੍ਹਾਂ ਦੇ ਇਸ਼ਾਰੇ ਉੱਤੇ ਹੀ ਅਫ਼ਸਰਸ਼ਾਹੀ ਕੰਮ ਕਰਦੀ ਆ ਰਹੀ ਸੀ ਪਰ ਅਚਾਨਕ ਹੀ ਉਨ੍ਹਾਂ ਆਮ ਆਦਮੀ ਪਾਰਟੀ ਦੀਆਂ ਸਰਗਰਮੀਆਂ ਨੂੰ ਅਣਗੌਲ਼ਿਆ ਹੀ ਕਰ ਦਿੱਤਾ ਅਤੇ ਬਿਆਨਬਾਜ਼ੀ ਬੰਦ ਕਰ ਦਿੱਤੀ।

ਹੁਣ ਚੱਢਾ ਦੀ ਪਾਰਟੀ ਸਰਗਰਮੀਆਂ ਤੋਂ ਵਧਦੀ ਦੂਰੀ ਸਿਆਸੀ ਹਲਕਿਆਂ ਵਿੱਚ ਗਹਿਰੀ ਚਰਚਾ ਦਾ ਵਿਸ਼ਾ ਬਣੀ ਹੋਈ ਹੈ।

ਪਿਛਲੀਆਂ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਚੱਢਾ ਨੇ ਚੋਣ ਰਣਨੀਤੀ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਸੀ ਅਤੇ ਟਿਕਟਾਂ ਦੀ ਵੰਡ ਵੀ ਇਸ ਲੀਡਰ ਦੀਆਂ ਸਿਫ਼ਾਰਸ਼ਾਂ ਨਾਲ ਹੀ ਹੋਈ ਸੀ। ਹੁਣ ਜਦੋਂ 2027 ਦੀਆਂ ਚੋਣਾਂ ਸਿਰ ਉੱਤੇ ਹਨ ਤਾਂ ਚੱਢਾ ਨੂੰ ਕੋਈ ਜ਼ਿੰਮੇਵਾਰੀ ਨਹੀਂ ਦਿੱਤੀ ਗਈ। ਚੱਢਾ ਵੀ ਪੰਜਾਬ ਵਿੱਚ ਆਏ ਹੜ੍ਹਾਂ ਦੌਰਾਨ ਇਕ ਅੱਧੀ ਵਾਰ ਹੀ ਦੇਖੇ ਗਏ ਸਨ। ਦਿੱਲੀ ਦੀਆਂ ਵਿਧਾਨ ਸਭਾ ਚੋਣਾਂ ਪਹਿਲਾਂ ਜਦੋਂ ਅਰਵਿੰਦ ਕੇਜਰੀਵਾਲ ਅਤੇ ਮਨੀਸ਼ ਸਿਸੋਦੀਆ ਜੇਲ੍ਹ ਵਿੱਚ ਸਨ ਤਾਂ ਉਦੋਂ ਵੀ ਚੱਢਾ ਨੇ ਕੇਂਦਰ ਸਰਕਾਰ ਖ਼ਿਲਾਫ਼ ਕੋਈ ਤਿੱਖੀ ਪ੍ਰਤੀਕ੍ਰਿਆ ਨਹੀਂ ਦਿੱਤੀ ਸੀ। ਹੁਣ ਵੀ ਜਦੋਂ ਕੇਜਰੀਵਾਲ ਨੂੰ ਸ਼ਰਾਬ ਘੁਟਾਲੇ ਕੇਸ ਵਿੱਚ ਡਿਸਚਾਰਜ ਕੀਤਾ ਗਿਆ ਤਾਂ ਚੱਢਾ ਦਾ ਕੋਈ ਬਿਆਨ ਨਜ਼ਰ ਨਹੀਂ ਆਇਆ। ਇਸ ਕਾਰਨ ਇਹ ਨਜ਼ਰ ਆ ਰਿਹਾ ਹੈ ਕਿ ਚੱਢਾ ਭਾਜਪਾ ਵਿੱਚ ਸ਼ਾਮਲ ਹੋ ਸਕਦੇ ਹਨ। ਭਾਜਪਾ ਉਨ੍ਹਾਂ ਤੋਂ ਪੰਜਾਬ ਵਿਚਲੇ ਲਿੰਕ ਨੂੰ ਆਪਣੇ ਨਾਲ ਜੋੜਨ ਦੀ ਜ਼ਿੰਮੇਵਾਰੀ ਦੇ ਸਕਦੀ ਹੈ। ਇਹ ਲਿੰਕ ਕਈ ਵਿਧਾਇਕ ਵੀ ਹੋ ਸਕਦੇ ਹਨ।

ਚੱਢਾ ਦੀ ਦੂਰੀ ਦਾ ਸਿਲਸਿਲਾ 2024 ਤੋਂ ਸ਼ੁਰੂ ਹੋਇਆ।ਉਦੋਂ ਦਿੱਲੀ ਸਿਹਤ ਮੰਤਰੀ ਸੌਰਭ ਭਾਰਦਵਾਜ ਨੇ ਖੁਲਾਸਾ ਕੀਤਾ ਕਿ ਚੱਢਾ ਨੇ ਯੂਕੇ ਵਿੱਚ ਅੱਖਾਂ ਦਾ ਵੱਡਾ ਆਪ੍ਰੇਸ਼ਨ ਕਰਵਾਇਆ ਹੈ ਅਤੇ ਉਨ੍ਹਾਂ ਦੀ ਹਾਲਤ ਗੰਭੀਰ ਸੀ-ਅੱਖਾਂ ਦੀ ਰੌਸ਼ਨੀ ਜਾਣ ਦੀ ਸੰਭਾਵਨਾ ਸੀ।ਵਿਚ ਵਿਚਾਲੇ ਚੱਢਾ ਨੇ ਕੇਜਰੀਵਾਲ ਦੇ ਜਨਮਦਿਨ 'ਤੇ ਇਸ ਸਾਲ ਬਹੁਤ ਸੰਖੇਪ ਮੈਸੇਜ ਪਾਇਆ ਸੀ ਜਦੋਂਕਿ 2023 ਵਿੱਚ ਉਨ੍ਹਾਂ ਨੇ ਕੇਜਰੀਵਾਲ ਨੂੰ ਆਪਣਾ 'ਸਲਾਹਕਾਰ, ਮਾਰਗਦਰਸ਼ਕ ਰੌਸ਼ਨੀ

(ਬਾਕੀ ਸਫਾ 2 'ਤੇ)



# ਰਾਘਵ ਚੱਢਾ ਨੇ ਰਾਜ ਸਭਾ 'ਚ ਚੁੱਕਿਆ ਮੋਬਾਈਲ ਡਾਟਾ ਦਾ ਮੁੱਦਾ



ਨਵੀਂ ਦਿੱਲੀ, 23 ਮਾਰਚ (ਚ.ਨ.ਸ.): ਸੰਸਦ ਮੈਂਬਰ ਰਾਘਵ ਚੱਢਾ ਨੇ ਸੋਮਵਾਰ ਨੂੰ ਰਾਜ ਸਭਾ 'ਚ ਮੋਬਾਈਲ ਡਾਟਾ ਦੇ ਨਿਯਮਾਂ ਨੂੰ ਤਰਕਸੰਗਤ ਬਣਾਉਣ ਦੀ ਜ਼ੋਰਦਾਰ ਵਕਾਲਤ ਕੀਤੀ। ਉਨ੍ਹਾਂ ਮੰਗ ਕੀਤੀ ਕਿ ਵੱਡੀਆਂ ਟੈਲੀਕਾਮ ਕੰਪਨੀਆਂ ਨੂੰ ਅਣਵਰਤੇ ਡਾਟਾ ਨੂੰ ਅਗਲੇ ਦਿਨ ਲਈ ਅੱਗੇ ਭੇਜਣ ਅਤੇ ਇਸਨੂੰ ਪਰਿਵਾਰ ਤੇ ਦੋਸਤਾਂ ਵਿੱਚ ਟ੍ਰਾਂਸਫਰ ਕਰਨ ਦੀ ਲੋੜੀਂਦੀ ਵਿਵਸਥਾ ਕਰਨੀ ਚਾਹੀਦੀ ਹੈ।ਸਦਨ 'ਚ 'ਜਨਤਕ ਹਿੱਤ ਦਾ ਮੁੱਦਾ' ਉਠਾਉਂਦੇ ਹੋਏ ਚੱਢਾ ਨੇ ਕਿਹਾ ਕਿ ਟੈਲੀਕਾਮ ਕੰਪਨੀਆਂ ਅੱਧੀ ਰਾਤ ਤੋਂ ਬਾਅਦ ਗਾਹਕਾਂ ਦਾ ਬਚਿਆ ਹੋਇਆ ਡਾਟਾ ਜ਼ਬਤ ਕਰ ਲੈਂਦੀਆਂ ਹਨ। ਉਨ੍ਹਾਂ ਕਿਹਾ ਕਿ ਗਾਹਕ ਪੂਰੇ ਡਾਟਾ ਲਈ ਭੁਗਤਾਨ ਕਰਦਾ ਹੈ, ਪਰ ਦਿਨ ਦੇ ਅੰਤ 'ਚ ਕੰਪਨੀ ਅਣਵਰਤਿਆ ਡਾਟਾ ਵਾਪਸ ਲੈ ਲੈਂਦੀ ਹੈ, ਜੋ ਕਿ ਇੱਕ 'ਗੈਰ-ਨੈਤਿਕ' ਅਭਿਆਸ ਹੈ। ਉਨ੍ਹਾਂ ਪੈਟਰੋਲ, ਡੀਜ਼ਲ ਅਤੇ ਬਿਜਲੀ ਵਰਗੀਆਂ ਸੇਵਾਵਾਂ ਦੀ ਉਦਾਹਰਣ ਦਿੰਦਿਆਂ ਕਿਹਾ ਕਿ ਉਪਭੋਗਤਾ ਜੋ ਵਰਤਦੇ ਹਨ ਉਸੇ ਲਈ ਭੁਗਤਾਨ ਕਰਦੇ ਹਨ, ਪਰ ਮੋਬਾਈਲ ਡਾਟਾ ਦੇ ਖੇਤਰ ਵਿੱਚ ਉਨ੍ਹਾਂ ਨਾਲ 'ਧੋਖਾ' ਹੋ ਰਿਹਾ ਹੈ।

# ਪਤਨੀ ਦਾ ਕਤਲ ਕਰਕੇ 9 ਘੰਟੇ ਲਾਸ਼ ਕੋਲ ਹੀ ਬੈਠਾ ਰਿਹਾ ਪਤੀ

ਕੈਥਲ, 23 ਮਾਰਚ (ਚ.ਨ.ਸ.) : : ਕੈਥਲ ਵਿੱਚ ਆਪਣੀ ਪਤਨੀ ਸ਼ਾਲੂ ਦੀ ਹੱਤਿਆ ਕਰਨ ਤੋਂ ਬਾਅਦ, ਦੋਸ਼ੀ ਪਤੀ ਅਰੁਣ ਖੁਦਕੁਸ਼ੀ ਕਰਨ ਵਾਲਾ ਸੀ। ਉਸ ਨੇ ਆਪਣੀ ਗ੍ਰਿਫਤਾਰੀ ਤੋਂ ਬਾਅਦ ਪੁੱਛਗਿੱਛ ਦੌਰਾਨ ਪੁਲਿਸ ਨੂੰ ਇਹ ਹੈਰਾਨ ਕਰਨ ਵਾਲਾ ਤੱਥ ਦੱਸਿਆ।

ਉਸ ਨੇ ਕਿਹਾ ਕਿ ਉਸ ਨੇ ਪਹਿਲਾਂ ਹੀ ਇੱਕ ਸੁਸਾਈਡ ਨੋਟ ਲਿਖ ਲਿਆ ਸੀ। ਹਾਲਾਂਕਿ, ਜਦੋਂ ਉਸ ਨੇ ਆਪਣੀ ਪਤਨੀ ਦਾ ਗਲਾ ਘੁੱਟਿਆ, ਤਾਂ ਉਹ ਬਚਣ ਲਈ ਸੰਘਰਸ਼ ਕਰ ਰਹੀ ਸੀ। ਪਰ ਉਸ ਨੇ ਉਸ ਨੂੰ ਉਦੋਂ ਤੱਕ ਫੜੀ ਰੱਖਿਆ, ਜਦੋਂ ਤੱਕ ਉਸ ਦਾ ਸਾਹ ਰੁਕ ਨਹੀਂ ਗਿਆ।ਇਸ ਤੋਂ ਬਾਅਦ, ਉਹ ਆਪਣੀ ਜਾਨ ਦੇਣਾ ਚਾਹੁੰਦਾ ਸੀ, ਪਰ ਹਿੰਮਤ ਨਹੀਂ ਜੁਟਾ ਸਕਿਆ। ਉਹ ਸਾਰੀ ਰਾਤ ਲਾਸ਼ ਦੇ ਕੋਲ ਬੈਠਾ ਰਿਹਾ। ਦੋਵੇਂ ਬੱਚੇ ਵੀ ਬਿਸਤਰੇ 'ਤੇ ਸੌਂ ਗਏ। ਅਗਲੀ ਸਵੇਰ 11 ਵਜੇ ਤੱਕ ਜਦੋਂ ਮੁਲਜ਼ਮ ਦੀ ਹਿੰਮਤ ਟੁੱਟ ਗਈ ਅਤੇ ਉਹ ਹੋਰ ਕੁਝ ਨਹੀਂ ਸੋਚ ਸਕਿਆ, ਤਾਂ ਉਸ ਨੇ ਆਪਣੀ ਭਰਜਾਈ ਦਾਮਿਨੀ, ਜੋ ਕਿ ਨਾਲ ਦੇ ਘਰ ਫਰਸ਼ ਪੋਚ ਰਹੀ ਸੀ, ਨੂੰ ਕਿਹਾ, 'ਮੈਂ ਆਪਣੀ ਪਤਨੀ ਨੂੰ ਮਾਰ ਦਿੱਤਾ ਹੈ। ਕਿਰਪਾ ਕਰਕੇ ਉਸ ਦਾ ਧਿਆਨ ਰੱਖੋ।' ਫਿਰ ਉਹ ਘਰੋਂ ਭੱਜ ਗਿਆ ਅਤੇ ਸ਼ਹਿਰ ਵਿੱਚ ਘੁੰਮਦਾ ਰਿਹਾ, ਜਦੋਂ ਤੱਕ ਉਸ ਨੂੰ ਗ੍ਰਿਫਤਾਰ ਨਹੀਂ ਕਰ ਲਿਆ ਗਿਆ।

# ਰਾਜ ਸਭਾ 'ਚ ਰਸੋਈ ਗੈਸ ਦੀ ਕਿੱਲਤ ਨੂੰ ਲੈ ਕੇ ਭਾਜਪਾ ਦਾ ਵਿਰੋਧੀ ਧਿਰ 'ਤੇ ਪਲਟਵਾਰ

ਨਵੀਂ ਦਿੱਲੀ, 23 ਮਾਰਚ (ਚ.ਨ.ਸ.): ਰਾਜ ਸਭਾ ਵਿੱਚ ਸੋਮਵਾਰ ਨੂੰ ਅਨੁਦਾਨ ਦੀਆਂ ਪੂਰਕ ਮੰਗਾਂ 'ਤੇ ਚਰਚਾ ਦੌਰਾਨ ਭਾਰਤੀ ਜਨਤਾ ਪਾਰਟੀ ਦੇ ਇੱਕ ਸਾਂਸਦ ਨੇ ਰਸੋਈ ਗੈਸ ਦੇ ਸੰਕਟ ਨੂੰ ਲੈ ਕੇ ਵਿਰੋਧੀ ਧਿਰ ਵੱਲੋਂ ਕੀਤੇ ਜਾ ਰਹੇ ਦਾਅਵਿਆਂ ਨੂੰ ਸਿਰੇ ਤੋਂ ਨਕਾਰ ਦਿੱਤਾ ਹੈ। ਭਾਜਪਾ ਸਾਂਸਦ ਮਦਨ ਰਾਠੌੜ ਨੇ ਵਿਰੋਧੀ ਧਿਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਉਹ ਗਲਤ ਦਾਅਵੇ ਕਰਕੇ ਜਨਤਾ ਵਿੱਚ ਅਫਰਾ-ਤਫਰੀ ਨਾ ਫੈਲਾਉਣ।

ਰਾਜਸਥਾਨ 'ਚ ਗੈਸ ਦੀ ਕਿੱਲਤ ਦੇ ਦਾਅਵੇ ਰੱਦ:

ਚਰਚਾ ਦੌਰਾਨ ਕਾਂਗਰਸ ਸਾਂਸਦ ਨੀਰਜ ਡਾਂਗੀ ਨੇ ਦਾਅਵਾ ਕੀਤਾ ਸੀ ਕਿ ਰਾਜਸਥਾਨ ਵਿੱਚ ਐੱਲ.ਪੀ.ਜੀ. ਦੀ ਭਾਰੀ ਕਿੱਲਤ ਹੈ ਅਤੇ ਗੈਸ ਏਜੰਸੀਆਂ ਦੇ ਬਾਹਰ ਲੰਬੀਆਂ ਲਾਈਨਾਂ ਲੱਗ ਰਹੀਆਂ ਹਨ। ਇਸ ਦਾ ਜਵਾਬ ਦਿੰਦਿਆਂ ਮਦਨ ਰਾਠੌੜ ਨੇ ਕਿਹਾ ਕਿ ਇਹ ਦਾਅਵੇ ਸੱਚਾਈ ਤੋਂ ਕੋਹਾਂ ਦੂਰ ਹਨ। ਉਨ੍ਹਾਂ ਕਿਹਾ ਕਿ ਅਜਿਹੀਆਂ ਗੱਲਾਂ ਕਾਰਨ ਲੋਕ ਡਰ ਕੇ ਲੋੜ ਤੋਂ ਵੱਧ ਸਿਲੰਡਰ ਜਮ੍ਹਾਂ ਕਰਨ ਲੱਗਦੇ ਹਨ, ਜਿਸ ਨਾਲ ਬੇਲੋੜੀ ਹਫੜਾ-ਦਫੜੀ ਪੈਦਾ ਹੁੰਦੀ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਨੇ ਅਜਿਹੇ ਪੁਖਤਾ ਪ੍ਰਬੰਧ ਕੀਤੇ ਹਨ ਕਿ ਦੇਸ਼ ਵਿੱਚ ਕਿਸੇ ਵੀ ਜ਼ਰੂਰੀ ਵਸਤੂ ਦੀ ਕਮੀ ਨਹੀਂ ਹੋਣ ਦਿੱਤੀ ਜਾਵੇਗੀ।





**ਆਰਥਿਕ ਤਰੱਕੀ ਅਤੇ ਆਤਮ-ਨਿਰਭਰ ਭਾਰਤ**

ਰਾਠੌੜ ਨੇ ਦੇਸ਼ ਦੀ ਆਰਥਿਕ ਸਥਿਤੀ ਦੇ ਅੰਕੜੇ ਪੇਸ਼ ਕਰਦਿਆਂ ਦੱਸਿਆ ਕਿ 2014 ਦੇ ਮੁਕਾਬਲੇ ਦੇਸ਼ ਦੀ ਜੀਡੀਪੀ ਤਿੰਨ ਗੁਣਾ ਵੱਧ ਗਈ ਹੈ, ਜੋ ਕਿ 106.5 ਲੱਖ ਕਰੋੜ ਤੋਂ ਵੱਧ ਕੇ 331.3 ਲੱਖ ਕਰੋੜ ਰੁਪਏ ਹੋ ਗਈ ਹੈ। ਉਨ੍ਹਾਂ ਕਿਹਾ ਕਿ ਭਾਰਤ ਅੱਜ ਸੇਵਾਵਾਂ, ਦਵਾਈਆਂ, ਇਲੈਕਟ੍ਰਾਨਿਕਸ ਅਤੇ ਇੰਜੀਨੀਅਰਿੰਗ ਵਸਤੂਆਂ ਦੇ ਨਿਰਯਾਤ ਵਿੱਚ ਤੇਜ਼ੀ ਨਾਲ ਵਾਧਾ ਕਰ ਰਿਹਾ ਹੈ ਅਤੇ ਉਦਯੋਗਿਕ ਖੇਤਰ ਵਿੱਚ ਆਤਮ-ਨਿਰਭਰ ਬਣ ਰਿਹਾ ਹੈ। ਇਸ ਤੋਂ ਇਲਾਵਾ, ਰੱਖਿਆ ਖੇਤਰ ਵਿੱਚ ਵੀ ਭਾਰਤ ਹੁਣ ਹਥਿਆਰਾਂ ਦਾ ਨਿਰਯਾਤ ਕਰ ਰਿਹਾ ਹੈ।

**ਵਿਰੋਧੀ ਧਿਰ 'ਤੇ ਤਿੱਖੇ ਹਮਲੇ**

ਭਾਜਪਾ ਸਾਂਸਦ ਨੇ ਕਾਂਗਰਸ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਅੱਜ ਦੇਸ਼ ਵਿੱਚ ਕੋਈ ਘੁਟਾਲਾ ਨਹੀਂ ਹੋ ਰਿਹਾ, ਜਦਕਿ ਪਹਿਲਾਂ ਬੋਫੋਰਸ ਅਤੇ ਕੋਲਾ ਖਾਣ ਵਰਗੇ ਘੁਟਾਲੇ ਨਿੱਤ ਦਿਨ ਦੀ ਗੱਲ ਸੀ। ਪਾਰਟੀ ਦੇ ਇੱਕ ਹੋਰ ਸਾਂਸਦ ਸ਼ੰਭੂਸ਼ਰਣ ਪਟੇਲ ਨੇ ਭਰੋਸਾ ਜਤਾਇਆ ਕਿ 2027 ਤੱਕ ਭਾਰਤ ਦੁਨੀਆਂ ਦੀ ਤੀਜੀ ਸਭ ਤੋਂ ਵੱਡੀ ਆਰਥਿਕਤਾ ਬਣ ਜਾਵੇਗਾ। ਡਾ. ਭੀਮ ਸਿੰਘ ਨੇ ਚਰਚਾ ਦੌਰਾਨ ਦੱਸਿਆ ਕਿ ਸੰਵਿਧਾਨ ਵਿੱਚ 'ਬਜਟ' ਸ਼ਬਦ ਦਾ ਜ਼ਿਕਰ ਨਹੀਂ ਹੈ ਅਤੇ ਮੌਜੂਦਾ ਵਿਨਿਯੋਗ ਬਿੱਲ ਵਿਕਸਿਤ ਭਾਰਤ ਦੇ ਰਾਹ ਨੂੰ ਪੱਧਰਾ ਕਰੇਗਾ। ਫਿਲਹਾਲ, ਅਨੁਦਾਨ ਦੀਆਂ ਪੂਰਕ ਮੰਗਾਂ 'ਤੇ ਚਰਚਾ ਅਧੂਰੀ ਰਹੀ।

## ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ

# ਚੋਣ ਜ਼ਾਬਤਾ ਸਖ਼ਤੀ ਨਾਲ ਲਾਗੂ, 181 ਕਰੋੜ ਦੀ ਨਕਦੀ, ਸ਼ਰਾਬ ਤੇ ਨਸ਼ੀਲੇ ਪਦਾਰਥ ਜ਼ਬਤ



ਕੋਲਕਾਤਾ, 23 ਮਾਰਚ (ਚ.ਨ.ਸ.) : ਪੱਛਮੀ ਬੰਗਾਲ ਦੀਆਂ ਸਾਰੀਆਂ 294 ਵਿਧਾਨ ਸਭਾ ਸੀਟਾਂ 'ਤੇ ਆਦਰਸ਼ ਚੋਣ ਜ਼ਾਬਤਾ (ਐਮ.ਸੀ.ਸੀ.) ਨੂੰ ਬਹੁਤ ਹੀ ਸਖ਼ਤੀ ਨਾਲ ਲਾਗੂ ਕੀਤਾ ਜਾ ਰਿਹਾ ਹੈ। ਚੋਣ ਕਮਿਸ਼ਨ ਦੀ ਮੁਸਤੈਦੀ ਕਾਰਨ ਹੁਣ ਤੱਕ 181 ਕਰੋੜ ਰੁਪਏ ਤੋਂ ਵੱਧ ਦੀ ਨਕਦੀ, ਸ਼ਰਾਬ, ਮਾਦਕ ਪਦਾਰਥ ਅਤੇ ਹੋਰ ਸਮੱਗਰੀ ਜ਼ਬਤ ਕੀਤੀ ਜਾ ਚੁੱਕੀ ਹੈ। ਅਧਿਕਾਰੀਆਂ ਵੱਲੋਂ ਸੋਮਵਾਰ ਨੂੰ ਦਿੱਤੀ ਗਈ ਜਾਣਕਾਰੀ ਅਨੁਸਾਰ, ਸੂਬੇ 'ਚ ਵਿਧਾਨ ਸਭਾ ਚੋਣਾਂ ਦੋ ਪੜਾਵਾਂ 'ਚ 23 ਅਪ੍ਰੈਲ ਤੇ 29 ਅਪ੍ਰੈਲ ਨੂੰ ਹੋਣਗੀਆਂ, ਜਦੋਂ ਕਿ ਨਤੀਜੇ 4 ਮਈ ਨੂੰ ਐਲਾਨੇ ਜਾਣਗੇ।ਗੈਰ-ਕਾਨੂੰਨੀ ਪ੍ਰਚਾਰ ਸਮੱਗਰੀ ਵਿਰੁੱਧ ਵੱਡੀ ਕਾਰਵਾਈ ਮੁੱਖ ਚੋਣ ਅਧਿਕਾਰੀ (ਸੀਈਓ) ਦੇ ਦਫ਼ਤਰ ਵੱਲੋਂ ਜਾਰੀ ਬਿਆਨ ਅਨੁਸਾਰ, ਸੂਬੇ ਭਰ 'ਚ ਗੈਰ-ਕਾਨੂੰਨੀ ਸਿਆਸੀ ਇਸ਼ਤਿਹਾਰਾਂ ਤੇ ਪੋਸਟਰਾਂ ਨੂੰ ਹਟਾਉਣ ਲਈ ਇੱਕ ਵਿਆਪਕ ਮੁਹਿੰਮ ਚਲਾਈ ਗਈ ਹੈ।ਜਨਤਕ ਤੇ ਨਿੱਜੀ ਜਾਇਦਾਦਾਂ 'ਤੇ ਲਗਾਏ ਗਏ, ਇਨ੍ਹਾਂ ਪੋਸਟਰਾਂ ਕਾਰਨ ਜਨਤਕ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਦੀਆਂ 3,11,829 ਤੇ ਨਿੱਜੀ ਜਾਇਦਾਦ ਦੀਆਂ 19,901 ਘਟਨਾਵਾਂ ਸਾਹਮਣੇ ਆਈਆਂ ਹਨ। ਇਸ ਸਬੰਧ 'ਚ ਵੱਖ-ਵੱਖ ਜ਼ਿਲ੍ਹਿਆਂ 'ਚ ਹੁਣ ਤੱਕ 3,58,986 ਮਾਮਲੇ ਦਰਜ ਕੀਤੇ ਗਏ ਹਨ।

**ਸੁਰੱਖਿਆ ਦੇ ਸਖ਼ਤ ਪ੍ਰਬੰਧ ਤੇ ਨਿਗਰਾਨੀ**

ਚੋਣਾਂ ਦੌਰਾਨ ਪਾਰਦਰਸ਼ਤਾ ਬਣਾਈ ਰੱਖਣ 'ਤੇ ਨਕਦੀ ਦੇ ਗੈਰ-ਕਾਨੂੰਨੀ ਤਬਾਦਲੇ ਨੂੰ ਰੋਕਣ ਲਈ 1,800 ਤੋਂ ਵੱਧ ਉਡਣ ਦਸਤੇ (ਐਫਐਸਟੀ ) ਅਤੇ 2,200 ਤੋਂ ਵੱਧ ਸਥਿਰ ਨਿਗਰਾਨੀ ਟੀਮਾਂ (ਐਸਐਸਟੀ) ਤਾਇਨਾਤ ਕੀਤੀਆਂ ਗਈਆਂ ਹਨ। ਕਾਨੂੰਨ ਵਿਵਸਥਾ ਨੂੰ ਲੈ ਕੇ ਕੋਲਕਾਤਾ ਪੁਲਿਸ ਤੇ ਕੇਂਦਰੀ ਬਲ ਪੂਰੀ ਤਰ੍ਹਾਂ ਚੌਕਸ ਹਨ। ਬੜਾਨਗਰ ਤੇ ਕਾਲੀਘਾਟ 'ਚ ਹੋਈਆਂ ਘਟਨਾਵਾਂ ਦੌਰਾਨ ਪੁਲਿਸ ਨੇ ਤੁਰੰਤ ਦਖਲ ਦੇ ਕੇ ਤਣਾਅ ਨੂੰ ਵਧਣ ਤੋਂ ਰੋਕਿਆ।

**ਗ੍ਰਿਫਤਾਰੀਆਂ ਤੇ ਹਥਿਆਰਾਂ ਦੀ ਬਰਾਮਦਗੀ**

ਪੁਲਿਸ ਵੱਲੋਂ ਵੋਟਰਾਂ ਨੂੰ ਡਰਾਉਣ-ਧਮਕਾਉਣ ਤੇ ਅਪਰਾਧਿਕ ਧਮਕੀਆਂ ਦੇਣ ਦੇ ਮਾਮਲੇ ਵਿੱਚ ਕਈ ਗ੍ਰਿਫਤਾਰੀਆਂ ਵੀ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ, ਗਹਿਣ ਨਿਗਰਾਨੀ ਹੇਠ ਵੱਡੀ ਮਾਤਰਾ ਵਿੱਚ ਬਿਨਾਂ ਲਾਇਸੰਸੀ ਹਥਿਆਰ ਅਤੇ ਵਿਸਫੋਟਕ ਵੀ ਜ਼ਬਤ ਕੀਤੇ ਗਏ ਹਨ ਤਾਂ ਜੋ ਚੋਣ ਪ੍ਰਕਿਰਿਆ ਨੂੰ ਸ਼ਾਂਤੀਪੂਰਵਕ ਨੇਪਰੇ ਚਾੜ੍ਹਿਆ ਜਾ ਸਕੇ। ਅਧਿਕਾਰੀਆਂ ਨੇ ਸਪੱਸ਼ਟ ਕੀਤਾ ਹੈ ਕਿ ਚੋਣ ਜ਼ਾਬਤੇ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਜਾਰੀ ਰਹੇਗੀ।

# ਈਰਾਨੀ ਪਾਵਰ ਪਲਾਂਟਾਂ 'ਤੇ 5 ਦਿਨ

ਅਮਰੀਕਾ ਦੇ ਖਜ਼ਾਨਾ ਮੰਤਰੀ ਸਕਾਟ ਬੇਸੈਂਟ ਨੇ ਕਿਹਾ ਕਿ ਰਾਸ਼ਟਰਪਤੀ ਡੋਨਲਡ ਟਰੰਪ ਮੱਧ ਪੂਰਬ ਵਿਚ ਅਮਨ-ਸ਼ਾਂਤੀ ਕਾਇਮ ਕਰਨ ਲਈ ਕੰਮ ਕਰ ਰਹੇ ਹਨ। ਉਨ੍ਹਾਂ ਮੁਤਾਬਕ ਜੇਕਰ ਟਰੰਪ ਸਖ਼ਤ ਕਦਮ ਨਾ ਚੁੱਕਦੇ ਤਾਂ ਅਗਲੇ ਇੱਕ-ਦੋ ਸਾਲਾਂ ਵਿਚ ਈਰਾਨ ਨੂੰ ਪਰਮਾਣੂ ਹਥਿਆਰ ਹਾਸਲ ਕਰਨ ਤੋਂ ਰੋਕਣਾ ਅਸੰਭਵ ਹੋ ਜਾਣਾ ਸੀ। ਬੇਸੈਂਟ ਨੇ ਸੋਸ਼ਲ ਮੀਡੀਆ 'ਤੇ ਲਿਖਿਆ ਕਿ ਸੁਰੱਖਿਆ ਤੋਂ ਬਿਨਾਂ ਖੁਸ਼ਹਾਲੀ ਸੰਭਵ ਨਹੀਂ ਹੈ ਅਤੇ ਪਹਿਲਾਂ ਜੋ ਸੁਰੱਖਿਆ ਮਹਿਸੂਸ ਹੋ ਰਹੀ ਸੀ ਉਹ ਸਿਰਫ ਇੱਕ ਭਰਮ ਸੀ। ਉਨ੍ਹਾਂ ਦਾ ਮੰਨਣਾ ਹੈ ਕਿ ਟਰੰਪ ਦੇ ਫੈਸਲਿਆਂ ਕਾਰਨ ਹੁਣ ਪੂਰੀ ਦੁਨੀਆ ਪਹਿਲਾਂ ਨਾਲੋਂ ਜ਼ਿਆਦਾ ਸੁਰੱਖਿਅਤ ਮਹਿਸੂਸ ਕਰ ਰਹੀ ਹੈ ਅਤੇ ਇਸ ਮੁਹਿੰਮ ਵਿਚ ਫਰਾਂਸ, ਜਰਮਨੀ ਅਤੇ ਇਟਲੀ ਵਰਗੇ ਮਿੱਤਰ ਦੇਸ਼ ਵੀ ਅਮਰੀਕਾ ਦਾ ਸਾਥ ਦੇਣ ਲਈ ਅੱਗੇ ਆ ਰਹੇ ਹਨ।

ਦੂਜੇ ਪਾਸੇ ਤਹਿਰਾਨ ਅਤੇ ਅਮਰੀਕਾ ਵਿਚਾਲੇ ਤਣਾਅ ਲਗਾਤਾਰ ਵਧਦਾ ਜਾ ਰਿਹਾ ਹੈ, ਕਿਉਂਕਿ ਟਰੰਪ ਨੇ ਈਰਾਨ ਨੂੰ 48 ਘੰਟਿਆਂ ਦੇ ਅੰਦਰ 'ਸਟਰੇਟ ਆਫ ਹੋਰਮੁਜ਼' (ਸਮੁੰਦਰੀ ਰਸਤਾ) ਪੂਰੀ ਤਰ੍ਹਾਂ ਖੋਲ੍ਹਣ ਦਾ ਅਲਟੀਮੇਟਮ ਦਿੱਤਾ ਹੈ। ਟਰੰਪ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਅਜਿਹਾ ਨਾ ਹੋਇਆ ਤਾਂ ਈਰਾਨ ਦੇ ਬਿਜਲੀ ਘਰਾਂ ਨੂੰ ਤਬਾਹ ਕਰ ਦਿੱਤਾ ਜਾਵੇਗਾ, ਜਿਸ ਦੇ ਜਵਾਬ ਵਿਚ ਈਰਾਨ ਨੇ ਵੀ ਖੇਤਰੀ ਢਾਂਚੇ 'ਤੇ ਹਮਲੇ ਕਰਨ ਦੀ ਧਮਕੀ ਦਿੱਤੀ ਹੈ। ਇਸੇ ਦੌਰਾਨ ਇਜ਼ਰਾਈਲੀ ਫੌਜਾਂ ਨੇ ਲਿਬਨਾਨ ਨੂੰ ਜੋੜਨ ਵਾਲੇ ਅਹਿਮ 'ਕਾਸਮੀਆ ਪੁਲ' 'ਤੇ ਹਮਲਾ ਕਰਕੇ ਉਸ ਨੂੰ ਤਬਾਹ ਕਰ ਦਿੱਤਾ ਹੈ, ਜਿਸ ਨੂੰ ਜ਼ਮੀਨੀ ਹਮਲੇ ਦੀ ਸ਼ੁਰੂਆਤ ਵਜੋਂ ਦੇਖਿਆ ਜਾ ਰਿਹਾ ਹੈ।

ਇਜ਼ਰਾਈਲ ਦੇ ਰੱਖਿਆ ਮੰਤਰੀ ਨੇ ਆਪਣੀ ਫੌਜ ਨੂੰ ਸਰਹੱਦ ਦੇ ਨੇੜੇ ਸਾਰੇ ਰਸਤੇ ਅਤੇ ਘਰ ਤਬਾਹ ਕਰਨ ਦੇ ਹੁਕਮ ਦਿੱਤੇ ਹਨ, ਜਿਸ ਕਾਰਨ ਪੂਰੇ ਖੇਤਰ ਵਿਚ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਹੈ।

# ਸਾਬਕਾ ਮੰਤਰੀ ਲਾਲਜੀਤ ਸਿੰਘ ਭੁੱਲਰ

ਡੀ.ਐੱਮ. ਦੀ ਮੌਤ ਦੀ ਸੀ.ਬੀ.ਆਈ. ਜਾਂਚ ਲਈ ਐੱਮ.ਪੀ. ਚਰਨਜੀਤ ਚੰਨੀ, ਗੁਰਜੀਤ ਔਜਲਾ, ਧਰਮਵੀਰ ਗਾਂਧੀ ਤੇ ਸੁਖਜਿੰਦਰ ਰੰਧਾਵਾ ਨੇ ਗ੍ਰਹਿ ਮੰਤਰੀ ਨੂੰ ਚਿੱਠੀ ਲਿਖੀ ਹੈ ਤੇ ਮੁਲਜ਼ਮਾਂ ਵਿਰੁੱਧ ਲੁੱਕ ਆਊਟ ਸਰਕੂਲਰ ਜਾਰੀ ਕਰਨ ਦੀ ਮੰਗ ਕੀਤੀ ਹੈ। ਦੱਸ ਦਈਏ ਕਿ ਪੰਜਾਬ ਸਟੇਟ ਵੇਅਰਹਾਊਸਿੰਗ ਕਾਰਪੋਰੇਸ਼ਨ, ਅੰਮ੍ਰਿਤਸਰ ਦੇ ਜ਼ਿਲ੍ਹਾ ਮੈਨੇਜਰ ਗਗਨਦੀਪ ਸਿੰਘ ਰੰਧਾਵਾ ਵੱਲੋਂ ਖ਼ੁਦਕੁਸ਼ੀ ਕਰ ਲਈ ਗਈ ਸੀ ਤੇ ਖ਼ੁਦਕੁਸ਼ੀ ਤੋਂ ਪਹਿਲਾਂ ਵੀਡੀਓ ਬਣਾ ਕੇ 'ਆਪ' ਸਰਕਾਰ ਦੇ ਮੰਤਰੀ ਲਾਲਜੀਤ ਸਿੰਘ ਭੁੱਲਰ ਨੂੰ ਇਸ ਲਈ ਜ਼ਿੰਮੇਵਾਰ ਠਹਿਰਾਇਆ ਗਿਆ ਸੀ। ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਤੇ ਭਾਜਪਾ ਵੱਲੋਂ ਇਕਜੁੱਟ ਹੋ ਕੇ ਇਸ ਮਾਮਲੇ ਵਿਚ ਲਾਲਜੀਤ ਭੁੱਲਰ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਜਾ ਰਹੀ ਸੀ। ਇਸ ਮਗਰੋਂ ਲਾਲਜੀਤ ਸਿੰਘ ਭੁੱਲਰ ਵੱਲੋਂ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਗਿਆ ਸੀ ਤੇ ਵਿਰੋਧੀ ਪਾਰਟੀਆਂ ਦੇ ਲਗਾਤਾਰ ਦਬਾਅ ਤੋਂ ਬਾਅਦ ਐੱਫ.ਆਈ.ਆਰ. ਲਾਲਜੀਤ ਸਿੰਘ ਭੁੱਲਰ, ਉਨ੍ਹਾਂ ਦੇ ਪਿਤਾ ਅਤੇ ਪੀ.ਏ. ਦੇ ਖ਼ਿਲਾਫ਼ ਐੱਫ.ਆਈ.ਆਰ. ਦਰਜ ਕਰ ਲਈ ਗਈ ਸੀ। ਇਸ ਮਗਰੋਂ ਗਗਨਦੀਪ ਸਿੰਘ ਰੰਧਾਵਾ ਦੇ ਪਰਿਵਾਰ ਤੇ ਵਿਰੋਧੀ ਧਿਰਾਂ ਵੱਲੋਂ ਤਿੰਨ ਦਿਨ ਦੀ ਜੱਦੋ-ਜਹਿਦ ਤੋਂ ਬਾਅਦ ਆਖ਼ਿਰਕਾਰ ਲਾਲਜੀਤ ਸਿੰਘ ਭੁੱਲਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

**ਸੱਚਾਈ ਅਤੇ ਇਨਸਾਫ 'ਤੇ ਯਕੀਨ ਰੱਖਦਿਆਂ ਮੈਂ ਖੁਦ ਆਤਮ ਸਮਰਪਣ ਕਰ ਰਿਹਾ ਹਾਂ: ਭੁੱਲਰ**

ਸਾਬਕਾ ਮੰਤਰੀ ਲਾਲਜੀਤ ਸਿੰਘ ਭੁੱਲਰ ਨੂੰ ਮੰਡੀ ਗੋਬਿੰਦਗੜ੍ਹ ਤੋਂ ਗ੍ਰਿਫਤਾਰ ਕਰ ਲਿਆ ਗਿਆ ਹੈ। ਇਹ ਕਾਰਵਾਈ ਡੀ.ਐੱਮ. ਗਗਨਦੀਪ ਸਿੰਘ ਰੰਧਾਵਾ ਮੌਤ ਮਾਮਲੇ ਵਿਚ ਕੀਤੀ ਗਈ ਹੈ। ਗ੍ਰਿਫਤਾਰੀ ਮਗਰੋਂ ਮੰਤਰੀ ਭੁੱਲਰ ਦਾ ਵੱਡਾ ਬਿਆਨ ਸਾਹਮਣੇ ਆਇਆ ਹੈ। ਟਵੀਟ ਕਰਦਿਆਂ ਭੁੱਲਰ ਨੇ ਲਿਖਿਆ- ਵਾਹਿਗੁਰੂ ਜੀ, ਮੈਂ ਹਰ ਵਾਰ ਆਪਣੇ ਹਰ ਕਦਮ ਦੀ ਸ਼ੁਰੂਆਤ ਪ੍ਰਮਾਤਮਾ ਨੂੰ ਹਾਜ਼ਰ-ਨਾਜ਼ਰ ਮੰਨ ਕੇ ਕੀਤੀ ਹੈ। ਮੇਰੇ ਲਈ ਮੇਰੇ ਲੋਕ ਹੀ ਮੇਰਾ ਰੱਬ ਹਨ, ਉਨ੍ਹਾਂ ਦੇ ਚਿਹਰਿਆਂ ਵਿਚ ਮੈਂ ਹਮੇਸ਼ਾ ਰੱਬ ਦੀ ਝਲਕ ਦੇਖੀ ਹੈ। ਮੇਰੀ ਜ਼ਿੰਦਗੀ ਦਾ ਹਰ ਫੈਸਲਾ ਉਨ੍ਹਾਂ ਦੀ ਭਲਾਈ ਤੇ ਸੱਚਾਈ ਦੇ ਰਾਹ 'ਤੇ ਚੱਲਣ ਲਈ ਹੀ ਰਿਹਾ ਹੈ ਪਰ ਅੱਜ ਜਿਹੜੀਆਂ ਅਫਵਾਹਾਂ ਫੈਲਾਈਆਂ ਜਾ ਰਹੀਆਂ ਹਨ ਕਿ ਮੈਂ ਫਰਾਰ ਹੋ ਗਿਆ ਹਾਂ..ਇਹ ਸੱਚ ਨਹੀਂ ਹੈ। ਮੈਂ ਕਦੇ ਵੀ ਸੱਚ ਤੋਂ ਭੱਜਣ ਵਾਲਾ ਨਹੀਂ ਹਾਂ। ਮੈਨੂੰ ਦੇਸ਼ ਦੇ ਕਾਨੂੰਨ 'ਤੇ ਪੂਰਾ ਭਰੋਸਾ ਹੈ ਤੇ ਨਿਆਂ ਪ੍ਰਣਾਲੀ 'ਤੇ ਵੀ ਅਟੱਲ ਵਿਸ਼ਵਾਸ ਹੈ। ਮੈਂ ਕਿਤੇ ਵੀ ਨਹੀਂ ਭੱਜਿਆ ਮੈਂ ਆਪਣੇ ਪੰਜਾਬ ਵਿਚ ਹੀ ਹਾਂ। ਸੱਚਾਈ ਤੇ ਇਨਸਾਫ 'ਤੇ ਯਕੀਨ ਰੱਖਦਿਆਂ ਮੈਂ ਖੁਦ ਮੰਡੀ ਗੋਬਿੰਦਗੜ੍ਹ ਵਿਖੇ ਆਤਮ ਸਮਰਪਣ ਕਰ ਰਿਹਾ ਹਾਂ।

# ਕਿਸੇ ਦੀ ਪੁਸ਼ਤ ਪਨਾਹੀ ਕਰਨੀ

ਪੁਸ਼ਤ ਪਨਾਹੀ ਕਰਨੀ ਸਾਡੀ ਪਾਰਟੀ ਦਾ ਏਜੰਡਾ ਨਹੀਂ ਹੈ ਕੈਸ਼ ਤੇ ਫਰਮਾਇਸ਼ ਦੀ ਸਖ਼ਤ ਮਨਾਹੀ ਹੈ। ਦੱਸ ਦੇਈਏ ਕਿ 4 ਕਾਂਗਰਸੀ ਸਾਂਸਦਾਂ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਪੱਤਰ ਲਿਖਿਆ ਹੈ। ਡੀ.ਐੱਮ. ਦੀ ਮੌਤ ਦੀ ਸੀ.ਬੀ.ਆਈ. ਜਾਂਚ ਲਈ ਐੱਮ.ਪੀ. ਚਰਨਜੀਤ ਚੰਨੀ, ਗੁਰਜੀਤ ਔਜਲਾ, ਧਰਮਵੀਰ ਗਾਂਧੀ ਤੇ ਸੁਖਜਿੰਦਰ ਰੰਧਾਵਾ ਨੇ ਗ੍ਰਹਿ ਮੰਤਰੀ ਨੂੰ ਚਿੱਠੀ ਲਿਖੀ ਹੈ ਤੇ ਮੁਲਜ਼ਮਾਂ ਵਿਰੁੱਧ ਲੁੱਕ ਆਊਟ ਸਰਕੂਲਰ ਜਾਰੀ ਕਰਨ ਦੀ ਮੰਗ ਕੀਤੀ ਹੈ।

# ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ 'ਭਾਰਤ ਰਤਨ'

ਸੇਵਾ ਕਰਨ ਦੇ ਆਪਣੇ ਇਰਾਦੇ ਨੂੰ ਦੁਹਰਾਇਆ ਅਤੇ ਨਾਲ ਹੀ ਇਨ੍ਹਾਂ ਮਹਾਨ ਆਜ਼ਾਦੀ ਘੁਲਾਟੀਆਂ ਨੂੰ ਹਾਲੇ ਤੱਕ ਭਾਰਤ ਰਤਨ (ਸਭ ਤੋਂ ਉੱਚੇ ਸਨਮਾਨ) ਨਾ ਦਿੱਤੇ ਜਾਣ 'ਤੇ ਵੀ ਸਵਾਲ ਉਠਾਇਆ। ਉਨ੍ਹਾਂ ਕਿਹਾ ਕਿ ਆਜ਼ਾਦੀ ਦੇ ਸ਼ੁਰੂਆਤੀ ਸਾਲਾਂ ਦੌਰਾਨ ਜੇਕਰ ਦੇਸ਼ ਦੀ ਵਾਗਡੋਰ ਅਜਿਹੇ ਦਲੇਰ, ਨੌਜਵਾਨਾਂ ਦੇ ਹੱਥ ਹੁੰਦੀ ਤਾਂ ਭਾਰਤ ਦਾ ਚਿਹਰਾ-ਮੋਹਰਾ ਹੋਰ ਹੀ ਹੁੰਦਾ।

ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ,ਇਸ ਦੇਸ਼ ਦੇ ਲਾਲਚੀ ਤੇ ਸਵਾਰਥੀ ਆਗੂਆਂ ਨੇ ਜਿਉਂਦੇ ਜੀਅ ਆਪਣੇ ਨਾਵਾਂ 'ਤੇ ਸਟੇਡੀਅਮ ਬਣਾਏ ਹਨ, ਪਰ ਸ਼ਹੀਦ ਭਗਤ ਸਿੰਘ, ਸ਼ਹੀਦ ਰਾਜਗੁਰੂ ਅਤੇ ਸ਼ਹੀਦ ਸੁਖਦੇਵ ਵਰਗੇ ਸੱਚੇ ਸ਼ਹੀਦਾਂ ਨੂੰ ਸਨਮਾਨਿਤ ਕਰਨ ਲਈ ਹਾਲੇ ਤੱਕ ਕੋਈ ਵੀ ਮੂਹਰੇ ਨਹੀਂ ਆਇਆ ।

ਮੁੱਖ ਮੰਤਰੀ ਨੇ ਕਿਹਾ, ਇਨ੍ਹਾਂ ਮਹਾਨ ਕ੍ਰਾਂਤੀਕਾਰੀਆਂ ਨੇ ਛੋਟੀ ਉਮਰ ਵਿੱਚ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ, ਪਰ ਆਜ਼ਾਦੀ ਤੋਂ ਬਾਅਦ ਕੁਰਸੀ ਦੇ ਲੋਭੀਆਂ ਨੇ ਸੱਤਾ 'ਤੇ ਕਬਜ਼ਾ ਕਰ ਲਿਆ ਅਤੇ ਲਹੂ ਡੋਲ੍ਹ ਕੇ ਹਾਸਲ

# ਪਹਿਲੇ ਸਫ਼ੇ ਦੀ ਬਾਕੀ

ਕੀਤੀ ਉਸ ਆਜ਼ਾਦੀ ਦਾ ਸਿਹਰਾ ਆਪਣੇ ਸਿਰ ਬੰਨ੍ਹ ਲਿਆ, ਜਿਸ ਲਈ ਉਹ ਕਦੇ ਲੜੇ ਵੀ ਨਹੀਂ ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ,ਸ਼ਹੀਦ ਰਾਜਗੁਰੂ, ਸ਼ਹੀਦ ਸੁਖਦੇਵ ਅਤੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਨੂੰ ਯਾਦ ਕਰਨ ਲਈ ਸਿਰਫ਼ ਫੁੱਲ ਹੀ ਰਹਿਗੇ, ਜਦਕਿ ਹੋਰ ਲੋਕ ਆਜ਼ਾਦੀ ਦੀ ਵਿਰਾਸਤ ਦਾ ਝੂਠਾ ਦਾਅਵਾ ਕਰਕੇ ਮੋਹਰੀ ਬਣ ਗਏ,। ਮੁੱਖ ਮੰਤਰੀ ਨੇ ਕਿਹਾ, "ਉਨ੍ਹਾਂ ਮਹਾਨ ਯੋਧਿਆਂ ਨੂੰ ਚੁੱਪ ਕਰਾਉਣ ਲਈ ਹੀ ਜਲਦੀ ਫਾਂਸੀ ਦੇ ਦਿੱਤੀ ਗਈ ਸੀ ਕਿਉਂਕਿ ਲੋਕ ਉਨ੍ਹਾਂ ਦੇ ਬੇਖ਼ੌਫ਼ ਵਿਚਾਰਾਂ ਪਿੱਛੇ ਇਕੱਠੇ ਹੋਣ ਲੱਗ ਪਏ ਸਨ।"

ਮਹਿੰਗੇ ਮੁੱਲ ਮਿਲੀ ਆਜ਼ਾਦੀ ਦੀ ਮਹੱਤਤਾ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ, ਕੋਈ ਕਲਪਨਾ ਵੀ ਨਹੀਂ ਕਰ ਸਕਦਾ ਸੀ ਕਿ ਸਾਡੀ ਆਜ਼ਾਦੀ ਕਿੰਨੀ ਮਹਿੰਗੀ ਹੋਵੇਗੀ, ਵੰਡ ਦੌਰਾਨ ਲੱਗਭੱਗ 10 ਲੱਖ ਲੋਕਾਂ ਨੇ ਆਪਣੀਆਂ ਜਾਨਾਂ ਗੁਆ ਦਿੱਤੀਆਂ ਅਤੇ ਲੱਖਾਂ ਲੋਕਾਂ ਨੂੰ ਹਿਜਰਤ ਕਰਨ ਲਈ ਮਜਬੂਰ ਹੋਣਾ ਪਿਆ। ਉਨ੍ਹਾਂ ਅੱਗੇ ਕਿਹਾ, ਸਾਡੇ ਬਜ਼ੁਰਗਾਂ ਨੇ ਬਹੁਤ ਕੁਰਬਾਨੀਆਂ ਦਿੱਤੀਆਂ, ਪਰ ਸੱਤਾਧਾਰੀ ਇਸ ਦਰਦ ਨੂੰ ਸਮਝਣ ਵਿੱਚ ਅਸਫਲ ਰਹੇ ਹਨ, ਕਿਉਂਕਿ ਉਨ੍ਹਾਂ ਨੂੰ ਸ਼ਹੀਦਾਂ ਦੀਆਂ ਕੁਰਬਾਨੀਆਂ 'ਤੇ ਬਣਿਆ ਇੱਕ ਤਿਆਰ-ਬਰ-ਤਿਆਰ ਮੁਲਕ ਵਿਰਾਸਤ ਵਿੱਚ ਮਿਲ ਗਿਆ।

ਮੁੱਖ ਮੰਤਰੀ ਨੇ ਕਿਹਾ, ਕੁਝ ਨਾਸ਼ੁਕਰੇ ਨੇਤਾ ਹੁਣ ਦਾਅਵਾ ਕਰਦੇ ਹਨ ਕਿ ਭਾਰਤ ਨੂੰ ਸੱਚੀ ਆਜ਼ਾਦੀ ਸਿਰਫ਼ 2014 ਵਿੱਚ ਮਿਲੀ ਹੈ, ਜੋ ਕਿ ਸਾਡੇ ਸ਼ਹੀਦਾਂ ਦਾ ਘੋਰ ਅਪਮਾਨ ਹੈ,। ਉਨ੍ਹਾਂ ਕਿਹਾ, ਇਹ ਹੈਰਾਨ ਕਰਨ ਵਾਲੀ ਗੱਲ ਹੈ ਕਿ ਕੁਝ ਲੋਕ ਸ਼ਹੀਦ ਭਗਤ ਸਿੰਘ ਨੂੰ ਸਿਰਫ਼ ਇੱਕ 'ਸਮਾਜ ਸੇਵਕ' ਵਜੋਂ ਪੇਸ਼ ਕਰਦੇ ਹਨ, ਸ਼ਹੀਦ ਨਹੀਂ ਮੰਨਦੇ। ਅਜਿਹੇ ਸਰਟੀਫਿਕੇਟ ਦੇਣ ਵਾਲੇ ਇਹ ਲੋਕ ਕੌਣ ਹਨ?

ਲੋਕਾਂ ਨੂੰ ਸ਼ਹੀਦਾਂ ਤੋਂ ਪ੍ਰੇਰਨਾ ਲੈਣ ਦਾ ਸੱਦਾ ਦਿੰਦੇ ਹੋਏ ਉਨ੍ਹਾਂ ਕਿਹਾ, ਅੱਜ ਦਾ ਦਿਨ ਇਨ੍ਹਾਂ ਮਹਾਨ ਨਾਇਕਾਂ ਨੂੰ ਯਾਦ ਕਰਨ, ਉਨ੍ਹਾਂ ਦੀਆਂ ਮਹਾਨ ਕਹਾਣੀਆਂ ਨੂੰ ਪੜ੍ਹਨ, ਸੁਣਨ ਦਾ ਹੈ, ਜੋ ਰਹਿੰਦੀ ਦੁਨੀਆਂ ਤੱਕ ਨੌਜਵਾਨਾਂ ਨੂੰ ਪ੍ਰੇਰਿਤ ਕਰਦੀਆਂ ਰਹਿਣਗੀਆਂ।

ਮੁੱਖ ਮੰਤਰੀ ਨੇ ਦੁਹਰਾਇਆ ਕਿ ਰਾਜਨੀਤਿਕ ਤਰਜੀਹਾਂ ਲੰਬੇ ਸਮੇਂ ਤੋਂ ਗਲਤ ਰਹੀਆਂ ਹਨ। ਉਨ੍ਹਾਂ ਕਿਹਾ, ਸਿਆਸੀ ਆਗੂਆਂ ਨੇ ਖੁਦ ਦੇ ਬੁੱਤ ਲਗਾਏ ਅਤੇ ਜਿਉਂਦੇ ਜੀਅ ਆਪਣੇ ਨਾਮ 'ਤੇ ਸਟੇਡੀਅਮ ਬਣਵਾ ਲਏ, ਪਰ ਸ਼ਹੀਦ ਭਗਤ ਸਿੰਘ, ਸ਼ਹੀਦ ਰਾਜਗੁਰੂ ਅਤੇ ਸ਼ਹੀਦ ਸੁਖਦੇਵ ਵਰਗੇ ਸ਼ਹੀਦਾਂ ਦਾ ਸਨਮਾਨ ਕਰਨ ਬਾਰੇ ਕਿਸੇ ਨੂੰ ਖ਼ਬਰ ਨਹੀਂ।

ਉਨ੍ਹਾਂ ਅੱਗੇ ਕਿਹਾ ਕਿ ਇਹ ਬਹੁਤ ਮੰਦਭਾਗਾ ਹੈ ਕਿ ਸਾਨੂੰ ਮੋਹਾਲੀ ਹਵਾਈ ਅੱਡੇ ਦਾ ਨਾਮ ਸ਼ਹੀਦ ਭਗਤ ਸਿੰਘ ਦੇ ਨਾਮ 'ਤੇ ਰੱਖਣ ਲਈ ਵੀ ਸੰਘਰਸ਼ ਕਰਨਾ ਪਿਆ, ਕਿਉਂਕਿ ਕੇਂਦਰ ਵੱਲੋਂ ਵਾਰ-ਵਾਰ ਸਾਡੀਆਂ ਬੇਨਤੀਆਂ ਨੂੰ ਨਜ਼ਰਅੰਦਾਜ਼ ਕੀਤਾ ਗਿਆ, ਪਰ ਅੰਤ ਵਿੱਚ ਸਾਡੀਆਂ ਲਗਾਤਾਰ ਕੋਸ਼ਿਸ਼ਾਂ ਸਦਕਾ ਅਸੀਂ ਇਸ ਦਾ ਨਾਮ ਉਨ੍ਹਾਂ ਦੇ ਸਨਮਾਨ ਵਿੱਚ ਰੱਖਣ ਵਿੱਚ ਕਾਮਯਾਬ ਹੋਏ।

ਹੋਰ ਕਦਮਾਂ ਨੂੰ ਉਜਾਗਰ ਕਰਦਿਆਂ ਉਨ੍ਹਾਂ ਕਿਹਾ ਕਿ ਹਲਵਾਰਾ ਹਵਾਈ ਅੱਡੇ ਦਾ ਨਾਮ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਨਾਮ 'ਤੇ ਰੱਖਿਆ ਜਾ ਰਿਹਾ ਹੈ, ਜਿਨ੍ਹਾਂ ਨੂੰ ਸ਼ਹੀਦ ਭਗਤ ਸਿੰਘ ਆਪਣਾ ਗੁਰੂ ਮੰਨਦੇ ਸਨ।

ਉਨ੍ਹਾਂ ਅੱਗੇ ਕਿਹਾ ਕਿ ਜੇਕਰ ਸ਼ਹੀਦ-ਏ-ਆਜ਼ਮ ਭਗਤ ਸਿੰਘ 1952 ਦੀਆਂ ਪਹਿਲੀਆਂ ਚੋਣਾਂ ਤੋਂ ਬਾਅਦ ਪ੍ਰਧਾਨ ਮੰਤਰੀ ਬਣ ਜਾਂਦੇ, ਤਾਂ ਅੱਜ ਦੇਸ਼ ਦਾ ਨਕਸ਼ਾ ਪੂਰੀ ਤਰ੍ਹਾਂ ਵੱਖਰਾ ਹੋਣਾ ਸੀ। ਅੱਜ ਨੇਪਾਲ ਵਿੱਚ ਇੱਕ 35 ਸਾਲਾ ਨੌਜਵਾਨ ਪ੍ਰਧਾਨ ਮੰਤਰੀ ਬਣ ਗਿਆ ਹੈ। ਜੇਕਰ ਇੱਥੇ ਵੀ ਨੌਜਵਾਨਾਂ ਨੂੰ ਅਗਵਾਈ ਸੌਂਪੀ ਜਾਂਦੀ ਤਾਂ ਭਾਰਤ ਦੁਨੀਆ ਭਰ ਵਿੱਚ ਮੋਹਰੀ ਦੇਸ਼ ਵਜੋਂ ਉਭਰਦਾ।

ਮੁੱਖ ਮੰਤਰੀ ਨੇ ਕਿਹਾ ਕਿ ਸ਼ਹੀਦਾਂ ਦੀ ਯਾਦ ਦਾ ਸਿਲਸਿਲਾ ਰਸਮੀ ਨਹੀਂ ਹੋਣਾ ਚਾਹੀਦਾ। ਉਨ੍ਹਾਂ ਕਿਹਾ ਕਿ ਲੋਕ ਸ਼ਹੀਦ ਭਗਤ ਸਿੰਘ ਨੂੰ ਸਿਰਫ਼ ਉਨ੍ਹਾਂ ਦੇ ਜਨਮ ਜਾਂ ਸ਼ਹੀਦੀ ਵਰ੍ਹੇਗੰਢ 'ਤੇ ਯਾਦ ਕਰਦੇ ਹਨ, ਪਰ ਉਹ ਸਿਰਫ਼ ਇੱਕ ਪਰਿਵਾਰ ਨਾਲ ਨਹੀਂ, ਸਗੋਂ ਸਾਡੇ ਸਾਰਿਆਂ ਨਾਲ ਸਬੰਧਤ ਹਨ। ਉਨ੍ਹਾਂ ਅੱਗੇ ਕਿਹਾ ਕਿ ਜੇਕਰ ਅਸੀਂ ਉਨ੍ਹਾਂ ਦੇ ਆਦਰਸ਼ਾਂ ਦੀ ਪਾਲਣਾ ਕਰੀਏ, ਤਾਂ ਪੰਜਾਬ ਨੂੰ ਦੁਬਾਰਾ ਖੁਸ਼ਹਾਲ ਹੋਣ ਤੋਂ ਕੋਈ ਨਹੀਂ ਰੋਕ ਸਕਦਾ।

ਉਨ੍ਹਾਂ ਅੱਗੇ ਕਿਹਾ ਕਿ ਸਾਡਾ ਇਤਿਹਾਸ ਕੁਰਬਾਨੀਆਂ ਨਾਲ ਭਰਿਆ ਹੋਇਆ ਹੈ ਅਤੇ ਸਾਡੇ ਮਹਾਨ ਗੁਰੂਆਂ ਨੇ ਹਮੇਸ਼ਾ ਸਾਨੂੰ ਬੇਇਨਸਾਫ਼ੀ ਅਤੇ ਜ਼ੁਲਮ ਦੇ ਵਿਰੁੱਧ ਖੜ੍ਹੇ ਹੋਣਾ ਸਿਖਾਇਆ ਹੈ। ਉਨ੍ਹਾਂ ਅੱਗੇ ਕਿਹਾ ਕਿ ਇਹ ਬਹੁਤ ਮੰਦਭਾਗਾ ਹੈ ਕਿ ਅਸੀਂ ਇਨ੍ਹਾਂ ਕੁਰਬਾਨੀਆਂ ਨੂੰ ਭੁੱਲ ਰਹੇ ਹਾਂ। ਅਸੀਂ ਪ੍ਰੀਖਿਆਵਾਂ ਲਈ ਤੱਥਾਂ ਨੂੰ ਯਾਦ ਰੱਖਦੇ ਹਾਂ ਪਰ ਉਨ੍ਹਾਂ ਦੀ ਵਿਚਾਰਧਾਰਾ ਨੂੰ ਸਮਝਣ ਵਿੱਚ ਨਾਕਾਮ ਰਹੇ ਹਾਂ।

ਇਸ ਸ਼ਹੀਦ ਦੇ ਮਹਾਨ ਜੀਵਨ ਨੂੰ ਯਾਦ ਕਰਦਿਆਂ ਉਨ੍ਹਾਂ ਕਿਹਾ ਕਿ ਸ਼ਹੀਦ ਭਗਤ ਸਿੰਘ ਨੇ ਆਪਣੀ ਨਿੱਜੀ ਜ਼ਿੰਦਗੀ ਨਾਲੋਂ ਇਨਕਲਾਬ ਦਾ ਰਸਤਾ ਚੁਣਿਆ ਅਤੇ ਆਪਣੀ ਮੰਗਣੀ ਵਾਲੇ ਵਾਲੇ ਦਿਨ ਵੀ ਘਰੋਂ ਬਾਹਰ ਗਏ।

ਉਨ੍ਹਾਂ ਅੱਗੇ ਕਿਹਾ ਕਿ ਮੈਨੂੰ ਬਹੁਤ ਦੁੱਖ ਹੁੰਦਾ ਹੈ ਜਦੋਂ ਲੋਕ ਵਾਹਨਾਂ 'ਤੇ ਉਨ੍ਹਾਂ ਦੀ ਤਸਵੀਰ ਲਾ ਕੇ ਕਹਿੰਦੇ ਹਨ ਕਿ ਉਹ ਵਾਪਸ ਆ ਜਾਣਗੇ।

ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੇ ਵਾਪਸ ਆਉਣ ਦੀ ਉਡੀਕ ਕਰਨ ਦੀ ਬਜਾਏ, ਸਾਨੂੰ ਉਨ੍ਹਾਂ ਦੇ ਦਿਖਾਏ ਰਸਤੇ 'ਤੇ ਚੱਲਣਾ ਚਾਹੀਦਾ ਹੈ ਅਤੇ ਦੇਸ਼ ਦੀ ਸੇਵਾ ਕਰਨੀ ਚਾਹੀਦੀ ਹੈ।

ਉਨ੍ਹਾਂ ਅੱਗੇ ਕਿਹਾ ਕਿ ਮੌਜੂਦਾ ਸਮੇਂ ਬੰਬਾਂ ਅਤੇ ਹਥਿਆਰਾਂ ਦੀ ਲੋੜ ਨਹੀਂ ਹੈ। ਵੋਟ ਦੀ ਸ਼ਕਤੀ ਸਭ ਤੋਂ ਵੱਡੀ ਤਾਕਤ ਹੈ ਅਤੇ ਸਹੀ ਆਗੂਆਂ ਦੀ ਚੋਣ ਕਰਕੇ ਲੋਕ ਅਸਲ ਮਾਇਨੇ 'ਚ ਤਬਦੀਲੀ ਲਿਆ ਸਕਦੇ ਹਨ।

ਲੋਕਾਂ ਨੂੰ ਪ੍ਰਣ ਲੈਣ ਦੀ ਅਪੀਲ ਕਰਦਿਆਂ ਉਨ੍ਹਾਂ ਕਿਹਾ, ਆਓ ਅਸੀਂ ਸ਼ਹੀਦਾਂ ਦੇ ਰਸਤੇ 'ਤੇ ਚੱਲਣ ਅਤੇ ਆਪਣੇ ਹੱਥਾਂ ਨਾਲ ਆਪਣੇ ਪੰਜਾਬ ਦਾ ਨਿਰਮਾਣ ਕਰਨ ਦਾ ਸੰਕਲਪ ਕਰੀਏ।ਉਨ੍ਹਾਂ ਅੱਗੇ ਕਿਹਾ ਕਿ ਹੁਸੈਨੀਵਾਲਾ ਦੀ ਇਹ ਪਵਿੱਤਰ ਧਰਤੀ, ਜਿੱਥੇ ਸ਼ਹੀਦ ਭਗਤ ਸਿੰਘ, ਸ਼ਹੀਦ ਰਾਜਗੁਰੂ ਅਤੇ ਸ਼ਹੀਦ ਸੁਖਦੇਵ ਦੀਆਂ ਮ੍ਰਿਤਕ ਦੇਹਾਂ ਦਾ ਅੰਗਰੇਜ਼ਾਂ ਦੁਆਰਾ ਅੰਤਿਮ ਸੰਸਕਾਰ ਕੀਤਾ ਗਿਆ ਸੀ, ਪੀੜ੍ਹੀਆਂ ਨੂੰ ਨਿਰਸਵਾਰਥ ਸੇਵਾ ਲਈ ਪ੍ਰੇਰਿਤ ਕਰਦੀ ਰਹੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਮੈਨੂੰ ਇਸ ਪਵਿੱਤਰ ਧਰਤੀ 'ਤੇ ਆ ਕੇ ਦੇਸ਼ ਦੀ ਆਜ਼ਾਦੀ ਲਈ 23 ਸਾਲ ਦੀ ਉਮਰ ਵਿੱਚ ਆਪਣੀ ਜਾਨ ਦੇਣ ਵਾਲੇ ਸ਼ਹੀਦ ਨੂੰ ਸ਼ਰਧਾਂਜਲੀ ਭੇਟ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਉਨ੍ਹਾਂ ਅੱਗੇ ਕਿਹਾ ਕਿ ਸਾਡੀ ਸਰਕਾਰ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਸੁਪਨੇ ਨੂੰ ਸਾਕਾਰ ਕਰਨ ਵਿੱਚ ਕੋਈ ਕਸਰ ਨਹੀਂ ਛੱਡੇਗੀ ਅਤੇ ਦੇਸ਼ ਹਮੇਸ਼ਾ ਉਨ੍ਹਾਂ ਦਾ ਰਿਣੀ ਰਹੇਗਾ। ਉਨ੍ਹਾਂ ਅੱਗੇ ਕਿਹਾ ਕਿ ਇਨ੍ਹਾਂ ਸ਼ਹੀਦਾਂ ਦੀ ਸ਼ਹਾਦਤ ਨੇ ਅਣਗਿਣਤ ਨੌਜਵਾਨਾਂ ਨੂੰ ਆਜ਼ਾਦੀ ਸੰਗਰਾਮ ਵਿੱਚ ਸ਼ਾਮਲ ਹੋਣ ਲਈ ਪ੍ਰੇਰਿਤ ਕੀਤਾ ਅਤੇ ਨਿਰਸਵਾਰਥ ਦੇਸ਼ ਦੀ ਸੇਵਾ ਕਰਨ ਲਈ ਲੱਖਾਂ ਲੋਕਾਂ ਨੂੰ ਹਮੇਸ਼ਾ ਪ੍ਰੇਰਿਤ ਕਰਦੇ ਰਹਿਣਗੇ। ਉਨ੍ਹਾਂ ਨੌਜਵਾਨਾਂ ਨੂੰ ਇੱਕ ਪ੍ਰਗਤੀਸ਼ੀਲ ਅਤੇ ਖੁਸ਼ਹਾਲ ਭਾਰਤ ਬਣਾਉਣ ਲਈ ਉਨ੍ਹਾਂ ਦੇ ਮਾਰਗ 'ਤੇ ਚੱਲਣ ਦਾ ਸੱਦਾ ਦਿੱਤਾ।

ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ ਹੁਸੈਨੀਵਾਲਾ ਵਿਰਾਸਤੀ ਕੰਪਲੈਕਸ ਦਾ ਨੀਂਹ ਪੱਥਰ ਰੱਖਦਿਆਂ ਕਿਹਾ ਕਿ 24.99 ਕਰੋੜ ਰੁਪਏ ਦੀ ਲਾਗਤ ਵਾਲਾ ਇਹ ਪ੍ਰੋਜੈਕਟ ਸਾਡੇ ਮਹਾਨ ਸ਼ਹੀਦਾਂ ਦਾ ਸਨਮਾਨ ਕਰਨ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਉਨ੍ਹਾਂ ਦੀ ਵਿਰਾਸਤ ਨੂੰ ਸੰਭਾਲਣ ਦਾ ਇੱਕ ਨਿਮਾਣਾ ਜਿਹਾ ਯਤਨ ਹੈ। ਉਨ੍ਹਾਂ ਅੱਗੇ ਕਿਹਾ ਕਿ ਇਸ ਪ੍ਰੋਜੈਕਟ ਦਾ ਉਦੇਸ਼ ਹੁਸੈਨੀਵਾਲਾ ਵਿਖੇ ਵਿਰਾਸਤੀ ਖੇਤਰ ਨੂੰ ਵਿਕਸਤ ਕਰਨ ਦੇ ਨਾਲ-ਨਾਲ ਪੰਜਾਬ ਵਿੱਚ ਸੈਰ-ਸਪਾਟੇ ਨੂੰ ਹੁਲਾਰਾ ਦੇਣਾ ਵੀ ਹੈ।

ਇਸ ਪ੍ਰੋਜੈਕਟ ਦਾ ਵੇਰਵਾ ਦਿੰਦਿਆਂ ਉਨ੍ਹਾਂ ਕਿਹਾ ਕਿ ਇਸ ਕੰਪਲੈਕਸ ਵਿੱਚ ਇੱਕ ਸ਼ਾਨਦਾਰ ਵਿਰਾਸਤੀ ਪ੍ਰਵੇਸ਼ ਦੁਆਰ, ਸ਼ਹੀਦਾਂ ਦੇ ਜੀਵਨ ਨੂੰ ਸਮਰਪਿਤ ਗਲਿਆਰਾ, ਕੰਧ ਚਿੱਤਰਕਾਰੀ, ਪਾਰਕਾਂ ਅਤੇ ਯਾਦਗਾਰੀ ਖੇਤਰਾਂ ਦਾ ਸੁੰਦਰੀਕਰਨ ਅਤੇ ਲੈਂਡਸਕੇਪਿੰਗ ਸ਼ਾਮਲ ਹੋਵੇਗੀ। ਉਨ੍ਹਾਂ ਅੱਗੇ ਕਿਹਾ ਕਿ ਇਸ ਵਿੱਚ ਇਤਿਹਾਸਕ ਘਟਨਾਵਾਂ ਨਾਲ ਸਬੰਧਤ ਵਿਸ਼ਾਗਤ ਚਿੱਤਰ, ਪੁਰਾਣੇ ਪੁਲ 'ਤੇ 3-ਡੀ ਮੈਪਿੰਗ ਸ਼ੋਅ, ਇੱਕ ਸੰਗੀਤਕ ਫੁਹਾਰਾ, ਬੱਚਿਆਂ ਲਈ ਖੇਡਣ ਦਾ ਖੇਤਰ, ਬਜ਼ੁਰਗ ਨਾਗਰਿਕਾਂ ਲਈ ਆਰਾਮਦਾਇਕ ਸਥਾਨ, ਇੱਕ ਆਨ-ਗਰਿੱਡ ਸੋਲਰ ਪਾਵਰ ਪਲਾਂਟ ਅਤੇ ਸਾਫ਼ ਪੀਣ ਵਾਲੇ ਪਾਣੀ ਲਈ ਇੱਕ ਆਰਓ ਪਲਾਂਟ ਲਗਾਉਣਾ ਵੀ ਸ਼ਾਮਲ ਹੈ।

ਇਸ ਮੌਕੇ ਵਿਧਾਇਕ ਫ਼ਿਰੋਜ਼ਪੁਰ ਸ਼ਹਿਰੀ ਸ. ਰਣਬੀਰ ਸਿੰਘ ਭੁੱਲਰ, ਵਿਧਾਇਕ ਫ਼ਿਰੋਜ਼ਪੁਰ ਦਿਹਾਤੀ ਸ੍ਰੀ ਰਜ਼ਨੀਸ਼ ਕੁਮਾਰ ਦਹੀਯਾ, ਵਿਧਾਇਕ ਗੁਰੂਹਰਸਹਾਏ ਸ੍ਰੀ ਫੌਜਾ ਸਿੰਘ ਸਰਾਰੀ, ਵਿਧਾਇਕ ਜ਼ੀਰਾ ਸ੍ਰੀ ਨਰੇਸ਼ ਕਟਾਰੀਆ, ਵਧਾਇਕ ਜਲਾਲਾਬਾਦ ਜਗਦੀਪ ਕੰਬੋਜ਼ ਗੋਲਡੀ, ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ, ਡੀ.ਆਈ.ਜੀ. ਫ਼ਿਰੋਜ਼ਪੁਰ ਰੇਂਜ ਸਨੇਹਦੀਪ ਸ਼ਰਮਾ, ਐਸ.ਐਸ.ਪੀ. ਫ਼ਿਰੋਜ਼ਪੁਰ ਸ. ਭੁਪਿੰਦਰ ਸਿੰਘ ਸਿੱਧੂ, ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਸ੍ਰੀ ਹਰਜਿੰਦਰ ਸਿੰਘ ਘਾਗਾ, ਚੇਅਰਮੈਨ ਪੰਜਾਬ ਐਗਰੋ ਸ੍ਰੀ ਸ਼ਮਿੰਦਰ ਖਿੰਡਾ, ਚੇਅਰਮੈਨ ਬੀ.ਸੀ. ਕਮਿਸ਼ਨ ਪੰਜਾਬ ਡਾ. ਮਲਕੀਤ ਸਿੰਘ ਥਿੰਦ ਆਦਿ ਤੋਂ ਇਲਾਵਾ ਹੋਰ ਸ਼ਖ਼ਸੀਅਤਾਂ ਅਤੇ ਪਤਵੰਤੇ ਸੱਜਣ ਹਾਜ਼ਰ ਸਨ।

# ਪੱਛਮੀ ਏਸ਼ੀਆ ਜੰਗ 'ਚ ਭਾਰਤੀਆਂ ਦੀ ਸੁਰੱਖਿਆ

ਚਿੰਤਾਜਨਕ ਹਨ। ਜੰਗ ਦਾ ਆਮ ਲੋਕਾਂ ਦੇ ਜੀਵਨ 'ਤੇ ਪਿਆ ਮਾੜਾ ਅਸਰ ਹੈ। ਜਿੱਥੇ ਜੰਗ ਹੋ ਰਹੀ ਹੈ, ਉਹ ਸਾਡੇ ਲਈ ਕਾਰੋਬਾਰ ਦਾ ਰਸਤਾ ਹਨ। ਅਸੀਂ ਪੱਛਮੀ ਦੇਸ਼ਾਂ ਨੂੰ ਜਲਦ ਤੋਂ ਜਲਦ ਜੰਗ ਦਾ ਹੱਲ ਕੱਢਣ ਦੀ ਅਪੀਲ ਕਰਦੇ ਹਾਂ ਤੇ ਅਸੀਂ ਪੱਛਮੀ ਦੇਸ਼ਾਂ ਨਾਲ ਦੋ ਵਾਰ ਗੱਲ ਕੀਤੀ ਹੈ। ਉਨ੍ਹਾਂ ਕਿਹਾ ਕਿ ਹੋਮੁਰਜ ਤੋਂ ਕਈ ਜਹਾਜ਼ ਭਾਰਤ ਆਏ। ਅਸੀਂ 41 ਦੇਸ਼ਾਂ ਤੋਂ ਊਰਜਾ ਉਤਪਾਦ ਨਿਰਯਾਤ ਕਰਦੇ ਹਾਂ। ਬੀਤੇ ਦਹਾਕੇ ਵਿਚ ਭਾਰਤ ਨੇ ਸੰਕਟ ਦੇ ਇਸੇ ਸਮੇਂ ਲਈ ਕੱਚੇ ਤੇਲ ਦੇ ਭੰਡਾਰ ਨੂੰ ਪਹਿਲ ਦਿੱਤੀ। ਸਾਡੇ ਕੋਲ 65 ਲੱਖ ਮੀਟਰਕ ਟਨ ਰਿਜ਼ਰਵ ਦੀ ਵਿਵਸਥਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਹਰ ਚੁਣੌਤੀ ਦਾ ਸਾਹਮਣਾ ਸਬਰ ਤੇ ਸ਼ਾਂਤ ਮਨ ਨਾਲ ਕਰਨਾ ਚਾਹੀਦਾ ਹੈ, ਇਹੀ ਸਾਡੀ ਪਹਿਚਾਣ ਤੇ ਤਾਕਤ ਹੈ। ਅਸੀਂ ਝੂਠ ਫੈਲਾਉਣ ਵਾਲਿਆਂ ਦੀਆਂ ਕੋਸ਼ਿਸ਼ਾਂ ਨੂੰ ਕਾਮਯਾਬ ਨਹੀਂ ਹੋਣ ਦਿਆਂਗੇ।

# ਰਾਘਵ ਚੱਢਾ ਫੜ ਸਕਦੇ ਨੇ ਭਾਜਪਾ ਦਾ ਪੱਲਾ

ਅਤੇ ਉਮੀਦ ਦੀ ਕਿਰਨ' ਕਿਹਾ ਸੀ। ਇਸ ਦੌਰਾਨ ਚੱਢਾ ਨੂੰ ਪੰਜਾਬ ਦੇ ਇੰਚਾਰਜ ਦੀ ਜ਼ਿੰਮੇਵਾਰੀ ਤੋਂ ਹਟਾ ਦਿੱਤਾ ਗਿਆ ਹੈ, ਦਿੱਲੀ ਦੇ ਪੰਜਾਬ ਭਵਨ ਵਿੱਚ ਉਨ੍ਹਾਂ ਦਾ ਦਫ਼ਤਰ ਬੰਦ ਕਰ ਦਿੱਤਾ ਗਿਆ ਹੈ ਅਤੇ ਸਟਾਫ਼ ਵਾਪਸ ਲੈ ਲਿਆ ਗਿਆ ਹੈ। ਕਪੂਰਥਲਾ ਹਾਊਸ ਵਿੱਚ ਉਨ੍ਹਾਂ ਦਾ ਕਮਰਾ ਵੀ ਖੋਹ ਲਿਆ ਗਿਆ ਹੈ ਅਤੇ ਪੰਜਾਬ ਸਰਕਾਰ ਵੱਲੋਂ ਦਿੱਤੀ ਸੁਰੱਖਿਆ ਵੀ ਵਾਪਸ ਲੈ ਲਈ ਗਈ ਹੈ। ਸਿਆਸੀ ਸੂਤਰਾਂ ਅਨੁਸਾਰ ਆਪ ਚਾਹੁੰਦੀ ਹੈ ਕਿ ਚੱਢਾ ਖੁਦ ਪਾਰਟੀ ਛੱਡ ਦੇਣ, ਕਿਉਂਕਿ ਜੇਕਰ ਪਾਰਟੀ ਉਨ੍ਹਾਂ ਨੂੰ ਕੱਢਦੀ ਹੈ ਤਾਂ ਰਾਜ ਸਭਾ ਦੀ ਸੀਟ ਗੁਆਉਣੀ ਪੈ ਸਕਦੀ ਹੈ। ਕੁਝ ਸੂਤਰਾਂ ਦਾ ਕਹਿਣਾ ਹੈ ਕਿ ਭਾਜਪਾ ਵੱਲ ਜਾਣ ਦੀ ਸੰਭਾਵਨਾ ਨਜ਼ਰ ਆ ਰਹੀ ਹੈ।

# ਸੋਨੇ-ਚਾਂਦੀ ਦੀਆਂ ਕੀਮਤਾਂ 'ਚ ਵੱਡੀ

ਬਾਜ਼ਾਰ ਮਾਹਿਰਾਂ ਮੁਤਾਬਕ ਅਮਰੀਕਾ ਅਤੇ ਈਰਾਨ ਵਿਚਕਾਰ ਵਧ ਰਹੀ ਜੰਗ ਕਾਰਨ ਦੁਨੀਆਂ ਭਰ ਵਿੱਚ ਮਹਿੰਗਾਈ ਵਧਣ ਦਾ ਡਰ ਪੈਦਾ ਹੋ ਗਿਆ ਹੈ। ਇਸ ਕਾਰਨ ਇਹ ਉਮੀਦ ਕੀਤੀ ਜਾ ਰਹੀ ਹੈ ਕਿ ਕੇਂਦਰੀ ਬੈਂਕ ਵਿਆਜ ਦਰਾਂ ਵਿੱਚ ਵਾਧਾ ਕਰ ਸਕਦੇ ਹਨ। ਜਦੋਂ ਵਿਆਜ ਦਰਾਂ ਵਧਣ ਦੀ ਸੰਭਾਵਨਾ ਹੁੰਦੀ ਹੈ ਤਾਂ ਨਿਵੇਸ਼ਕ ਸੋਨੇ-ਚਾਂਦੀ ਵਿੱਚੋਂ ਪੈਸਾ ਕੱਢਣਾ ਸ਼ੁਰੂ ਕਰ ਦਿੰਦੇ ਹਨ ਜਿਸ ਕਾਰਨ ਕੀਮਤਾਂ ਵਿੱਚ ਅਜਿਹੀ ਭਾਰੀ ਗਿਰਾਵਟ ਦੇਖਣ ਨੂੰ ਮਿਲ ਰਹੀ ਹੈ।

# ਭਾਰਤ-ਰੂਸ ਸਬੰਧ ਹੋਣਗੇ ਹੋਰ ਮਜ਼ਬੂਤ, 2030 ਤੱਕ 100 ਅਰਬ ਡਾਲਰ ਦੇ ਵਪਾਰ ਦਾ ਟੀਚਾ : ਜੈਸ਼ੰਕਰ

ਨਵੀਂ ਦਿੱਲੀ/ਮਾਸਕੋ, 23 ਮਾਰਚ (ਚ.ਨ.ਸ.) : ਭਾਰਤ ਦੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਸੋਮਵਾਰ ਨੂੰ ਭਾਰਤ ਤੇ ਰੂਸ ਦੇ ਮਜ਼ਬੂਤ ਸਬੰਧਾਂ ਦੀ ਵਕਾਲਤ ਕਰਦਿਆਂ ਕਿਹਾ ਕਿ ਭਾਰਤ ਆਪਣੀ ਬ੍ਰਿਕਸ (ਬ੍ਰਿਕਸ) ਪ੍ਰਧਾਨਗੀ ਦੌਰਾਨ ਰੂਸ ਨਾਲ ਮਿਲ ਕੇ ਸਾਂਝੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। 'ਭਾਰਤ ਅਤੇ ਰੂਸ: ਇਕ ਨਵੇਂ ਦੁਵੱਲੇ ਏਜੰਡੇ ਵੱਲ' ਵਿਸ਼ੇ 'ਤੇ ਆਯੋਜਿਤ ਇਕ ਕਾਨਫਰੰਸ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਸੰਬੋਧਨ ਕਰਦਿਆਂ ਉਨ੍ਹਾਂ ਨੇ ਦੋਵਾਂ ਦੇਸ਼ਾਂ ਦੀ ਪੁਰਾਣੀ ਦੋਸਤੀ ਅਤੇ ਰਣਨੀਤਕ ਸਾਂਝੇਦਾਰੀ ਨੂੰ ਦੁਹਰਾਇਆ।

ਵਪਾਰਕ ਟੀਚੇ 'ਤੇ ਆਰਥਿਕ ਸਹਿਯੋਗ

ਵਿਦੇਸ਼ ਮੰਤਰੀ ਨੇ ਖੁਲਾਸਾ ਕੀਤਾ ਕਿ ਭਾਰਤ ਅਤੇ ਰੂਸ ਸਾਲਾਨਾ ਦੁਵੱਲੇ ਵਪਾਰ ਨੂੰ ਮੌਜੂਦਾ 68.7 ਅਰਬ ਡਾਲਰ ਤੋਂ ਵਧਾ ਕੇ 2030 ਤੱਕ 100 ਅਰਬ ਡਾਲਰ ਕਰਨ ਦੇ ਟੀਚੇ 'ਤੇ ਕੰਮ ਕਰ ਰਹੇ ਹਨ। ਇਸ ਮਕਸਦ ਲਈ ਭਾਰਤ-ਯੂਰੇਸ਼ੀਅਨ ਇਕਨਾਮਿਕ ਯੂਨੀਅਨ (ਈਏਈਯੂ) ਮੁਕਤ ਵਪਾਰ ਸਮਝੌਤੇ (ਐਫ਼ਟੀਏ) ਨੂੰ ਜਲਦੀ ਅੰਤਿਮ ਰੂਪ ਦੇਣ ਅਤੇ ਵਪਾਰਕ ਰੁਕਾਵਟਾਂ ਨੂੰ ਦੂਰ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ ਹੈ।

ਨਵੇਂ ਖੇਤਰਾਂ 'ਚ ਸਾਂਝੇਦਾਰੀ

ਜੈਸ਼ੰਕਰ ਨੇ ਦਸੰਬਰ 2025 'ਚ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੀ ਭਾਰਤ ਫੇਰੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਸ ਨਾਲ ਸਹਿਯੋਗ ਦੇ ਨਵੇਂ ਰਾਹ ਖੁੱਲ੍ਹੇ ਹਨ। ਹੁਣ ਦੋਵੇਂ ਦੇਸ਼ ਸਿਹਤ, ਭੋਜਨ ਸੁਰੱਖਿਆ, ਸਮੁੰਦਰੀ ਸਹਿਯੋਗ, ਖਾਦਾਂ ਤੇ ਹੁਨਰਮੰਦ ਪੇਸ਼ੇਵਰਾਂ ਦੀ ਗਤੀਸ਼ੀਲਤਾ ਵਰਗੇ ਅਹਿਮ ਖੇਤਰਾਂ ਵਿੱਚ ਮਿਲ ਕੇ ਕੰਮ ਕਰ ਰਹੇ ਹਨ।

ਸੱਭਿਆਚਾਰਕ ਤੇ ਕੂਟਨੀਤਕ ਸਬੰਧ

ਭਾਰਤ ਅਤੇ ਰੂਸ ਦੇ ਸੱਭਿਆਚਾਰਕ ਸਬੰਧਾਂ ਬਾਰੇ ਗੱਲ ਕਰਦਿਆਂ ਉਨ੍ਹਾਂ ਦੱਸਿਆ ਕਿ ਕਲਾ, ਯੋਗਾ ਤੇ ਆਯੁਰਵੇਦ ਦੋਵਾਂ ਦੇਸ਼ਾਂ ਦੇ ਲੋਕਾਂ ਨੂੰ ਆਪਸ 'ਚ ਜੋੜਦੇ ਹਨ। ਰੂਸ ਦੇ ਯੇਕਾਤੇਰਿਨਬਰਗ ਤੇ ਕਾਜ਼ਾਨ 'ਚ ਭਾਰਤ ਦੇ ਨਵੇਂ ਕੌਂਸਲੇਟ ਖੁੱਲ੍ਹਣ ਨਾਲ ਆਰਥਿਕ ਤੇ ਸਮਾਜਿਕ ਸਾਂਝ ਹੋਰ ਵਧੇਗੀ।

ਵਿਸ਼ਵ ਪੱਧਰ 'ਤੇ ਅਹਿਮ ਭੂਮਿਕਾ

ਉਨ੍ਹਾਂ ਅਨੁਸਾਰ ਅੱਜ ਦੀ ਬਦਲਦੀ ਭੂ-ਰਾਜਨੀਤਿਕ ਸਥਿਤੀ 'ਚ ਬ੍ਰਿਕਸ, ਐੱਸ.ਸੀ.ਓ. , ਜੀ-20 ਅਤੇ ਸੰਯੁਕਤ ਰਾਸ਼ਟਰ ਵਰਗੇ ਮੰਚਾਂ 'ਤੇ ਦੋਵਾਂ ਦੇਸ਼ਾਂ ਦਾ ਸਹਿਯੋਗ ਵਿਸ਼ਵ ਸ਼ਾਂਤੀ ਅਤੇ ਸਥਿਰਤਾ ਲਈ ਬਹੁਤ ਜ਼ਰੂਰੀ ਹੈ। ਜੈਸ਼ੰਕਰ ਨੇ ਰੂਸੀ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨੂੰ ਸ਼ੁਭਕਾਮਨਾਵਾਂ ਭੇਜਦਿਆਂ ਕਿਹਾ ਕਿ ਇਹ ਸਾਂਝੇਦਾਰੀ ਆਪਸੀ ਵਿਸ਼ਵਾਸ ਅਤੇ ਸਨਮਾਨ 'ਤੇ ਟਿਕੀ ਹੋਈ ਹੈ।

# ਮਾਰਚ 'ਚ ਸਰਦੀ, ਗਰਮੀ ਤੇ ਮੀਂਹ ਦਾ ਅਹਿਸਾਸ

## ਕੀ ਹੈ ਇਸ ਦੇ ਪਿੱਛੇ ਦੀ ਸਾਇੰਸ ਟੁੱਟਿਆ 6 ਸਾਲਾਂ ਦਾ ਰਿਕਾਰਡ

ਨਵੀਂ ਦਿੱਲੀ, 23 ਮਾਰਚ (ਚ.ਨ.ਸ.): ਹਿਮਾਲੀਅਨ ਖੇਤਰਾਂ ਵਿੱਚ ਭਾਰੀ ਬਰਫ਼ਬਾਰੀ ਅਤੇ ਮੈਦਾਨੀ ਇਲਾਕਿਆਂ ਵਿੱਚ ਬਾਰਿਸ਼ ਨੇ ਮੌਸਮ ਦਾ ਮਿਜ਼ਾਜ ਪੂਰੀ ਤਰ੍ਹਾਂ ਬਦਲ ਦਿੱਤਾ ਹੈ। ਪੱਛਮੀ ਡਿਸਟਰਬੈਂਸ ਨੇ ਮਾਰਚ ਵਿੱਚ ਅਚਾਨਕ ਵੱਧ ਰਹੀ ਗਰਮੀ ਨੂੰ ਠੱਲ੍ਹ ਪਾ ਦਿੱਤੀ ਹੈ। ਉੱਤਰਾਖੰਡ ਵਿੱਚ ਗੰਗੋਤਰੀ, ਯਮੁਨੋਤਰੀ, ਬਦਰੀਨਾਥ, ਕੇਦਾਰਨਾਥ ਅਤੇ ਹੇਮਕੁੰਟ ਸਾਹਿਬ ਵਿੱਚ ਬਰਫ਼ ਦੀ ਚਾਦਰ ਵਿਛ ਗਈ ਹੈ, ਜਦਕਿ ਹਿਮਾਚਲ ਦੇ ਮਨਾਲੀ, ਕੇਲੰਗ ਅਤੇ ਲਾਹੌਲ-ਸਪੀਤੀ ਵਿੱਚ ਲਗਾਤਾਰ ਹਿਮਪਾਤ ਹੋ ਰਿਹਾ ਹੈ।ਜੰਮੂ-ਕਸ਼ਮੀਰ ਵਿੱਚ ਬਰਫ਼ਬਾਰੀ ਕਾਰਨ ਸ੍ਰੀਨਗਰ-ਲੇਹ ਮਾਰਗ ਅਤੇ ਮੁਗਲ ਰੋਡ 'ਤੇ ਵਾਹਨਾਂ ਦੀ ਆਵਾਜਾਈ ਬੰਦ ਕਰ ਦਿੱਤੀ ਗਈ ਹੈ। ਯੂਪੀ, ਦਿੱਲੀ, ਪੰਜਾਬ, ਮੱਧ ਪ੍ਰਦੇਸ਼ ਅਤੇ ਰਾਜਸਥਾਨ ਸਮੇਤ ਉੱਤਰੀ ਭਾਰਤ ਵਿੱਚ ਕਈ ਥਾਵਾਂ 'ਤੇ ਤੇਜ਼ ਹਵਾਵਾਂ ਅਤੇ ਗਰਜ-ਚਮਕ ਨਾਲ ਮੀਂਹ ਪਿਆ, ਜਿਸ ਨਾਲ ਤਾਪਮਾਨ ਵਿੱਚ ਭਾਰੀ ਗਿਰਾਵਟ ਦਰਜ ਕੀਤੀ ਗਈ ਹੈ।ਮੌਸਮ ਵਿਭਾਗ ਨੇ ਕਈ ਰਾਜਾਂ ਵਿੱਚ ਗਰਜ, ਮੀਂਹ ਅਤੇ ਗੜੇਮਾਰੀ ਦੀ ਚਿਤਾਵਨੀ ਜਾਰੀ ਕੀਤੀ ਹੈ। ਉੱਤਰ-ਪੂਰਬੀ ਭਾਰਤ ਵਿੱਚ ਦੂਰ-ਦੁਰਾਡੇ ਥਾਵਾਂ 'ਤੇ ਭਾਰੀ ਮੀਂਹ ਪੈਣ ਦੀ ਸੰਭਾਵਨਾ ਹੈ। ਇਸ ਦੌਰਾਨ, ਪੱਛਮੀ ਹਿਮਾਲੀਅਨ ਖੇਤਰਾਂ ਵਿੱਚ ਮੀਂਹ ਅਤੇ ਬਰਫ਼ਬਾਰੀ ਹੋ ਸਕਦੀ ਹੈ।ਉੱਤਰਾਖੰਡ ਵਿੱਚ ਓਮ ਪਰਬਤ 'ਤੇ ਬਰਫ਼ਬਾਰੀ ਹੋਈ, ਜਿਸ ਨਾਲ ਇਹ ਪਹਾੜੀ ਸ਼੍ਰੇਣੀਆਂ ਚਾਂਦੀ ਵਾਂਗ ਚਮਕ ਗਈਆਂ। ਚਮੋਲੀ ਦੇ ਸੈਰ-ਸਪਾਟਾ ਸਥਾਨ ਔਲੀ ਵਿੱਚ ਬਰਫ਼ਬਾਰੀ ਨੇ ਸੈਲਾਨੀਆਂ ਦੇ ਚਿਹਰਿਆਂ 'ਤੇ ਮੁਸਕਰਾਹਟ ਲਿਆਂਦੀ।ਸ਼ਿਮਲਾ ਅਤੇ ਮਨਾਲੀ ਸਮੇਤ ਕਈ ਖੇਤਰਾਂ ਵਿੱਚ ਠੰਢੀਆਂ ਹਵਾਵਾਂ ਦੇ ਨਾਲ ਮੀਂਹ ਜਾਰੀ ਰਿਹਾ। ਜੰਮੂ ਅਤੇ ਕਸ਼ਮੀਰ ਵਿੱਚ, ਵੀਰਵਾਰ ਨੂੰ ਜ਼ਮੀਨ ਖਿਸਕਣ ਨਾਲ ਰਿਆਸੀ ਵਿੱਚ ਮਹੌਰ ਅਤੇ ਚਸਾਨਾ ਸੜਕਾਂ ਬੰਦ ਹੋ ਗਈਆਂ।

ੴ ਸਤਿਗੁਰ ਪ੍ਰਸਾਦਿ॥
ਜੇਹਾ ਚੀਰੀ ਲਿਖਿਆ ਤੇਹਾ ਹੁਕਮ ਕਮਾਹਿ॥
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥
ਆਪ ਜੀ ਨੂੰ ਦੁਖਿਤ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ
ਸਾਡੇ ਸਤਿਕਾਰਯੋਗ ਮਾਤਾ
ਸਰਦਾਰਨੀ ਰਜਿੰਦਰ ਕੌਰ

ਜੋ ਕਿ ਮਿਤੀ 21-03-2026 ਦਿਨ ਸ਼ਨੀਵਾਰ ਨੂੰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ ਹਨ।
ਉਨ੍ਹਾਂ ਦੀ ਆਤਮਿਕ ਸ਼ਾਂਤੀ ਅਤੇ ਮਿੱਠੀ ਯਾਦ ਵਿਚ
ਪਾਠ ਦਾ ਭੋਗ ਅਤੇ ਅੰਤਿਮ ਅਰਦਾਸ
ਮਿਤੀ 24-03-2026 ਦਿਨ ਮੰਗਲਵਾਰ
ਨੂੰ ਦੁਪਹਿਰ 12-00 ਤੋਂ 1-30 ਵਜੇ ਤੱਕ
ਗੁਰਦੁਆਰਾ ਸਾਹਿਬ ਸਾਧ ਸੰਗਤ
ਫੈਕਟਰੀ ਏਰੀਆ, ਪਟਿਆਲਾ ਵਿਖੇ ਹੋਵੇਗੀ । ਸੋ ਆਪ ਜੀ ਨੂੰ ਅੰਤਿਮ ਅਰਦਾਸ ਵਿਚ ਸ਼ਾਮਲ ਹੋਣ ਲਈ ਬੇਨਤੀ ਕੀਤੀ ਜਾਂਦੀ ਹੈ।
ਭਾਣੇ ਵਿਚ
ਸਮੂਹ ਪਰਿਵਾਰ
ਮੋਬ : 9814421568, 9914419393

**ਚੜ੍ਹਦੀਕਲਾ**
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala.
Chief Editor : Jagjit Singh Dardi
PRGI (RNI) Regd. No. 22972/1972

# ਜੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਹੁੰਦੇ ਤਾਂ ਦੇਸ਼ ਦੀ ਸਥਿਤੀ ਪੂਰੀ ਤਰ੍ਹਾਂ ਵੱਖਰੀ ਹੁੰਦੀ : ਮਾਨ

## 'ਜੇ ਆਜ਼ਾਦੀ ਤੋਂ ਬਾਅਦ ਦੇਸ਼ ਦੀ ਕਮਾਨ ਨੌਜਵਾਨਾਂ ਨੂੰ ਸੌਂਪ ਦਿੱਤੀ ਜਾਂਦੀ ਤਾਂ ਭਾਰਤ ਅੱਜ ਦੁਨੀਆਂ ਵਿੱਚ ਨੰਬਰ ਇੱਕ ਹੁੰਦਾ'



ਖਟਕੜ ਕਲਾਂ, 23 ਮਾਰਚ (ਸੁਖਦੇਵ ਸਿੰਘ ਉੜਾਪੜ): ਸ਼ਹੀਦ-ਏ-ਆਜ਼ਮ ਭਗਤ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਦਿਨ ਰਾਸ਼ਟਰ ਨੂੰ ਮਹਾਨ ਇਨਕਲਾਬੀ ਵੱਲੋਂ ਮਾਤ ਭੂਮੀ ਦੀ ਜਗਵੇਦੀ 'ਤੇ ਦਿੱਤੀ ਗਈ ਸਰਬਉੱਚ ਕੁਰਬਾਨੀ ਦੀ ਯਾਦ ਦਿਵਾਉਂਦਾ ਹੈ ਅਤੇ ਲੋਕਾਂ ਨੂੰ ਉਨ੍ਹਾਂ ਕਦਰਾਂ-ਕੀਮਤਾਂ ਨੂੰ ਕਾਇਮ ਰੱਖਣ ਦਾ ਸੱਦਾ ਦਿੱਤਾ ਜਿਨ੍ਹਾਂ ਲਈ ਸ਼ਹੀਦਾਂ ਨੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ। ਉਨ੍ਹਾਂ ਨੇ ਸ਼ਹੀਦਾਂ ਨੂੰ ਸਨਮਾਨਿਤ ਕਰਨ ਤੇ ਉਨ੍ਹਾਂ ਦੇ ਦ੍ਰਿਸ਼ਟੀਕੋਣ ਵਿੱਚ ਰੰਗਲਾ ਪੰਜਾਬ ਬਣਾਉਣ ਲਈ ਆਪਣੀ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ। ਦੇਸ਼ ਦੇ ਮਹਾਨ ਕ੍ਰਾਂਤੀਕਾਰੀਆਂ ਦੀ ਵਿਰਾਸਤ ਦਾ ਜ਼ਿਕਰ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਮੌਕਾ ਸਿਰਫ਼ ਉਨ੍ਹਾਂ ਦੀ ਕੁਰਬਾਨੀ ਨੂੰ ਯਾਦ ਕਰਨ ਦਾ ਨਹੀਂ ਹੈ, ਬਲਕਿ ਉਨ੍ਹਾਂ ਦੇ ਨਿਡਰ ਆਦਰਸ਼ਾਂ ਅਤੇ ਅਨਿਆਂ ਵਿਰੁੱਧ ਅਟੁੱਟ ਸਟੈਂਡ ਨੂੰ ਅੱਗੇ ਵਧਾਉਣ ਦਾ ਹੈ। ਉਨ੍ਹਾਂ ਨੇ ਇਨ੍ਹਾਂ ਸੁਤੰਤਰਤਾ ਸੈਨਾਨੀਆਂ ਨੂੰ ਭਾਰਤ ਰਤਨ (ਸਰਵਉੱਚ ਸਨਮਾਨ) ਤੋਂ ਲਗਾਤਾਰ ਵਾਂਝੇ ਰੱਖਣ 'ਤੇ ਵੀ ਸਵਾਲ ਚੁੱਕਦੇ ਹੋਏ ਉਨ੍ਹਾਂ ਦੇ ਦ੍ਰਿਸ਼ਟੀਕੋਣ ਦੇ ਅਨੁਸਾਰ ਪੰਜਾਬ ਤੇ ਰਾਸ਼ਟਰ ਦੀ ਸੇਵਾ ਕਰਨ ਦੇ ਆਪਣੇ ਸੰਕਲਪ ਨੂੰ ਦੁਹਰਾਇਆ ਤੇ ਜ਼ੋਰ ਦੇ ਕੇ ਕਿਹਾ ਕਿ ਭਾਰਤ ਦੀ ਯਾਤਰਾ ਬਹੁਤ ਵੱਖਰੀ ਹੁੰਦੀ ਜੇਕਰ ਅਜਿਹੀ ਦਲੇਰ, ਯੁਵਾ-ਸੰਚਾਲਿਤ ਅਗਵਾਈ ਨੇ ਇਸ ਦੇ ਸ਼ੁਰੂਆਤੀ ਸਾਲਾਂ ਨੂੰ ਆਕਾਰ ਦਿੱਤਾ ਹੁੰਦਾ।

ਸਮਾਗਮ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਇਹ ਦਿਨ ਸਾਨੂੰ ਸ਼ਹੀਦ ਭਗਤ ਸਿੰਘ ਵੱਲੋਂ ਮਾਤ ਭੂਮੀ ਲਈ ਦਿੱਤੇ ਸਰਬਉੱਚ ਬਲੀਦਾਨ ਦੀ ਯਾਦ ਦਿਵਾਉਂਦਾ ਹੈ। ਸ਼ਹੀਦ ਭਗਤ ਸਿੰਘ, ਸ਼ਹੀਦ ਰਾਜਗੁਰੂ ਅਤੇ ਸ਼ਹੀਦ ਸੁਖਦੇਵ ਦੀ ਸ਼ਹਾਦਤ ਸਾਨੂੰ ਹਮੇਸ਼ਾ ਅਨਿਆਂ, ਜ਼ੁਲਮ ਤੇ ਜ਼ੁਲਮ ਵਿਰੁੱਧ ਖੜ੍ਹੇ ਹੋਣ ਲਈ ਪ੍ਰੇਰਿਤ ਕਰੇਗੀ। ਇਹ ਸਾਡੇ ਸਾਰਿਆਂ ਦਾ ਨੈਤਿਕ ਫਰਜ਼ ਬਣਦਾ ਹੈ ਕਿ ਅਸੀਂ ਸਮਾਜ ਵਿੱਚ ਹਰ ਤਰ੍ਹਾਂ ਦੀਆਂ ਸਮਾਜਿਕ ਬੁਰਾਈਆਂ ਵਿਰੁੱਧ ਜੰਗ ਕਰੀਏ। ਸਿੱਖਿਆ ਦੀ ਪਰਿਵਰਤਨਸ਼ੀਲ ਸ਼ਕਤੀ 'ਤੇ ਜ਼ੋਰ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਗਰੀਬੀ ਅਤੇ ਸਮਾਜਿਕ ਬੁਰਾਈਆਂ ਦੇ ਖਾਤਮੇ ਲਈ ਸਿੱਖਿਆ ਹੀ ਇੱਕੋ ਇੱਕ ਸਥਾਈ ਹੱਲ ਹੈ। "ਸਿੱਖਿਆ ਸਮਾਜ ਨੂੰ ਦਰਪੇਸ਼ ਸਾਰੀਆਂ ਬੁਰਾਈਆਂ ਦਾ ਰਾਮਬਾਣ ਹੈ, ਇਸੇ ਲਈ ਪੰਜਾਬ ਸਰਕਾਰ ਨੇ ਇਸ ਨੂੰ ਤਰਜੀਹ ਦਿੱਤੀ ਹੈ ਅਤੇ ਸਿੱਖਿਆ ਦੇ ਖੇਤਰ ਵਿੱਚ ਮਹੱਤਵਪੂਰਨ ਪਹਿਲਕਦਮੀਆਂ ਕੀਤੀਆਂ ਹਨ। ਕੋਈ ਵੀ ਮੁਫ਼ਤ ਜਾਂ ਰਿਆਇਤ ਗਰੀਬੀ ਜਾਂ ਸਮਾਜਿਕ ਬੁਰਾਈਆਂ ਨੂੰ ਖਤਮ ਨਹੀਂ ਕਰ ਸਕਦੀ, ਪਰ ਸਿੱਖਿਆ ਲੋਕਾਂ ਨੂੰ ਉਨ੍ਹਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕ ਕੇ ਇਸ ਦੁਸ਼ਟ ਚੱਕਰ ਤੋਂ ਬਾਹਰ ਕੱਢ ਸਕਦੀ ਹੈ। ਇਸ ਲਈ ਸਾਡੀ ਸਰਕਾਰ ਸਿੱਖਿਆ ਦੀ ਗੁਣਵੱਤਾ ਵਿੱਚ ਸੁਧਾਰ ਲਿਆਉਣ ਅਤੇ ਆਮ ਆਦਮੀ ਨੂੰ ਸਸ਼ਕਤ ਬਣਾਉਣ ਲਈ ਅਣਥੱਕ ਮਿਹਨਤ ਕਰ ਰਹੀ ਹੈ।

# ਭਗਵੰਤ ਮਾਨ ਸਰਕਾਰ ਨੰਗਲ 'ਚ 800 ਏਕੜ ਤੋਂ ਵੱਧ ਸਰਪਲੱਸ ਜ਼ਮੀਨ ਦੇ ਮਾਲਕੀ ਹੱਕ ਵਸਨੀਕਾਂ ਨੂੰ ਦੇਵੇਗੀ : ਬੈਂਸ

## ਜ਼ਮੀਨ ਪੰਜਾਬ ਦੇ ਲੋਕਾਂ ਦੀ ਹੈ, ਭਾਖੜਾ ਬਿਆਸ ਪ੍ਰਬੰਧ ਬੋਰਡ ਦੀ ਨਹੀਂ



ਚੰਡੀਗੜ੍ਹ, 23 ਮਾਰਚ (ਚ.ਨ.ਸ.): ਪੰਜਾਬ ਦੇ ਸਿੱਖਿਆ ਮੰਤਰੀ ਤੇ ਸ੍ਰੀ ਆਨੰਦਪੁਰ ਸਾਹਿਬ ਤੋਂ ਵਿਧਾਇਕ ਹਰਜੋਤ ਸਿੰਘ ਬੈਂਸ ਨੇ ਅੱਜ ਐਲਾਨ ਕੀਤਾ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਜਲਦੀ ਹੀ ਨੰਗਲ, ਤਲਵਾੜਾ ਅਤੇ ਨਾਲ ਲੱਗਦੇ ਕਸਬਿਆਂ ਦੀ ਵਾਧੂ (ਸਰਪਲੱਸ) ਜ਼ਮੀਨ ਦੇ ਮਾਲਕੀ ਅਧਿਕਾਰ ਸਬੰਧਤ ਦੁਕਾਨਦਾਰਾਂ, ਵਸਨੀਕਾਂ ਤੇ ਹੋਰ ਕਾਬਜ਼ਕਾਰਾਂ ਨੂੰ ਦੇਵੇਗੀ ਕਿਉਂਕਿ ਇਹ ਜ਼ਮੀਨ ਬੀ.ਬੀ.ਐਮ.ਬੀ. ਦੀ ਨਹੀਂ ਸਗੋਂ ਸਿਰਫ਼ ਪੰਜਾਬ ਦੀ ਹੈ। ਇਸ ਫੈਸਲੇ ਨਾਲ ਇਲਾਕੇ ਦੇ ਹਜ਼ਾਰਾਂ ਪਰਿਵਾਰਾਂ 'ਤੇ ਦਹਾਕਿਆਂ ਤੋਂ ਲਟਕਦੀ ਤਲਵਾਰ ਖ਼ਤਮ ਹੋ ਜਾਵੇਗੀ ਕਿਉਂਕਿ ਜਲ ਸਰੋਤ ਵਿਭਾਗ ਨੇ 800 ਏਕੜ ਤੋਂ ਵੱਧ ਅਜਿਹੀ ਜ਼ਮੀਨ ਸਬੰਧੀ ਬੀ.ਬੀ.ਐਮ.ਬੀ. ਨਾਲ ਰਸਮੀ ਰਾਬਤਾ ਸ਼ੁਰੂ ਵੀ ਕਰ ਦਿੱਤਾ ਹੈ।

ਹਰਜੋਤ ਸਿੰਘ ਬੈਂਸ ਨੇ ਕਿਹਾ, 'ਸਾਡੇ ਬਜ਼ੁਰਗਾਂ ਨੇ ਜ਼ਮੀਨਾਂ ਵੀ ਦਿੱਤੀਆਂ ਅਤੇ ਆਪਣੇ ਹੱਥੀਂ ਕੰਮ ਵੀ ਕੀਤਾ ਤਾਂ ਜੋ ਇੱਕ ਨਵੇਂ ਆਜ਼ਾਦ ਭਾਰਤ ਨੂੰ ਪਾਣੀ ਅਤੇ ਬਿਜਲੀ ਮਿਲ ਸਕੇ। ਉਨ੍ਹਾਂ ਇਹ ਸ਼ਹਿਰ ਬਣਾਉਣ ਵਿੱਚ ਵੀ ਅਹਿਮ ਯੋਗਦਾਨ ਪਾਇਆ। ਫਿਰ ਵੀ ਪਿਛਲੇ 50 ਸਾਲਾਂ ਤੋਂ ਵੱਧ ਸਮੇਂ ਤੋਂ ਇਸ ਪ੍ਰੋਜੈਕਟ ਨੂੰ ਚਲਾਉਣ ਵਾਲੀ ਅਥਾਰਟੀ ਬੀ.ਬੀ.ਐਮ.ਬੀ. ਨੇ, ਇੱਕ ਮਾਲਕਾਂ ਵਾਂਗ ਵਿਹਾਰ ਕਰਨਾ ਸ਼ੁਰੂ ਕਰਕੇ ਉਨ੍ਹਾਂ ਲੋਕਾਂ ਨੂੰ ਹੀ ਪਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ, ਜਿਨ੍ਹਾਂ ਨੇ ਇਸਨੂੰ ਬਣਾਇਆ ਸੀ।'

ਲੋਕਾਂ ਨੂੰ ਦਿੱਤੇ ਭਰੋਸੇ ਦਾ ਜ਼ਿਕਰ ਕਰਦਿਆਂ ਹਰਜੋਤ ਸਿੰਘ ਬੈਂਸ ਨੇ ਕਿਹਾ, "ਚਾਰ ਮਹੀਨੇ ਪਹਿਲਾਂ ਮੈਂ ਨੰਗਲ ਵਿੱਚ ਪ੍ਰਭਾਵਿਤ ਪਰਿਵਾਰਾਂ ਨੂੰ ਮਿਲਿਆ ਸੀ ਤੇ ਸਥਾਈ ਹੱਲ ਦਾ ਵਾਅਦਾ ਕੀਤਾ ਸੀ। ਅੱਜ ਉਹ ਵਾਅਦਾ ਪੂਰਾ ਹੋ ਰਿਹਾ ਹੈ। ਜਲ ਸਰੋਤ ਵਿਭਾਗ ਨੇ ਬੀ.ਬੀ.ਐਮ.ਬੀ. ਨੂੰ ਰਸਮੀ ਨੋਟਿਸ ਭੇਜੇ ਹਨ, ਜਿਸ ਵਿੱਚ ਇਹ ਸਪੱਸ਼ਟ ਕੀਤਾ ਗਿਆ ਹੈ ਕਿ 800 ਏਕੜ ਤੋਂ ਵੱਧ ਵਾਧੂ ਜ਼ਮੀਨ ਪੰਜਾਬ ਦੀ ਜਾਇਦਾਦ ਹੈ।" ਕਾਨੂੰਨੀ ਸਥਿਤੀ ਨੂੰ ਸਪੱਸ਼ਟ ਕਰਦਿਆਂ ਉਨ੍ਹਾਂ ਕਿਹਾ ਕਿ ਭਾਖੜਾ ਬਿਆਸ ਪ੍ਰਬੰਧਨ ਬੋਰਡ ਕੋਲ ਅਜਿਹੀਆਂ ਜਾਇਦਾਦਾਂ ਲਈ ਲੀਜ਼ ਨੀਤੀ ਬਣਾਉਣ ਦਾ ਕੋਈ ਅਧਿਕਾਰ ਨਹੀਂ ਹੈ। ਉਨ੍ਹਾਂ ਅੱਗੇ ਕਿਹਾ ਕਿ ਡੈਮ ਪ੍ਰੋਜੈਕਟਾਂ ਲਈ ਸਾਡੇ ਲੋਕਾਂ ਤੋਂ ਜ਼ਮੀਨਾਂ ਲਈਆਂ ਗਈਆਂ ਸਨ। ਹੁਣ ਇਹ ਪ੍ਰੋਜੈਕਟ ਮੁਕੰਮਲ ਹੋ ਗਏ ਹਨ, ਇਸ ਲਈ ਵਾਧੂ ਜ਼ਮੀਨਾਂ ਸੂਬੇ ਦੇ ਉਨ੍ਹਾਂ ਲੋਕਾਂ ਨੂੰ ਵਾਪਸ ਕੀਤੀਆਂ ਜਾਣੀਆਂ ਚਾਹੀਦੀਆਂ ਹਨ, ਜੋ ਪੀੜ੍ਹੀਆਂ ਤੋਂ ਇਨ੍ਹਾਂ ਜ਼ਮੀਨਾਂ 'ਤੇ ਰਹਿ ਰਹੇ ਹਨ।

ਨੀਤੀਗਤ ਢਾਂਚੇ ਦੀ ਰੂਪ-ਰੇਖਾ ਬਾਰੇ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਸੂਬਾ ਸਰਕਾਰ ਜਲ ਸਰੋਤ ਵਿਭਾਗ ਦੀ ਨਿਗਰਾਨੀ ਹੇਠ ਮੌਜੂਦਾ ਕਾਬਜ਼ਕਾਰਾਂ ਨੂੰ ਮਾਲਕੀ ਅਧਿਕਾਰ ਦੇਣ ਲਈ ਇੱਕ ਵਿਆਪਕ ਨੀਤੀ ਤਿਆਰ ਕਰ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਸਾਰੇ ਯੋਗ ਦੁਕਾਨਦਾਰਾਂ, ਪਰਿਵਾਰਾਂ ਅਤੇ ਨਿਵਾਸੀਆਂ ਨੂੰ ਸਹੀ ਮਾਲਕੀ ਦਿੱਤੀ ਜਾਵੇਗੀ। ਉਨ੍ਹਾਂ ਨੂੰ ਸਟੈਂਪ ਡਿਊਟੀ ਦੇ ਅਨੁਸਾਰ ਸਿਰਫ਼ ਬਣਦੇ ਖ਼ਰਚੇ ਜਮ੍ਹਾ ਕਰਨੇ ਪੈਣਗੇ ਅਤੇ ਇਸ ਤੋਂ ਬਾਅਦ ਕਿਸੇ ਨੂੰ ਕੋਈ ਸੰਸਾ ਨਹੀਂ ਰਹੇਗਾ। ਉਨ੍ਹਾਂ ਅੱਗੇ ਕਿਹਾ ਕਿ ਨੰਗਲ ਲਈ ਇੱਕ ਨਵੇਂ ਜੁਡੀਸ਼ੀਅਲ ਕੰਪਲੈਕਸ ਦੀ ਪਛਾਣ ਵੀ ਕੀਤੀ ਗਈ ਹੈ ਅਤੇ ਜਲਦ ਹੀ ਇਸਨੂੰ ਤਿਆਰ ਕੀਤਾ ਜਾਵੇਗਾ। ਬੈਂਸ ਨੇ ਕਿਹਾ ਕਿ ਇਹ ਸਿਰਫ਼ ਨੀਤੀਗਤ ਤਬਦੀਲੀ ਨਹੀਂ ਹੈ। ਇਹ ਇੱਕ ਇਤਿਹਾਸਕ ਗਲਤੀ ਦਾ ਸੁਧਾਰ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਉਨ੍ਹਾਂ ਪਰਿਵਾਰਾਂ ਦੇ ਨਾਲ ਖੜ੍ਹੀ ਹੈ ਜਿਨ੍ਹਾਂ ਨੇ ਦੇਸ਼ ਲਈ ਆਪਣੀਆਂ ਜ਼ਮੀਨਾਂ ਕੁਰਬਾਨ ਕੀਤੀਆਂ।

# ਡੀ.ਐੱਮ. ਵੱਲੋਂ ਜ਼ਹਿਰ ਖਾਣ ਵਾਲਾ ਵੀਡੀਓ ਆਇਆ ਸਾਹਮਣੇ

## ਘਰ ਦੇ ਮੇਨ ਗੇਟ ਕੋਲ ਜਾ ਕੇ ਰੰਧਾਵਾ ਨੇ ਖਾਧੀ ਜ਼ਹਿਰੀਲੀ ਚੀਜ਼



ਅੰਮ੍ਰਿਤਸਰ, 23 ਮਾਰਚ (ਚ.ਨ.ਸ.): ਵੇਅਰਹਾਊਸ ਜ਼ਿਲ੍ਹਾ ਮੈਨੇਜਰ ਗਗਨਦੀਪ ਸਿੰਘ ਰੰਧਾਵਾ ਦਾ ਪੋਸਟਮਾਰਟਮ ਤੀਜੇ ਦਿਨ ਵੀ ਨਹੀਂ ਕੀਤਾ ਗਿਆ ਹੈ। ਉਨ੍ਹਾਂ ਦੀ ਮ੍ਰਿਤਕ ਦੇਹ ਅੰਮ੍ਰਿਤਸਰ ਦੇ ਇਕ ਹਸਪਤਾਲ ਵਿਚ ਰੱਖੀ ਹੋਈ ਹੈ। ਇਸ ਦੌਰਾਨ ਉਨ੍ਹਾਂ ਦੇ ਘਰ ਤੋਂ ਇਕ ਸੀ.ਸੀ.ਟੀ.ਵੀ. ਫੁਟੇਜ ਸਾਹਮਣੇ ਆਈ ਹੈ, ਜਿਸ ਵਿਚ ਅਧਿਕਾਰੀ ਨੂੰ ਜ਼ਹਿਰ ਨਿਗਲਦੇ ਹੋਏ ਦੇਖਿਆ ਜਾ ਸਕਦਾ ਹੈ। ਕਰੀਬ ਤਿੰਨ ਮਿੰਟ ਦੀ ਫੁਟੇਜ ਵਿਚ ਅਧਿਕਾਰੀ 21 ਮਾਰਚ ਨੂੰ ਸਵੇਰੇ ਆਪਣੇ ਘਰ ਦੇ ਬਾਹਰ ਘੁੰਮਦਾ ਹੋਇਆ ਦਿਖਾਈ ਦੇ ਰਿਹਾ ਹੈ। ਇਸ ਦੌਰਾਨ ਉਹ ਪਹਿਲਾਂ ਆਲੇ-ਦੁਆਲੇ ਵੇਖਦਾ ਹੈ ਅਤੇ ਫਿਰ ਕੁਝ ਖਾਂਦਾ ਦਿਖਾਈ ਦਿੰਦਾ ਹੈ। ਇਹ ਘਟਨਾ ਉਨ੍ਹਾਂ ਦੇ ਘਰ ਦੇ ਬਾਹਰ ਲੱਗੇ ਸੀ.ਸੀ.ਟੀ.ਵੀ. ਵਿਚ ਕੈਦ ਹੋ ਗਈ ਸੀ। ਅਧਿਕਾਰੀ ਦੀ ਖ਼ੁਦਕੁਸ਼ੀ ਤੋਂ ਬਾਅਦ ਅੰਮ੍ਰਿਤਸਰ ਪੁਲਿਸ ਨੇ ਸ਼ਨੀਵਾਰ ਅੱਧੀ ਰਾਤ ਨੂੰ ਸਾਬਕਾ ਮੰਤਰੀ ਲਾਲਜੀਤ ਭੁੱਲਰ, ਉਨ੍ਹਾਂ ਦੇ ਪਿਤਾ ਸੁਖਦੇਵ ਭੁੱਲਰ ਅਤੇ ਨਿੱਜੀ ਸਹਾਇਕ ਦਿਲਬਾਗ ਸਿੰਘ ਵਿਰੁੱਧ ਐਫ.ਆਈ.ਆਰ. ਦਰਜ ਕਰ ਲਈ ਸੀ। ਰੰਧਾਵਾ ਦੀ ਪਤਨੀ ਉਪਿੰਦਰ ਕੌਰ ਸਾਬਕਾ ਮੰਤਰੀ ਦੀ ਗ੍ਰਿਫ਼ਤਾਰ 'ਤੇ ਅੜੀ ਹੈ। ਉਨ੍ਹਾਂ ਕਿਹਾ ਕਿ ਉਹ ਭੁੱਲਰ ਨੂੰ ਗ੍ਰਿਫ਼ਤਾਰ ਕੀਤੇ ਜਾਣ ਤੱਕ ਪੋਸਟਮਾਰਟਮ ਅਤੇ ਸਸਕਾਰ ਨਹੀਂ ਕਰਨਗੇ।

# ਲੋਕ ਸਭਾ 'ਚ ਕਾਰਪੋਰੇਟ ਕਾਨੂੰਨ ਸੋਧ ਬਿੱਲ-2026 ਪੇਸ਼; ਸੰਸਦ ਦੀ ਸਾਂਝੀ ਕਮੇਟੀ ਨੂੰ ਭੇਜਿਆ

ਨਵੀਂ ਦਿੱਲੀ, 23 ਮਾਰਚ (ਚ.ਨ.ਸ.): ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ



ਸੋਮਵਾਰ ਨੂੰ ਲੋਕ ਸਭਾ ਵਿੱਚ ਕਾਰਪੋਰੇਟ ਕਾਨੂੰਨ (ਸੋਧ) ਬਿੱਲ, 2026 ਪੇਸ਼ ਕੀਤਾ। ਇਸ ਬਿੱਲ ਰਾਹੀਂ ਸੀਮਤ ਦੇਣਦਾਰੀ ਭਾਈਵਾਲੀ (ਐੱਲ.ਐੱਲ.ਪੀ.) ਐਕਟ, 2008 ਤੇ ਕੰਪਨੀ ਐਕਟ, 2013 ਵਿੱਚ ਅਹਿਮ ਸੋਧਾਂ ਕਰਨ ਦੀ ਤਜਵੀਜ਼ ਹੈ। ਬਿੱਲ ਪੇਸ਼ ਕੀਤੇ ਜਾਣ ਤੋਂ ਬਾਅਦ ਸਦਨ ਨੇ ਵਿੱਤ ਮੰਤਰੀ ਦੀ ਸਿਫਾਰਸ਼ 'ਤੇ ਇਸ ਨੂੰ ਸੰਸਦ ਦੀ ਸਾਂਝੀ ਕਮੇਟੀ ਕੋਲ ਭੇਜਣ ਦਾ ਫੈਸਲਾ ਕੀਤਾ ਹੈ। ਇਸ ਬਿੱਲ ਦਾ ਮੁੱਖ ਉਦੇਸ਼ ਛੋਟੇ ਉਦਯੋਗਾਂ, ਸਟਾਰਟਅੱਪਸ ਤੇ ਕਿਸਾਨ ਉਤਪਾਦਕ ਕੰਪਨੀਆਂ ਲਈ ਨਿਯਮਾਂ ਦੀ ਪਾਲਣਾ ਨੂੰ ਆਸਾਨ ਬਣਾਉਣਾ ਹੈ। ਸਰਕਾਰ ਦਾ ਮੰਤਵ ਕਾਰੋਬਾਰੀ ਸੁਗਮਤਾ ਨੂੰ ਉਤਸ਼ਾਹਿਤ ਕਰਨਾ ਅਤੇ ਕੁਝ ਅਪਰਾਧਿਕ ਮਾਮਲਿਆਂ ਨੂੰ ਸਿਰਫ਼ ਜੁਰਮਾਨੇ ਵਿੱਚ ਤਬਦੀਲ ਕਰਨਾ ਹੈ। ਵਿੱਤ ਮੰਤਰੀ ਅਨੁਸਾਰ, ਇਹ ਬਿੱਲ ਦੋ ਸਾਲਾਂ ਦੇ ਲੰਬੇ ਵਿਚਾਰ-ਵਟਾਂਦਰੇ ਅਤੇ ਸਾਰੇ ਪੱਖਾਂ ਦੀ ਰਾਏ ਲੈਣ ਤੋਂ ਬਾਅਦ ਤਿਆਰ ਕੀਤਾ ਗਿਆ ਹੈ।

**ਵਿਰੋਧੀ ਧਿਰ ਵੱਲੋਂ ਇਤਰਾਜ਼:** ਬਿੱਲ ਪੇਸ਼ ਕੀਤੇ ਜਾਣ ਸਮੇਂ ਵਿਰੋਧੀ ਧਿਰ ਦੇ ਮੈਂਬਰਾਂ ਨੇ ਇਸ ਦਾ ਸਖ਼ਤ ਵਿਰੋਧ ਕੀਤਾ। ਕਾਂਗਰਸ ਦੇ ਸੰਸਦ ਮੈਂਬਰ ਮਨੀਸ਼ ਤਿਵਾਰੀ ਨੇ ਇਸ ਨੂੰ ਸੰਵਿਧਾਨਕ ਸਿਧਾਂਤਾਂ ਦੇ ਵਿਰੁੱਧ ਦੱਸਿਆ, ਜਦੋਂ ਕਿ ਤ੍ਰਿਣਮੂਲ ਕਾਂਗਰਸ ਦੇ ਸੌਗਤ ਰਾਏ ਨੇ ਦੋਸ਼ ਲਾਇਆ ਕਿ ਇਸ ਨਾਲ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ (ਸੀ.ਐੱਸ.ਆਰ.) ਕਮਜ਼ੋਰ ਹੋਵੇਗੀ। ਵਿਰੋਧੀ ਧਿਰ ਦਾ ਇਹ ਵੀ ਤਰਕ ਸੀ ਕਿ ਸਰਕਾਰ ਕਾਰਪੋਰੇਟ ਅਪਰਾਧਾਂ ਨੂੰ ਅਪਰਾਧ ਦੀ ਸ਼੍ਰੇਣੀ ਵਿੱਚੋਂ ਬਾਹਰ ਕੱਢਣਾ ਚਾਹੁੰਦੀ ਹੈ।

**ਸੀ.ਐੱਸ.ਆਰ. ਨਿਯਮਾਂ ਵਿੱਚ ਬਦਲਾਅ:** ਇਨ੍ਹਾਂ ਇਤਰਾਜ਼ਾਂ ਨੂੰ ਖਾਰਜ ਕਰਦਿਆਂ ਵਿੱਤ ਮੰਤਰੀ ਨੇ ਸਪੱਸ਼ਟ ਕੀਤਾ ਕਿ ਸੀ.ਐੱਸ.ਆਰ. ਤਹਿਤ ਸਿਰਫ਼ ਸ਼ੁੱਧ ਮੁਨਾਫ਼ੇ ਵਾਲੀ ਸ਼੍ਰੇਣੀ ਵਿੱਚ ਹੀ ਬਦਲਾਅ ਕੀਤਾ ਜਾ ਰਿਹਾ ਹੈ। ਇਸ ਬਿੱਲ ਨੂੰ ਕੇਂਦਰੀ ਮੰਤਰੀ ਮੰਡਲ ਨੇ ਬੀਤੀ 10 ਮਾਰਚ ਨੂੰ ਆਪਣੀ ਮਨਜ਼ੂਰੀ ਦਿੱਤੀ ਸੀ।

# 543 ਤੋਂ ਵਧ ਕੇ 816 ਹੋ ਸਕਦੀ ਹੈ ਲੋਕ ਸਭਾ ਸੀਟਾਂ ਦੀ ਗਿਣਤੀ!

## ਸੋਧ ਬਿੱਲ ਲਿਆਉਣ ਦੀ ਤਿਆਰੀ 'ਚ ਸਰਕਾਰ

ਨਵੀਂ ਦਿੱਲੀ, 23 ਮਾਰਚ (ਚ.ਨ.ਸ.): ਕੇਂਦਰ ਸਰਕਾਰ ਨੇ "ਨਾਰੀ ਸ਼ਕਤੀ ਅਭਿਨੰਦਨ ਬਿੱਲ" (ਮਹਿਲਾ ਰਾਖਵਾਂਕਰਨ ਕਾਨੂੰਨ) ਨੂੰ ਅਮਲੀ ਜਾਮਾ ਪਹਿਨਾਉਣ ਲਈ ਇੱਕ ਅਹਿਮ ਪ੍ਰਸਤਾਵ ਪੇਸ਼ ਕੀਤਾ ਹੈ। ਸਰਕਾਰ ਨੇ ਸੁਝਾਅ ਦਿੱਤਾ ਹੈ ਕਿ ਮਹਿਲਾ ਰਾਖਵਾਂਕਰਨ ਨੂੰ ਆਉਣ ਵਾਲੀ ਜਨਗਣਨਾ ਦੀ ਉਡੀਕ ਕਰਨ ਦੀ ਬਜਾਏ, 2011 ਦੀ ਜਨਗਣਨਾ ਦੇ ਆਧਾਰ 'ਤੇ ਲੋਕ ਸਭਾ ਅਤੇ ਵਿਧਾਨ ਸਭਾਵਾਂ ਦੀਆਂ ਸੀਟਾਂ ਦੀ ਗਿਣਤੀ ਵਧਾ ਕੇ ਲਾਗੂ ਕੀਤਾ ਜਾ ਸਕਦਾ ਹੈ।

**ਸੀਟਾਂ ਦੀ ਗਿਣਤੀ 'ਚ 50% ਵਾਧੇ ਦੀ ਸੰਭਾਵਨਾ:** ਇਸ ਪ੍ਰਸਤਾਵ ਤਹਿਤ ਲੋਕ ਸਭਾ ਸੀਟਾਂ ਦੀ ਗਿਣਤੀ ਮੌਜੂਦਾ 543 ਤੋਂ ਵਧ ਕੇ 816 ਹੋ ਸਕਦੀ ਹੈ। ਵਧੀ ਹੋਈ ਗਿਣਤੀ ਦੇ ਆਧਾਰ 'ਤੇ ਲੋਕ ਸਭਾ ਵਿੱਚ 273 ਸੀਟਾਂ ਮਹਿਲਾਵਾਂ ਲਈ ਰਾਖਵੀਆਂ ਕੀਤੀਆਂ ਜਾ ਸਕਦੀਆਂ ਹਨ। ਸਰਕਾਰ ਸੀਟਾਂ ਦੀ ਗਿਣਤੀ ਵਿੱਚ ਲਗਭਗ 50 ਫੀਸਦੀ ਤੱਕ ਵਾਧਾ ਕਰਨ 'ਤੇ ਵਿਚਾਰ ਕਰ ਰਹੀ ਹੈ। ਉਦਾਹਰਨ ਵਜੋਂ, ਉੱਤਰ ਪ੍ਰਦੇਸ਼ ਵਿੱਚ ਸੀਟਾਂ ਦੀ ਗਿਣਤੀ 80 ਤੋਂ ਵਧ ਕੇ 120 ਹੋਣ ਦੀ ਉਮੀਦ ਹੈ।

**ਅਮਿਤ ਸ਼ਾਹ ਵੱਲੋਂ ਵਿਰੋਧੀ ਧਿਰ ਨਾਲ ਸਲਾਹ-ਮਸ਼ਵਰਾ:** ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸੋਮਵਾਰ ਨੂੰ



ਇਸ ਮੁੱਦੇ 'ਤੇ ਆਮ ਸਹਿਮਤੀ ਬਣਾਉਣ ਲਈ ਕਈ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਨਾਲ ਮੁਲਾਕਾਤ ਕੀਤੀ। ਇਸ ਪ੍ਰਸਤਾਵ ਰਾਹੀਂ ਦੱਖਣੀ ਰਾਜਾਂ ਦੀਆਂ ਚਿੰਤਾਵਾਂ ਨੂੰ ਵੀ ਹੱਲ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਕਿਉਂਕਿ ਹਰ ਰਾਜ ਦੀ ਪ੍ਰਤੀਨਿਧਤਾ ਦਾ ਅਨੁਪਾਤ (ਪ੍ਰਤੀਸ਼ਤ ਵਿੱਚ) ਪਹਿਲਾਂ ਵਾਂਗ ਹੀ ਰਹੇਗਾ।

**ਲਾਟਰੀ ਸਿਸਟਮ ਤੇ ਵਿਸ਼ੇਸ਼ ਸੈਸ਼ਨ:** ਮੀਟਿੰਗ ਵਿੱਚ ਮੌਜੂਦ ਇੱਕ ਸੰਸਦ ਮੈਂਬਰ ਅਨੁਸਾਰ, ਇਹ ਵੀ ਸੁਝਾਅ ਦਿੱਤਾ ਗਿਆ ਹੈ ਕਿ ਮਹਿਲਾਵਾਂ ਲਈ ਰਾਖਵੀਆਂ ਸੀਟਾਂ ਦਾ ਫੈਸਲਾ ਲਾਟਰੀ ਸਿਸਟਮ ਰਾਹੀਂ ਕੀਤਾ ਜਾ ਸਕਦਾ ਹੈ। ਜਾਣਕਾਰੀ ਅਨੁਸਾਰ ਸਰਕਾਰ ਮੌਜੂਦਾ ਸੈਸ਼ਨ ਵਿੱਚ ਹੀ ਇਹ ਸੋਧ ਲਿਆ ਸਕਦੀ ਹੈ, ਜਿਸ ਲਈ ਸੈਸ਼ਨ ਨੂੰ ਵਧਾਇਆ ਜਾ ਸਕਦਾ ਹੈ ਜਾਂ ਵਿਸ਼ੇਸ਼ ਸੈਸ਼ਨ ਬੁਲਾਇਆ ਜਾ ਸਕਦਾ ਹੈ। ਦੂਜੇ ਪਾਸੇ, ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਵੀ ਸੋਮਵਾਰ ਸ਼ਾਮ ਨੂੰ "ਇੰਡੀਆ" ਗਠਜੋੜ ਦੇ ਆਗੂਆਂ ਦੀ ਮੀਟਿੰਗ ਬੁਲਾਈ ਹੈ।

# ਪੰਜਾਬ ਸਰਕਾਰ ਦੇ ਵਿਰੋਧ ਤੋਂ ਬਾਅਦ ਹਿਮਾਚਲ ਸਰਕਾਰ ਪਿੱਛੇ ਹਟੀ! ਵਧਾਏ ਐਂਟਰੀ ਟੈਕਸ ਦਰਾਂ 'ਤੇ ਮੁੜ ਕੀਤਾ ਜਾਵੇਗਾ ਵਿਚਾਰ



ਸ਼ਿਮਲਾ, 23 ਮਾਰਚ (ਚ.ਨ.ਸ.): ਸਰਹੱਦੀ ਖੇਤਰਾਂ ਵਿੱਚ ਪੰਜਾਬ ਸਰਕਾਰ ਦੇ ਇਤਰਾਜ਼ਾਂ ਅਤੇ ਵਿਰੋਧ ਪ੍ਰਦਰਸ਼ਨਾਂ ਤੋਂ ਬਾਅਦ, ਹਿਮਾਚਲ ਪ੍ਰਦੇਸ਼ ਸਰਕਾਰ ਵਧੇ ਹੋਏ ਐਂਟਰੀ ਟੈਕਸ 'ਤੇ ਵਾਪਸ ਆ ਗਈ ਹੈ। ਰਾਜ ਸਰਕਾਰ ਵਧੇ ਹੋਏ ਐਂਟਰੀ ਟੈਕਸ 'ਤੇ ਮੁੜ ਵਿਚਾਰ ਕਰ ਰਹੀ ਹੈ। ਹਿਮਾਚਲ ਪ੍ਰਦੇਸ਼ ਕੈਬਨਿਟ ਮੀਟਿੰਗ ਵਿੱਚ ਇਸ ਮੁੱਦੇ 'ਤੇ ਚਰਚਾ ਹੋਈ। ਸੰਸਦੀ ਮਾਮਲਿਆਂ ਦੇ ਮੰਤਰੀ ਹਰਸ਼ਵਰਧਨ ਚੌਹਾਨ ਨੇ ਕਿਹਾ ਕਿ ਸਰਕਾਰ ਵਿਚਾਰ-ਵਟਾਂਦਰੇ ਤੋਂ ਬਾਅਦ ਇੱਕ ਉਦਾਰਵਾਦੀ ਨੀਤੀ ਪੇਸ਼ ਕਰਨ 'ਤੇ ਵਿਚਾਰ ਕਰ ਰਹੀ ਹੈ। ਹਿਮਾਚਲ ਸਰਕਾਰ ਨੇ ਟੈਂਡਰ ਪ੍ਰਕਿਰਿਆ ਪੂਰੀ ਕਰ ਲਈ ਹੈ, ਅਤੇ ਹੁਣ ਜਨਤਕ ਸਹੂਲਤ ਲਈ ਇਸਨੂੰ ਕਿਵੇਂ ਸੁਧਾਰਿਆ ਜਾਵੇ ਇਸ ਬਾਰੇ ਵਿਚਾਰ ਕਰ ਰਹੀ ਹੈ। ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੇ ਇਸ ਮਾਮਲੇ ਬਾਰੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਗੱਲ ਕੀਤੀ ਹੈ। ਇਸ ਦੇ ਉਲਟ, ਪੰਚਾਇਤੀ ਰਾਜ ਮੰਤਰੀ ਅਨਿਰੁਧ ਸਿੰਘ ਨੇ ਤਿੱਖੀ ਪ੍ਰਤੀਕਿਰਿਆ ਦਿੰਦੇ ਹੋਏ ਕਿਹਾ ਕਿ ਕੈਬਨਿਟ ਨੇ ਇਸ ਮਾਮਲੇ 'ਤੇ ਚਰਚਾ ਕੀਤੀ ਹੈ। ਇਹ ਪੰਜਾਬ ਸਰਕਾਰ ਦੀ ਮਰਜ਼ੀ ਹੈ ਕਿ ਉਹ ਸੁਪਰੀਮ ਕੋਰਟ ਤੱਕ ਪਹੁੰਚ ਕਰੇ ਜਾਂ ਭਗਵਾਨ। ਇਸ ਦੇ ਨਾਲ ਹੀ ਵਿਰੋਧੀ ਧਿਰ ਦੇ ਨੇਤਾ ਜੈਰਾਮ ਠਾਕੁਰ ਨੇ ਕਿਹਾ ਹੈ ਕਿ ਸਰਕਾਰ ਦੀ ਅਪਰਿਪੱਕਤਾ ਕਾਰਨ, ਦੁਨੀਆ ਦੁਆਰਾ ਹਿਮਾਚਲ ਪ੍ਰਦੇਸ਼ ਦਾ ਮਜ਼ਾਕ ਉਡਾਇਆ ਜਾ ਰਿਹਾ ਹੈ। ਇਸ ਦੌਰਾਨ, ਭਾਰਤੀ ਜਨਤਾ ਪਾਰਟੀ ਨੇ ਪੂਰੇ ਮਾਮਲੇ 'ਤੇ ਸਰਕਾਰ ਦੀ ਆਲੋਚਨਾ ਕੀਤੀ।

ਉਨ੍ਹਾਂ ਕਿਹਾ ਕਿ ਇਹ ਪੂਰਾ ਮਾਮਲਾ ਪਰਿਪੱਕਤਾ ਦੀ ਘਾਟ ਨੂੰ ਦਰਸਾਉਂਦਾ ਹੈ। ਵਿਰੋਧੀ ਧਿਰ ਦੇ ਨੇਤਾ ਜੈਰਾਮ ਠਾਕੁਰ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਪਹਿਲਾਂ ਹੀ ਐਂਟਰੀ ਟੈਕਸ ਦਾ ਵਿਰੋਧ ਕਰ ਰਹੀ ਹੈ। ਭਾਜਪਾ ਵਿਧਾਇਕ ਸੁਧੀਰ ਸ਼ਰਮਾ ਅਤੇ ਰਣਧੀਰ ਸ਼ਰਮਾ ਨੇ ਵੀ ਟੈਕਸ ਵਾਧੇ ਨੂੰ ਗਲਤ ਦੱਸਦਿਆਂ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਉੱਚ ਐਂਟਰੀ ਟੈਕਸ ਵਾਧੇ ਨੂੰ ਵਾਪਸ ਲੈਣਾ ਚਾਹੀਦਾ ਹੈ। ਹਿਮਾਚਲ ਪ੍ਰਦੇਸ਼ ਦੇ ਲੋਕਾਂ ਨੂੰ ਵੀ ਇਸ ਦੇ ਨਤੀਜੇ ਭੁਗਤਣੇ ਪੈ ਸਕਦੇ ਹਨ।

# ਡੀ.ਐਸ. ਰੰਧਾਵਾ ਦਾ ਪੋਸਟ ਮਾਰਟਮ ਪੀ ਜੀ ਆਈ ਜਾਂ ਫਿਰ ਏਮਜ਼ ਤੋਂ ਕਰਵਾਇਆ ਜਾਵੇ : ਮਜੀਠੀਆ

ਚੰਡੀਗੜ੍ਹ, 23 ਮਾਰਚ (ਚ.ਨ.ਸ.): ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਮੰਗ ਕੀਤੀ ਕਿ ਵੇਅਰ ਹਾਊਸਿੰਗ ਕਾਰਪੋਰੇਸ਼ਨ ਦੇ ਅਫਸਰ ਡਾ. ਗਗਨਦੀਪ ਸਿੰਘ ਰੰਧਾਵਾ ਦਾ ਪੋਸਟ ਮਾਰਟਮ ਜਾਂ ਤਾਂ ਪੀ ਜੀ ਆਈ ਜਾਂ ਫਿਰ ਏਮਜ਼ ਦੇ ਡਾਕਟਰਾਂ ਤੋਂ ਕਰਵਾਇਆ ਜਾਵੇ ਅਤੇ ਉਹਨਾਂ ਮੰਗ ਕੀਤੀ ਕਿ ਸਾਬਕਾ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਦੇ ਪਿਤਾ ਤੇ ਨਿੱਜੀ ਸਹਾਇਕ ਦੀ ਗ੍ਰਿਫਤਾਰੀ ਕੀਤੀ ਜਾਵੇ ਤੇ ਉਹਨਾਂ ਅਫਸਰਾਂ ਦੇ ਖਿਲਾਫ ਕਾਰਵਾਈ ਕੀਤੀ ਜਾਵੇ ਜਿਹਨਾਂ ਨੇ ਡਾ. ਰੰਧਾਵਾ ਦੀਆਂ ਅਪੀਲਾਂ 'ਤੇ ਸੁਣਵਾਈ ਨਹੀਂ ਕੀਤੀ। ਇਥੇ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਬਿਕਰਮ ਸਿੰਘ ਮਜੀਠੀਆ ਨੇ ਵਿਰੋਧੀ ਧਿਰ ਦੇ ਸਾਰੇ ਆਗੂਆਂ, ਕਿਸਾਨ ਸੰਗਠਨਾਂ ਅਤੇ ਵੇਅਰ ਹਾਊਸਿੰਗ ਕਾਰਪੋਰੇਸ਼ਨ ਯੂਨੀਅਨ ਦਾ ਧੰਨਵਾਦ ਕੀਤਾ ਜਿਹਨਾਂ ਨੇ ਇਕਜੁੱਟ ਹੋ ਕੇ ਮੁਜ਼ਾਹਰਾ ਕੀਤਾ ਜਿਸ ਸਦਕਾ ਅੱਜ ਲਾਲਜੀਤ ਭੁੱਲਰ ਦੀ ਗ੍ਰਿਫਤਾਰੀ ਹੋਈ ਹੈ ਤੇ ਨਾਲ ਹੀ ਉਹਨਾਂ ਨੇ ਡਾ. ਰੰਧਾਵਾ ਦੇ ਪਰਿਵਾਰ ਦੀ ਸ਼ਲਾਘਾ ਕੀਤੀ ਜੋ ਆਮ ਆਦਮੀ ਪਾਰਟੀ (ਆਪ) ਦੇ ਵੱਡੇ ਦਬਾਅ ਅੱਗੇ ਡਟਿਆ ਰਿਹਾ ਤੇ ਡਾ. ਰੰਧਾਵਾ ਲਈ ਇਨਸਾਫ





ਦੀ ਮੰਗ ਕਰਦਾ ਰਿਹਾ। ਬਿਕਰਮ ਸਿੰਘ ਮਜੀਠੀਆ ਨੇ ਜ਼ੋਰ ਦੇ ਕੇ ਕਿਹਾ ਕਿ ਕੇਸ ਸਿਰਫ ਡਾ. ਰੰਧਾਵਾ ਨੂੰ ਖੁਦਕੁਸ਼ੀ ਲਈ ਮਜਬੂਰ ਕਰਨ ਤੇ ਉਹਨਾਂ ਦੀ ਕੁੱਟਮਾਰ ਨਾਲ ਸਬੰਧਤ ਨਹੀਂ ਹੈ, ਉਹਨਾਂ ਕਿਹਾ ਕਿ ਇਸ ਮਾਮਲੇ ਵਿਚ ਲਾਲਜੀਤ ਭੁੱਲਰ ਤੇ ਆਮ ਆਦਮੀ ਪਾਰਟੀ ਦੇ ਅਹੁਦੇਦਾਰਾਂ ਦਾ ਵਿਆਪਕ ਭ੍ਰਿਸ਼ਟਾਚਾਰ ਵੀ ਸ਼ਾਮਲ ਹੈ। ਉਹਨਾਂ ਕਿਹਾ ਕਿ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਅਤੇ ਵੇਅਰ ਹਾਊਸਿੰਗ ਦੇ ਐਮ ਡੀ ਗੌਤਮ ਜੈਨ ਤੇ ਮੁੱਖ ਸਕੱਤਰ ਕੇ ਏ ਪੀ ਸਿਨਹਾ ਜਿਹਨਾਂ ਨੇ ਅਫਸਰਾਂ ਦੀਆਂ ਵਾਰ-ਵਾਰ ਕੀਤੀਆਂ ਅਪੀਲਾਂ 'ਤੇ ਗੌਰ ਨਹੀਂ ਕੀਤੀ, ਦੀ ਵੀ ਜਾਂਚ ਹੋਣੀ ਚਾਹੀਦੀ ਹੈ ਤੇ ਇਸੇ ਵਾਸਤੇ ਸੀ ਬੀ ਆਈ ਜਾਂਚ ਜ਼ਰੂਰੀ ਹੈ।

ਬਿਕਰਮ ਸਿੰਘ ਮਜੀਠੀਆ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਲਾਲਜੀਤ ਭੁੱਲਰ ਦੀ ਗ੍ਰਿਫਤਾਰੀ 'ਤੇ "ਕੈਸ਼ ਤੇ ਫਰਮਾਇਸ਼" ਦੀ ਮੰਗ ਨਾ ਕਰਨ ਦੀ ਕੀਤੀ ਟਿੱਪਣੀ ਦੀ ਵੀ ਸਖ਼ਤ ਨਿਖੇਧੀ ਕੀਤੀ ਅਤੇ ਕਿਹਾ ਕਿ ਵਿਰੋਧੀ ਧਿਰ ਦੇ ਨਾਲ-ਨਾਲ ਯੂਨੀਅਨਾਂ ਦੇ ਸਾਂਝੇ ਦਬਾਅ ਅਤੇ ਰੰਧਾਵਾ ਪਰਿਵਾਰ ਤੇ ਕੇਂਦਰੀ ਗ੍ਰਹਿ ਮੰਤਰੀ ਵੱਲੋਂ ਸੀ ਬੀ ਆਈ ਜਾਂਚ ਦੀ ਤਿਆਰੀ ਵਾਸਤੇ ਦਿੱਤੇ ਬਿਆਨ ਕਾਰਨ ਆਪ ਸਰਕਾਰ ਸਾਬਕਾ ਮੰਤਰੀ ਨੂੰ ਗ੍ਰਿਫਤਾਰ ਕਰਨ ਵਾਸਤੇ ਮਜਬੂਰ ਹੋਈ ਹੈ। ਉਹਨਾਂ ਕਿਹਾ ਕਿ ਸਰਕਾਰ 21 ਮਾਰਚ ਤੋਂ ਭੁੱਲਰ ਦਾ ਬਚਾਅ ਕਰ ਰਹੀ ਹੈ। ਪਹਿਲਾਂ 24 ਘੰਟਿਆਂ ਤੱਕ ਕੇਸ ਦਰਜ ਨਹੀਂ ਕੀਤਾ ਗਿਆ। ਇਸ ਮਗਰੋਂ ਸਰਕਾਰ ਨੇ ਨਾ ਮੰਤਰੀ ਨੂੰ ਗ੍ਰਿਫਤਾਰ ਕੀਤਾ ਤੇ ਨਾ ਹੀ ਉਸਦਾ ਅਸਤੀਫਾ ਰਾਜਪਾਲ ਨੂੰ ਭੇਜਿਆ। ਉਹਨਾਂ ਕਿਹਾ ਕਿ ਜਦੋਂ ਸਰਕਾਰ ਸਾਰੇ ਪਾਸਿਆਂ ਤੋਂ ਘਿਰ ਗਈ ਤਾਂ ਅੱਜ ਸਾਬਕਾ ਮੰਤਰੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਮਜੀਠੀਆ ਨੇ ਕਿਹਾ ਕਿ ਜੇਕਰ ਮੁੱਖ ਮੰਤਰੀ ਸੱਚਮੁੱਚ ਹੀ ਸਾਰੇ ਸੂਬੇ ਅਤੇ ਪੀੜਤ ਪਰਿਵਾਰ ਨੂੰ ਆਪਣਾ ਪਰਿਵਾਰ ਮੰਨਦੇ ਹਨ ਤਾਂ ਉਹਨਾਂ ਨੂੰ ਕੇਸ ਵਿਚ ਸੀ ਬੀ ਆਈ ਜਾਂਚ ਤੋਂ ਕੋਈ ਪਰਹੇਜ਼ ਨਹੀਂ ਹੋਣਾ ਚਾਹੀਦਾ। ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਨੂੰ ਛੱਡ ਕੇ ਪੰਜਾਬ ਦੇ ਬਾਕੀ ਸਾਰੇ ਐਮ ਪੀਜ਼ ਨੇ ਗ੍ਰਹਿ ਮੰਤਰੀ ਨੂੰ ਪੱਤਰ ਲਿਖ ਕੇ ਸੀ ਬੀ ਆਈ ਜਾਂਚ ਦੀ ਮੰਗ ਕੀਤੀ ਹੈ। ਉਹਨਾਂ ਕਿਹਾ ਕਿ ਆਪ ਦੇ ਐਮ ਪੀ ਇਹ ਮੰਗ ਨਹੀਂ ਕਰ ਰਹੇ, ਇਸ ਤੋਂ ਹੀ ਸਪਸ਼ਟ ਹੋ ਜਾਂਦਾ ਹੈ ਕਿ ਉਹ ਕੇਸ ਦੀ ਨਿਰਪੱਖ ਜਾਂਚ ਦਾ ਵਿਰੋਧ ਕਰਨ ਵਿਚ ਆਪ ਸਰਕਾਰ ਦੇ ਨਾਲ ਡਟੇ ਹੋਏ ਹਨ।

# ਭਾਰਤ ਦੇ ਚੋਟੀ ਦੇ 9 ਮੰਦਰਾਂ ਕੋਲ 9 ਲੱਖ ਕਰੋੜ ਦੀ ਜਾਇਦਾਦ

## ਤਿਰੂਪਤੀ ਬਾਲਾਜੀ ਦੁਨੀਆਂ ਦਾ ਤੀਜਾ ਸਭ ਤੋਂ ਅਮੀਰ ਧਾਰਮਿਕ ਸਥਾਨ

ਨਵੀਂ ਦਿੱਲੀ, 23 ਮਾਰਚ (ਚ.ਨ.ਸ.): ਭਾਰਤ ਦੇ ਚੋਟੀ ਦੇ 9 ਸਭ ਤੋਂ ਅਮੀਰ ਮੰਦਰਾਂ ਕੋਲ 9 ਲੱਖ ਕਰੋੜ ਤੋਂ ਵੱਧ ਦੀ ਜਾਇਦਾਦ ਹੈ। ਗਲੋਬਲ ਵੈਲਥ ਇੰਡੈਕਸ 2026 ਦੇ ਅਨੁਸਾਰ, ਤਿਰੂਪਤੀ ਬਾਲਾਜੀ ਮੰਦਰ ਦੁਨੀਆ ਦਾ ਤੀਜਾ ਸਭ ਤੋਂ ਅਮੀਰ ਧਾਰਮਿਕ ਸਥਾਨ ਹੈ, ਜਿਸ ਦੀ ਚੱਲ ਅਤੇ ਅਚੱਲ ਜਾਇਦਾਦ 3.38 ਲੱਖ ਕਰੋੜ ਰੁਪਏ ਹੈ। ਅੰਤਰਰਾਸ਼ਟਰੀ ਮੁਦਰਾ ਫੰਡ ਅਤੇ ਵਿਸ਼ਵ ਬੈਂਕ ਦੇ ਅੰਕੜਿਆਂ ਅਨੁਸਾਰ, ਤਿਰੂਪਤੀ ਮੰਦਰ ਦੀ ਕੁੱਲ ਦੌਲਤ ਸਾਈਪ੍ਰਸ, ਆਈਸਲੈਂਡ ਤੇ ਐਸਟੋਨੀਆ ਸਮੇਤ 100 ਛੋਟੇ ਦੇਸ਼ਾਂ ਦੀ ਜੀ.ਡੀ.ਪੀ. ਤੋਂ ਵੱਧ ਹੈ। ਮੰਦਰ ਨੂੰ ਨਿਯਮਤ ਅਤੇ ਵਿਸ਼ੇਸ਼ ਮੌਕਿਆਂ 'ਤੇ ਔਸਤਨ 1 ਕਰੋੜ ਤੋਂ 5 ਕਰੋੜ ਦੇ ਵਿਚਕਾਰ ਦਾਨ ਮਿਲਦਾ ਹੈ। ਇਸ ਸਾਲ, 17 ਮਾਰਚ ਨੂੰ, ਇੱਕ ਦਿਨ ਵਿੱਚ ਕੁੱਲ 4.88 ਕਰੋੜ ਦਾਨ ਚੜ੍ਹਾਇਆ ਗਿਆ। ਇਸੇ ਤਰ੍ਹਾਂ, ਕੇਰਲਾ ਦਾ ਪਦਮਨਾਭਸਵਾਮੀ ਮੰਦਰ ਪ੍ਰਾਚੀਨ ਖਜ਼ਾਨਿਆਂ ਵਿੱਚ ਸਭ ਤੋਂ ਅਮੀਰ ਹੈ। ਇਸ ਦੀ 99% ਦੌਲਤ 'ਪ੍ਰਾਚੀਨ ਖਜ਼ਾਨਿਆਂ' ਦੇ ਰੂਪ ਵਿੱਚ ਹੈ, ਜਿਸ ਵਿੱਚ



ਸੋਨੇ ਦੀਆਂ ਮੂਰਤੀਆਂ, ਸਿੱਕੇ ਅਤੇ ਹੀਰੇ ਸ਼ਾਮਲ ਹਨ। ਅੱਜ ਇਸ ਦਾ ਬਾਜ਼ਾਰ ਮੁੱਲ 2 ਲੱਖ ਕਰੋੜ ਤੋਂ ਵੱਧ ਹੈ। ਇਹ ਸਰਕਾਰ ਅਤੇ ਸੁਪਰੀਮ ਕੋਰਟ ਦੁਆਰਾ ਸੁਰੱਖਿਅਤ ਹੈ। ਮਾਰਚ, 2024 ਤੋਂ ਬਾਅਦ ਚੋਟੀ ਦੇ ਤਿੰਨ ਧਾਰਮਿਕ ਸਥਾਨਾਂ ਦੀ ਕੁੱਲ ਦੌਲਤ ਵਿਚ ਕਾਫ਼ੀ ਵਾਧਾ ਹੋਇਆ ਹੈ। ਹਾਲਾਂਕਿ, ਸੋਨਾ ਇਸ ਦਾ ਮੁੱਖ ਕਾਰਨ ਹੈ। ਉਸ ਸਮੇਂ, ਸੋਨਾ ਲਗਭਗ 65,000 ਪ੍ਰਤੀ 10 ਗ੍ਰਾਮ ਸੀ। ਅੱਜ, ਇਹ 1.50 ਲੱਖ ਰੁਪਏ ਹੈ। ਇਸ ਤਰ੍ਹਾਂ, ਇਨ੍ਹਾਂ ਦੋ ਸਾਲਾਂ ਵਿੱਚ ਤਿਰੂਪਤੀ ਮੰਦਰ ਦੀ ਦੌਲਤ ਵਿੱਚ 35%, ਪਦਮਨਾਭਸਵਾਮੀ ਮੰਦਰ ਵਿੱਚ 100% ਅਤੇ ਜਗਨਨਾਥ ਪੁਰੀ ਮੰਦਰ ਵਿੱਚ ਲਗਭਗ 50% ਦਾ ਵਾਧਾ ਹੋਇਆ ਹੈ। ਹਾਲਾਂਕਿ, ਇਨ੍ਹਾਂ ਮੰਦਰਾਂ ਨੂੰ ਨਕਦ ਦਾਨ ਵਿੱਚ ਸਿਰਫ 10 ਤੋਂ 12% ਦਾ ਵਾਧਾ ਹੋਇਆ ਹੈ। ਤਿਰੂਪਤੀ ਮੰਦਰ ਦੀ ਆਮਦਨ ਦਾ ਇੱਕ ਵੱਡਾ ਹਿੱਸਾ ਇਸ ਦੇ 11 ਟਨ ਤੋਂ ਵੱਧ ਸੋਨੇ ਦੇ ਭੰਡਾਰ 'ਤੇ ਪ੍ਰਾਪਤ ਵਿਆਜ ਤੋਂ ਆਉਂਦਾ ਹੈ, ਜੋ ਦੇਸ਼ ਭਰ ਦੇ ਵੱਖ-ਵੱਖ ਬੈਂਕਾਂ ਵਿੱਚ ਜਮ੍ਹਾ ਹੈ। ਅੰਕੜਿਆਂ ਅਨੁਸਾਰ, ਪੁਰੀ ਜਗਨਨਾਥ ਮੰਦਰ ਕੋਲ 60,000 ਏਕੜ ਤੋਂ ਵੱਧ ਜ਼ਮੀਨ ਹੈ। ਇਹ ਜ਼ਮੀਨ ਓਡੀਸ਼ਾ ਦੇ 30 ਜ਼ਿਲ੍ਹਿਆਂ ਵਿੱਚੋਂ 24 ਵਿੱਚ ਫੈਲੀ ਹੋਈ ਹੈ। ਮੰਦਰ ਕੋਲ ਛੇ ਹੋਰ ਰਾਜਾਂ ਵਿੱਚ ਵੀ 395 ਏਕੜ ਜ਼ਮੀਨ ਹੈ। ਮੰਦਰ ਦੇ ਖਜ਼ਾਨੇ, ਜ਼ਮੀਨ ਅਤੇ ਹੋਰ ਚੱਲ ਅਤੇ ਅਚੱਲ ਸੰਪਤੀਆਂ ਦੀ ਕੀਮਤ 1.2 ਲੱਖ ਕਰੋੜ ਹੈ। ਅਯੁੱਧਿਆ ਵਿੱਚ ਸ਼੍ਰੀ ਰਾਮ ਜਨਮ ਭੂਮੀ ਮੰਦਰ ਦੀ ਤਸਵੀਰ ਦੋ ਸਾਲਾਂ ਵਿੱਚ ਤੇਜ਼ੀ ਨਾਲ ਬਦਲ ਗਈ ਹੈ। ਮੰਦਰ ਦੀ ਆਮਦਨ ਦਾ ਮੁੱਖ ਸਰੋਤ ਦਾਨ ਅਤੇ ਬੈਂਕ ਜਮ੍ਹਾਂ ਰਾਸ਼ੀਆਂ 'ਤੇ ਵਿਆਜ ਹੈ। ਮੰਦਰ ਦੀ ਅਚੱਲ ਜਾਇਦਾਦ ਵਿੱਚ ਲਗਭਗ 70 ਏਕੜ ਦਾ ਮੁੱਖ ਕੈਂਪਸ ਅਤੇ ਇਸ ਦੇ ਆਲੇ ਦੁਆਲੇ ਪ੍ਰਾਪਤ ਕੀਤੀ ਜ਼ਮੀਨ ਸ਼ਾਮਲ ਹੈ। ਇਸ ਤੋਂ ਇਲਾਵਾ, ਨਿਰਮਾਣ ਅਧੀਨ ਮੰਦਰ ਦਾ ਸ਼ਾਨਦਾਰ ਢਾਂਚਾ (ਜਿਸ ਦੀ ਨਿਰਮਾਣ ਲਾਗਤ ਸਿਰਫ 1,800 ਕਰੋੜ ਰੁਪਏ ਤੋਂ ਵੱਧ ਹੈ), ਜਿਸ ਨਾਲ ਇਸ ਦੀ ਕੁੱਲ ਜਾਇਦਾਦ 6,000 ਕਰੋੜ ਤੋਂ 8,000 ਕਰੋੜ ਰੁਪਏ ਤੋਂ ਵੱਧ ਹੋ ਗਈ ਹੈ।

# ਗੈਂਗਸਟਰਾਂ 'ਤੇ ਵਾਰ ਦੇ 62ਵੇਂ ਦਿਨ 447 ਥਾਵਾਂ ਉੱਤੇ ਛਾਪੇਮਾਰੀ ਦੌਰਾਨ 186 ਕਾਬੂ

ਚੰਡੀਗੜ੍ਹ, 23 ਮਾਰਚ (ਚ.ਨ.ਸ.): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਹੇਠ ਸ਼ੁਰੂ ਕੀਤੀ ਗਈ ਫੈਸਲਾਕੁੰਨ "ਗੈਂਗਸਟਰਾਂ 'ਤੇ ਵਾਰ"





ਮੁਹਿੰਮ ਦੇ 62ਵੇਂ ਦਿਨ ਪੰਜਾਬ ਪੁਲਿਸ ਨੇ ਅੱਜ ਸੂਬੇ ਭਰ ਵਿੱਚ ਗੈਂਗਸਟਰਾਂ ਦੇ ਸਾਥੀਆਂ ਦੇ ਪਛਾਣੇ ਗਏ ਅਤੇ ਮੈਪ ਕੀਤੇ 447 ਟਿਕਾਣਿਆਂ 'ਤੇ ਛਾਪੇਮਾਰੀ ਕੀਤੀ। ਜ਼ਿਕਰਯੋਗ ਹੈ ਕਿ "ਗੈਂਗਸਟਰਾਂ ਤੇ ਵਾਰ"- ਪੰਜਾਬ ਨੂੰ ਗੈਂਗਸਟਰ ਮੁਕਤ ਸੂਬਾ ਬਣਾਉਣ ਲਈ ਫੈਸਲਾਕੁੰਨ ਜੰਗ ਹੈ, ਜੋ 20 ਜਨਵਰੀ, 2026 ਨੂੰ ਪੁਲਿਸ ਡਾਇਰੈਕਟਰ ਜਨਰਲ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਸ਼ੁਰੂ ਕੀਤੀ ਸੀ। ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਪੰਜਾਬ ਦੇ ਤਾਲਮੇਲ ਨਾਲ ਸਾਰੇ ਜ਼ਿਲ੍ਹਿਆਂ ਦੀਆਂ ਪੁਲਿਸ ਟੀਮਾਂ ਰਾਜ ਭਰ ਵਿੱਚ ਵਿਸ਼ੇਸ਼ ਕਾਰਵਾਈਆਂ ਕਰ ਰਹੀਆਂ ਹਨ।

62ਵੇਂ ਦਿਨ, ਪੁਲਿਸ ਟੀਮਾਂ ਨੇ 186 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ, ਜਿਸ ਨਾਲ ਮੁਹਿੰਮ ਦੀ ਸ਼ੁਰੂਆਤ ਤੋਂ ਹੁਣ ਤੱਕ ਕੁੱਲ ਗ੍ਰਿਫਤਾਰੀਆਂ ਦੀ ਗਿਣਤੀ 16,497 ਹੋ ਗਈ ਹੈ। ਇਸ ਤੋਂ ਇਲਾਵਾ 52 ਵਿਅਕਤੀਆਂ ਵਿਰੁੱਧ ਇਹਤਿਆਤੀ ਕਾਰਵਾਈ ਕੀਤੀ ਗਈ ਹੈ, ਜਦੋਂ ਕਿ 74 ਵਿਅਕਤੀਆਂ ਨੂੰ ਤਫਤੀਸ਼ ਅਤੇ ਪੁੱਛਗਿੱਛ ਤੋਂ ਬਾਅਦ ਛੱਡ ਦਿੱਤਾ ਗਿਆ। ਪੁਲਿਸ ਟੀਮਾਂ ਨੇ ਕਾਰਵਾਈ ਦੌਰਾਨ 3 ਭਗੌੜੇ ਅਪਰਾਧੀਆਂ ਨੂੰ ਵੀ ਗ੍ਰਿਫਤਾਰ ਕੀਤਾ ਹੈ। ਲੋਕ ਐਂਟੀ ਗੈਂਗਸਟਰ ਹੈਲਪਲਾਈਨ 93946-93946 ਰਾਹੀਂ ਗੁਪਤ ਰੂਪ ਵਿਚ ਲੋੜੀਂਦੇ ਅਪਰਾਧੀਆਂ ਤੇ ਗੈਂਗਸਟਰਾਂ ਬਾਰੇ ਜਾਣਕਾਰੀ ਦੇ ਸਕਦੇ ਹਨ ਤੇ ਅਪਰਾਧ ਤੇ ਅਪਰਾਧਿਕ ਗਤੀਵਿਧੀਆਂ ਬਾਰੇ ਸੂਹ /ਜਾਣਕਾਰੀ ਵੀ ਸਾਂਝੇ ਕਰ ਸਕਦੇ ਹਨ।

ਇਸ ਦੌਰਾਨ ਪੁਲਿਸ ਟੀਮਾਂ ਨੇ ਨਸ਼ਿਆਂ ਵਿਰੁੱਧ ਆਪਣੀ ਮੁਹਿੰਮ "ਯੁੱਧ ਨਸ਼ਿਆਂ ਵਿਰੁੱਧ" ਨੂੰ 387ਵੇਂ ਦਿਨ ਵੀ ਜਾਰੀ ਰੱਖਦਿਆਂ ਅੱਜ 102 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ 6.2 ਕਿਲੋ ਹੈਰੋਇਨ, 10 ਕਿਲੋ ਭੁੱਕੀ, 2162 ਨਸ਼ੀਲੀਆਂ ਗੋਲੀਆਂ/ਕੈਪਸੂਲ ਅਤੇ 17,113 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ। ਇਸ ਨਾਲ ਸਿਰਫ 387 ਦਿਨਾਂ ਵਿੱਚ ਗ੍ਰਿਫਤਾਰ ਕੀਤੇ ਗਏ ਕੁੱਲ ਡਰੱਗ ਤਸਕਰਾਂ ਦੀ ਗਿਣਤੀ 55,152 ਹੋ ਗਈ ਹੈ। ਨਸ਼ਾ ਛੁਡਾਊ ਮੁਹਿੰਮ ਦੇ ਹਿੱਸੇ ਵਜੋਂ, ਪੰਜਾਬ ਪੁਲਿਸ ਨੇ ਅੱਜ 23 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

# ਨਸ਼ਾ ਤਸਕਰੀ ਮਾਡਿਊਲ ਦੇ ਦੋ ਕਾਰਕੁੰਨ 5 ਕਿਲੋ ਹੈਰੋਇਨ ਸਮੇਤ ਕਾਬੂ

ਚੰਡੀਗੜ੍ਹ/ਅੰਮ੍ਰਿਤਸਰ, 23 ਮਾਰਚ (ਚ.ਨ.ਸ.): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਚੱਲ ਰਹੀ ਮੁਹਿੰਮ ਦੌਰਾਨ ਵੱਡੀ ਸਫਲਤਾ ਤਹਿਤ ਕਾਊਂਟਰ ਇੰਟੈਲੀਜੈਂਸ (ਸੀ.ਆਈ.) ਅੰਮ੍ਰਿਤਸਰ ਨੇ ਨਸ਼ਾ ਤਸਕਰੀ ਕਰਨ ਵਾਲੇ ਮਾਡਿਊਲ ਦੇ ਦੋ ਕਾਰਕੁੰਨਾਂ ਨੂੰ 5 ਕਿਲੋ ਹੈਰੋਇਨ ਸਮੇਤ ਗ੍ਰਿਫਤਾਰ ਕਰਕੇ ਇਸ ਗਿਰੋਹ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਅੱਜ ਇੱਥੇ ਸਾਂਝੀ ਕੀਤੀ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਅੰਮ੍ਰਿਤਸਰ ਦੇ ਖੱਟਰਾਏ ਖੁਰਦ ਦੇ ਰਹਿਣ ਵਾਲੇ ਮਨਿੰਦਰ ਸਿੰਘ ਤੇ ਅੰਮ੍ਰਿਤਸਰ ਦੇ ਫਿਰਵਾੜੀਆ ਦੇ ਰਹਿਣ ਵਾਲੇ ਗੁਰਜੰਟ ਸਿੰਘ ਵਜੋਂ ਹੋਈ ਹੈ। ਪੁਲਿਸ ਟੀਮਾਂ ਨੇ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਤੋਂ ਇਲਾਵਾ ਮੁਲਜ਼ਮਾਂ ਦੀ ਹੈਚਬੈਕ ਹੁੰਡਈ ਆਈ-20 ਕਾਰ (ਨੰਬਰ 'ਪੀਬੀ10 ਜੀਐਚ 0140), ਨੂੰ ਵੀ ਜ਼ਬਤ ਕੀਤਾ ਹੈ, ਜਿਸਦੀ ਵਰਤੋਂ ਉਹ ਖੇਪਾਂ ਲਿਆਉਣ-ਲਿਜਾਣ ਲਈ ਕਰਦੇ ਸਨ।





ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਪਾਕਿਸਤਾਨ ਅਧਾਰਤ ਤਸਕਰ ਅਤੇ ਸਰਹੱਦ ਪਾਰੋਂ ਖੇਪਾਂ ਸਪਲਾਈ ਕਰਨ ਵਾਲੇ ਇੱਕ ਵਿਦੇਸ਼ੀ ਹੈਂਡਲਰ ਦੇ ਸੰਪਰਕ ਵਿੱਚ ਸਨ।

ਇਸ ਆਪ੍ਰੇਸ਼ਨ ਸਬੰਧੀ ਵੇਰਵੇ ਸਾਂਝੇ ਕਰਦਿਆਂ ਉਨ੍ਹਾਂ ਕਿਹਾ ਕਿ ਸੀ.ਆਈ. ਅੰਮ੍ਰਿਤਸਰ ਦੀਆਂ ਪੁਲਿਸ ਟੀਮਾਂ ਨੂੰ ਪੁਖ਼ਤਾ ਇਤਲਾਹ ਮਿਲੀ ਸੀ ਕਿ ਇੱਕ ਵਿਦੇਸ਼ੀ ਵਿਅਕਤੀ ਪਾਕਿਸਤਾਨ ਅਧਾਰਤ ਨਸ਼ਾ ਤਸਕਰ ਦੇ ਸੰਪਰਕ ਵਿੱਚ ਹੈ ਤੇ ਉਹ ਦੋਵੇਂ ਮਿਲ ਕੇ ਆਪਣੇ ਪੰਜਾਬ-ਅਧਾਰਤ ਸਾਥੀਆਂ, ਮਨਿੰਦਰ ਸਿੰਘ ਤੇ ਗੁਰਜੰਟ ਸਿੰਘ, ਦੀ ਮਦਦ ਨਾਲ ਸੂਬੇ ਵਿੱਚ ਨਸ਼ਾ ਤਸਕਰੀ ਦਾ ਨੈੱਟਵਰਕ ਚਲਾ ਰਹੇ ਹਨ।

ਉਨ੍ਹਾਂ ਦੱਸਿਆ ਕਿ ਜਾਣਕਾਰੀ ਤੋਂ ਅੱਗੇ ਪਤਾ ਲੱਗਾ ਹੈ ਕਿ ਦੋਵਾਂ ਕਾਰਕੁੰਨਾਂ ਨੂੰ ਆਪਣੇ ਹੈਂਡਲਰ ਤੋਂ ਨਸ਼ੀਲੇ ਪਦਾਰਥਾਂ ਦੀ ਖੇਪ ਪ੍ਰਾਪਤ ਹੋਈ ਸੀ, ਜਿਸਨੂੰ ਕਿਸੇ ਹੋਰ ਪਾਰਟੀ ਤੱਕ ਪਹੁੰਚਾਉਣ ਲਈ ਉਹ ਆਪਣੀ ਆਈ-20 ਕਾਰ 'ਤੇ ਜ਼ਿਲ੍ਹਾ ਅੰਮ੍ਰਿਤਸਰ ਦੇ ਅਜਨਾਲਾ ਖੇਤਰ ਦੇ ਪਿੰਡ ਧਾਰੀਵਾਲ ਆ ਰਹੇ ਹਨ। ਡੀਜੀਪੀ ਨੇ ਕਿਹਾ ਕਿ ਇਸ 'ਤੇ ਫੌਰੀ ਕਾਰਵਾਈ ਕਰਦਿਆਂ ਪੁਲਿਸ ਟੀਮਾਂ ਨੇ ਇਸ ਜਗ੍ਹਾ ਦੇ ਆਲੇ-ਦੁਆਲੇ ਨਾਕੇ ਲਗਾਏ ਅਤੇ ਦੋਵਾਂ ਸ਼ੱਕੀਆਂ ਨੂੰ ਰੋਕ ਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ 5 ਕਿਲੋ ਹੈਰੋਇਨ ਬਰਾਮਦ ਕੀਤੀ। ਇਸ ਸੰਬਧੀ ਹੋਰ ਜਾਂਚ ਜਾਰੀ ਹੈ।

ਇਸ ਸਬੰਧ ਵਿੱਚ ਐਫਆਈਆਰ ਨੰਬਰ 18 ਮਿਤੀ 21.03.2026 ਨੂੰ ਪੁਲਿਸ ਸਟੇਸ਼ਨ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ, ਅੰਮ੍ਰਿਤਸਰ ਵਿਖੇ ਐਨਡੀਪੀਐਸ ਐਕਟ ਦੀ ਧਾਰਾ 21, 25 ਤੇ 29 ਤਹਿਤ ਕੇਸ ਦਰਜ ਕੀਤਾ ਗਿਆ ਹੈ।

# ਲਾਲਜੀਤ ਭੁੱਲਰ ਦੀ ਗ੍ਰਿਫ਼ਤਾਰੀ; ਅਮਿਤ ਸ਼ਾਹ ਦੇ ਬਿਆਨ 'ਤੇ ਸੀ.ਬੀ.ਆਈ. ਦੇ ਡਰ ਦਾ ਨਤੀਜਾ : ਸੁਨੀਲ ਜਾਖੜ

- ਸਰਕਾਰ ਨਹੀਂ ਚਾਹੁੰਦੀ ਕਿ ਕੇਸ ਸੀਬੀਆਈ ਕੋਲ ਜਾਵੇ
- ਕੇਸ ਦੀ ਸੁਣਵਾਈ ਫਾਸਟ ਟਰੈਕ ਕੋਰਟ ਵਿੱਚ ਹੋਵੇ; ਜਾਂਚ ਸੀਬੀਆਈ ਕਰੇ
- ਭਾਜਪਾ ਪੂਰਾ ਨਿਆਂ ਮਿਲਣ ਤੱਕ ਸੰਘਰਸ਼ ਜਾਰੀ ਰੱਖੇਗੀ
- ਭਾਜਪਾ ਵੱਲੋਂ ਪੰਜਾਬ ਭਰ ਵਿੱਚ ਜ਼ਿਲ੍ਹਾ ਪੱਧਰ 'ਤੇ ਧਰਨੇ

ਚੰਡੀਗੜ੍ਹ, 23 ਮਾਰਚ (ਹਰਦੀਪ ਕੌਰ): ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਅੱਜ ਪੰਜਾਬ ਭਰ ਦੇ ਜ਼ਿਲ੍ਹਾ ਹੈਡਕੁਆਰਟਰਾਂ 'ਤੇ ਧਰਨੇ ਦਿੱਤੇ, ਜਿਨ੍ਹਾਂ ਵਿੱਚ ਸਾਬਕਾ ਆਪ ਮੰਤਰੀ ਲਾਲਜੀਤ ਸਿੰਘ ਭੁੱਲਰ ਖਿਲਾਫ ਜਾਂਚ ਸੀਬੀਆਈ ਨੂੰ ਦੇਣ ਦੀ ਮੰਗ ਕੀਤੀ ਗਈ। ਇਸ ਦੌਰਾਨ ਸੂਬਾ ਭਾਜਪਾ ਪ੍ਰਧਾਨ ਸੁਨੀਲ ਜਾਖੜ ਦੀ ਅਗਵਾਈ ਹੇਠ ਪਟਿਆਲਾ ਵਿੱਚ ਲਾਲਜੀਤ ਸਿੰਘ ਭੁੱਲਰ ਦਾ ਪੁਤਲਾ ਵੀ ਸਾੜਿਆ ਗਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੁਨੀਲ ਜਾਖੜ ਨੇ ਕਿਹਾ ਕਿ ਲਾਲਜੀਤ ਸਿੰਘ ਭੁੱਲਰ ਦੀ ਗ੍ਰਿਫਤਾਰੀ ਦਰਅਸਲ ਉਸ ਵੇਲੇ ਹੋਈ ਜਦੋਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇਸ ਕੇਸ ਦੀ ਜਾਂਚ ਸੀਬੀਆਈ ਨੂੰ ਦੇਣ ਦਾ ਸੰਕੇਤ ਦਿੱਤਾ ਤੇ ਭਾਜਪਾ ਵੱਲੋਂ ਇਸ ਮਾਮਲੇ 'ਤੇ ਬਣੇ ਦਬਾਅ ਕਾਰਨ ਇਹ ਕਦਮ ਚੁੱਕਿਆ ਗਿਆ। ਉਨ੍ਹਾਂ ਦੋਸ਼ ਲਾਇਆ ਕਿ ਸੂਬਾ ਸਰਕਾਰ ਨਹੀਂ ਚਾਹੁੰਦੀ ਕਿ ਕੇਸ ਸੀਬੀਆਈ ਕੋਲ ਜਾਵੇ ਕਿਉਂਕਿ ਇਸ ਨਾਲ ਦਿੱਲੀ ਸਮੇਤ ਆਪ ਆਗੂਆਂ ਨਾਲ ਜੁੜੀਆਂ ਕਈ ਪਰਤਾਂ ਖੁੱਲ੍ਹ ਜਾਣਗੀਆਂ ਤੇ ਇਹ ਵੀ ਸਾਹਮਣੇ ਆਵੇਗਾ ਕਿ ਮੰਤਰੀਆਂ ਵੱਲੋਂ ਇਕੱਠਾ



ਕੀਤਾ ਗਿਆ ਪੈਸਾ ਕਿੱਥੇ ਭੇਜਿਆ ਜਾਂਦਾ ਸੀ।

ਜਾਖੜ ਨੇ ਕਿਹਾ ਕਿ ਇਸ ਤੋਂ ਪਹਿਲਾਂ ਵੀ ਡੀਆਈਜੀ ਭੁੱਲਰ ਦੇ ਕੇਸ ਵਿੱਚ ਪੰਜਾਬ ਸਰਕਾਰ ਨੇ ਜਾਂਚ ਸੀਬੀਆਈ ਕੋਲ ਜਾਣ ਤੋਂ ਰੋਕਣ ਦੀ ਕੋਸ਼ਿਸ਼ ਕੀਤੀ ਸੀ। ਉਨ੍ਹਾਂ ਦਾਅਵਾ ਕੀਤਾ ਕਿ ਹੁਣ ਵੀ ਗ੍ਰਿਫਤਾਰੀ ਇਸੇ ਮਕਸਦ ਨਾਲ ਕੀਤੀ ਗਈ ਹੈ ਤਾਂ ਜੋ ਕੇਸ ਨੂੰ ਲੰਮਾ ਖਿੱਚਿਆ ਜਾ ਸਕੇ। ਹਾਲਾਂਕਿ ਉਨ੍ਹਾਂ ਕਿਹਾ ਕਿ ਭਾਜਪਾ ਅਜਿਹਾ ਨਹੀਂ ਹੋਣ ਦੇਵੇਗੀ ਤੇ ਪਾਰਟੀ ਪੂਰਾ ਨਿਆਂ ਮਿਲਣ ਤੱਕ ਸੰਘਰਸ਼ ਕਰਦੀ ਰਹੇਗੀ ਤੇ ਪੀੜਤ ਪਰਿਵਾਰ ਦੇ ਨਾਲ ਡੱਟ ਕੇ ਖੜ੍ਹੀ ਰਹੇਗੀ। ਭਾਜਪਾ ਸੂਬਾ ਪ੍ਰਧਾਨ ਨੇ ਮੰਗ ਕੀਤੀ ਕਿ ਇਸ ਕੇਸ ਦੀ ਜਾਂਚ ਸੀਬੀਆਈ ਕਰੇ ਤੇ ਸੁਣਵਾਈ ਫਾਸਟ ਟਰੈਕ ਕੋਰਟ ਵਿੱਚ ਹੋਵੇ ਤਾਂ ਜੋ ਦੋਸ਼ੀਆਂ ਨੂੰ ਜਲਦੀ ਤੋਂ ਜਲਦੀ ਸਜ਼ਾ ਮਿਲੇ ਅਤੇ ਪਰਿਵਾਰ ਨੂੰ ਨਿਆਂ ਮਿਲ ਸਕੇ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਸਰਕਾਰ ਕੇਸ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ ਅਤੇ ਪੀੜਤ ਪਰਿਵਾਰ 'ਤੇ ਅਜੇ ਵੀ ਦਬਾਅ ਬਣਾਇਆ ਜਾ ਰਿਹਾ ਹੈ।

## ਸੰਪਾਦਕੀ

# ਗੁੰਝਲਦਾਰ ਸਥਿਤੀ

ਪੱਛਮੀ ਏਸ਼ੀਆ ਵਿੱਚ ਈਰਾਨ 'ਤੇ ਇਜ਼ਰਾਈਲ ਅਤੇ ਅਮਰੀਕਾ ਦੇ ਹਮਲਿਆਂ ਤੋਂ ਬਾਅਦ, ਸਥਿਤੀ ਹੋਰ ਵੀ ਗੁੰਝਲਦਾਰ ਹੁੰਦੀ ਜਾ ਰਹੀ ਹੈ। ਸਪੱਸ਼ਟ ਤੌਰ 'ਤੇ ਜਦੋਂ ਕਿ ਯੁੱਧ ਦਾ ਸਿੱਧਾ ਪ੍ਰਭਾਵ ਸਿਰਫ ਪ੍ਰਭਾਵਿਤ ਦੇਸ਼ਾਂ 'ਤੇ ਹੀ ਮਹਿਸੂਸ ਕੀਤਾ ਜਾ ਰਿਹਾ ਹੈ, ਇਹ ਹੁਣ ਉਨ੍ਹਾਂ ਦੇਸ਼ਾਂ ਨੂੰ ਵੀ ਪ੍ਰਭਾਵਿਤ ਕਰ ਰਿਹਾ ਹੈ ਜੋ ਆਪਣੀਆਂ ਬਹੁਤ ਸਾਰੀਆਂ ਜ਼ਰੂਰਤਾਂ ਲਈ ਮੱਧ ਪੂਰਬ 'ਤੇ ਘੱਟ ਜਾਂ ਵੱਧ ਨਿਰਭਰ ਹਨ। ਉਦਾਹਰਣ ਵਜੋਂ, ਜਦੋਂ ਤੋਂ ਈਰਾਨ ਨੇ ਹੋਰਮੁਜ਼ ਜਲਡਮਰੂ ਨੂੰ ਰੋਕਿਆ ਹੈ, ਉਸ ਰਸਤੇ ਰਾਹੀਂ ਤੇਲ ਅਤੇ ਗੈਸ ਲੈ ਜਾਣ ਵਾਲੇ ਲਗਭਗ ਸਾਰੇ ਦੇਸ਼ਾਂ ਦੇ ਜਹਾਜ਼ਾਂ ਨੂੰ ਰੋਕ ਦਿੱਤਾ ਗਿਆ ਹੈ। ਕੁਝ ਖਾਸ ਹਾਲਤਾਂ ਵਿੱਚ ਅੰਸ਼ਕ ਇਜਾਜ਼ਤ ਦਿੱਤੀ ਜਾ ਰਹੀ ਹੈ, ਪਰ ਇਹ ਨੇੜਲੇ ਭਵਿੱਖ ਵਿੱਚ ਇੱਕ ਵਿਆਪਕ ਸੰਕਟ ਨੂੰ ਟਾਲ ਨਹੀਂ ਸਕਦਾ। ਤੇਲ ਅਤੇ ਗੈਸ ਸਪਲਾਈ ਦੀ ਗੰਭੀਰ ਘਾਟ ਤੋਂ ਪੈਦਾ ਹੋਣ ਵਾਲੀਆਂ ਮੁਸ਼ਕਲਾਂ ਨੂੰ ਹੱਲ ਕਰਨ ਲਈ ਭਾਰਤ ਰੂਸ ਸਮੇਤ ਹੋਰ ਵਿਕਲਪਾਂ ਵੱਲ ਮੁੜਿਆ ਹੈ, ਪਰ ਇਹ ਸਥਿਤੀ ਨੂੰ ਆਮ ਬਣਾਉਣ ਵਿੱਚ ਸੀਮਤ ਸਹਾਇਤਾ ਪ੍ਰਦਾਨ ਕਰੇਗਾ। ਇਹ ਬਿਨਾਂ ਵਜ੍ਹਾ ਨਹੀਂ ਹੈ ਕਿ, ਵਿਸ਼ਵ ਪੱਧਰ 'ਤੇ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਵਾਧੇ ਦੇ ਵਿਚਕਾਰ, ਭਾਰਤ ਨੇ ਸ਼ੁੱਕਰਵਾਰ ਨੂੰ ਪ੍ਰੀਮੀਅਮ ਪੈਟਰੋਲ ਦੀ ਕੀਮਤ ਵਿੱਚ ਲਗਭਗ ਦੋ ਰੁਪਏ ਅਤੇ ਉਦਯੋਗਿਕ ਉਪਭੋਗਤਾਵਾਂ ਨੂੰ ਵੇਚੇ ਜਾਣ ਵਾਲੇ ਡੀਜ਼ਲ ਦੀ ਕੀਮਤ ਵਿੱਚ ਬਾਈ ਰੁਪਏ ਦਾ ਵਾਧਾ ਕੀਤਾ। ਹਾਲਾਂਕਿ ਨਿਯਮਤ ਪੈਟਰੋਲ ਅਤੇ ਡੀਜ਼ਲ ਦੀਆਂ ਮੌਜੂਦਾ ਕੀਮਤਾਂ ਵਿੱਚ ਕੋਈ ਬਦਲਾਅ ਨਹੀਂ ਹੋਇਆ ਹੈ, ਪਰ ਇਹ ਅੰਦਾਜ਼ਾ ਲਗਾਉਣਾ ਮੁਸ਼ਕਲ ਹੈ ਕਿ ਇਹ ਕੀਮਤਾਂ ਕਿੰਨੀ ਦੇਰ ਸਥਿਰ ਰਹਿਣਗੀਆਂ। ਉਦਾਹਰਣ ਵਜੋਂ ਜੇਕਰ ਭਾਰੀ ਉਦਯੋਗਾਂ ਅਤੇ ਵੱਡੀਆਂ ਮਸ਼ੀਨਰੀਆਂ ਵਿੱਚ ਵਰਤੇ ਜਾਣ ਵਾਲੇ ਉਦਯੋਗਿਕ ਡੀਜ਼ਲ ਦੀ ਕੀਮਤ ਵਿੱਚ ਕਾਫ਼ੀ ਵਾਧਾ ਹੁੰਦਾ ਹੈ ਤਾਂ ਇਸਦਾ ਸਿੱਧਾ ਅਸਰ ਉਤਪਾਦਨ ਦੀ ਲਾਗਤ 'ਤੇ ਪਵੇਗਾ। ਨਤੀਜੇ ਵਜੋਂ, ਜੇਕਰ ਉਦਯੋਗਿਕ ਕੰਪਨੀਆਂ ਦੇ ਮੁਨਾਫ਼ੇ ਵਿੱਚ ਗਿਰਾਵਟ ਆਉਂਦੀ ਹੈ, ਤਾਂ ਇਸ ਨਾਲ ਕੁਦਰਤੀ ਤੌਰ 'ਤੇ ਕਈ ਹੋਰ ਵਸਤੂਆਂ ਦੀਆਂ ਕੀਮਤਾਂ ਵਧ ਸਕਦੀਆਂ ਹਨ। ਰਸੋਈ ਗੈਸ ਸਿਲੰਡਰਾਂ ਦੀ ਸਪਲਾਈ ਵਿੱਚ ਗੰਭੀਰ ਵਿਘਨ ਕਾਰਨ ਲੋਕ ਪਹਿਲਾਂ ਹੀ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ। ਅਜਿਹੀ ਸਥਿਤੀ ਵਿੱਚ ਇਹ ਹੈਰਾਨੀ ਵਾਲੀ ਗੱਲ ਨਹੀਂ ਹੋਵੇਗੀ ਜੇਕਰ ਆਮ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵੀ ਵਧ ਜਾਣ। ਇਸ ਨਾਲ ਬਾਅਦ ਵਿੱਚ ਮਾਲ ਢੋਆ-ਢੁਆਈ ਪ੍ਰਭਾਵਿਤ ਹੋਵੇਗੀ ਅਤੇ ਬਾਜ਼ਾਰ ਵਿੱਚ ਖਾਣ-ਪੀਣ ਦੀਆਂ ਵਸਤੂਆਂ ਦੀਆਂ ਕੀਮਤਾਂ ਵੱਧ ਸਕਦੀਆਂ ਹਨ। ਦਰਅਸਲ, ਭਾਰਤ ਆਪਣੀਆਂ ਕੱਚੇ ਤੇਲ ਅਤੇ ਗੈਸ ਦੀਆਂ ਜ਼ਰੂਰਤਾਂ ਲਈ ਖਾੜੀ ਦੇਸ਼ਾਂ ਤੋਂ ਸਪਲਾਈ 'ਤੇ ਬਹੁਤ ਜ਼ਿਆਦਾ ਨਿਰਭਰ ਹੈ। ਈਰਾਨ ਅਤੇ ਇਜ਼ਰਾਈਲ-ਅਮਰੀਕਾ ਵਿਚਕਾਰ ਜੰਗ ਸ਼ੁਰੂ ਹੋਣ ਤੋਂ ਬਾਅਦ, ਭਾਰਤ ਸਮੇਤ ਦੁਨੀਆ ਦੇ ਕਈ ਦੇਸ਼ਾਂ ਵਿੱਚ ਉੱਥੋਂ ਤੇਲ ਅਤੇ ਗੈਸ ਦੀ ਸਪਲਾਈ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਇੱਕ ਪਾਸੇ, ਪ੍ਰਭਾਵਿਤ ਦੇਸ਼ ਉਮੀਦ ਕਰ ਰਹੇ ਹਨ ਕਿ ਗੱਲਬਾਤ ਰਾਹੀਂ ਮੁੱਦਾ ਹੱਲ ਹੋ ਜਾਵੇ ਅਤੇ ਜੰਗ ਨੂੰ ਰੋਕਿਆ ਜਾਵੇ, ਜਿਸ ਨਾਲ ਪ੍ਰਭਾਵਿਤ ਦੇਸ਼ਾਂ ਵਿੱਚ ਹੋਰ ਵਿਗੜਨ ਤੋਂ ਬਚਿਆ ਜਾ ਸਕੇ। ਦੂਜੇ ਪਾਸੇ ਸਥਿਤੀ ਅਜਿਹੀ ਹੈ ਕਿ ਯੁੱਧ ਵਿੱਚ ਦੋਵੇਂ ਧਿਰਾਂ ਹੁਣ ਵੱਡੇ ਪੱਧਰ 'ਤੇ ਤੇਲ ਸਥਾਪਨਾਵਾਂ ਨੂੰ ਨਿਸ਼ਾਨਾ ਬਣਾ ਰਹੀਆਂ ਹਨ, ਜਿਸ ਨਾਲ ਵਿਆਪਕ ਤਬਾਹੀ ਮਚੀ ਹੋਈ ਹੈ। ਇਹ ਸਪੱਸ਼ਟ ਤੌਰ 'ਤੇ ਮੱਧ ਪੂਰਬ ਤੋਂ ਦੂਜੇ ਦੇਸ਼ਾਂ ਨੂੰ ਤੇਲ ਅਤੇ ਗੈਸ ਦੀ ਸਪਲਾਈ ਵਿੱਚ ਸਿੱਧੇ ਤੌਰ 'ਤੇ ਵਿਘਨ ਪਵੇਗਾ, ਜਿਸ ਨਾਲ ਸੰਕਟ ਦਾ ਘੇਰਾ ਹੋਰ ਵਿਸ਼ਾਲ ਹੋਵੇਗਾ। ਭਾਰਤ ਦੇ ਸਾਹਮਣੇ ਮੌਜੂਦਾ ਸਥਿਤੀ ਵਿੱਚ ਸਰਕਾਰ ਨੂੰ ਕੱਚੇ ਤੇਲ ਅਤੇ ਰਸੋਈ ਗੈਸ ਦੀ ਸਪਲਾਈ ਲਈ ਇੱਕ ਰਸਤਾ ਬਣਾਉਣ ਲਈ ਹਰ ਪੱਧਰ 'ਤੇ ਕੂਟਨੀਤਕ ਪਹਿਲਕਦਮੀਆਂ ਨੂੰ ਤਰਜੀਹ ਦੇਣ ਦੀ ਜ਼ਰੂਰਤ ਹੈ। ਜੇਕਰ ਇਸ ਮੋਰਚੇ 'ਤੇ ਟਾਲ-ਮਟੋਲ ਵਾਲਾ ਤਰੀਕਾ ਅਪਣਾਇਆ ਜਾਂਦਾ ਹੈ, ਤਾਂ ਆਉਣ ਵਾਲੇ ਦਿਨਾਂ ਵਿੱਚ ਇੱਕ ਸੰਕਟ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਕਿਸੇ ਖੇਤਰ ਦੀ ਭੂਗੋਲਿਕ ਸਥਿਤੀ, ਕੁਦਰਤੀ ਸਰੋਤ, ਸਮੁੰਦਰੀ ਰਸਤੇ, ਪਹਾੜ, ਮਾਰੂਥਲ ਅਤੇ ਸਰਹੱਦਾਂ ਉਸ ਦਿਸ਼ਾ ਨੂੰ ਨਿਰਧਾਰਤ ਕਰਦੀਆਂ ਹਨ, ਜਿਸ ਵਿੱਚ ਇਸਦੀ ਰਾਜਨੀਤੀ, ਸੁਰੱਖਿਆ ਨੀਤੀ ਅਤੇ ਕੂਟਨੀਤੀ ਵਿਕਸਤ ਹੋਵੇਗੀ। ਦੱਖਣ-ਪੱਛਮੀ ਏਸ਼ੀਆ, ਦੱਖਣ-ਪੂਰਬੀ ਯੂਰਪ ਅਤੇ ਉੱਤਰ-ਪੂਰਬੀ ਅਫਰੀਕਾ ਵਿੱਚ ਫੈਲਿਆ ਮੱਧ ਪੂਰਬ, ਕੋਈ ਸਪੱਸ਼ਟ ਅਤੇ ਵਿਆਪਕ ਤੌਰ 'ਤੇ ਮਾਨਤਾ ਪ੍ਰਾਪਤ ਭੂਗੋਲਿਕ ਸੀਮਾਵਾਂ ਨਹੀਂ ਹਨ। ਭੂਗੋਲਿਕ ਜਟਿਲਤਾਵਾਂ, ਇਤਿਹਾਸ, ਧਰਮ ਅਤੇ ਕੀਮਤੀ ਕੁਦਰਤੀ ਸਰੋਤਾਂ ਦੁਆਰਾ ਦਰਸਾਈ ਗਈ ਇਸ ਖੇਤਰ ਨੇ ਵਿਸ਼ਵ ਰਾਜਨੀਤੀ ਨੂੰ ਡੂੰਘਾ ਪ੍ਰਭਾਵਿਤ ਕੀਤਾ ਹੈ। ਊਰਜਾ ਸਰੋਤਾਂ ਦੀ ਭਰਪੂਰਤਾ, ਰਣਨੀਤਕ ਸਮੁੰਦਰੀ ਰਸਤੇ ਦੀ ਮੌਜੂਦਗੀ ਅਤੇ ਵੱਡੀਆਂ ਸ਼ਕਤੀਆਂ ਦੇ ਵਿਰੋਧੀ ਹਿੱਤਾਂ ਨੇ ਮੱਧ ਪੂਰਬ ਵਿੱਚ ਰਾਜਨੀਤਿਕ ਸਥਿਤੀ ਨੂੰ ਹੋਰ ਗੁੰਝਲਦਾਰ ਬਣਾ ਦਿੱਤਾ ਹੈ।

**-ਜਗਜੀਤ ਸਿੰਘ ਦਰਦੀ**

### ਅੱਜ 25ਵੇਂ ਦਿਨ ਈਰਾਨ ਇਜ਼ਰਾਈਲ ਅਮਰੀਕਾ ਜੰਗ ਵਿੱਚ ਨਵੇਂ ਮੋੜ

# ਟਰੰਪ ਦੇ ਈਰਾਨ 'ਤੇ ਪੰਜ ਦਿਨ ਹਮਲੇ ਰੋਕਣ ਨਾਲ ਕੀ ਖਾੜੀ ਵਿੱਚ ਯੁੱਧਬੰਦੀ ਦੇ ਆਸਾਰ ਵੱਧ ਰਹੇ ਹਨ

## ਇਸ ਯੁੱਧ ਨਾਲ ਅਰਬਾਂ ਡਾਲਰਾਂ ਦੀ ਆਰਥਿਕਤਾ ਦੀ ਤਬਾਹੀ ਦੇ ਨਾਲ ਮਨੁੱਖੀ ਨਸਲ ਦੀ ਵੀ ਤਬਾਹੀ



ਪ੍ਰੋ . ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

**ਟਰੰਪ ਨੇ ਇਸ ਨੂੰ 'ਈਰਾਨੀ ਲੋਕਾਂ ਲਈ ਇਤਿਹਾਸਕ ਮੌਕਾ' ਕਿਹਾ ਅਤੇ ਰੈਜੀਮ ਬਦਲਾਅ ਦੀ ਮੰਗ ਕੀਤੀ।ਖਾਮਨੇਈ ਦੀ ਮੌਤ ਨੇ ਈਰਾਨ ਵਿੱਚ ਅਸਥਿਰਤਾ ਪੈਦਾ ਕਰ ਦਿੱਤੀ। ਨਵਾਂ ਸੁਪਰੀਮ ਲੀਡਰ ਮੌਜਤਬਾ ਖਾਮਨੇਈ ਨੇ ਅਹੁਦਾ ਸੰਭਾਲਿਆ ਪਰ ਲੀਡਰਸ਼ਿਪ ਵਿੱਚ ਵੱਡੀ ਖਾਲੀ ਪਈ ਹੈ। ਇਸ ਨੇ ਈਰਾਨ ਨੂੰ ਜਵਾਬੀ ਹਮਲੇ ਲਈ ਉਕਸਾਇਆ। ਈਰਾਨ ਨੇ ਇਜ਼ਰਾਈਲ 'ਤੇ ਬੈਲਿਸਟਿਕ ਮਿਸਾਈਲਾਂ ਅਤੇ ਡਰੋਨਾਂ ਨਾਲ ਹਮਲੇ ਕੀਤੇ, ਅਮਰੀਕੀ ਬੇਸਾਂ ਨੂੰ ਨਿਸ਼ਾਨਾ ਬਣਾਇਆ ਅਤੇ ਸਟਰੇਟ ਆਫ ਹਾਰਮੁਜ਼ ਨੂੰ ਬੰਦ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ। ਇਸ ਨਾਲ ਖਾੜੀ ਖੇਤਰ ਵਿੱਚ ਊਰਜਾ ਸੰਕਟ ਵੱਧ ਗਿਆ ਅਤੇ ਵਿਸ਼ਵ ਬਾਜ਼ਾਰ ਵਿੱਚ ਤੇਲ ਦੀਆਂ ਕੀਮਤਾਂ 150 ਡਾਲਰ ਪ੍ਰਤੀ ਬੈਰਲ ਤੋਂ ਵੱਧ ਗਈਆਂ।**

ਅੱਜ 25ਵੇਂ ਦਿਨ ਈਰਾਨ ਇਜ਼ਰਾਈਲ ਤੇ ਅਮਰੀਕਾ ਵਿੱਚ ਚੱਲ ਰਹੇ ਯੁੱਧ ਪੰਜ ਦਿਨਾਂ ਵਾਸਤੇ ਰੋਕੇ ਜਾਣ ਦੀਆਂ ਖ਼ਬਰਾਂ ਨੇ ਕੁੱਝ ਚੰਗੀ ਖ਼ਬਰ ਕਿਹਾ ਗਿਆ ਹੈ ਕਿ ਇਸ ਨਾਲ ਸ਼ਾਇਦ ਇਹ ਯੁੱਧ ਬੰਦੀ ਵੱਲ ਪਹਿਲਾ ਕਦਮ ਹੋਵੇਗਾ। ਅਮਰੀਕਾ-ਇਜ਼ਰਾਈਲ ਅਤੇ ਈਰਾਨ ਵਿਚਕਾਰ ਚੱਲ ਰਹੇ ਇਸ ਭਿਆਨਕ ਯੁੱਧ ਵਿੱਚ ਅਚਾਨਕ ਆਏ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਫੈਸਲੇ ਨੇ ਪੂਰੀ ਦੁਨੀਆਂ ਨੂੰ ਹੈਰਾਨ ਕਰ ਦਿੱਤਾ ਹੈ।

ਕੱਲ੍ਹ ਯੁੱਧ ਦੇ 24ਵੇਂ ਦਿਨ ਟਰੰਪ ਨੇ ਈਰਾਨ ਦੇ ਪਾਵਰ ਪਲਾਂਟਸ ਅਤੇ ਊਰਜਾ ਬੁਨਿਆਦੀ ਢਾਂਚੇ 'ਤੇ ਹਮਲੇ 5 ਦਿਨਾਂ ਲਈ ਮੁਲਤਵੀ ਕਰਨ ਦਾ ਐਲਾਨ ਕੀਤਾ ਹੈ। ਇਹ ਫੈਸਲਾ ਉਸ ਸਮੇਂ ਆਇਆ ਹੈ ਜਦੋਂ ਯੁੱਧ ਨੇ ਵਿਸ਼ਵ ਊਰਜਾ ਸੰਕਟ ਨੂੰ ਹੋਰ ਡੂੰਘਾ ਕਰ ਦਿੱਤਾ ਹੈ ਅਤੇ ਤੇਲ-ਗੈਸ ਦੀਆਂ ਕੀਮਤਾਂ ਅਸਮਾਨ ਛੂਹ ਰਹੀਆਂ ਹਨ। ਟਰੰਪ ਨੇ ਆਪਣੇ ਟਰੂਥ ਸੋਸ਼ਲ ਪਲੇਟਫਾਰਮ 'ਤੇ ਲਿਖਿਆ ਕਿ ਈਰਾਨ ਨਾਲ ਪਿਛਲੇ ਦੋ ਦਿਨਾਂ ਵਿੱਚ 'ਬਹੁਤ ਵਧੀਆ ਅਤੇ ਉਤਪਾਦਕ' ਗੱਲਬਾਤ ਹੋਈ ਹੈ, ਜਿਸ ਨੇ ਉਨ੍ਹਾਂ ਨੂੰ ਇਹ ਕਦਮ ਚੁੱਕਣ ਲਈ ਪ੍ਰੇਰਿਤ ਕੀਤਾ ਹੈ ਪਰ ਇਹ ਐਲਾਨ ਕੀ ਸੱਚਮੁੱਚ ਸ਼ਾਂਤੀ ਦੀ ਕੋਸ਼ਿਸ਼ ਹੈ ਜਾਂ ਰਣਨੀਤਕ ਤੌਰ 'ਤੇ ਇੱਕ ਅਸਥਾਈ ਰੋਕ-ਥਾਮ?

ਇਥੇ ਅਸੀਂ ਇਸ ਯੁੱਧ ਦੇ ਸਾਰੇ ਪਹਿਲੂਆਂ, ਟਰੰਪ ਦੇ ਯੂ-ਟਰਨ, ਨੈਟੋ ਅਤੇ ਹੋਰ ਮਿੱਤਰਾਂ ਦੀਆਂ ਪ੍ਰਤੀਕਿਰਿਆਵਾਂ ਅਤੇ ਅੱਗੇ ਦੀ ਸੰਭਾਵਨਾ 'ਤੇ ਵਿਸਥਾਰ ਨਾਲ ਵਿਚਾਰਦਿਆਂ ਇਹ ਗੱਲ ਉਲੇਖਣਯੋਗ ਹੈ ਕਿ ਯੁੱਧ ਦੀ ਸ਼ੁਰੂਆਤ ਅਤੇ ਖਾਮਨੇਈ ਦੀ ਮੌਤ 28 ਫਰਵਰੀ 2026 ਨੂੰ ਅਮਰੀਕਾ ਅਤੇ ਇਜ਼ਰਾਈਲ ਨੇ ਈਰਾਨ 'ਤੇ ਵੱਡੇ ਪੱਧਰ 'ਤੇ ਹਵਾਈ ਹਮਲੇ ਸ਼ੁਰੂ ਕੀਤੇ। ਇਹ ਹਮਲੇ ਈਰਾਨ ਦੇ ਨਿਊਕਲੀਅਰ ਪ੍ਰੋਗਰਾਮ, ਮਿਸਾਈਲ ਬੇਸਾਂ ਅਤੇ ਸੈਨਿਕ ਠਿਕਾਣਿਆਂ ਨੂੰ ਨਿਸ਼ਾਨਾ ਬਣਾਉਣ ਲਈ ਕੀਤੇ ਗਏ ਸਨ। ਸਭ ਤੋਂ ਵੱਡਾ ਝਟਕਾ ਤਹਿਰਾਨ 'ਤੇ ਹਮਲੇ ਵਿੱਚ ਆਇਆ ,ਜਿੱਥੇ ਸੁਪਰੀਮ ਲੀਡਰ ਅਯਾਤੁੱਲ੍ਹਾ ਅਲੀ ਖਾਮਨੇਈ ਸਮੇਤ ਕਈ ਸਿਖਰਲੇ ਨੇਤਾ ਅਤੇ IRGC ਅਧਿਕਾਰੀ ਮਾਰੇ ਗਏ। ਈਰਾਨੀ ਸਰਕਾਰ ਨੇ ਇਸ ਨੂੰ ਪੁਸ਼ਟੀ ਕੀਤੀ ਅਤੇ 40 ਦਿਨਾਂ ਦਾ ਸੋਗ ਮਨਾਇਆ ਗਿਆ।

ਟਰੰਪ ਨੇ ਇਸ ਨੂੰ 'ਈਰਾਨੀ ਲੋਕਾਂ ਲਈ ਇਤਿਹਾਸਕ ਮੌਕਾ' ਕਿਹਾ ਅਤੇ ਰੈਜੀਮ ਬਦਲਾਅ ਦੀ ਮੰਗ ਕੀਤੀ ।ਖਾਮਨੇਈ ਦੀ ਮੌਤ ਨੇ ਈਰਾਨ ਵਿੱਚ ਅਸਥਿਰਤਾ ਪੈਦਾ ਕਰ ਦਿੱਤੀ। ਨਵਾਂ ਸੁਪਰੀਮ ਲੀਡਰ ਮੌਜਤਬਾ ਖਾਮਨੇਈ ਨੇ ਅਹੁਦਾ ਸੰਭਾਲਿਆ ਪਰ ਲੀਡਰਸ਼ਿਪ ਵਿੱਚ ਵੱਡੀ ਖਾਲੀ ਪਈ ਹੈ। ਇਸ ਨੇ ਈਰਾਨ ਨੂੰ ਜਵਾਬੀ ਹਮਲੇ ਲਈ ਉਕਸਾਇਆ। ਈਰਾਨ ਨੇ ਇਜ਼ਰਾਈਲ 'ਤੇ ਬੈਲਿਸਟਿਕ ਮਿਸਾਈਲਾਂ ਅਤੇ ਡਰੋਨਾਂ ਨਾਲ ਹਮਲੇ ਕੀਤੇ, ਅਮਰੀਕੀ ਬੇਸਾਂ ਨੂੰ ਨਿਸ਼ਾਨਾ ਬਣਾਇਆ ਅਤੇ ਸਟਰੇਟ ਆਫ ਹਾਰਮੁਜ਼ ਨੂੰ ਬੰਦ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ। ਇਸ ਨਾਲ ਖਾੜੀ ਖੇਤਰ ਵਿੱਚ ਊਰਜਾ ਸੰਕਟ ਵਧ ਗਿਆ ਅਤੇ ਵਿਸ਼ਵ ਬਾਜ਼ਾਰ ਵਿੱਚ ਤੇਲ ਦੀਆਂ ਕੀਮਤਾਂ 150 ਡਾਲਰ ਪ੍ਰਤੀ ਬੈਰਲ ਤੋਂ ਵੱਧ ਗਈਆਂ।

ਅੱਜ ਇਹ ਟਰੰਪ ਦਾ ਯੂ-ਟਰਨ ਹੈ ਕਿ 5 ਦਿਨਾਂ ਦੀ ਰੋਕਯੁੱਧ ਦੇ ਚੌਥੇ ਹਫ਼ਤੇ ਵਿੱਚ ਟਰੰਪ ਨੇ ਅਚਾਨਕ ਐਲਾਨ ਕੀਤਾ ਕਿ ਅਮਰੀਕਾ ਈਰਾਨ ਦੇ ਊਰਜਾ ਢਾਂਚੇ 'ਤੇ ਹਮਲੇ 5 ਦਿਨਾਂ ਲਈ ਰੋਕ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਈਰਾਨ ਨਾਲ 'ਗਹਿਰੀ ਅਤੇ ਰਚਨਾਤਮਕ' ਗੱਲਬਾਤ ਹੋਈ ਹੈ ਅਤੇ ਇਹ ਰੋਕ ਚਰਚਾਵਾਂ ਦੀ ਸਫਲਤਾ 'ਤੇ ਨਿਰਭਰ ਕਰੇਗੀ। ਇਹ ਫੈਸਲਾ ਉਸ ਸਮੇਂ ਆਇਆ ਜਦੋਂ ਅਮਰੀਕਾ ਨੇ ਈਰਾਨ ਨੂੰ 140 ਮਿਲੀਅਨ ਬੈਰਲ ਤੇਲ ਵੇਚਣ ਦੀ ਅਸਥਾਈ ਇਜਾਜ਼ਤ ਦਿੱਤੀ ਸੀ ਤਾਂ ਜੋ ਬਾਜ਼ਾਰਾਂ ਨੂੰ ਸ਼ਾਂਤ ਕੀਤਾ ਜਾ ਸਕੇ।ਪਰ ਇਹ ਯੂ-ਟਰਨ ਕਿਉਂ?

ਅੱਜ ਕਈ ਵਿਸ਼ਲੇਸ਼ਕ ਮੰਨਦੇ ਹਨ ਕਿ ਇਹ ਰਣਨੀਤਕ ਹੈ। ਯੁੱਧ ਨੇ ਅਮਰੀਕੀ ਆਰਥਿਕਤਾ 'ਤੇ ਬੋਝ ਪਾਇਆ ਹੈ - ਤੇਲ ਦੀਆਂ ਉੱਚ ਕੀਮਤਾਂ ਨੇ ਮਹਿੰਗਾਈ ਵਧਾਈ ਹੈ ਅਤੇ ਸਟਾਕ ਮਾਰਕੀਟ ਵਿੱਚ ਗਿਰਾਵਟ ਆਈ ਹੈ। ਨੈਟੋ ਮੈਂਬਰ ਦੇਸ਼ਾਂ ਨੇ ਅਮਰੀਕਾ ਨੂੰ ਚੇਤਾਵਨੀ ਦਿੱਤੀ ਹੈ ਕਿ ਇਹ ਯੁੱਧ ਵਿਸ਼ਵ ਵਿਆਪੀ ਸੰਕਟ ਵੱਲ ਜਾ ਰਿਹਾ ਹੈ। ਯੂਰਪੀ ਦੇਸ਼ਾਂ ਨੇ ਊਰਜਾ ਸਪਲਾਈ 'ਤੇ ਅਸਰ ਨੂੰ ਲੈ ਕੇ ਚਿੰਤਾ ਜਤਾਈ ਹੈ। ਇਸ ਤੋਂ ਇਲਾਵਾ, ਅੰਦਰੂਨੀ ਤੌਰ 'ਤੇ ਅਮਰੀਕਾ ਵਿੱਚ ਵੀ ਵਿਰੋਧ ਵੱਧ ਰਿਹਾ ਹੈ - ਰਿਪਬਲਿਕਨ ਪਾਰਟੀ ਵਿੱਚ ਵੀ ਵੰਡ ਹੈ। ਟਰੰਪ ਨੇ ਆਪਣੇ ਆਪ ਨੂੰ 'ਸ਼ਾਂਤੀ ਪ੍ਰਸਤਾਵਕ' ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ, ਜਿਵੇਂ ਕਿ ਪਿਛਲੇ ਸਾਲ ਇਜ਼ਰਾਈਲ-ਈਰਾਨ ਵਿਚਕਾਰ 12 ਦਿਨਾਂ ਦੇ ਯੁੱਧ ਵਿੱਚ ਸੀਜ਼ਫਾਇਰ ਐਲਾਨ ਕਰਕੇ ਕੀਤੀ ਸੀ।

ਅੱਜ ਹੁਣ ਇਜ਼ਰਾਈਲ ਨੇ ਇਸ ਫੈਸਲੇ ਨੂੰ ਮਿਲਾ-ਜੁਲਾ ਜਵਾਬ ਦਿੱਤਾ ਹੈ। ਨੈਤਨਯਾਹੂ ਨੇ ਕਿਹਾ ਕਿ ਇਜ਼ਰਾਈਲ ਈਰਾਨ ਦੇ ਊਰਜਾ ਸਾਈਟਾਂ 'ਤੇ ਹਮਲੇ ਰੋਕ ਦੇਵੇਗਾ ਪਰ ਆਪਣੇ ਹਮਲੇ ਜਾਰੀ ਰੱਖੇਗਾ। ਇਸ ਨਾਲ ਅਮਰੀਕਾ-ਇਜ਼ਰਾਈਲ ਵਿਚਕਾਰ ਵੀ ਤਣਾਅ ਵਧਿਆ ਹੈ। ਟਰੰਪ ਨੇ ਇਜ਼ਰਾਈਲ ਨੂੰ ਚੇਤਾਵਨੀ ਦਿੱਤੀ ਸੀ ਕਿ ਊਰਜਾ ਸਾਈਟਾਂ 'ਤੇ ਹਮਲੇ ਨਾ ਕਰਨ।ਵਿਸ਼ਵ ਊਰਜਾ ਸੰਕਟ ਅਤੇ ਆਰਥਿਕ ਅਸਰਯੁੱਧ ਨੇ ਸਟਰੇਟ ਆਫ ਹਾਰਮੁਜ਼ ਨੂੰ ਖਤਰੇ ਵਿੱਚ ਪਾ ਦਿੱਤਾ ਹੈ, ਜਿੱਥੋਂ ਵਿਸ਼ਵ ਦਾ 20% ਤੇਲ ਗੁਜ਼ਰਦਾ ਹੈ। ਈਰਾਨ ਨੇ ਇਸ ਨੂੰ ਬੰਦ ਕਰਨ ਦੀਆਂ ਧਮਕੀਆਂ ਦਿੱਤੀਆਂ ਅਤੇ ਕਈ ਜਹਾਜ਼ਾਂ 'ਤੇ ਹਮਲੇ ਕੀਤੇ। ਇਸ ਨਾਲ ਤੇਲ ਦੀਆਂ ਕੀਮਤਾਂ ਵਿੱਚ ਭਾਰੀ ਵਾਧਾ ਹੋਇਆ ਅਤੇ ਵਿਸ਼ਵ ਬਾਜ਼ਾਰ ਵਿੱਚ ਅਸਥਿਰਤਾ ਆਈ। ਅਮਰੀਕਾ ਨੇ ਆਪਣੇ ਤੇਲ ਭੰਡਾਰ ਖੋਲ੍ਹੇ ਪਰ ਇਹ ਕਾਫੀ ਨਹੀਂ ਸੀ।

ਹੁਣ ਯੂਰਪ ਅਤੇ ਏਸ਼ੀਆਈ ਦੇਸ਼ਾਂ ਨੇ ਵਿਕਲਪਕ ਸਪਲਾਈ ਲੱਭਣੀ ਸ਼ੁਰੂ ਕਰ ਦਿੱਤੀ ਹੈ ਪਰ ਲੰਬੇ ਸਮੇਂ ਤੱਕ ਇਹ ਸੰਕਟ ਬਣਿਆ ਰਹੇਗਾ।ਅੱਗੇ ਕੀ ਇਹ 5 ਦਿਨਾਂ ਦੀ ਰੋਕ ਅਸਥਾਈ ਹੈ। ਜੇ ਗੱਲਬਾਤ ਨਾਕਾਮ ਹੋਈ ਤਾਂ ਹਮਲੇ ਵਾਪਸ ਸ਼ੁਰੂ ਹੋ ਸਕਦੇ ਹਨ। ਟਰੰਪ ਨੇ ਪਹਿਲਾਂ ਵੀ ਕਿਹਾ ਸੀ ਕਿ ਈਰਾਨ 'ਫਿਨਿਸ਼' ਹੈ ਅਤੇ ਯੁੱਧ ਨੂੰ ਖਤਮ ਕਰਨ ਲਈ ਰੈਜੀਮ ਬਦਲਾਅ ਜ਼ਰੂਰੀ ਹੈ ਪਰ ਯੁੱਧ ਨੇ ਈਰਾਨ ਨੂੰ ਵਧੇਰੇ ਜ਼ਿੱਦੀ ਬਣਾ ਦਿੱਤਾ ਹੈ।

ਅੱਜ ਈਰਾਨ ਨੇ ਹੋਰ ਮਿਸਾਈਲ ਹਮਲੇ ਕੀਤੇ ਹਨ ਅਤੇ ਹਮਾਸ, ਹਿਜ਼ਬੁੱਲਾਹ ਵਰਗੇ ਗਰੁੱਪਾਂ ਨੂੰ ਸਮਰਥਨ ਦਿੱਤਾ ਹੈ।ਅੰਤ ਵਿੱਚ, ਇਹ ਫੈਸਲਾ ਟਰੰਪ ਦੀ 'ਆਰਟ ਆਫ ਦ ਡੀਲ' ਸ਼ੈਲੀ ਨੂੰ ਦਰਸਾਉਂਦਾ ਹੈ - ਦਬਾਅ ਅਤੇ ਗੱਲਬਾਤ ਦਾ ਮਿਸ਼ਰਣ। ਪਰ ਜੇ ਇਹ ਨਾਕਾਮ ਹੋਇਆ ਤਾਂ ਯੁੱਧ ਹੋਰ ਵਿਸ਼ਾਲ ਹੋ ਸਕਦਾ ਹੈ, ਜਿਸ ਨਾਲ ਵਿਸ਼ਵ ਸੰਕਟ ਡੂੰਘਾ ਜਾਵੇਗਾ।

ਅੱਜ ਸ਼ਾਂਤੀ ਲਈ ਅੰਤਰਰਾਸ਼ਟਰੀ ਦਬਾਅ ਵਧਣਾ ਲਾਜ਼ਮੀ ਹੈ, ਨਹੀਂ ਤਾਂ ਇਹ ਖਾੜੀ ਜੰਗ ਵਿਸ਼ਵ ਆਰਥਿਕਤਾ ਨੂੰ ਸੰਕਟ ਵਿੱਚ ਬਦਲ ਸਕਦੀ ਹੈ।

# ਭਾਈ ਰਾਜੋਆਣਾ ਮਾਮਲੇ 'ਚ ਕੇਂਦਰ ਦੀ ਝਾੜ-ਝੰਬ

ਕਮਲਜੀਤ ਸਿੰਘ ਬਨਵੈਤ
98147 34035



- ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਦੀ ਫਾਂਸੀ ਬਾਰੇ ਫੈਸਲਾ ਨਾ ਲੈਣ ਕਰ ਕੇ ਕੀਤੀ ਖਿਚਾਈ
- ਸਰਕਾਰੀ ਵਕੀਲਾਂ ਨੇ ਮੁਲਕ ਦੀ ਅਮਨ ਕਾਨੂੰਨ ਦੀ ਸਥਿਤੀ ਦਾ ਪਾਇਆ ਵਾਸਤਾ
- ਭਾਈ ਬਲਵੰਤ ਸਿੰਘ ਰਾਜੋਆਣਾ ਨੇ ਨੌਂ ਮਹੀਨੇ ਪਹਿਲਾਂ ਸੁਪਰੀਮ ਕੋਰਟ ਵਿੱਚ ਦਾਇਰ ਕੀਤੀ ਸੀ ਪਟੀਸ਼ਨ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਰਹਿਮ ਦੀ ਅਪੀਲ 'ਤੇ ਲਿਆ ਜਾਵੇ ਕੋਈ ਫ਼ੈਸਲਾ

ਤਿੰਨ ਦਹਾਕੇ ਪਹਿਲਾਂ ਪੰਜਾਬ ਦੇ ਮੁੱਖ ਮੰਤਰੀ ਬੇਅੰਤ ਸਿੰਘ ਦੀ ਪੰਜਾਬ ਸਿਵਲ ਸਕੱਤਰੇਤ ਮੂਹਰੇ 31 ਅਗਸਤ 1995 ਨੂੰ ਹੱਤਿਆ ਹੋ ਜਾਂਦੀ ਹੈ। ਭਾਈ ਦਿਲਾਵਰ ਸਿੰਘ ਮਨੁੱਖੀ ਬੰਬ ਬਣੇ। ਪੁਲਿਸ ਨੇ ਹੱਤਿਆ ਦੇ ਕੇਸ ਵਿੱਚ ਨੌਂ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਲਿਆ ਹੈ। ਅਦਾਲਤ ਨੇ ਕੇਸ ਦਾ ਫੈਸਲਾ ਸੁਣਾਉਂਦਿਆਂ ਭਾਈ ਬਲਵੰਤ ਸਿੰਘ ਰਾਜੋਆਣਾ ਅਤੇ ਭਾਈ ਜਗਤਾਰ ਸਿੰਘ ਹਵਾਰਾ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ। ਭਾਈ ਜਗਤਾਰ ਸਿੰਘ ਤਾਰਾ ਅਤੇ ਪਰਮਜੀਤ ਸਿੰਘ ਭਿਉਰਾ ਜੇਲ੍ਹ 'ਚੋਂ ਫਰਾਰ ਹੋਣ ਕਰਕੇ ਫੈਸਲੇ ਤੋਂ ਬਾਹਰ ਰੱਖੇ ਗਏ ਸਨ। ਭਾਈ ਜਗਤਾਰ ਸਿੰਘ ਹਵਾਰਾ ਵੀ ਫਰਾਰ ਤਾਂ ਹੋਏ ਪਰ ਛੇਤੀ ਹੀ ਪੁਲਿਸ ਦੇ ਹੱਥ ਲੱਗ ਗਏ। ਦੂਜੇ ਦੋਸ਼ੀਆਂ ਵਿੱਚੋਂ ਬਾਪੂ ਨਸੀਬ ਸਿੰਘ ਅਤੇ ਨਵਜੋਤ ਸਿੰਘ ਨੂੰ ਬਰੀ ਕਰ ਦਿੱਤਾ ਗਿਆ ਜਦਕਿ ਗੁਰਮੀਤ ਸਿੰਘ, ਸ਼ਮਸ਼ੇਰ ਸਿੰਘ ਅਤੇ ਲਖਵਿੰਦਰ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਸੁਣਾ ਦਿੱਤੀ ਗਈ ਸੀ। ਉਸ ਤੋਂ ਬਾਅਦ ਜਦੋਂ ਭਾਈ ਤਾਰਾ ਨੂੰ ਥਾਈਲੈਂਡ ਅਤੇ ਭਿਉਰਾ ਨੂੰ ਜੰਮੂ ਤੋਂ ਫੜਿਆ ਤਦ ਉਹਨਾਂ ਬਾਰੇ ਅਦਾਲਤ ਨੇ ਫੈਸਲਾ ਸੁਣਾਉਂਦਿਆਂ ਤਾਉਮਰ ਲਈ ਕੈਦ ਦੀ ਸਜ਼ਾ ਸੁਣਾ ਦਿੱਤੀ ਸੀ। ਇਸ ਦਾ ਭਾਵ ਹੋਇਆ ਕਿ ਉਹ ਆਖ਼ਰੀ ਸਾਹ ਤੱਕ ਜੇਲ੍ਹ ਵਿੱਚ ਬੰਦ ਰਹਿਣਗੇ। ਭਾਈ ਹਵਾਰਾ ਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਫਾਂਸੀ ਦੀ ਸਜ਼ਾ ਖ਼ਤਮ ਕਰਨ ਲਈ ਅਪੀਲ ਦਾਇਰ ਕਰ ਦਿੱਤੀ। ਹਾਈਕੋਰਟ ਨੇ ਫੈਸਲਾ ਸੁਣਾਉਂਦਿਆਂ ਭਾਈ ਹਵਾਰਾ ਦੀ ਸਜ਼ਾ ਤਾਉਮਰ ਕੈਦ ਵਿੱਚ ਤਬਦੀਲ ਕਰ ਦਿੱਤੀ ਸੀ। ਅੱਜ ਕੱਲ ਉਹ ਤਿਹਾੜ ਜੇਲ੍ਹ ਦਿੱਲੀ ਵਿੱਚ ਬੰਦ ਹਨ। ਦੂਜੇ ਦੋਸ਼ੀਆਂ ਨੂੰ ਹਾਲੇ ਵੀ ਮਾਡਲ ਜੇਲ੍ਹ ਬੁੜੈਲ ਵਿੱਚ ਰੱਖਿਆ ਗਿਆ ਹੈ।

ਭਾਈ ਬਲਵੰਤ ਸਿੰਘ ਰਾਜੋਆਣਾ ਅਦਾਲਤ ਦੀ ਸੁਣਵਾਈ ਦੌਰਾਨ ਅਕਸਰ ਕਿਹਾ ਕਰਦੇ ਸਨ ਕਿ ਉਨ੍ਹਾਂ ਨੇ ਕੋਈ ਵਕੀਲ ਨਹੀਂ ਲੈਣਾ ਹੈ ਕਿਉਂਕਿ ਉਹਨਾਂ ਦਾ ਨਾਂ ਤਾਂ ਭਾਰਤ ਦੇ ਸੰਵਿਧਾਨ ਵਿੱਚ ਵਿਸ਼ਵਾਸ ਹੈ ਅਤੇ ਨਾ ਹੀ ਅਦਾਲਤ ਵਿੱਚ ਭਰੋਸਾ ਰੱਖਦੇ ਹਨ। ਉਹ ਇਹ ਵੀ ਕਹਿੰਦੇ ਸਨ ਕਿ ਉਨ੍ਹਾਂ ਨੇ ਬੇਅੰਤ ਸਿੰਘ ਦੀ ਹੱਤਿਆ ਨਿੱਜੀ ਦੁਸ਼ਮਣੀ ਕਰਕੇ ਨਹੀਂ ਸਗੋਂ ਸਿਆਸੀ ਤੌਰ 'ਤੇ ਕੀਤੀ ਹੈ। ਉਸ ਤੋਂ ਬਾਅਦ ਭਾਈ ਰਾਜੋਆਣਾ ਨੂੰ ਕੇਂਦਰੀ ਜੇਲ੍ਹ ਪਟਿਆਲਾ ਵਿੱਚ ਤਬਦੀਲ ਕਰ ਦਿੱਤਾ ਗਿਆ ਅਤੇ ਉਹ ਪਿਛਲੇ 14 ਸਾਲਾਂ ਤੋਂ ਕਾਲ ਕੋਠੜੀ ਵਿੱਚ ਬੰਦ ਹਨ, ਜਿੱਥੇ ਉਹਨਾਂ ਨੂੰ ਕਿਸੇ ਨੂੰ ਮਿਲਣ ਜਾਂ ਗੱਲਬਾਤ ਕਰਨ ਦੀ ਇਜਾਜ਼ਤ ਨਹੀਂ ਹੈ। ਉਹਨਾਂ ਨੂੰ ਜਦੋਂ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ ਤਾਂ ਪੰਜਾਬ ਦੇ ਹਾਲਾਤ ਇੱਕਦਮ ਤਪ ਗਏ ਸਨ। ਉਦੋਂ ਦੇ ਪਟਿਆਲਾ ਜੇਲ੍ਹ ਦੇ ਸੁਪਰਡੈਂਟ ਨੇ ਵੀ ਉਹਨਾਂ ਨੂੰ ਫਾਂਸੀ ਦੀ ਸਜ਼ਾ ਦੇਣ ਤੋਂ ਨਾਂਹ ਕਰ ਦਿੱਤੀ ਸੀ। ਉਦੋਂ ਪੰਜਾਬ ਵਿੱਚ ਮਰਹੂਮ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਸੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 2012 ਨੂੰ ਦੇਸ਼ ਦੇ ਰਾਸ਼ਟਰਪਤੀ ਕੋਲ ਇੱਕ ਰਹਿਮ ਦੀ ਅਪੀਲ ਕਰਕੇ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਮਾਫ ਕਰਨ ਦੀ ਮੰਗ ਰੱਖ ਦਿੱਤੀ ਸੀ। ਰਾਸ਼ਟਰਪਤੀ ਵੱਲੋਂ ਚਾਹੇ ਇਸ ਅਪੀਲ ਉੱਤੇ ਫੈਸਲਾ ਲਿਆ ਜਾਣਾ ਹੈ ਪਰ ਇਸ ਤੋਂ ਪਹਿਲਾਂ ਸਿਫਾਰਸ਼ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਕੀਤੀ ਜਾਂਦੀ ਹੈ। ਭਾਈ ਰਾਜੋਆਣਾ ਦਾ ਕੇਸ ਰਾਸ਼ਟਰਪਤੀ ਦਫਤਰ ਅਤੇ ਗ੍ਰਹਿ ਮੰਤਰਾਲੇ ਦੇ ਦਫ਼ਤਰ ਚੱਕਰ ਲਾਉਂਦਾ ਰਿਹਾ। ਭਾਈ ਬਲਵੰਤ ਸਿੰਘ ਰਾਜੋਆਣਾ ਨੇ ਨੌਂ ਮਹੀਨੇ ਪਹਿਲਾਂ ਸੁਪਰੀਮ ਕੋਰਟ ਵਿੱਚ ਇੱਕ ਪਟੀਸ਼ਨ ਦਾਇਰ ਕਰਕੇ ਉਹਨਾਂ ਦੀ



ਕਿਸਮਤ ਦਾ ਫ਼ੈਸਲਾ ਨਿਬੇੜਨ ਦੀ ਮੰਗ ਰੱਖ ਦਿੱਤੀ। ਇਸ ਤੋਂ ਪਹਿਲਾਂ ਉਹ ਆਪਣੀ ਸਜ਼ਾ ਨੂੰ ਅਮਲ ਵਿੱਚ ਲਿਆਉਣ ਲਈ ਕੇਂਦਰੀ ਜੇਲ੍ਹ ਪਟਿਆਲਾ ਅੰਦਰ ਭੁੱਖ ਹੜਤਾਲ ਵੀ ਰੱਖ ਚੁੱਕੇ ਹਨ। ਉਸ ਵੇਲੇ ਦੇ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵਕੀਲ ਹਰਜਿੰਦਰ ਸਿੰਘ ਧਾਮੀ ਨੇ ਜੇਲ੍ਹ ਵਿੱਚ ਮੁਲਾਕਾਤਾਂ ਕਰਕੇ ਭੁੱਖ ਹੜਤਾਲ ਖ਼ਤਮ ਕਰਾ ਦਿੱਤੀ ਸੀ।

ਭਾਈ ਰਾਜੋਆਣਾ ਦੀ ਸੁਪਰੀਮ ਕੋਰਟ ਵਿੱਚ ਦਾਇਰ ਪਟੀਸ਼ਨ 'ਤੇ ਦੋ ਦਿਨ ਪਹਿਲਾਂ ਹੋਈ ਸੁਣਵਾਈ ਦੌਰਾਨ ਮੁਲਕ ਦੀ ਸਿਖਰਲੀ ਅਦਾਲਤ ਨੇ ਕੇਂਦਰ ਸਰਕਾਰ ਦੀ ਤਕੜੀ ਝਾੜ ਝੰਬ ਕੀਤੀ ਹੈ। ਅਦਾਲਤ ਦਾ ਕਹਿਣਾ ਹੈ ਕਿ ਜਿੰਨੀ ਦੇਰ ਤੋਂ ਭਾਈ ਰਾਜੋਆਣਾ ਨੂੰ ਜੇਲ੍ਹ ਵਿੱਚ ਰੱਖਿਆ ਗਿਆ ਹੈ ਇਹ ਕਿਸੇ ਸਜ਼ਾ ਤੋਂ ਘੱਟ ਨਹੀਂ ਹੈ। ਉਹਨਾਂ ਨੇ ਕੇਂਦਰ ਸਰਕਾਰ ਦੀ ਫੈਸਲਾ ਲੈਣ ਵਿੱਚ ਕੀਤੀ ਜਾ ਰਹੀ ਦੇਰੀ ਨੂੰ ਲੈ ਕੇ ਚੰਗੀ ਖਿਚਾਈ ਕਰਦਿਆਂ ਮਾਮਲਾ ਕਿਸੇ ਕੰਢੇ ਲਾਉਣ ਲਈ ਕਿਹਾ ਹੈ। ਦੂਜੇ ਬੰਨੇ ਸਰਕਾਰੀ ਧਿਰ ਦੇ ਵਕੀਲ ਦਾ ਕਹਿਣਾ ਸੀ ਕਿ ਫਾਂਸੀ ਦੀ ਸਜ਼ਾ ਫੈਸਲਾ ਲਏ ਜਾਣ ਨਾਲ ਅਮਨ ਕਾਨੂੰਨ ਦੀ ਸਥਿਤੀ ਖ਼ਰਾਬ ਹੋ ਸਕਦੀ ਹੈ। ਅਦਾਲਤ ਨੇ ਕੇਸ ਨੂੰ ਕਿਸੇ ਕੰਢੇ ਲਾਉਣ ਦਾ ਫੈਸਲਾ ਮੁੜ ਤੋਂ ਦੁਹਰਾਇਆ।

ਅਸਲ ਵਿੱਚ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਸਿਆਸੀ ਤੌਰ 'ਤੇ ਕੀਤੀ ਗਈ ਸੀ ਅਤੇ ਇਹ ਫੈਸਲਾ ਵੀ ਸਿਆਸੀ ਤੌਰ 'ਤੇ ਲਿਆ ਜਾਣਾ ਹੈ। ਕੇਂਦਰ ਸਰਕਾਰ ਨੂੰ ਫਾਂਸੀ ਦੀ ਸਜ਼ਾ ਬਰਕਰਾਰ ਰੱਖਣ ਤੋਂ ਪਹਿਲਾਂ ਹਜ਼ਾਰਾਂ ਵਾਰ ਸੋਚਣਾ ਪਵੇਗਾ। ਮੁਲਕ ਵਿੱਚ ਕਈ ਅਜਿਹੀਆਂ ਉਦਾਹਰਨਾਂ ਸਾਡੇ ਸਾਹਮਣੇ ਹਨ, ਜਿੱਥੇ ਸਿਆਸੀ ਕਤਲਾਂ ਨੂੰ ਲੈ ਕੇ ਫੈਸਲਾ ਵੀ ਸਿਆਸੀ ਤੌਰ 'ਤੇ ਲਿਆ ਗਿਆ ਹੈ। ਪੰਜਾਬ ਵਿੱਚ ਵਿਧਾਨ ਸਭਾ ਦੀਆਂ ਚੋਣਾਂ ਸਿਰ 'ਤੇ ਆ ਖੜੀਆਂ ਹਨ, ਇਸ ਕਰਕੇ ਭਾਰਤੀ ਜਨਤਾ ਪਾਰਟੀ ਦੀ ਫੂਕ ਫੂਕ ਕੇ ਕਦਮ ਰੱਖਣਾ ਮਜਬੂਰੀ ਬਣ ਗਈ ਹੈ। ਸਿੱਖ ਭਾਈਚਾਰੇ ਵਲੋਂ ਪਹਿਲਾਂ ਹੀ ਭਾਜਪਾ ਉੱਤੇ ਸਿੱਖਾਂ ਨਾਲ ਪੱਖਪਾਤ ਅਤੇ ਮਤਰੇਈ ਮਾਂ ਵਾਲਾ ਸਲੂਕ ਕਰਨ ਦੇ ਇਲਜ਼ਾਮ ਲਾਏ ਜਾ ਰਹੇ ਹਨ।

ਦੂਜੇ ਬੰਨੇ ਇੱਥੇ ਭਾਈ ਜਗਤਾਰ ਸਿੰਘ ਹਵਾਰਾ ਦੇ ਕੇਸ ਦਾ ਵੀ ਜ਼ਿਕਰ ਕਰਨਾ ਵਾਜਬ ਹੋਵੇਗਾ, ਜਿਨ੍ਹਾਂ ਦੇ ਮਾਤਾ ਜੀ ਕਈ ਮਹੀਨਿਆਂ ਤੋਂ ਸਖ਼ਤ ਬਿਮਾਰ ਚੱਲੇ ਆ ਰਹੇ ਹਨ ਅਤੇ ਉਹਨਾਂ ਨੂੰ ਦਰਸ਼ਨ ਕਰਨ ਵਾਸਤੇ ਪੈਰੋਲ ਵੀ ਨਹੀਂ ਦਿੱਤੀ ਜਾ ਰਹੀ ਹੈ। ਦੂਜੇ ਬੰਨੇ ਡੇਰਾ ਸਿਰਸਾ ਦੇ ਮੁਖੀ ਰਾਮ ਰਹੀਮ ਜਿਹੜੇ ਕਤਲ ਅਤੇ ਬਲਾਤਕਾਰ ਦੇ ਦੋਸ਼ਾਂ ਵਿੱਚ ਜੇਲ੍ਹ ਅੰਦਰ ਬੰਦ ਹਨ, ਨੂੰ ਸਾਲ ਵਿੱਚ ਕਈ ਕਈ ਵਾਰ ਪੈਰੋਲ ਦਿੱਤੀ ਜਾ ਰਹੀ ਹੈ। ਇਸ ਤੋਂ ਪਹਿਲਾਂ ਭਾਈ ਪਰਮਜੀਤ ਸਿੰਘ ਭਿਉਰਾ ਨੂੰ ਵੀ ਆਪਣੀ ਬਿਮਾਰ ਮਾਂ ਦੇ ਦਰਸ਼ਨ ਕਰਨ ਦੀ ਇਜਾਜ਼ਤ ਨਹੀਂ ਸੀ ਦਿੱਤੀ ਗਈ। ਦੋਸ਼ੀ ਲਖਵਿੰਦਰ ਸਿੰਘ, ਗੁਰਮੀਤ ਸਿੰਘ ਅਤੇ ਸ਼ਮਸ਼ੇਰ ਸਿੰਘ ਨੂੰ ਪੈਰੋਲ ਦੀ ਸਹੂਲਤ ਦਿੱਤੀ ਜਾ ਰਹੀ ਹੈ। ਬੇਅੰਤ ਸਿੰਘ ਹੱਤਿਆ ਕੇਸ ਦੇ ਮੁਲਜ਼ਮਾਂ ਦੀ ਪੱਕੇ ਤੌਰ 'ਤੇ ਰਿਹਾਈ ਲਈ ਕੇਸ ਪੰਜਾਬ ਦੇ ਰਾਜਪਾਲ ਅਤੇ ਕੇਂਦਰ ਸਰਕਾਰ ਕੋਲ ਉਠਾਇਆ ਜਾ ਚੁੱਕਿਆ ਹੈ ਪਰ ਕੌਮੀ ਇਨਸਾਫ ਮੋਰਚਾ ਸਮੇਤ ਸਿੱਖ ਸੰਗਤਾਂ ਦੇ ਸੰਘਰਸ਼ ਨੂੰ ਬੂਰ ਨਹੀਂ ਪਿਆ ਹੈ। ਦੂਜੇ ਬੰਨੇ ਭਾਰਤ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਕਾਤਲਾਂ ਨੂੰ ਕਈ ਚਿਰ ਪਹਿਲਾਂ ਜੇਲ੍ਹ ਵਿੱਚੋਂ ਬਾਹਰ ਕੱਢ ਦਿੱਤਾ ਗਿਆ ਸੀ।

ਭਾਈ ਬਲਵੰਤ ਸਿੰਘ ਰਾਜੋਆਣਾ ਜਿਹੜੇ ਕਿ ਫਾਂਸੀ ਦਾ ਸੱਚੇ ਮਨ ਦੀ ਕਾਹਲ ਵਿੱਚ ਹਨ, ਬਾਰੇ ਹੋਰ ਫ਼ੈਸਲਾ ਲਟਕਾਏ ਜਾਣ ਨਾਲ ਮੁਲਕ ਦੀ ਨਿਆਂ ਅਤੇ ਵਿਧਾਨ ਪਾਲਿਕਾ ਤੋਂ ਲੋਕਾਂ ਦਾ ਭਰੋਸਾ ਤਿੜਕ ਸਕਦਾ ਹੈ। ਉਮੀਦ ਕਰਨੀ ਬਣਦੀ ਹੈ ਕਿ ਪੰਜਾਬੀਆਂ ਵਿਸ਼ੇਸ਼ ਕਰਕੇ ਸਿੱਖਾਂ ਨੂੰ ਨੇੜੇ ਲਾਉਣ ਲਈ ਭਾਰਤੀ ਜਨਤਾ ਪਾਰਟੀ ਦੀ ਕੇਂਦਰ ਸਰਕਾਰ ਨਾਂਹ ਪੱਖੀ ਫੈਸਲਾ ਨਹੀਂ ਲਵੇਗੀ। ਆਮ ਕਰਕੇ ਸਿਆਸੀ ਫ਼ੈਸਲੇ ਲਾਹੇ ਵਾਲੇ ਹੀ ਲਏ ਜਾਂਦੇ ਰਹੇ ਹਨ।



ਵਿੰਕਲਜੀਤ ਸਿੰਘ ਸਰਾ
9501477889

### ਈਰਾਨ-ਇਜ਼ਰਾਈਲ ਟਕਰਾਅ

# ਵਿਸ਼ਵਵਿਆਪੀ ਮਹਿੰਗਾਈ ਦਾ ਉੱਠਦਾ ਤੂਫ਼ਾਨ ਅਤੇ ਭਾਰਤੀ ਆਰਥਿਕਤਾ ਦੀ ਮਜ਼ਬੂਤ ਘੇਰਾਬੰਦੀ

ਕੱਲ੍ਹ ਦੀ ਬਾਕੀ

**ਨਿਵੇਸ਼ਕਾਂ ਦਾ ਡਰ ਅਤੇ ਸ਼ੇਅਰ ਬਾਜ਼ਾਰ ਵਿੱਚ ਪੈਦਾ ਹੋਈ ਅਸਥਿਰਤਾ** : ਸ਼ੇਅਰ ਬਾਜ਼ਾਰ ਹਮੇਸ਼ਾ ਸੁਰੱਖਿਆ ਅਤੇ ਭਰੋਸੇ 'ਤੇ ਚੱਲਦਾ ਹੈ ਪਰ ਜੰਗ ਦੇ ਬੱਦਲ ਨਿਵੇਸ਼ਕਾਂ ਵਿੱਚ ਘਬਰਾਹਟ ਪੈਦਾ ਕਰ ਦਿੰਦੇ ਹਨ। ਜਦੋਂ ਵੀ ਈਰਾਨ ਅਤੇ ਇਜ਼ਰਾਈਲ ਵਿਚਕਾਰ ਤਣਾਅ ਵਧਦਾ ਹੈ ਤਾਂ ਵਿਦੇਸ਼ੀ ਸੰਸਥਾਗਤ ਨਿਵੇਸ਼ਕ (FIIS) ਉਭਰਦੇ ਬਾਜ਼ਾਰਾਂ ਵਿੱਚੋਂ ਆਪਣਾ ਪੈਸਾ ਕੱਢਣਾ ਸ਼ੁਰੂ ਕਰ ਦਿੰਦੇ ਹਨ ਜਿਸ ਕਾਰਨ ਸ਼ੇਅਰ ਬਾਜ਼ਾਰਾਂ ਵਿੱਚ ਵੱਡੀ ਗਿਰਾਵਟ ਦੇਖਣ ਨੂੰ ਮਿਲਦੀ ਹੈ। ਇਸ ਗਿਰਾਵਟ ਨਾਲ ਲੱਖਾਂ-ਕਰੋੜਾਂ ਰੁਪਏ ਦੀ ਪੂੰਜੀ ਕੁਝ ਹੀ ਮਿੰਟਾਂ ਵਿੱਚ ਡੁੱਬ ਜਾਂਦੀ ਹੈ, ਜਿਸਦਾ ਅਸਰ ਸਿਰਫ਼ ਵੱਡੇ ਨਿਵੇਸ਼ਕਾਂ 'ਤੇ ਹੀ ਨਹੀਂ ਸਗੋਂ ਮਿਊਚਲ ਫੰਡਾਂ ਰਾਹੀਂ ਨਿਵੇਸ਼ ਕਰਨ ਵਾਲੇ ਆਮ ਲੋਕਾਂ 'ਤੇ ਵੀ ਪੈਂਦਾ ਹੈ। ਬਾਜ਼ਾਰ ਵਿੱਚ ਇਹ ਅਸਥਿਰਤਾ ਨਵੇਂ ਨਿਵੇਸ਼ਾਂ ਨੂੰ ਰੋਕਦੀ ਹੈ ਅਤੇ ਕੰਪਨੀਆਂ ਦੇ ਵਿਸਥਾਰ ਦੀਆਂ ਯੋਜਨਾਵਾਂ ਨੂੰ ਠੰਡੇ ਬਸਤੇ ਵਿੱਚ ਪਾ ਦਿੰਦੀ ਹੈ, ਜਿਸ ਨਾਲ ਦੇਸ਼ ਦੀ ਆਰਥਿਕ ਵਿਕਾਸ ਦਰ ਸੁਸਤ ਹੋ ਜਾਂਦੀ ਹੈ।

**ਸੋਨੇ ਦੀਆਂ ਕੀਮਤਾਂ, ਅਨਿਸ਼ਚਿਤਤਾ ਦੇ ਦੌਰ ਦਾ ਸਭ ਤੋਂ ਵੱਡਾ ਸਹਾਰਾ** : ਇਤਿਹਾਸਕ ਤੌਰ 'ਤੇ ਜਦੋਂ ਵੀ ਵਿਸ਼ਵ ਵਿੱਚ ਭੂ-ਰਾਜਨੀਤਿਕ ਤਣਾਅ ਵਧਿਆ ਹੈ ਸੋਨੇ ਦੀਆਂ ਕੀਮਤਾਂ ਨੇ ਹਮੇਸ਼ਾ ਨਵੇਂ ਰਿਕਾਰਡ ਬਣਾਏ ਹਨ। ਨਿਵੇਸ਼ਕ ਸੋਨੇ ਨੂੰ ਸਭ ਤੋਂ ਸੁਰੱਖਿਅਤ ਨਿਵੇਸ਼ ਮੰਨਦੇ ਹਨ ਕਿਉਂਕਿ ਮੁਦਰਾ ਦੀ ਕੀਮਤ ਡਿੱਗ ਸਕਦੀ ਹੈ ਪਰ ਸੋਨੇ ਦੀ ਕੀਮਤ ਅਕਸਰ ਸੰਕਟ ਦੇ ਸਮੇਂ ਵਧਦੀ ਹੈ। ਭਾਰਤ ਵਿੱਚ ਜਿੱਥੇ ਸੋਨੇ ਦੀ ਖਪਤ ਬਹੁਤ ਜ਼ਿਆਦਾ ਹੈ ਅਤੇ ਇਹ ਸੰਸਕ੍ਰਿਤੀ ਦਾ ਹਿੱਸਾ ਹੈ ਉੱਥੇ ਕੀਮਤਾਂ ਵਿੱਚ ਵਾਧਾ ਆਮ ਪਰਿਵਾਰਾਂ ਦੇ ਬਜਟ ਨੂੰ ਪੂਰੀ ਤਰ੍ਹਾਂ ਵਿਗਾੜ ਦਿੰਦਾ ਹੈ। ਖਾਸ ਕਰਕੇ ਵਿਆਹਾਂ ਦੇ ਸੀਜ਼ਨ ਵਿੱਚ ਸੋਨੇ ਦਾ ਮਹਿੰਗਾ ਹੋਣਾ ਮੱਧ ਵਰਗ ਲਈ ਵੱਡੀ ਚਿੰਤਾ ਦਾ ਵਿਸ਼ਾ ਬਣ ਜਾਂਦਾ ਹੈ। ਸੋਨੇ ਦੀ ਵਧਦੀ ਮੰਗ ਇਹ ਵੀ ਸਾਬਤ ਕਰਦੀ ਹੈ ਕਿ ਲੋਕਾਂ ਦਾ ਮੌਜੂਦਾ ਬੈਂਕਿੰਗ ਪ੍ਰਣਾਲੀ ਤੋਂ ਭਰੋਸਾ ਘੱਟ ਰਿਹਾ ਹੈ ਅਤੇ ਉਹ ਰਵਾਇਤੀ ਸੁਰੱਖਿਅਤ ਸਾਧਨਾਂ ਵੱਲ ਮੁੜ ਰਹੇ ਹਨ।

**ਭਾਰਤ ਸਰਕਾਰ ਦੀ ਰਣਨੀਤਕ ਦੂਰਅੰਦੇਸ਼ੀ ਅਤੇ ਆਰਥਿਕ ਸੁਰੱਖਿਆ ਦੇ ਕਦਮ** : ਈਰਾਨ-ਇਜ਼ਰਾਈਲ ਸੰਕਟ ਦੇ ਇਸ ਦੌਰ ਵਿੱਚ ਭਾਰਤ ਸਰਕਾਰ ਨੇ ਬਹੁਤ ਹੀ ਸੂਝ-ਬੂਝ ਅਤੇ ਚੌਕਸੀ ਨਾਲ ਕੰਮ ਲਿਆ ਹੈ ਤਾਂ ਜੋ ਦੇਸ਼ ਨੂੰ ਇਸਦੇ ਮਾੜੇ ਪ੍ਰਭਾਵਾਂ ਤੋਂ ਬਚਾਇਆ ਜਾ ਸਕੇ। ਸਰਕਾਰ ਨੇ ਸਭ ਤੋਂ ਪਹਿਲਾਂ ਊਰਜਾ ਸਰੋਤਾਂ ਦਾ ਵਿਭਿੰਨਤਾਕਰਨ ਕੀਤਾ ਹੈ। ਮੱਧ-ਪੂਰਬ 'ਤੇ ਨਿਰਭਰਤਾ ਘਟਾਉਣ ਲਈ ਰੂਸ ਤੋਂ ਰਿਆਇਤੀ ਦਰਾਂ 'ਤੇ ਤੇਲ ਖਰੀਦਣ ਦਾ ਫੈਸਲਾ ਇੱਕ ਮਾਸਟਰ-ਸਟਰੋਕ ਸਾਬਤ ਹੋਇਆ ਹੈ। ਇਸ ਨਾਲ ਨਾ ਸਿਰਫ਼ ਭਾਰਤ ਦਾ ਵਿਦੇਸ਼ੀ ਮੁਦਰਾ ਭੰਡਾਰ ਬਚਿਆ ਰਿਹਾ ਸਗੋਂ ਘਰੇਲੂ ਬਾਜ਼ਾਰ ਵਿੱਚ ਤੇਲ ਦੀਆਂ ਕੀਮਤਾਂ ਨੂੰ ਸਥਿਰ ਰੱਖਣ ਵਿੱਚ ਵੀ ਮਦਦ ਮਿਲੀ। ਇਸ ਤੋਂ ਇਲਾਵਾ ਸਰਕਾਰ ਨੇ ਕਈ ਵਾਰ ਪੈਟਰੋਲ ਅਤੇ ਡੀਜ਼ਲ 'ਤੇ ਐਕਸਾਈਜ਼ ਡਿਊਟੀ ਘਟਾ ਕੇ ਮਹਿੰਗਾਈ ਦਾ ਬੋਝ ਆਪਣੇ ਸਿਰ ਲਿਆ ਹੈ ਤਾਂ ਜੋ ਆਮ ਜਨਤਾ ਨੂੰ ਰਾਹਤ ਦਿੱਤੀ ਜਾ ਸਕੇ।




**ਰਣਨੀਤਕ ਪੈਟਰੋਲੀਅਮ ਭੰਡਾਰ ਅਤੇ ਭੋਜਨ ਸੁਰੱਖਿਆ ਦਾ ਮਜ਼ਬੂਤ ਪ੍ਰਬੰਧ** : ਭਾਰਤ ਸਰਕਾਰ ਨੇ ਕਿਸੇ ਵੀ ਵੱਡੀ ਜੰਗ ਜਾਂ ਸਪਲਾਈ ਚੇਨ ਦੇ ਟੁੱਟਣ ਦੀ ਸੂਰਤ ਵਿੱਚ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਵਿਸ਼ਾਲ 'ਰਣਨੀਤਕ ਪੈਟਰੋਲੀਅਮ ਭੰਡਾਰ' ਤਿਆਰ ਕੀਤੇ ਹਨ। ਇਹ ਭੰਡਾਰ ਸੰਕਟ ਦੇ ਸਮੇਂ ਕਈ ਦਿਨਾਂ ਤੱਕ ਦੇਸ਼ ਦੀ ਊਰਜਾ ਲੋੜ ਨੂੰ ਪੂਰਾ ਕਰਨ ਦੀ ਸਮਰੱਥਾ ਰੱਖਦੇ ਹਨ। ਇਸਦੇ ਨਾਲ ਹੀ ਖਾਣ-ਪੀਣ ਦੀਆਂ ਚੀਜ਼ਾਂ ਦੀਆਂ ਕੀਮਤਾਂ ਨੂੰ ਕਾਬੂ ਵਿੱਚ ਰੱਖਣ ਲਈ ਸਰਕਾਰ ਨੇ ਕਣਕ, ਚੌਲ ਅਤੇ ਖੰਡ ਦੇ ਨਿਰਯਾਤ 'ਤੇ ਲੋੜ ਅਨੁਸਾਰ ਪਾਬੰਦੀਆਂ ਲਗਾਈਆਂ ਹਨ ਤਾਂ ਜੋ ਦੇਸ਼ ਦੇ ਅੰਦਰ ਇਹਨਾਂ ਦੀ ਘਾਟ ਨਾ ਹੋਵੇ। 'ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ' ਰਾਹੀਂ ਕਰੋੜਾਂ ਲੋਕਾਂ ਨੂੰ ਮੁਫ਼ਤ ਰਾਸ਼ਨ ਦੇਣਾ ਜਾਰੀ ਰੱਖਣਾ ਸਰਕਾਰ ਦੀ ਇੱਕ ਅਜਿਹੀ ਨੀਤੀ ਹੈ, ਜਿਸ ਨੇ ਵਿਸ਼ਵਵਿਆਪੀ ਮਹਿੰਗਾਈ ਦੇ ਬਾਵਜੂਦ ਭਾਰਤ ਦੇ ਸਭ ਤੋਂ ਗਰੀਬ ਤਬਕੇ ਨੂੰ ਭੁੱਖਮਰੀ ਅਤੇ ਆਰਥਿਕ ਤੰਗੀ ਤੋਂ ਬਚਾ ਕੇ ਰੱਖਿਆ ਹੈ।

**ਈਰਾਨ ਦੀ ਨਵੀਂ 'ਡੀਏਗੋ ਗਾਰਸੀਆ' ਚਾਲ ਅਤੇ ਵਿਸ਼ਵਵਿਆਪੀ ਚੇਤਾਵਨੀ** : ਲੇਖ ਦੇ ਇਸ ਹਿੱਸੇ ਵਿੱਚ, ਅਸੀਂ ਈਰਾਨ-ਇਜ਼ਰਾਈਲ ਟਕਰਾਅ ਦੇ ਸਭ ਤੋਂ ਨਵੇਂ ਅਤੇ ਗੰਭੀਰ ਪਹਿਲੂ ਵੱਲ ਵਧਦੇ ਹਾਂ, ਜੋ ਕਿ ਹਾਲ ਹੀ ਵਿੱਚ ਸਾਹਮਣੇ ਆਈ ਅਖ਼ਬਾਰ ਦੀ ਕਲਿਪਿੰਗ ਵਿੱਚ ਵਿਸਥਾਰ ਨਾਲ ਦੱਸਿਆ ਗਿਆ ਹੈ। ਈਰਾਨ ਨੇ ਆਪਣੀ ਰਣਨੀਤੀ ਬਦਲਦਿਆਂ ਹਿੰਦ ਮਹਾਸਾਗਰ ਵਿੱਚ ਸਥਿਤ ਅਮਰੀਕੀ-ਬਰਤਾਨਵੀ ਫੌਜੀ ਅੱਡੇ 'ਡੀਏਗੋ ਗਾਰਸੀਆ' 'ਤੇ ਦਰਮਿਆਨੀ ਦੂਰੀ ਦੀਆਂ ਬੈਲਿਸਟਿਕ ਮਿਜ਼ਾਈਲਾਂ ਨਾਲ ਹਮਲਾ ਕਰਕੇ ਪੂਰੀ ਦੁਨੀਆ ਨੂੰ ਹੈਰਾਨ ਕਰ ਦਿੱਤਾ ਹੈ। ਭਾਵੇਂ ਇਹ ਮਿਜ਼ਾਈਲਾਂ ਨਿਸ਼ਾਨੇ ਤੋਂ ਖੁੰਝ ਗਈਆਂ, ਪਰ 4000 ਕਿਲੋਮੀਟਰ ਦੂਰ ਹਮਲਾ ਕਰਨ ਦੀ ਇਸ ਸਮਰੱਥਾ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਈਰਾਨ ਹੁਣ ਸਿਰਫ਼ ਖੇਤਰੀ ਨਹੀਂ, ਸਗੋਂ ਵਿਸ਼ਵਵਿਆਪੀ ਹਮਲੇ ਕਰਨ ਦੇ ਯੋਗ ਹੈ। ਇਜ਼ਰਾਈਲੀ ਫੌਜ ਦੇ ਮੁਖੀਆਂ ਮੁਤਾਬਕ, ਇਹ ਮਿਜ਼ਾਈਲਾਂ ਹੁਣ ਬਰਲਿਨ, ਪੈਰਿਸ ਅਤੇ ਰੋਮ ਵਰਗੀਆਂ ਯੂਰਪੀ ਰਾਜਧਾਨੀਆਂ ਤੱਕ ਵੀ ਮਾਰ ਕਰ ਸਕਦੀਆਂ ਹਨ, ਜੋ ਕਿ ਵਿਸ਼ਵ ਆਰਥਿਕਤਾ ਅਤੇ ਸੁਰੱਖਿਆ ਲਈ ਇੱਕ ਬਹੁਤ ਵੱਡਾ ਖਤਰਾ ਹੈ।

**ਟਰੰਪ ਦੀ '48 ਘੰਟਿਆਂ' ਦੀ ਚੇਤਾਵਨੀ ਅਤੇ ਊਰਜਾ ਬਾਜ਼ਾਰ ਵਿੱਚ ਭੂਚਾਲ** : ਇਸ ਨਵੇਂ ਟਕਰਾਅ ਤੋਂ ਬਾਅਦ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਈਰਾਨ ਨੂੰ ਦਿੱਤੀ ਗਈ 48 ਘੰਟਿਆਂ ਦੀ ਸਖ਼ਤ ਚੇਤਾਵਨੀ ਨੇ ਕੌਮਾਂਤਰੀ ਤੇਲ ਬਾਜ਼ਾਰ ਵਿੱਚ ਹਫੜਾ-ਦਫੜੀ ਮਚਾ ਦਿੱਤੀ ਹੈ। ਟਰੰਪ ਨੇ ਸਪੱਸ਼ਟ ਕੀਤਾ ਹੈ ਕਿ ਜੇਕਰ ਈਰਾਨ ਨੇ 'ਹੋਰਮੁਜ਼ ਜਲ ਮਾਰਗ' ਨੂੰ ਪੂਰੀ ਤਰ੍ਹਾਂ ਨਾ ਖੋਲ੍ਹਿਆ ਤਾਂ ਅਮਰੀਕਾ ਈਰਾਨ ਦੇ ਪਾਵਰ ਪਲਾਂਟਾਂ ਨੂੰ ਤਬਾਹ ਕਰ ਦੇਵੇਗਾ। ਇਸ ਚੇਤਾਵਨੀ ਤੋਂ ਬਾਅਦ ਵਿਸ਼ਵ ਭਰ ਵਿੱਚ ਤੇਲ ਦੀਆਂ ਕੀਮਤਾਂ ਵਿੱਚ ਅਚਾਨਕ ਉਛਾਲ ਆਉਣ ਦਾ ਡਰ ਪੈਦਾ ਹੋ ਗਿਆ ਹੈ। ਈਰਾਨ ਨੇ ਵੀ ਜਵਾਬੀ ਕਾਰਵਾਈ ਵਿੱਚ ਖਾੜੀ ਦੇਸ਼ਾਂ ਵਿੱਚ ਸਥਿਤ ਅਮਰੀਕੀ ਫੌਜੀ ਢਾਂਚੇ ਅਤੇ ਪਾਵਰ ਪਲਾਂਟਾਂ ਨੂੰ ਨਿਸ਼ਾਨਾ ਬਣਾਉਣ ਦੀ ਧਮਕੀ ਦਿੱਤੀ ਹੈ। ਇਹ ਸਥਿਤੀ ਦਰਸਾਉਂਦੀ ਹੈ ਕਿ ਜੇਕਰ ਊਰਜਾ ਸਰੋਤਾਂ 'ਤੇ ਹਮਲੇ ਹੁੰਦੇ ਹਨ ਤਾਂ ਵਿਸ਼ਵਵਿਆਪੀ ਮਹਿੰਗਾਈ ਇੱਕ ਬੇਕਾਬੂ ਤੂਫ਼ਾਨ ਦਾ ਰੂਪ ਧਾਰਨ ਕਰ ਲਵੇਗੀ।

**ਪ੍ਰਮਾਣੂ ਟਿਕਾਣਿਆਂ 'ਤੇ ਹਮਲੇ ਦਾ ਡਰ ਅਤੇ ਭਵਿੱਖ ਦੀ ਅਨਿਸ਼ਚਿਤਤਾ** : ਈਰਾਨ ਵੱਲੋਂ ਇਜ਼ਰਾਈਲ ਦੇ 'ਡਿਮੋਨਾ' ਵਰਗੇ ਪ੍ਰਮਾਣੂ ਟਿਕਾਣਿਆਂ ਨੇੜੇ ਕੀਤੇ ਗਏ ਮਿਜ਼ਾਈਲ ਹਮਲਿਆਂ ਨੇ ਪੂਰੀ ਦੁਨੀਆ ਨੂੰ ਦਹਿਸ਼ਤ ਵਿੱਚ ਪਾ ਦਿੱਤਾ ਹੈ। ਭਾਵੇਂ ਸੰਯੁਕਤ ਰਾਸ਼ਟਰ ਦੀ ਪ੍ਰਮਾਣੂ ਨਿਗਰਾਨ ਸੰਸਥਾ ਨੇ ਅਜੇ ਤੱਕ ਕਿਸੇ ਵੱਡੇ ਨੁਕਸਾਨ ਦੀ ਪੁਸ਼ਟੀ ਨਹੀਂ ਕੀਤੀ, ਪਰ ਪ੍ਰਮਾਣੂ ਕੇਂਦਰਾਂ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਹੀ ਇਸ ਗੱਲ ਦਾ ਸੰਕੇਤ ਹੈ ਕਿ ਇਹ ਜੰਗ ਕਿਸੇ ਵੀ ਹੱਦ ਤੱਕ ਜਾ ਸਕਦੀ ਹੈ। ਅਜਿਹੀ ਸਥਿਤੀ ਵਿੱਚ ਨਿਵੇਸ਼ਕਾਂ ਦਾ ਭਰੋਸਾ ਪੂਰੀ ਤਰ੍ਹਾਂ ਡਗਮਗਾ ਜਾਂਦਾ ਹੈ, ਜਿਸ ਨਾਲ ਸ਼ੇਅਰ ਬਾਜ਼ਾਰਾਂ ਵਿੱਚ ਵੱਡੀ ਗਿਰਾਵਟ ਆਉਂਦੀ ਹੈ ਅਤੇ ਸੋਨੇ ਦੀਆਂ ਕੀਮਤਾਂ ਅਸਮਾਨੀ ਚੜ੍ਹ ਜਾਂਦੀਆਂ ਹਨ। ਸੋਨੇ ਦਾ ਮਹਿੰਗਾ ਹੋਣਾ ਭਾਰਤੀ ਸਮਾਜ ਵਿੱਚ ਮਹਿੰਗਾਈ ਦਾ ਸਭ ਤੋਂ ਵੱਡਾ ਪ੍ਰਤੀਕ ਮੰਨਿਆ ਜਾਂਦਾ ਹੈ, ਜੋ ਆਮ ਲੋਕਾਂ ਦੀ ਬੱਚਤ ਨੂੰ ਖਤਮ ਕਰ ਰਿਹਾ ਹੈ।

**ਇੱਕ ਨਵੀਂ ਵਿਸ਼ਵ ਵਿਵਸਥਾ ਅਤੇ ਸਥਿਰਤਾ ਦੀ ਲੋੜ** : ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਈਰਾਨ-ਇਜ਼ਰਾਈਲ ਟਕਰਾਅ ਇੱਕ ਅਜਿਹੀ ਲਹਿਰ ਹੈ ਜੋ ਸਿਰਫ਼ ਰਾਜਨੀਤਿਕ ਹੱਦਾਂ ਤੱਕ ਸੀਮਿਤ ਨਹੀਂ ਹੈ ਸਗੋਂ ਇਹ ਹਰ ਵਿਅਕਤੀ ਦੇ ਜੀਵਨ ਪੱਧਰ ਨੂੰ ਪ੍ਰਭਾਵਿਤ ਕਰ ਰਹੀ ਹੈ। ਮਹਿੰਗਾਈ ਦਾ ਇਹ ਦੌਰ ਸਾਨੂੰ ਸਿਖਾਉਂਦਾ ਹੈ ਕਿ ਅੱਜ ਦੇ ਦੌਰ ਵਿੱਚ ਕੋਈ ਵੀ ਦੇਸ਼ ਇਕੱਲਾ ਰਹਿ ਕੇ ਤਰੱਕੀ ਨਹੀਂ ਕਰ ਸਕਦਾ। ਭਾਰਤ ਲਈ ਇਹ ਇੱਕ ਸਿੱਖਣ ਵਾਲਾ ਮੌਕਾ ਵੀ ਹੈ ਕਿ ਉਹ ਆਪਣੀ ਊਰਜਾ ਨੀਤੀ ਨੂੰ ਹੋਰ ਮਜ਼ਬੂਤ ਬਣਾਏ ਅਤੇ ਸੂਰਜੀ ਊਰਜਾ ਵਰਗੇ ਨਵਿਆਉਣਯੋਗ ਸਰੋਤਾਂ ਵੱਲ ਤੇਜ਼ੀ ਨਾਲ ਵਧੇ ਤਾਂ ਜੋ ਵਿਦੇਸ਼ੀ ਨਿਰਭਰਤਾ ਨੂੰ ਖਤਮ ਕੀਤਾ ਜਾ ਸਕੇ। ਜਦੋਂ ਤੱਕ ਕੂਟਨੀਤਿਕ ਕੋਸ਼ਿਸ਼ਾਂ ਰਾਹੀਂ ਮੱਧ-ਪੂਰਬ ਵਿੱਚ ਸ਼ਾਂਤੀ ਬਹਾਲ ਨਹੀਂ ਹੁੰਦੀ ਉਦੋਂ ਤੱਕ ਵਿਸ਼ਵ ਆਰਥਿਕਤਾ 'ਤੇ ਅਨਿਸ਼ਚਿਤਤਾ ਦੇ ਬੱਦਲ ਛਾਏ ਰਹਿਣਗੇ। ਸਾਵਧਾਨੀ, ਯੋਜਨਾਬੰਦੀ ਅਤੇ ਮਜ਼ਬੂਤ ਇੱਛਾ ਸ਼ਕਤੀ ਨਾਲ ਹੀ ਅਸੀਂ ਇਸ ਮਹਿੰਗਾਈ ਦੇ ਤੂਫ਼ਾਨ ਦਾ ਸਫ਼ਲਤਾਪੂਰਵਕ ਸਾਹਮਣਾ ਕਰ ਸਕਦੇ ਹਾਂ।

## ਭਾਰਤ 'ਚ ਜੱਜਾਂ ਦੀ ਨਿਯੁਕਤੀ ਲਈ ਕਾਲੇਜੀਅਮ ਸਿਸਟਮ ਹੀ ਬਿਹਤਰ: ਗਵਈ

ਬੈਂਗਲੁਰੂ, 23 ਮਾਰਚ (ਚ.ਨ.ਸ): ਭਾਰਤ ਦੇ ਸਾਬਕਾ ਚੀਫ਼ ਜਸਟਿਸ, ਬੀ.ਆਰ. ਗਵਈ ਨੇ ਕਿਹਾ ਕਿ ਫਿਲਹਾਲ ਦੇ ਹਾਲਾਤ ਵਿੱਚ ਕਾਲੇਜੀਅਮ ਪ੍ਰਣਾਲੀ ਹੀ ਦੇਸ਼ ਲਈ ਸੱਭ ਤੋਂ ਉਚਿੱਤ ਹੈ। ਉਹ ਸੁਪਰੀਮ ਕੋਰਟ ਬਾਰ ਐਸੋਸੀਏਸ਼ਨ ਦੇ ਪਹਿਲੇ ਕੌਮੀ ਸੰਮੇਲਨ 'ਰੀਇਮੇਜਿਨਿੰਗ ਜੁਡੀਸ਼ੀਅਲ ਗਵਰਨੈਂਸ' ਦੇ ਸਮਾਪਨ ਸਮਾਰੋਹ ਵਿੱਚ ਬੋਲ ਰਹੇ ਸਨ। ਜਸਟਿਸ ਗਵਈ ਨੇ ਸਪੱਸ਼ਟ ਕੀਤਾ ਕਿ ਕੋਈ ਵੀ ਪ੍ਰਣਾਲੀ ਪੂਰੀ ਤਰ੍ਹਾਂ ਨਿਰਵਿਘਨ ਨਹੀਂ ਹੋ ਸਕਦੀ। ਉਨ੍ਹਾਂ ਨੇ ਕਿਹਾ ਕਿ ਕਾਲੇਜੀਅਮ ਪ੍ਰਣਾਲੀ ਵਿੱਚ ਫਾਇਦੇ ਤੇ ਨੁਕਸਾਨ ਦੋਵੇਂ ਹਨ, ਪਰ ਮੇਰੇ ਅਨੁਭਵ ਅਨੁਸਾਰ ਇਹ ਪ੍ਰਣਾਲੀ ਇਸ ਵੇਲੇ ਭਾਰਤ ਲਈ ਸੱਭ ਤੋਂ ਵਧੀਆ ਹੈ। ਉਨ੍ਹਾਂ ਨੇ ਸਰਕਾਰ ਨੂੰ ਕੌਮੀ ਮੁਕੱਦਮਾ ਨੀਤੀ (ਐਨ.ਐਲ.ਪੀ.) ਲਾਗੂ ਕਰਨ ਦੀ ਅਪੀਲ ਕੀਤੀ ਤਾਂ ਜੋ ਅਦਾਲਤਾਂ ਵਿੱਚ ਲੰਬਿਤ ਕੇਸਾਂ ਦੀ ਗਿਣਤੀ ਘੱਟ ਸਕੇ। ਗਵਈ ਨੇ ਜ਼ੋਰ ਦਿੱਤਾ ਕਿ ਜੇਕਰ ਕਾਰਜਕਾਰੀ ਇਸ ਨੀਤੀ ਨੂੰ ਲਾਗੂ ਕਰੇ ਤਾਂ ਇਹ ਪੈਂਡੈਂਸੀ ਘਟਾਉਣ ਵਿੱਚ ਬਹੁਤ ਮਦਦਗਾਰ ਹੋਵੇਗੀ। ਜਸਟਿਸ ਗਵਈ ਨੇ ਇਹ ਵੀ ਦਰਸਾਇਆ ਕਿ ਹਾਈ ਕੋਰਟ ਦੇ ਜੱਜ ਸੁਪਰੀਮ ਕੋਰਟ ਦੇ ਜੱਜਾਂ ਤੋਂ ਘੱਟ ਨਹੀਂ ਹਨ ਤੇ ਜ਼ਰੂਰੀ ਹਾਲਾਤ ਵਿੱਚ ਟਰਾਂਸਫਰ ਵੀ ਲਾਜ਼ਮੀ ਹੁੰਦਾ ਹੈ। ਵਾਤਾਵਰਨ ਸੰਭਾਲ ਬਾਰੇ ਗੱਲ ਕਰਦਿਆਂ ਉਨ੍ਹਾਂ ਨੇ ਕਿਹਾ ਕਿ ਅਦਾਲਤਾਂ ਨੇ ਹਮੇਸ਼ਾ ਵਿਕਾਸ ਤੇ ਵਾਤਾਵਰਨ ਦੇ ਵਿਚਕਾਰ ਸੰਤੁਲਨ ਬਣਾਇਆ ਹੈ। ਉਨ੍ਹਾਂ ਨੇ ਚੇਤਾਵਨੀ ਦਿੱਤੀ ਕਿ ਜੇ ਕਾਰਜਕਾਰੀ ਮਨਮਾਨੀ ਕਰੇ, ਤਾਂ ਨਿਆਂਪਾਲਿਕਾ ਚੁੱਪ ਨਹੀਂ ਰਹਿ ਸਕਦੀ।



## ਮਾਂ ਆਪਣੀਆਂ ਦੋ ਧੀਆਂ ਦੀ ਹੱਤਿਆ ਕਰਨ ਦੇ ਦੋਸ਼ ਹੇਠ ਗ੍ਰਿਫ਼ਤਾਰ

ਨਵੀਂ ਦਿੱਲੀ, 23 ਮਾਰਚ (ਚ.ਨ.ਸ): ਦਿੱਲੀ ਪੁਲਿਸ ਨੇ ਮਾਲਵੀਆ ਨਗਰ 'ਚ ਰਹਿਣ ਵਾਲੀ 54 ਸਾਲ ਦੀ ਇੱਕ ਔਰਤ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਸ 'ਤੇ ਆਪਣੀਆਂ ਦੋ ਧੀਆਂ ਦੀ ਹੱਤਿਆ ਕਰਨ ਦਾ ਦੋਸ਼ ਹੈ। ਇਹ ਘਟਨਾ 6 ਮਾਰਚ ਨੂੰ ਸਾਹਮਣੇ ਆਈ ਸੀ, ਜਦੋਂ 34 ਤੇ 28 ਸਾਲ ਦੀਆਂ ਦੋ ਭੈਣਾਂ ਦੀਆਂ ਲਾਸ਼ਾਂ ਵੱਖ-ਵੱਖ ਕਮਰਿਆਂ 'ਚ ਮਿਲੀਆਂ ਸਨ। ਮਾਂ ਨੂੰ ਉਸੇ ਘਰ ਦੇ ਇੱਕ ਹੋਰ ਕਮਰੇ 'ਚ ਬੇਹੋਸ਼ ਹਾਲਤ 'ਚ ਪਾਇਆ ਗਿਆ ਸੀ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਵੱਡੀ ਧੀ, ਜੋ ਮਾਨਸਿਕ ਤੌਰ 'ਤੇ ਚੁਣੌਤੀ ਪੂਰਨ ਸੀ, ਉਸ ਦੇ ਚਿਹਰੇ 'ਤੇ ਸਿਰਹਾਣਾ ਮਿਲਿਆ, ਜਦਕਿ ਛੋਟੀ ਧੀ, ਜੋ ਕਾਨੂੰਨ ਦੀ ਵਿਦਿਆਰਥਣ ਸੀ, ਉਸ ਦੀ ਗਰਦਨ 'ਤੇ ਫੰਦਾ ਮਿਲਿਆ। ਪੁਲਿਸ ਨੇ ਕਿਹਾ ਕਿ ਮਾਂ ਨੇ ਜ਼ਹਿਰੀਲਾ ਪਦਾਰਥ ਨਿਗਲਿਆ ਸੀ ਤੇ ਉਸ ਦੀ ਤਬੀਅਤ ਠੀਕ ਹੋਣ ਤੋਂ ਬਾਅਦ ਉਸ ਨੂੰ ਗ੍ਰਿਫ਼ਤਾਰ ਕੀਤਾ ਗਿਆ। ਜਾਂਚ ਅਧਿਕਾਰੀਆਂ ਮੁਤਾਬਿਕ, ਮਹਿਲਾ ਆਪਣੇ ਪਤੀ ਨਾਲ ਤਣਾਅਪੂਰਨ ਸਬੰਧਾਂ ਤੇ ਵਿੱਤੀ ਨਿਰਭਰਤਾ ਕਾਰਨ ਮਨੋਵਿਗਿਆਨਕ ਦਬਾਅ 'ਚ ਸੀ। ਇੱਕ ਅਧਿਕਾਰੀ ਨੇ ਕਿਹ ਕਿ ਇਹ ਪਰਿਵਾਰਕ ਤਣਾਅ ਹੀ ਇਸ ਘਟਨਾ ਦਾ ਕਾਰਨ ਬਣ ਸਕਦਾ ਹੈ। ਪੁਲਿਸ ਨੇ ਕਿਹਾ ਕਿ ਮਾਮਲੇ ਦੀ ਜਾਂਚ ਜਾਰੀ ਹੈ ਤੇ ਸਾਰੇ ਪੱਖਾਂ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।



## ਅਮਰੀਕੀ ਆਜ਼ਾਦੀ ਦੀ 250ਵੀਂ ਵਰ੍ਹੇਗੰਢ ਨੂੰ ਮਨਾਉਣ ਲਈ ਸੋਨੇ ਦਾ ਸਿੱਕਾ ਹੋਵੇਗਾ ਜਾਰੀ

### ☛ਸੋਨੇ ਦੇ ਸਿੱਕੇ 'ਤੇ ਛਪੇਗੀ ਟਰੰਪ ਦੀ ਤਸਵੀਰ

ਵਾਸ਼ਿੰਗਟਨ, 23 ਮਾਰਚ (ਚ.ਨ.ਸ): ਅਮਰੀਕੀ ਆਜ਼ਾਦੀ ਦੀ 250ਵੀਂ ਵਰ੍ਹੇਗੰਢ ਨੂੰ ਮਨਾਉਣ ਲਈ ਇੱਕ ਵਿਸ਼ੇਸ਼ ਸੋਨੇ ਦਾ ਸਿੱਕਾ ਜਾਰੀ ਕਰਨ ਦੀਆਂ ਤਿਆਰੀਆਂ ਚੱਲ ਰਹੀਆਂ ਹਨ, ਜਿਸ 'ਚ ਮੌਜੂਦਾ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਤਸਵੀਰ ਉਕਰੀ ਹੋਵੇਗੀ। ਇਸ ਪ੍ਰਸਤਾਵਿਤ 24-ਕੈਰੇਟ ਸੋਨੇ ਦੇ ਸਿੱਕੇ ਵਿੱਚ ਟਰੰਪ ਨੂੰ 'ਰੈਜ਼ੋਲਿਊਟ ਡੈਸਕ' ਤੋਂ ਝੁਕਦੇ ਹੋਏ ਦਿਖਾਇਆ ਗਿਆ ਹੈ। 4 ਜੁਲਾਈ, 1776 ਨੂੰ 13 ਅਮਰੀਕੀ ਕਲੋਨੀਆਂ ਨੇ ਗ੍ਰੇਟ ਬ੍ਰਿਟੇਨ ਤੋਂ ਆਪਣੀ ਆਜ਼ਾਦੀ ਦਾ ਐਲਾਨ ਕੀਤਾ ਸੀ। ਇਸ ਕਾਰਨ ਕਰਕੇ 4 ਜੁਲਾਈ ਨੂੰ ਅਮਰੀਕਾ 'ਚ ਹਰ ਸਾਲ ਆਜ਼ਾਦੀ ਦਿਵਸ ਵਜੋਂ ਮਨਾਇਆ ਜਾਂਦਾ ਹੈ ਤੇ ਆਤਿਸ਼ਬਾਜ਼ੀ, ਖਰੇਡ ਤੇ ਜਸ਼ਨ ਹੁੰਦੇ ਹਨ। ਜ਼ਿਕਰਯੋਗ ਹੈ ਇਸ ਤੋਂ ਪਹਿਲਾਂ, 1926 'ਚ ਅਮਰੀਕੀ ਆਜ਼ਾਦੀ ਦੀ 150ਵੀਂ ਵਰ੍ਹੇਗੰਢ ਨੂੰ ਮਨਾਉਣ ਲਈ ਕੈਲਵਿਨ ਕੂਲਿਜ ਨੂੰ ਜਾਰਜ ਵਾਸ਼ਿੰਗਟਨ ਦੇ ਨਾਲ ਦਿਖਾਇਆ ਗਿਆ ਸੀ। ਹਾਲਾਂਕਿ, ਅਮਰੀਕੀ ਕਾਨੂੰਨ ਆਮ ਤੌਰ 'ਤੇ ਮੁਦਰਾ ਤੇ ਇੱਕ ਜੀਵਤ ਰਾਸ਼ਟਰਪਤੀ ਦੇ ਚਿੱਤਰਣ ਦੀ ਮਨਾਹੀ ਕਰਦਾ ਹੈ।



## 1993 ਦਿੱਲੀ-ਬੰਬ ਧਮਾਕੇ ਦੇ ਦੋਸ਼ੀ ਪ੍ਰੋ. ਭੁੱਲਰ ਦੇ ਛੋਟੇ ਭਰਾ ਤੇਜਿੰਦਰਪਾਲ ਸਿੰਘ ਦਾ ਦੇਹਾਂਤ

ਸੈਨ ਫਰਾਂਸਿਸਕੋ, 23 ਮਾਰਚ (ਚ.ਨ.ਸ): 1993 ਦੇ ਦਿੱਲੀ ਬੰਬ ਧਮਾਕੇ ਦੇ ਮਾਮਲੇ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੇ ਪਰਿਵਾਰ ਲਈ ਇੱਕ ਬੇਹੱਦ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। ਪ੍ਰੋ. ਭੁੱਲਰ ਦੇ ਛੋਟੇ ਭਰਾ ਤੇਜਿੰਦਰਪਾਲ ਸਿੰਘ ਭੁੱਲਰ (57) ਦਾ ਅਮਰੀਕਾ ਦੇ ਸ਼ਹਿਰ ਸੈਨ ਫਰਾਂਸਿਸਕੋ ਵਿੱਚ ਦੇਹਾਂਤ ਹੋ ਗਿਆ ਹੈ। ਮਿਲੀ ਜਾਣਕਾਰੀ ਅਨੁਸਾਰ ਤੇਜਿੰਦਰਪਾਲ ਸਿੰਘ ਪਿਛਲੇ ਲੰਬੇ ਸਮੇਂ ਤੋਂ ਨਾਮੁਰਾਦ ਬਿਮਾਰੀ ਕੈਂਸਰ ਨਾਲ ਜੂਝ ਰਹੇ ਸਨ। ਹਸਪਤਾਲ ਵਿੱਚ ਇਲਾਜ ਦੌਰਾਨ ਉਨ੍ਹਾਂ ਨੇ ਆਖ਼ਰੀ ਸਾਹ ਲਏ। ਉਨ੍ਹਾਂ ਦੇ ਅਚਾਨਕ ਚਲਾਣੇ ਨਾਲ ਇਲਾਕੇ ਤੇ ਵਿਦੇਸ਼ਾਂ ਵਿੱਚ ਵੱਸਦੇ ਸਿੱਖ ਭਾਈਚਾਰੇ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ। ਪਰਿਵਾਰਕ ਪਿਛੋਕੜ ਤੇ ਪਰਵਾਸ ਤੇਜਿੰਦਰਪਾਲ ਸਿੰਘ ਭੁੱਲਰ ਦਾ ਜੱਦੀ ਪਿੰਡ ਬਠਿੰਡਾ ਜ਼ਿਲ੍ਹੇ ਦਾ ਦਿਆਲਪੁਰਾ ਭਾਈਕਾ ਹੈ। ਭੁੱਲਰ ਪਰਿਵਾਰ ਕਾਫ਼ੀ ਸਮਾਂ ਪਹਿਲਾਂ ਪੰਜਾਬ ਤੋਂ ਹਿਜਰਤ ਕਰਕੇ ਵਿਦੇਸ਼ਾਂ ਵਿੱਚ ਜਾ ਵਸਿਆ ਸੀ। ਪਰਿਵਾਰ ਦੇ ਕੁਝ ਮੈਂਬਰ ਅਮਰੀਕਾ ਤੇ ਕੁਝ ਕੈਨੇਡਾ ਵਿੱਚ ਸੈਟਲ ਹੋ ਗਏ ਸਨ। ਇਸ ਸਮੇਂ ਪਿੰਡ ਦਿਆਲਪੁਰਾ ਭਾਈਕਾ ਵਿੱਚ ਸਿਰਫ਼ ਉਨ੍ਹਾਂ ਦੇ ਦੂਰ ਦੇ ਰਿਸ਼ਤੇਦਾਰ ਹੀ ਰਹਿ ਰਹੇ ਹਨ। ਪਿੰਡ ਵਾਸੀਆਂ ਨੇ ਦੱਸਿਆ ਕਿ ਤੇਜਿੰਦਰਪਾਲ ਸਿੰਘ ਇੱਕ ਮਿਲਾਪੜੇ ਸੁਭਾਅ ਦੇ ਇਨਸਾਨ ਸਨ ਤੇ ਭਾਵੇਂ ਉਹ ਵਿਦੇਸ਼ ਚਲੇ ਗਏ ਸਨ, ਪਰ ਆਪਣੀਆਂ ਜੜ੍ਹਾਂ ਨਾਲ ਹਮੇਸ਼ਾ ਜੁੜੇ ਰਹੇ। ਅਜਿਹੇ ਸਮੇਂ ਵਿੱਚ ਛੋਟੇ ਭਰਾ ਦਾ ਵਿਛੋੜਾ ਪਰਿਵਾਰ ਲਈ ਇੱਕ ਵੱਡਾ ਸਦਮਾ ਹੈ। ਰਿਵਾਰਕ ਸੂਤਰਾਂ ਅਨੁਸਾਰ ਤੇਜਿੰਦਰਪਾਲ ਸਿੰਘ ਦਾ ਅੰਤਿਮ ਸਸਕਾਰ ਅਮਰੀਕਾ ਵਿੱਚ ਹੀ ਕੀਤੇ ਜਾਣ ਦੀ ਸੰਭਾਵਨਾ ਹੈ।



## ਕੁਰੂਕਸ਼ੇਤਰ ਯੂਨੀਵਰਸਿਟੀ ਵਿਖੇ ਕੇਂਦਰੀ ਮੰਤਰੀ ਤੇ ਮੁੱਖ ਮੰਤਰੀ ਸੈਣੀ ਵੱਲੋਂ 'ਡਿਸ਼ਾ' ਸਕੀਮ ਤਹਿਤ ਕਈ ਪਹਿਲਕਦਮੀਆਂ ਦੀ ਸ਼ੁਰੂਆਤ

ਕੁਰੂਕਸ਼ੇਤਰ, 23 ਮਾਰਚ (ਚ.ਨ.ਸ): ਕੇਂਦਰੀ ਕਾਨੂੰਨ ਤੇ ਨਿਆਂ ਰਾਜ ਮੰਤਰੀ (ਸੁਤੰਤਰ ਚਾਰਜ) ਅਰਜੁਨ ਰਾਮ ਮੇਘਵਾਲ ਨੇ ਕਿਹਾ ਕਿ ਦੇਸ਼ ਦੀ ਨਿਆਂ ਪ੍ਰਣਾਲੀ ਨੂੰ ਮਜ਼ਬੂਤ ਕਰਦੇ ਹੋਏ ਸਰਕਾਰ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਇਨਸਾਫ਼ ਹਰ ਨਾਗਰਿਕ ਤੱਕ ਪਹੁੰਚੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਨਸਾਫ਼ ਸਿਰਫ਼ ਅਦਾਲਤਾਂ ਦੀਆਂ ਚਾਰਦੀਵਾਰੀਆਂ ਤੱਕ ਸੀਮਿਤ ਨਹੀਂ ਰਹਿਣਾ ਚਾਹੀਦਾ, ਸਗੋਂ ਇਹ ਸਮਾਜ ਦੇ ਆਖ਼ਰੀ ਵਿਅਕਤੀ ਤੱਕ ਪਹੁੰਚਣਾ ਚਾਹੀਦਾ ਹੈ। ਕੁਰੂਕਸ਼ੇਤਰ ਯੂਨੀਵਰਸਿਟੀ ਵਿਖੇ 'ਡਿਜ਼ਾਈਨਿੰਗ ਇਨੋਵੇਟਿਵ ਸੋਲਿਊਸ਼ਨਜ਼ ਫਾਰ ਹੋਲਿਸਟਿਕ ਐਕਸੈਸ ਟੂ ਜਸਟਿਸ' ਸਕੀਮ ਦੇ ਅਧੀਨ ਟੈਲੀ-ਲਾਅ ਪ੍ਰੋਗਰਾਮ ਦੀਆਂ ਗਤੀਵਿਧੀਆਂ ਬਾਰੇ ਆਯੋਜਿਤ ਇੱਕ ਖੇਤਰੀ ਵਰਕਸ਼ਾਪ ਨੂੰ ਸੰਬੋਧਨ ਕਰਦਿਆਂ ਸ੍ਰੀ ਮੇਘਵਾਲ ਨੇ ਕਿਹਾ ਕਿ ਇਸ ਪਹਿਲਕਦਮੀ ਦਾ ਮੁੱਖ ਉਦੇਸ਼ ਪਛੜੇ ਤੇ ਵਾਂਝੇ ਵਰਗਾਂ ਲਈ ਇਨਸਾਫ਼ ਤੱਕ ਪਹੁੰਚ ਨੂੰ ਆਸਾਨ ਤੇ ਨਿਰਵਿਘਨ ਬਣਾਉਣਾ ਹੈ। ਉਨ੍ਹਾਂ ਨੇ ਟੈਲੀ-ਲਾਅ: ਰੀਚਿੰਗ ਦ ਅਨਰੀਚਡ, ਨਿਆਏ ਬੰਧੂ ਤੇ ਕਾਨੂੰਨੀ ਸਾਖਰਤਾ ਤੇ ਜਾਗਰੂਕਤਾ ਪ੍ਰੋਗਰਾਮ ਵਰਗੀਆਂ ਪ੍ਰਮੁੱਖ ਯੋਜਨਾਵਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਸਰਕਾਰ ਦਾ ਟੀਚਾ ਇਨਸਾਫ਼ ਦੀ ਪਹੁੰਚ ਨੂੰ ਸਰਵਵਿਆਪੀ ਬਣਾਉਣਾ ਹੈ। ਨਿਆਂ ਪ੍ਰਣਾਲੀ ਵਿੱਚ ਤਕਨਾਲੋਜੀ ਦੀ ਮਹੱਤਤਾ 'ਤੇ ਚਾਨਣਾ ਪਾਉਂਦੇ ਹੋਏ ਕੇਂਦਰੀ ਮੰਤਰੀ ਨੇ ਕਿਹਾ ਕਿ ਇਨਸਾਫ਼ ਪ੍ਰਦਾਨ ਕਰਨ ਵਾਲੀ ਪ੍ਰਣਾਲੀ ਨੂੰ ਵਧੇਰੇ ਕਿਫਾਇਤੀ ਤੇ ਨਾਗਰਿਕ-ਕੇਂਦ੍ਰਿਤ ਬਣਾਉਣ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਅਨੁਸਾਰ ਇਹ ਡਿਜੀਟਲ ਪਹਿਲਕਦਮੀਆਂ ਨਾ ਸਿਰਫ਼ ਕਾਨੂੰਨੀ ਵਾਤਾਵਰਨ ਨੂੰ ਮਜ਼ਬੂਤ ਕਰ ਰਹੀਆਂ ਹਨ, ਸਗੋਂ ਸਮੇਂ ਸਿਰ ਕਾਨੂੰਨੀ ਸਲਾਹ ਪ੍ਰਦਾਨ ਕਰਕੇ ਆਮ ਲੋਕਾਂ ਨੂੰ ਸ਼ਕਤੀਸ਼ਾਲੀ ਵੀ ਬਣਾ ਰਹੀਆਂ ਹਨ। ਇਸ ਮੌਕੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵਿਕਸਿਤ ਭਾਰਤ ਤੇ ਡਿਜੀਟਲ ਇੰਡੀਆ ਦੇ ਵਿਜ਼ਨ ਦਾ ਅਸਲ ਮਕਸਦ ਸਮਾਵੇਸ਼ੀ ਵਿਕਾਸ ਤੇ ਸੁਸ਼ਾਸਨ ਹੈ। ਸੈਣੀ ਨੇ ਜਾਣਕਾਰੀ ਦਿੱਤੀ ਕਿ ਸੂਬੇ ਵਿੱਚ ਤਕਨਾਲੋਜੀ ਰਾਹੀਂ ਕਾਨੂੰਨੀ ਸੇਵਾਵਾਂ ਨੂੰ ਅਤਿ-ਆਧੁਨਿਕ ਬਣਾਇਆ ਜਾ ਰਿਹਾ ਹੈ। ਸਮਾਗਮ ਦੌਰਾਨ ਇਨਸਾਫ਼ ਦੀ ਪਹੁੰਚ ਵਧਾਉਣ ਲਈ ਇੱਕ 'ਡਿਸ਼ਾ ਜਾਗਰੂਕਤਾ ਵੈਨ' ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ ਗਿਆ। ਇਸ ਤੋਂ ਇਲਾਵਾ ਉਤਰ-ਪੂਰਬੀ ਖੇਤਰ ਦੇ ਕਬਾਇਲੀ ਭਾਈਚਾਰਿਆਂ ਦੇ ਰਵਾਇਤੀ ਕਾਨੂੰਨਾਂ 'ਤੇ ਆਧਾਰਿਤ ਈ-ਬੁੱਕਸ ਤੇ ਇਸ ਯੋਜਨਾ 'ਤੇ ਬਣੀ ਇੱਕ ਦਸਤਾਵੇਜ਼ੀ ਫ਼ਿਲਮ ਵੀ ਰਿਲੀਜ਼ ਕੀਤੀ ਗਈ।



## ਸ਼ਹੀਦ-ਏ-ਆਜ਼ਮ ਭਗਤ ਸਿੰਘ ਨੂੰ ਲੈ ਕੇ ਪਾਕਿਸਤਾਨ 'ਚ ਦੋਹਰੀ ਸੋਚ ਬਣੀ

### ☛ਸ਼ਹੀਦ ਭਗਤ ਸਿੰਘ ਤੇ ਹੋਰਨਾਂ ਕ੍ਰਾਂਤੀਕਾਰੀਆਂ ਬਾਰੇ ਪਾਕਿ ਦੇ ਸਕੂਲਾਂ ਤੇ ਕਾਲਜਾਂ 'ਚ ਪੜ੍ਹਾਇਆ ਜਾਣਾ ਬੇਹੱਦ ਜ਼ਰੂਰੀ

ਅੰਮ੍ਰਿਤਸਰ, 23 ਮਾਰਚ (ਚ.ਨ.ਸ): ਸ਼ਹੀਦ-ਏ-ਆਜ਼ਮ ਭਗਤ ਸਿੰਘ ਨੂੰ ਲੈ ਕੇ ਪਾਕਿਸਤਾਨ 'ਚ ਦੋਹਰੀ ਸੋਚ ਬਣੀ ਹੋਈ ਹੈ। ਜਿੱਥੇ ਇੱਕ ਪਾਸੇ ਲਹਿੰਦੇ ਪੰਜਾਬ ਦੀ ਸਰਕਾਰ ਦੇ ਅਧੀਨ ਆਉਂਦੇ ਮੈਟਰੋਪੋਲੀਟਨ ਕਾਰਪੋਰੇਸ਼ਨ ਲਾਹੌਰ ਦੇ ਮੁੱਖ ਲੋਕ ਸੰਪਰਕ ਅਧਿਕਾਰੀ ਸੇਵਾਮੁਕਤ ਕਮੋਡੋਰ (ਬ੍ਰਿਗੇਡੀਅਰ) ਤਾਰਿਕ ਮਜੀਦ ਸਮੇਤ ਕੱਟੜਪੰਥੀਆਂ ਵੱਲੋਂ ਸ਼ਹੀਦ ਭਗਤ ਸਿੰਘ ਨੂੰ ਅੱਤਵਾਦੀ ਤੇ ਕਾਫ਼ਰ ਦੱਸਦਿਆਂ ਇਹ ਵੀ ਕਿਹਾ ਜਾ ਰਿਹਾ ਹੈ ਕਿ ਉਹ ਕ੍ਰਾਂਤੀਕਾਰੀ, ਆਜ਼ਾਦੀ ਘੁਲਾਟੀਏ ਤੇ ਸ਼ਹੀਦ ਨਹੀਂ ਸਗੋਂ ਇੱਕ ਅਪਰਾਧੀ ਸੀ। ਲਾਹੌਰ ਦੇ ਸ਼ਾਦਮਾਨ ਚੌਕ ਦਾ ਨਾਂਅ ਸ਼ਹੀਦ ਭਗਤ ਸਿੰਘ ਦੇ ਨਾਂਅ 'ਤੇ ਰੱਖੇ ਜਾਣ ਬਾਰੇ ਕੱਟੜਪੰਥੀਆਂ ਦਾ ਕਹਿਣਾ ਹੈ ਕਿ ਪਾਕਿ 'ਚ ਇਸਲਾਮ ਧਰਮ ਨਾਲ ਜੁੜੇ ਨਾਮ, ਹਸਤੀਆਂ ਤੇ ਵਿਚਾਰਧਾਰਾ ਨੂੰ ਹੀ ਲਾਗੂ ਕੀਤਾ ਜਾਵੇਗਾ। ਇਸ ਸਭ ਦੇ ਦੌਰਾਨ 23 ਮਾਰਚ ਨੂੰ ਸ਼ਾਮ 5 ਵਜੇ ਲਾਹੌਰ ਦੇ ਸ਼ਾਦਮਾਨ ਚੌਕ 'ਚ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਨੂੰ ਯਾਦ ਕਰਦਿਆਂ ਉਨ੍ਹਾਂ ਦੀ ਸ਼ਹੀਦੀ ਬਰਸੀ ਮਨਾਈ। ਦੂਜੇ ਪਾਸੇ, ਪਾਕਿਸਤਾਨ ਦੀ ਭਗਤ ਸਿੰਘ ਮੈਮੋਰੀਅਲ ਫਾਊਂਡੇਸ਼ਨ ਦੇ ਚੇਅਰਮੈਨ ਐਡਵੋਕੇਟ ਇਮਤਿਆਜ਼ ਰਾਸ਼ਿਦ ਕੁਰੈਸ਼ੀ, ਭਗਤ ਸਿੰਘ ਇੰਟਰਨੈਸ਼ਨਲ ਮੈਮੋਰੀਅਲ ਫਾਊਂਡੇਸ਼ਨ ਪਾਕਿਸਤਾਨ ਦੇ ਚੇਅਰਮੈਨ ਸਈਦ ਸ਼ਮਸ਼ਾਦ ਹੁਸੈਨ ਸ਼ਾਹ, ਅਹਿਮਦ ਰਜ਼ਾ, ਡਾ. ਖੋਲਾ ਚੀਮਾ, ਪ੍ਰੋ. ਤੌਹੀਦ ਚੱਠਾ, ਬਾਬਰ ਜਲੰਧਰੀ ਆਦਿ ਲਗਭਗ ਦੋ ਦਹਾਕਿਆਂ ਤੋਂ ਲਾਹੌਰ ਦੀ ਸੈਂਟਰਲ ਜੇਲ੍ਹ ਵਿਚਲੇ ਫਾਂਸੀ-ਘਰ ਵਾਲੇ ਸਥਾਨ 'ਤੇ ਬਣੇ ਸ਼ਾਦਮਾਨ ਚੌਕ ਦਾ ਨਾਂਅ ਭਗਤ ਸਿੰਘ ਚੌਕ ਰੱਖੇ ਜਾਣ ਲਈ ਜੱਦੋ-ਜਹਿਦ ਕਰਦੇ ਆ ਰਹੇ ਹਨ। ਇਸੇ ਚੌਕ ਵਾਲੀ ਥਾਂ 'ਤੇ ਨਾਲ ਲੱਗਦੀ ਸੈਂਟਰਲ ਜੇਲ੍ਹ ਦੇ ਫਾਂਸੀ-ਘਰ 'ਚ 23 ਮਾਰਚ 1931 ਨੂੰ ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ ਨੂੰ ਫਾਂਸੀ 'ਤੇ ਲਟਕਾਇਆ ਗਿਆ। ਸੀ। ਸ਼ਹੀਦ ਭਗਤ ਸਿੰਘ ਤੇ ਹੋਰਨਾਂ ਕ੍ਰਾਂਤੀਕਾਰੀਆਂ ਬਾਰੇ ਪਾਕਿ ਦੇ ਸਕੂਲਾਂ ਤੇ ਕਾਲਜਾਂ ਦੀਆਂ ਸਿਲੇਬਸ ਦੀਆਂ ਕਿਤਾਬਾਂ 'ਚ ਪੜ੍ਹਾਇਆ ਜਾਣਾ ਬੇਹੱਦ ਜ਼ਰੂਰੀ ਹੈ ਤਾਂ ਕਿ ਨਵੀਂ ਪੀੜ੍ਹੀ ਨੂੰ ਨਾਇਕ ਤੇ ਖਲਨਾਇਕ ਦੀ ਪਹਿਚਾਣ ਹੋ ਸਕੇ।



## ਗੁਰਪ੍ਰੀਤ ਕੌਰ ਪੰਨੂੰ ਵੱਲੋਂ ਇਸਤਰੀ ਵਿੰਗ ਦੇ ਅਹੁਦੇਦਾਰਾਂ ਨਾਲ ਮੀਟਿੰਗ



ਫਤਹਿਗੜ੍ਹ ਚੂੜੀਆਂ, 23 ਮਾਰਚ (ਰਾਜਨ ਸ਼ਰਮਾ): ਹਲਕਾ ਫ਼ਤਹਿਗੜ੍ਹ ਚੂੜੀਆਂ ਦੇ ਪਿੰਡ ਕਾਲੂਵਾਲ ਵਿਖੇ ਹਲਕਾ ਇੰਚਾਰਜ ਬਲਬੀਰ ਸਿੰਘ ਪੰਨੂੰ ਦੀ ਧਰਮ ਪਤਨੀ ਗੁਰਪ੍ਰੀਤ ਕੌਰ ਪੰਨੂੰ ਤੇ ਹਲਕਾ ਕੋਆਰਡੀਨੇਟਰ ਦਵਿੰਦਰ ਕੌਰ ਦੀ ਅਗਵਾਈ ਹੇਠ ਮਹਿਲਾ ਵਿੰਗ ਦੇ ਅਹੁਦੇਦਾਰਾਂ, ਪਿੰਡ ਦੀ 21 ਮੈਂਬਰੀ ਕਮੇਟੀ ਤੇ ਮੈਂਬਰਾਂ ਨਾਲ ਮੀਟਿੰਗ ਕੀਤੀ ਗਈ। ਇਸ ਮੌਕੇ ਮਨਦੀਪ ਕੌਰ ਪੰਨੂੰ ਸਮੇਤ ਸਰਪੰਚ ਸੁਖਬੀਰ ਕੌਰ, ਪਰਮਜੀਤ ਕੌਰ, ਬਲਜੀਤ ਭੋਲੀ, ਆਸ਼ਾ, ਹਰਪਾਲ ਕੌਰ, ਗੁਰਪ੍ਰੀਤ ਕੌਰ, ਨੈਂਸੀ, ਗੁੱਡੂ ਪ੍ਰੀਤ, ਅਮਰਜੀਤ ਕੌਰ ਰੇਣੂ, ਪ੍ਰੀਤੀ, ਸ਼ਾਂਤੀ ਦੇਵੀ, ਸਿਮਰਨਜੀਤ ਕੌਰ ਸੁਖਬੀਰ ਕੌਰ ਬਲਜਿੰਦਰ ਕੌਰ ਸਰਬਜੀਤ ਕੌਰ, ਸੁਖਵਿੰਦਰ ਕੌਰ, ਗੁਰਪ੍ਰੀਤ ਕੌਰ, ਸਰਬਜੀਤ ਕੌਰ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਪਾਰਟੀ ਦੀਆਂ ਨੀਤੀਆਂ ਨੂੰ ਜਨ-ਜਨ ਤੱਕ ਪਹੁੰਚਾਉਣ ਲਈ ਹਲਕੇ ਦੀਆਂ ਮਹਿਲਾਵਾਂ ਨੂੰ ਰੋਜ਼ਗਾਰ ਦੇਣ ਸਬੰਧੀ ਤੇ ਮਾਨ ਸਰਕਾਰ ਵੱਲੋਂ ਮਹਿਲਾਵਾਂ ਲਈ ਸਤਿਕਾਰ ਵਜੋਂ ਹਰ ਮਹੀਨੇ 1000-1500 ਵਾਲੀ ਸਕੀਮ ਬਾਰੇ ਜਾਣੂੰ ਕਰਵਾਇਆ ਗਿਆ ਤੇ ਇਨ੍ਹਾਂ ਸੇਵਾਵਾਂ ਲਈ ਆਪਣੇ ਆਧਾਰ ਕਾਰਡ ਨਾਲ ਮੋਬਾਈਲ ਨੰਬਰ ਨੂੰ ਲਿੰਕ ਕਰਵਾਉਣ ਦੀ ਅਪੀਲ ਕੀਤੀ ਗਈ ਤਾਂ ਜੋ ਕੀ ਜਲਦੀ ਤੋਂ ਜਲਦੀ ਇਨ੍ਹਾਂ ਸੇਵਾਵਾਂ ਦੇ ਲਾਭਪਾਤਰੀਆਂ ਨੂੰ ਲਾਭ ਮਿਲ ਸਕਨ।

## ਫਤਹਿਗੜ੍ਹ ਚੂੜੀਆਂ ਵਿਖੇ ਸਰਬ ਸਾਂਝਾ ਸ਼ਹੀਦੀ ਸਮਾਗਮ 29 ਨੂੰ



ਫਤਹਿਗੜ੍ਹ ਚੂੜੀਆਂ, 23 ਮਾਰਚ (ਰਾਜਨ ਸ਼ਰਮਾ): ਧੰਨ-ਧੰਨ ਅਮਰ ਸ਼ਹੀਦ ਬਾਬਾ ਮੋਤੀ ਰਾਮ ਜੀ ਦੀ ਸ਼ਹੀਦੀ ਨੂੰ ਸਮਰਪਿਤ ਸਰਬ ਸਾਂਝਾ ਸ਼ਹੀਦੀ ਸਮਾਗਮ ਧੰਨ-ਧੰਨ ਅਮਰ ਸ਼ਹੀਦ ਬਾਬਾ ਮੋਤੀ ਰਾਮ ਵੈਲਫੇਅਰ ਸੁਸਾਇਟੀ ਤੇ ਇਲਾਕੇ ਦੀ ਸੰਗਤ ਦੇ ਸਹਿਯੋਗ ਨਾਲ ਮਿਤੀ 29 ਮਾਰਚ ਦਿਨ ਐਤਵਾਰ ਬਾਬਾ ਮੋਤੀ ਰਾਮ ਜੀ ਯਾਦਗਰੀ ਹਾਲ, ਬਦੋਵਾਲ ਰੋਡ, ਫਤਹਿਗੜ੍ਹ ਚੂੜੀਆਂ ਵਿਖੇ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਇਸ ਸਮਾਗਮ 'ਚ ਬੀਬੀ ਦਲੇਰ ਕੌਰ ਖ਼ਾਲਸਾ ਇੰਟਰਨੈਸ਼ਨਲ ਢਾਡੀ ਜੱਥਾ, ਭਾਈ ਜਸਵੰਤ ਸਿੰਘ ਕਥਾਵਾਚਕ (ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ), ਭਾਈ ਰਣਜੀਤ ਸਿੰਘ ਕੀਰਤਨੀ ਜੱਥਾ ਸ੍ਰੀ ਅੰਮ੍ਰਿਤਸਰ, ਇੰਟਰਨੈਸ਼ਨਲ ਗੋਲਡ ਮੈਡਲਿਸਟ ਕਵੀਸ਼ਰੀ ਜੱਥਾ ਭਾਈ ਸੁੱਚਾ ਸਿੰਘ ਡੇਰਾ ਪਠਾਨਾ, ਭਾਈ ਇੰਦਰਜੀਤ ਸਿੰਘ ਕੀਰਤਨੀ ਜੱਥਾ ਫਤਹਿਗੜ੍ਹ ਚੂੜੀਆਂ ਵਾਲੇ ਗੁਰਬਾਣੀ ਦੇ ਰਸ ਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਨਗੇ। ਇਸ ਮੌਕੇ 'ਤੇ ਸਟੇਜ ਸੈਕਟਰੀ ਦੀ ਭੂਮਿਕਾ ਭਾਈ ਕੁਲਦੀਪ ਸਿੰਘ ਨਿਭਾਉਣਗੇ। ਗੁਰੂ ਕਾ ਅਤੁੱਟ ਲੰਗਰ ਤੇ ਦੁੱਧ ਦਾ ਲੰਗਰ ਵਰਤੇਗਾ। ਸਭਾ ਨੇ ਇਲਾਕੇ ਭਰ ਦੀ ਸੰਗਤ ਨੂੰ ਹੁੰਮ-ਹੁਮਾ ਕੇ ਪਹੁੰਚਣ ਦੀ ਬੇਨਤੀ ਕੀਤੀ ਹੈ।

## ਗੁਰਦੁਆਰਾ ਤਪ ਅਸਥਾਨ ਬਾਬਾ ਫੌਜਾ ਸਿੰਘ ਜੀ ਵਿਖੇ ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਦੀ ਮੀਟਿੰਗ

ਬਟਾਲਾ, 23 ਮਾਰਚ (ਬਲਵਿੰਦਰ ਸਿੰਘ ਪੰਜਗਰਾਈਂ): ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਦੀ ਇੱਕ ਅਹਿਮ ਮੀਟਿੰਗ ਸੂਬਾ ਆਗੂ ਸਵਿੰਦਰ ਸਿੰਘ ਚੌਤਾਲਾ ਤੇ ਹਰਵਿੰਦਰ ਸਿੰਘ ਮਸਾਣੀਆਂ ਦੀ ਅਗਵਾਈ ਦੇ ਹੇਠ ਤਪ ਅਸਥਾਨ ਗੁਰਦੁਆਰਾ ਬਾਬਾ ਫੌਜਾ ਸਿੰਘ ਜੀ ਮਸਾਣੀਆਂ ਵਿਖੇ ਹੋਈ। ਜਿਸ ਵਿੱਚ ਵੱਖ-ਵੱਖ ਜ਼ੋਨਾਂ ਦੀਆਂ ਕੋਰ ਕਮੇਟੀਆਂ ਨੇ ਵੱਡੇ ਪੱਧਰ 'ਤੇ ਹਿੱਸਾ ਲਿਆ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾ ਆਗੂ ਸੁਖਵਿੰਦਰ ਸਿੰਘ ਚੌਤਾਲਾ ਨੇ ਕਿਹਾ ਕਿ ਸਰਕਾਰ ਲਗਾਤਾਰ ਕਿਸਾਨਾਂ-ਮਜ਼ਦੂਰਾਂ ਦੀਆਂ ਮੰਗਾਂ ਨੂੰ ਅੱਖੋਂ ਪਰੋਖੇ ਕਰ ਰਹੀ ਹੈ। ਸੂਬਾ ਆਗੂ ਹਰਵਿੰਦਰ ਸਿੰਘ ਮਸਾਣੀਆਂ ਨੇ ਕਿਹਾ ਕਿ ਸਭ ਦੀ ਭਰਵੀ ਲਈ 22 ਮਾਰਚ ਤੋਂ ਡੀਸੀ ਅੰਮ੍ਰਿਤਸਰ ਦੇ ਵਿੱਚ ਪੱਕਾ ਮੋਰਚਾ ਕਿਸਾਨ ਮਜ਼ਦੂਰ ਮੋਰਚਾ ਦੀ ਸਾਂਝੀ ਕਾਲ ਦੇ ਉਤੇ ਆਰੰਭ ਕੀਤਾ ਗਿਆ ਹੈ। ਜਿਸ ਵਿੱਚ ਜ਼ਿਲ੍ਹਾ ਅੰਮ੍ਰਿਤਸਰ ਨੇ ਭਾਗ ਲਿਆ ਤੇ ਇਸ ਤੋਂ ਅੱਗੇ ਚੱਲਦਿਆਂ ਸ਼ੰਭੂ ਮੋਰਚੇ ਦੇ ਸ਼ਹੀਦਾਂ ਦਾ ਮੁਆਵਜ਼ਾ ਨਾ ਦੇਣਾ ਤੇ ਜ਼ਿਲ੍ਹਾ ਗੁਰਦਾਸਪੁਰ ਵਿੱਚ ਹੜ੍ਹਾਂ ਦੇ ਮੁਆਵਜ਼ੇ ਦੇਣ ਤੋਂ ਇਨਕਾਰੀ ਹੋਣ ਦੇ ਕਾਰਨ 6 ਅਪ੍ਰੈਲ ਤੋਂ ਡੀਸੀ ਗੁਰਦਾਸਪੁਰ ਦੇ ਦਫਤਰ ਦੇ ਪੱਕਾ ਧਰਨਾ ਦਿੱਤਾ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਨੈਸ਼ਨਲ ਹਾਈਵੇ ਅਥਾਰਟੀ ਇੰਡੀਆ ਰਹਿੰਦੇ ਸਮੇਂ ਦੇ ਵਿੱਚ ਕਿਸਾਨਾਂ ਦੇ ਯੋਗ ਮੁਆਵਜ਼ੇ ਦੇ ਕੇ ਹੀ ਕਬਜ਼ੇ ਦੀ ਨੀਤੀ ਵੱਲ ਨੂੰ ਅੱਗੇ ਵਧੇ ਨਹੀਂ ਤਾਂ ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਲਗਾਤਾਰ ਪੰਜ ਸਾਲ 'ਤੇ ਨੈਸ਼ਨਲ ਹਾਈਵੇ ਦੇ ਮਸਲੇ ਦੇ ਉਤੇ ਲੜ ਰਹੀ ਹੋ ਜੰਗ ਨੂੰ ਲਗਾਤਾਰ ਜਾਰੀ ਰੱਖੇਗੀ। ਉਨ੍ਹਾਂ ਕਿਹਾ ਕਿ ਗੰਨਾ ਮਿੱਲਾਂ ਲਗਾਤਾਰ ਕਿਸਾਨਾਂ ਦੀ ਵੱਡੀ ਰਕਮ ਨੂੰ ਦੱਬ ਕੇ ਬੈਠੀਆਂ ਹਨ ਤੇ 46 ਦਿਨ ਬੀਤਣ ਦੇ ਬਾਵਜੂਦ ਵੀ ਗੰਨਾ ਮਿੱਲਾਂ ਦੇ ਕੰਨਾਂ ਉਤੇ ਜੂੰ ਨਹੀਂ ਸਰਕੀ। ਇਸ ਮੌਕੇ ਜ਼ੋਨ ਪ੍ਰਧਾਨ ਪਰਮਜੀਤ ਸਿੰਘ ਡੇਰਾ ਬਾਬਾ ਨਾਨਕ, ਕੁਲਜੀਤ ਸਿੰਘ, ਸੁਖਜਿੰਦਰ ਸਿੰਘ ਗੋਤ, ਕੈਪਟਨ ਸ਼ਮਿੰਦਰ ਸਿੰਘ, ਗੁਰਮੁਖ ਸਿੰਘ ਖਾਨ ਮਲੱਕ, ਅਜੀਤ ਸਿੰਘ ਬੁਰਜ ਸਾਹਿਬ, ਹਰਜੀਤ ਸਿੰਘ ਲੀਲ ਕਲਾਂ, ਰਸ਼ਪਾਲ ਸਿੰਘ ਭਰਥ, ਰਜਿੰਦਰ ਸਿੰਘ ਜ਼ੋਨ ਭਗਤ ਨਾਮਦੇਵ, ਡਾ. ਹਰਦੀਪ ਮਹਿਤਾ, ਡਾ. ਬਲਵਿੰਦਰ ਸਿੰਘ ਮੀਰੀ-ਪੀਰੀ ਸਾਹਿਬ, ਗੁਰਦੀਪ ਸਿੰਘ ਜ਼ੋਨ ਬਟਾਲਾ, ਰਸ਼ਪਾਲ ਸਿੰਘ, ਕਵਲਜੀਤ ਸਿੰਘ ਪੰਜਗਰਾਈਆਂ, ਪਰਮਿੰਦਰ ਸਿੰਘ ਚੀਮਾ, ਬੀਬੀ ਹਰਜੀਤ ਕੌਰ, ਬੀਬੀ ਮਨਜੀਤ ਕੌਰ, ਬੀਬੀ ਮਨਜਿੰਦਰ ਕੌਰ, ਬੀਬੀ ਰਮਨਦੀਪ ਕੌਰ ਤੇ ਸਮੂਹ 16 ਜੱਥਿਆਂ ਦੇ ਆਗੂਆਂ ਨੇ ਕੋਰ ਕਮੇਟੀਆਂ ਸਮੇਤ ਭਾਗ ਲਿਆ।



## ਸ਼ਹੀਦ-ਏ-ਆਜ਼ਮ ਭਗਤ ਸਿੰਘ ਤੇ ਸਾਥੀਆਂ ਦਾ ਸ਼ਹੀਦੀ ਦਿਹਾੜਾ ਮਨਾਇਆ

ਅਜਨਾਲਾ, 23 ਮਾਰਚ (ਸੁਖਦੇਵ ਸਿੰਘ ਖ਼ਾਲਸਾ): ਅੱਜ ਆਮ ਆਦਮੀ ਪਾਰਟੀ ਦੇ ਸੂਬਾਈ ਮੁੱਖ ਬੁਲਾਰੇ, ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਕੁਲਦੀਪ ਸਿੰਘ ਧਾਲੀਵਾਲ ਨੇ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ, ਸੁਖਦੇਵ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਮਨੀਸ਼ ਸਿਸੋਦੀਆ ਦੀ ਅਗਵਾਈ ਵਾਲੀ ਸੂਬਾ ਮਾਨ ਸਰਕਾਰ ਤੇ ਆਮ ਆਦਮੀ ਪਾਰਟੀ ਦੀ ਪੰਜਾਬ ਇਕਾਈ ਦਾ ਅੱਜ ਦੇਸ਼ ਦੀ ਏਕਤਾ ਦੀ ਮਜ਼ਬੂਤੀ ਤੇ ਪੰਜਾਬ ਦੀਆਂ ਸਾਬਕਾ ਕਾਂਗਰਸ, ਅਕਾਲੀ, ਭਾਜਪਾ ਸਰਕਾਰਾਂ ਵੱਲੋਂ ਕਥਿਤ ਲੋਕ ਮਾਰੂ ਤੇ ਲੁੱਟ-ਖਸੁੱਟ ਨੀਤੀਆਂ ਅਪਣਾ ਕੇ ਸੋਨੇ ਦੀ ਚਿੜੀ ਕਹਾਉਂਦੇ ਪੰਜਾਬ ਦੀ ਕੀਤੀ ਦੁਰਗਤੀ ਦੀਆਂ ਅਲਾਮਤਾਂ ਨੂੰ ਨਵਿਰਤ ਕਰਕੇ ਰੰਗਲਾ ਪੰਜਾਬ ਦੀ ਮੁੜ ਸਿਰਜਣਾ ਹੀ ਇੱਕ-ਇੱਕ ਪ੍ਰਮੁੱਖ ਏਜੰਡਾ ਹੈ। ਸ੍ਰ. ਧਾਲੀਵਾਲ ਅੱਜ ਪਾਰਟੀ ਦੇ ਹਲਕਾ ਪੱਧਰੀ ਮੁੱਖ ਦਫ਼ਤਰ ਅਜਨਾਲਾ ਵਿਖੇ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਸ਼ਹੀਦੀ ਦਿਹਾੜੇ ਮੌਕੇ ਸ਼ਹਿਰੀ ਪ੍ਰਧਾਨ ਤੇ ਚੇਅਰਮੈਨ ਅਮਿਤ ਔਲ ਦੀ ਅਗਵਾਈ 'ਚ ਕਰਵਾਏ ਗਏ ਸਮਾਗਮ ਨੂੰ ਬਤੌਰ ਮੁੱਖ ਮਹਿਮਾਨ ਵਜੋਂ ਸੰਬੋਧਨ ਕਰ ਰਹੇ ਸਨ। ਸਮਾਗਮ 'ਚ ਸ਼ਾਮਲ ਹੋਣ ਮੌਕੇ ਇਨਕਲਾਬੀ ਨਾਅਰਿਆਂ ਦੀ ਗੂੰਜ 'ਚ ਸ੍ਰ. ਧਾਲੀਵਾਲ ਸਮੇਤ ਸਮਾਗਮ 'ਚ ਮੌਜੂਦ ਪ੍ਰਮੁੱਖ ਅਹੁਦੇਦਾਰਾਂ ਵੱਲੋਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਫੋਟੋ 'ਤੇ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ 'ਤੇ ਹੋਰਨਾਂ ਤੋਂ ਇਲਾਵਾ ਪੰਜਾਬ ਰਾਜ ਮਹਿਲਾ ਕਮਿਸ਼ਨ ਦੀ ਉਪ ਚੇਅਰਮੈਨ ਗੀਤਾ ਗਿੱਲ, ਸ਼ਹਿਰੀ ਪ੍ਰਧਾਨ ਅਮਿਤ ਔਲ, ਸਾਬਕਾ ਕੌਂਸਲਰ ਬਲਜਿੰਦਰ ਸਿੰਘ ਮਾਹਲ, ਸਾਬਕਾ ਕੌਂਸਲਰ ਸੁਰਿੰਦਰ ਬੱਬੂ ਮਹਾਜਨ, ਬਲਾਕ ਪ੍ਰਧਾਨ ਦਵਿੰਦਰ ਸਿੰਘ ਸੋਨੂੰ, ਕੌਂਸਲਰ ਅਵਿਨਾਸ਼, ਕੌਂਸਲਰ ਰਾਜਬੀਰ ਕੌਰ ਚਾਹਲਤ ਤੇ ਉਨ੍ਹਾਂ ਦੇ ਪਤੀ ਯੁਵਾ ਆਗੂ ਸ਼ਿਵ ਚਾਹਲ, ਐਡ. ਸੰਦੀਪ ਕੌਸ਼ਲ ਗੱਟੂ, ਜ਼ਿਲ੍ਹਾ ਯੋਜਨਾ ਬੋਰਡ ਮੈਂਬਰ ਹਰਪ੍ਰੀਤ ਸਿੰਘ ਸੋਹਲ, ਸੁਖਦਿਆਲ ਸਿੰਘ ਭੱਖਾ, ਸਾਬਕਾ ਡਾਇਰੈਕਟਰ ਦਲਬੀਰ ਘੁੱਲੀ, ਦਿਲਬਾਗ ਘੁੱਲੀ ਆਦਿ ਆਗੂਆਂ ਨੇ ਵੀ ਸ਼ਰਧਾ ਦੇ ਫੁੱਲ ਭੇਟ ਕੀਤੇ।



## ਇਨਕਲਾਬ ਦੇ ਉਹ ਤਿੰਨ ਸੂਰਜ, ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਜਿਨ੍ਹਾਂ ਦੀ ਚਮਕ ਅੱਜ ਵੀ ਬਰਕਰਾਰ: ਪ੍ਰਿੰਸੀਪਲ ਪਰਾਸ਼ਰ

ਤਲਵਾੜਾ, 23 ਮਾਰਚ (ਜਗਮੋਹਨ ਸ਼ਰਮਾ): ਵਸਿਸ਼ਟ ਭਾਰਤੀ ਇੰਟਰਨੈਸ਼ਨਲ ਸਕੂਲ ਦਾਤਾਰਪੁਰ ਵਿੱਚ ਸ਼ਹੀਦੀ ਦਿਵਸ ਮੌਕੇ ਪ੍ਰਿੰਸੀਪਲ ਦਿਨਕਰ ਪਰਾਸ਼ਰ, ਮੈਨੇਜਰ ਕਪਿਸ਼ ਦੱਤ ਤੇ ਸਟਾਫ ਵੱਲੋਂ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਪ੍ਰਿੰਸੀਪਲ ਨੇ ਕਿਹਾ ਕਿ 23 ਮਾਰਚ ਸਿਰਫ਼ ਇੱਕ ਤਰੀਕ ਨਹੀਂ, ਸਗੋਂ ਕੁਰਬਾਨੀ, ਦੇਸ਼ਭਗਤੀ ਤੇ ਇਨਕਲਾਬੀ ਜਜ਼ਬੇ ਦਾ ਪ੍ਰਤੀਕ ਹੈ। ਉਨ੍ਹਾਂ ਦੱਸਿਆ ਕਿ 23 ਮਾਰਚ 1931 ਨੂੰ ਲਾਹੌਰ ਸੈਂਟਰਲ ਜੇਲ੍ਹ ਵਿੱਚ ਤਿੰਨਾਂ ਨੌਜਵਾਨਾਂ ਨੇ ਹੱਸਦੇ-ਹੱਸਦੇ ਫਾਂਸੀ ਨੂੰ ਗਲੇ ਲਗਾ ਕੇ ਆਜ਼ਾਦੀ ਦੀ ਲੜਾਈ ਨੂੰ ਨਵੀਂ ਦਿਸ਼ਾ ਦਿੱਤੀ। ਉਨ੍ਹਾਂ ਦੱਸਿਆ ਕਿ ਛੋਟੀ ਉਮਰ ਵਿੱਚ ਹੀ ਭਗਤ ਸਿੰਘ 'ਤੇ ਜਲਿਆਂਵਾਲਾ ਬਾਗ ਕਾਂਡ ਦਾ ਗਹਿਰਾ ਪ੍ਰਭਾਵ ਪਿਆ, ਜਿਸ ਨਾਲ ਉਨ੍ਹਾਂ ਵਿੱਚ ਦੇਸ਼ ਲਈ ਕੁਝ ਕਰਨ ਦਾ ਜਜ਼ਬਾ ਜਾਗਿਆ। ਕ੍ਰਾਂਤੀਕਾਰੀ ਸੋਚ ਨੂੰ ਭਗਤ ਸਿੰਘ ਸਿਰਫ਼ ਹਥਿਆਰਬੰਦ ਕ੍ਰਾਂਤੀਕਾਰੀ ਨਹੀਂ, ਸਗੋਂ ਇੱਕ ਵੱਡੇ ਚਿੰਤਕ ਸਨ। ਉਨ੍ਹਾਂ ਨੇ ਨੌਜਵਾਨਾਂ ਨੂੰ ਇਕੱਠਾ ਕਰਕੇ ਇਨਕਲਾਬੀ ਲਹਿਰ ਨੂੰ ਮਜ਼ਬੂਤ ਕੀਤਾ। ਉਨ੍ਹਾਂ ਕਿਹਾ ਕਿ ਲਾਲਾ ਲਾਜਪਤ ਰਾਏ ਦੀ ਮੌਤ ਦਾ ਬਦਲਾ ਲੈਣ ਲਈ ਸਾਂਡਰਸ ਦਾ ਕਤਲ ਤੇ ਅਸੈਂਬਲੀ ਵਿੱਚ ਬੰਬ ਸੁੱਟਣਾ ਉਨ੍ਹਾਂ ਦੀ ਯੋਜਨਾ ਦਾ ਹਿੱਸਾ ਸੀ, ਜਿਸ ਦਾ ਮਕਸਦ ਲੋਕਾਂ ਨੂੰ ਜਾਗਰੂਕ ਕਰਨਾ ਸੀ। ਜੇਲ੍ਹ ਵਿੱਚ ਵੀ ਸੰਘਰਸ਼ ਜਾਰੀ ਕੀਤਾ, ਜੇਲ੍ਹ ਵਿੱਚ ਰਹਿੰਦੇ ਹੋਏ ਵੀ ਉਨ੍ਹਾਂ ਨੇ ਪੜ੍ਹਾਈ ਤੇ ਲਿਖਾਈ ਜਾਰੀ ਰੱਖੀ ਤੇ ਸਮਾਜਿਕ ਚੇਤਨਾ ਫੈਲਾਈ। ਪ੍ਰਿੰਸੀਪਲ ਨੇ ਦੱਸਿਆ ਕਿ ਵਕਤ ਤੋਂ ਪਹਿਲਾਂ ਫਾਂਸੀ ਨੂੰ ਅੰਗਰੇਜ਼ ਸਰਕਾਰ ਨੇ ਡਰ ਦੇ ਮਾਰੇ ਨਿਯਮਾਂ ਦੇ ਉਲਟ 23 ਮਾਰਚ ਦੀ ਸ਼ਾਮ 7:33 ਵਜੇ ਹੀ ਤਿੰਨਾਂ ਨੂੰ ਫਾਂਸੀ ਦੇ ਦਿੱਤੀ। ਫਾਂਸੀ ਸਮੇਂ ਇਨਕਲਾਬ ਜ਼ਿੰਦਾਬਾਦ ਤੇ ਸਾਮਰਾਜਵਾਦ ਮੁਰਦਾਬਾਦ ਦੇ ਨਾਅਰੇ ਲਗਾਏ ਗਏ। ਉਨ੍ਹਾਂ ਦੱਸਿਆ ਕਿ ਅੰਤਿਮ ਸਸਕਾਰ ਫਾਂਸੀ ਤੋਂ ਬਾਅਦ ਉਨ੍ਹਾਂ ਦੀਆਂ ਦੇਹਾਂ ਨੂੰ ਚੋਰੀ-ਛਿਪੇ ਸਤਲੁਜ ਦਰਿਆ ਦੇ ਕੰਢੇ ਜਲਾ ਦਿੱਤਾ ਗਿਆ। ਮੈਨੇਜਰ ਦੱਤ ਨੇ ਕਿਹਾ ਕਿ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਇਹੀ ਹੈ ਕਿ ਅਸੀਂ ਉਨ੍ਹਾਂ ਦੇ ਸੁਪਨਿਆਂ ਵਾਲਾ ਸਮਾਜ ਬਣਾਈਏ, ਜਿੱਥੇ ਸਭ ਨੂੰ ਬਰਾਬਰੀ ਮਿਲੇ ਤੇ ਕੋਈ ਵੀ ਸ਼ੋਸ਼ਣ ਨਾ ਹੋਵੇ। ਪ੍ਰਿੰਸੀਪਲ ਨੇ ਬੱਚਿਆਂ ਨੂੰ ਦੱਸਿਆ ਕਿ 23 ਮਾਰਚ ਨੂੰ ਪੂਰਾ ਦੇਸ਼ ਇਨ੍ਹਾਂ ਤਿੰਨਾਂ ਮਹਾਨ ਸ਼ਹੀਦਾਂ ਦੀ ਕੁਰਬਾਨੀ ਨੂੰ ਯਾਦ ਕਰਦਿਆਂ ਸ਼ਹੀਦੀ ਦਿਵਸ ਵਜੋਂ ਮਨਾਉਂਦਾ ਹੈ।



## 5 ਦਿਨਾਂ ਤੋਂ ਲਾਪਤਾ ਹੋਏ ਵਿਅਕਤੀ ਨੂੰ ਪਰਿਵਾਰ ਨਾਲ ਮਿਲਾਇਆ

ਗੜ੍ਹਦੀਵਾਲਾ, 23 ਮਾਰਚ (ਗੌਰਵ): ਅੱਜ ਬਾਬਾ ਦੀਪ ਸਿੰਘ ਸੇਵਾ ਦਲ ਤੇ ਵੈਲਫੇਅਰ ਸੁਸਾਇਟੀ ਵੱਲੋਂ ਆਪਣੇ ਸਮਾਜ ਭਲਾਈ ਕੰਮਾਂ ਨੂੰ ਅੱਗੇ ਵਧਾਉਂਦੇ ਹੋਏ ਅੱਜ 15 ਦਿਨਾਂ ਤੋਂ ਲਾਪਤਾ ਬਜ਼ੁਰਗ ਬਹਾਦਰ ਸਿੰਘ ਨੂੰ ਉਸ ਦੇ ਪਰਿਵਾਰ ਨਾਲ ਮਿਲਾਇਆ। ਇਸ ਮੌਕੇ ਸੁਸਾਇਟੀ ਦੇ ਮੁੱਖ ਸੇਵਾਦਾਰ ਮਨਜੋਤ ਸਿੰਘ ਤਲਵੰਡੀ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਇਹ ਬਜ਼ੁਰਗ ਕੁਝ ਦਿਨ ਪਹਿਲਾਂ ਲਾਵਾਰਸ ਹਾਲਤ ਵਿੱਚ ਦਸੂਆ ਘੁੰਮ ਰਹੇ ਸਨ। ਫਿਰ ਜਦੋਂ ਸੁਸਾਇਟੀ ਵੱਲੋਂ ਉਨ੍ਹਾਂ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਪਾਈ ਗਈ ਤਾਂ ਬਾਪੂ ਜੀ ਦੇ ਪਰਿਵਾਰ ਨਾਲ ਸੰਪਰਕ ਹੋਇਆ ਤੇ ਬਾਪੂ ਦਾ ਬੇਟਾ ਸਿੰਘਪੁਰਾ ਥਾਣਾ ਕੁਰਾਲੀ ਜ਼ਿਲ੍ਹਾ ਮੋਹਾਲੀ ਤੋਂ ਆਪਣੇ ਪਿਤਾ ਨੂੰ ਲੈਣ ਲਈ ਗੁਰੂ ਆਸਰਾ ਸੇਵਾ ਘਰ ਪਿੰਡ ਬਾਘਾ ਵਿਖੇ ਪਹੁੰਚੇ ਤੇ ਸੁਸਾਇਟੀ ਵੱਲੋਂ ਬਹਾਦਰ ਸਿੰਘ ਨੂੰ ਸਹੀ ਸਲਾਮਤ ਪਰਿਵਾਰ ਦੇ ਹਵਾਲੇ ਕਰ ਦਿੱਤਾ ਗਿਆ। ਇਸ ਮੌਕੇ 'ਤੇ ਪਰਿਵਾਰ ਵੱਲੋਂ ਸੁਸਾਇਟੀ ਦਾ ਬਹੁਤ ਧੰਨਵਾਦ ਕੀਤਾ ਗਿਆ। ਇਸ ਮੌਕੇ 'ਤੇ ਮੁੱਖ ਸੇਵਾਦਾਰ ਮਨਜੋਤ ਸਿੰਘ ਤਲਵੰਡੀ, ਕੈਸ਼ੀਅਰ ਪਰਸ਼ੋਤਮ ਸਿੰਘ ਬਾਘਾ, ਮਨਿੰਦਰ ਸਿੰਘ ਵਿਸ਼ਾਲ, ਜਸਵਿੰਦਰ ਸਿੰਘ, ਬਲਕਾਰ ਸਿੰਘ ਤੇ ਸੁਸਾਇਟੀ ਦੇ ਹੋਰ ਮੈਂਬਰ ਹਾਜ਼ਰ ਸਨ।



## ਜਤਿੰਦਰ ਸਿੰਘ ਔਲਖ ਚੇਅਰਮੈਨ ਤੇ ਪ੍ਰਮਜੀਤ ਕੌਰ ਚੀਮਾ ਵਾਈਸ ਚੇਅਰਪਰਸਨ ਨਿਯੁਕਤ



ਸ੍ਰੀ ਹਰਿਗੋਬਿੰਦਪੁਰ ਸਾਹਿਬ/ਘੁਮਾਣ, 23 ਮਾਰਚ (ਡਾ.ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਪਿਛਲੇ ਲੰਬੇ ਸਮੇਂ ਤੋਂ ਵੱਖ-ਵੱਖ ਅਹੁਦਿਆਂ 'ਤੇ ਸੇਵਾਵਾਂ ਨਿਭਾ ਰਹੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਪਿੰਡ ਭੰਬੋਈ ਦੇ ਸਰਪੰਚ ਤੇ ਬਲਾਕ ਸੰਮਤੀ ਮੈਂਬਰ ਜਤਿੰਦਰ ਸਿੰਘ ਤਿੰਦਾ ਔਲਖ ਬਲਾਕ ਸੰਮਤੀ ਸ੍ਰੀ ਹਰਿਗੋਬਿੰਦਪੁਰ ਸਾਹਿਬ ਦੇ ਚੇਅਰਮੈਨ ਤੇ ਪ੍ਰਮਜੀਤ ਕੌਰ ਚੀਮਾ ਵਾਈਸ ਚੇਅਰਪਰਸਨ ਨਿਯੁਕਤ ਕੀਤਾ ਗਿਆ। ਚੇਅਰਮੈਨ ਨਿਯੁਕਤ ਕਰਨ ਸਮੇਂ ਜ਼ਿਲ੍ਹਾ ਪ੍ਰਧਾਨ ਜੋਬਨ ਸਿੰਘ ਰੰਧਾਵਾ, ਹਲਕਾ ਸ੍ਰੀ ਹਰਿਗੋਬਿੰਦਪੁਰ ਸਾਹਿਬ ਦੇ ਵਿਧਾਇਕ ਐਡ. ਅਮਰਪਾਲ ਸਿੰਘ ਕਿਸ਼ਨਕੋਟ ਤੇ ਸੰਗਠਨ ਇੰਚਾਰਜ ਹਰਜਿੰਦਰ ਸਿੰਘ ਜਾਹਦਪੁਰ, ਸੋਸ਼ਲ ਮੀਡੀਆ ਇੰਚਾਰਜ ਤੇ ਬਲਾਕ ਸੰਮਤੀ ਮੈਂਬਰ ਮੁਖਤਾਰ ਸਿੰਘ ਬੋਹਜਾ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਤਿੰਦਰ ਸਿੰਘ ਤਿੰਦਾ ਔਲਖ ਤੇ ਵਾਈਸ ਚੇਅਰਪਰਸਨ ਪ੍ਰਮਜੀਤ ਕੌਰ ਚੀਮਾ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ, ਸੂਬਾ ਇੰਚਾਰਜ ਮਨੀਸ਼ ਸਿਸੋਦੀਆ, ਹਲਕਾ ਵਿਧਾਇਕ ਐਡ. ਅਮਰਪਾਲ ਸਿੰਘ ਕਿਸ਼ਨਕੋਟ, ਜ਼ਿਲ੍ਹਾ ਪ੍ਰਧਾਨ ਜੋਬਨ ਰੰਧਾਵਾ ਸਮੇਤ ਪਾਰਟੀ ਹਾਈਕਮਾਂਡ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਜਿਹੜੀ ਜ਼ਿੰਮੇਵਾਰੀ ਪਾਰਟੀ ਵੱਲੋਂ ਸੌਂਪੀ ਗਈ ਹੈ। ਉਹ ਇਸ ਜ਼ਿੰਮੇਵਾਰੀ ਨੂੰ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣਗੇ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਜੋਬਨ ਸਿੰਘ ਰੰਧਾਵਾ ਤੇ ਹਲਕਾ ਵਿਧਾਇਕ ਐਡ. ਅਮਰਪਾਲ ਸਿੰਘ ਕਿਸ਼ਨਕੋਟ ਵੱਲੋਂ ਨਵ-ਨਿਯੁਕਤ ਚੇਅਰਮੈਨ ਜਤਿੰਦਰ ਸਿੰਘ ਤਿੰਦਾ ਔਲਖ ਤੇ ਵਾਈਸ ਚੇਅਰਪਰਸਨ ਪ੍ਰਮਜੀਤ ਕੌਰ ਚੀਮਾ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਟਰੇਡ ਵਿੰਗ ਹਲਕਾ ਸ੍ਰੀ ਹਰਿਗੋਬਿੰਦਪੁਰ ਸਾਹਿਬ ਦੇ ਚੇਅਰਮੈਨ ਰੁਪਿੰਦਰ ਸਿੰਘ ਰੋਮੀ, ਪੀਏ ਸੁਖਦੇਵ ਸਿੰਘ ਰੋਮੀ, ਪੀਏ ਨਵ ਭਿੰਡਰ, ਹੈਪੀ ਔਲਖ, ਸੋਸ਼ਲ ਮੀਡੀਆ ਇੰਚਾਰਜ ਤੇ ਬਲਾਕ ਸੰਮਤੀ ਮੈਂਬਰ ਮੁਖਤਾਰ ਸਿੰਘ ਬੋਹਜਾ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਅਮਰੀਕ ਸਿੰਘ ਗੋਲਡੀ, ਡਾ. ਨਰਿੰਦਰ ਸਿੰਘ ਬੱਬੂ ਚੀਮਾ, ਰਮਨਦੀਪ ਕੌਰ ਸੰਮਤੀ ਮੈਂਬਰ, ਨਿਸ਼ਾਨ ਸਿੰਘ ਸੰਮਤੀ ਮੈਂਬਰ, ਬਲਵੰਤ ਸਿੰਘ ਸੰਮਤੀ ਮੈਂਬਰ, ਬਲਵਿੰਦਰ ਕੌਰ ਸੰਮਤੀ ਮੈਂਬਰ, ਜਮੈਸ਼, ਬਲਾਕ ਪ੍ਰਧਾਨ ਸੁਖਦੇਵ ਸਿੰਘ ਸੱਖੋਵਾਲ, ਸਰਪੰਚ ਗੁਰਮੇਜ ਸਿੰਘ ਪੰਨੂੰ, ਹਰਪ੍ਰੀਤ ਸਿੰਘ ਬੋਲੇਵਾਲ, ਸਰਪੰਚ ਨਿਸ਼ਾਨ ਸਿੰਘ ਮੱਲ੍ਹੀ, ਗੁਰਿੰਦਰ ਸਿੰਘ ਪੱਡਾ, ਸਾਬਕਾ ਪੰਚ ਪ੍ਰਮਜੀਤ ਸਿੰਘ, ਗੁਰਚਰਨ ਸਿੰਘ ਪੱਡਾ ਬੀਐਸ ਪੱਡਾ ਹਾਜ਼ਰ ਸਨ।

## ਸ਼ਹੀਦ ਕੌਮ ਦਾ ਸਰਮਾਇਆ ਹੁੰਦੇ ਨੇ: ਸੰਧੂ



ਫਿਲੌਰ, 23 ਮਾਰਚ (ਅਜੇ ਸਿੰਘ ਨਾਗੀ): ਸ਼ਹੀਦੇ-ਏ-ਆਜ਼ਮ ਸਰਦਾਰ ਭਗਤ ਸਿੰਘ, ਸੁਖਦੇਵ, ਰਾਜਗੁਰੂ ਜੀ ਦਾ ਸ਼ਹੀਦੀ ਦਿਵਸ ਫਿਲੌਰ ਦੇ ਸੀਨੀਅਰ ਆਗੂ ਰਾਜਿੰਦਰ ਸੰਧੂ ਨੇ ਦਫਤਰ ਫਿਲੌਰ ਸ਼ਹੀਦਾਂ ਨੂੰ ਫੁੱਲ ਮਾਲਾ ਅਰਪਿਤ ਕਰਕੇ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਅੱਜ ਲੋੜ ਹੈ ਨੌਜਵਾਨ ਪੀੜ੍ਹੀ ਨੂੰ ਦੇਸ਼ ਦੀ ਆਜ਼ਾਦੀ ਲਈ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਤੋਂ ਜਾਣੂੰ ਕਰਵਾਈਏ ਤੇ ਪਿੰਡਾਂ ਸ਼ਹਿਰਾਂ ਦੇ ਕਸਬਿਆਂ ਦੇ ਵਿੱਚ ਨੁੱਕੜ ਨਾਟਕ ਤੇ ਮਾੜੀਆਂ ਅਲਾਮਤਾਂ ਤੋਂ ਨੌਜਵਾਨ ਪੀੜ੍ਹੀ ਨੂੰ ਬਚਾਉਣ ਲਈ ਖੇਡ ਮੇਲੇ ਛਿੰਝ ਮੇਲੇ ਕਰਵਾਉਣੇ ਚਾਹੀਦੇ ਹਨ। ਇਸ ਮੌਕੇ 'ਤੇ ਪ੍ਰਣ ਕੀਤਾ ਕਿ ਨੌਜਵਾਨ ਪੀੜ੍ਹੀ ਨੂੰ ਮਾੜੀਆਂ ਅਲਾਮਤਾਂ ਤੋਂ ਜਾਗਰੂਕ ਕੀਤਾ ਜਾਵੇਗਾ ਤੇ ਖੇਡ ਮੈਦਾਨ 'ਚ ਖੇਡਣ ਲਈ ਪ੍ਰੇਰਿਤ ਕਰਾਂਗੇ ਤਾਂ ਜੋ ਨਵੀਂ ਪੀੜ੍ਹੀ ਮਾਪਿਆਂ ਤੇ ਪੰਜਾਬ ਦਾ ਨਾਮ ਵਿਸ਼ਵ ਪੱਧਰ ਤੱਕ ਚਮਕਾਉਣ।

## ਸੀ.ਬੀ.ਏ. ਇਨਫੋਟੈਕ ਵੱਲੋਂ ਕੰਪਿਊਟਰ ਤੇ ਆਈ.ਟੀ. ਦੇ ਨਵੇਂ ਬੈਚ ਸ਼ੁਰੂ

### ☛ਪਹਿਲੇ 30 ਵਿਦਿਆਰਥੀਆਂ ਨੂੰ ਫੀਸ 'ਚੋਂ ਮਿਲੇਗੀ 10 ਪ੍ਰਤੀਸ਼ਤ ਛੂਟ: ਸੰਦੀਪ ਕੁਮਾਰ

ਗੁਰਦਾਸਪੁਰ, 23 ਮਾਰਚ (ਜਸਵਿੰਦਰ ਸਿੰਘ): ਗੁਰਦਾਸਪੁਰ ਦੀ ਸਭ ਤੋਂ ਸਫਲ ਤੇ ਬੈਸਟ ਕੰਪਿਊਟਰ ਕੋਚਿੰਗ ਸੈਂਟਰ ਸੀ.ਬੀ.ਏ ਇਨਫੋਟੈਕ ਵੱਲੋਂ ਸਕੂਲ ਤੇ ਕਾਲਜ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਲਈ ਕੰਪਿਊਟਰ ਤੇ ਆਈ.ਟੀ ਦੇ ਨਵੇਂ ਬੈਚ ਸ਼ੁਰੂ ਕੀਤੇ ਜਾ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੀ.ਬੀ.ਏ ਇਨਫੋਟੈਕ ਦੇ ਡਾਇਰੈਕਟਰ ਇੰਜੀਨੀਅਰ ਸੰਦੀਪ ਕੁਮਾਰ ਨੇ ਦੱਸਿਆ ਕਿ ਸੀ.ਬੀ.ਏ ਇਨਫੋਟੈਕ ਵੱਲੋਂ ਜੋ ਨਵਾਂ ਬੈਚ ਸ਼ੁਰੂ ਕੀਤਾ ਗਿਆ ਹੈ, ਉਸ ਵਿੱਚ ਪਹਿਲੇ 30 ਵਿਦਿਆਰਥੀਆਂ ਨੂੰ ਫੀਸ ਵਿੱਚ 10 ਪ੍ਰਤੀਸ਼ਤ ਛੂਟ ਦਿੱਤੀ ਜਾਵੇਗੀ, ਇਸ ਦੇ ਨਾਲ ਹੀ ਵਿਦਿਆਰਥੀਆਂ ਨੂੰ ਮੁਫਤ ਵਿੱਚ ਪੰਜਾਬੀ ਤੇ ਇੰਗਲਿਸ਼ ਦੀ ਟਾਈਪਿੰਗ ਵੀ ਸਿਖਾਈ ਜਾਵੇਗੀ। ਇੰਜੀਨੀਅਰ ਸੰਦੀਪ ਕੁਮਾਰ ਨੇ ਕਿਹਾ ਕਿ ਅੱਜ ਦਾ ਯੁੱਗ ਕੰਪਿਊਟਰ, ਆਈ.ਟੀ ਤੇ ਏ.ਆਈ ਨਾਲ ਸਬੰਧਤ ਯੁਗ ਹੈ, ਇਸ ਲਈ ਜਿਹੜੇ ਵਿਦਿਆਰਥੀ ਆਪਣੇ ਜੀਵਨ ਵਿੱਚ ਅੱਗੇ ਵਧਣਾ ਚਾਹੁੰਦੇ ਹਨ, ਉਹ ਕੰਪਿਊਟਰ ਦੀ ਜਾਣਕਾਰੀ ਜ਼ਰੂਰ ਰੱਖਣ ਸੀ.ਬੀ.ਏ ਇਨਫੋਟੈਕ ਬਹੁਤ ਘੱਟ ਫੀਸਾਂ 'ਤੇ ਉਚ ਮਿਆਰੀ ਕੋਚਿੰਗ ਦਿੰਦਾ ਹੈ। ਸਾਡੇ ਮਾਹਿਰ ਅਧਿਆਪਕ ਤੋਂ ਟ੍ਰੇਨਿੰਗ ਪ੍ਰਾਪਤ ਕਰਕੇ ਹੁਣ ਤੱਕ ਸੈਂਕੜੇ ਵਿਦਿਆਰਥੀ ਵੱਖ-ਵੱਖ ਕੰਪਨੀਆਂ ਵਿੱਚ ਨੌਕਰੀਆਂ ਕਰ ਰਹੇ ਹਨ, ਇਸ ਲਈ ਸਾਡੀ ਇਹੋ ਕੋਸ਼ਿਸ਼ ਹੈ ਕਿ ਵਿਦਿਆਰਥੀਆਂ ਨੂੰ ਕੰਪਿਊਟਰ ਤੇ ਆਈ.ਟੀ ਨਾਲ ਸਬੰਧਤ ਕੋਰਸਾਂ ਦੀ ਚੰਗੀ ਤਰ੍ਹਾਂ ਜਾਣਕਾਰੀ ਦੇ ਕੇ ਉਨ੍ਹਾਂ ਨੂੰ ਕੋਰਸ ਕਰਵਾਏ ਜਾਣ ਤਾਂ ਜੋ ਆਪਣੇ ਭਵਿੱਖ ਅੱਗੇ ਵੱਧ ਸਕਣ।



## ਮਾਨਵ ਏਕਤਾ ਦਿਵਸ 'ਤੇ ਖ਼ੂਨਦਾਨ ਕੈਂਪ ਲਗਾਇਆ

ਘੁਮਾਣ/ਸ੍ਰੀ ਹਰਗੋਬਿੰਦਪੁਰ ਸਾਹਿਬ, 23 ਮਾਰਚ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਸੰਤ ਨਿਰੰਕਾਰੀ ਮਿਸ਼ਨ ਦੇ ਮੁਖੀ ਮਾਤਾ ਸੁਦੀਕਸ਼ਾ ਤੇ ਰਾਜਪਿਤਾ ਰਮਿਤ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਅੱਜ ਨਿਰੰਕਾਰੀ ਸਤਿਸੰਗ ਮੰਡਲ ਘੁਮਾਣ ਵਿਖੇ ਮਾਨਵ ਏਕਤਾ ਦਿਵਸ ਨੂੰ ਸਮਰਪਿਤ ਖ਼ੂਨਦਾਨ ਕੈਂਪ ਲਗਾਇਆ ਗਿਆ। ਇਸ ਖ਼ੂਨਦਾਨ ਕੈਂਪ ਦਾ ਉਦਘਾਟਨ ਡਾ. ਸੁਮਿਤੀ ਤੇ ਸੰਤ ਨਿਰੰਕਾਰੀ ਮੰਡਲ ਘੁਮਾਣ ਦੇ ਮੁਖੀ ਮਨੀਸ਼ਾ ਬਾਵਾ ਦੁਆਰਾ ਕੀਤਾ ਗਿਆ। ਇਸ ਮੌਕੇ 'ਤੇ ਜ਼ੋਨਲ ਇੰਚਾਰਜ ਰਾਕੇਸ਼ ਸੇਠੀ ਨੇ ਵਿਸ਼ੇਸ਼ ਮਹਿਮਾਨ ਵੱਜੋਂ ਸ਼ਿਰਕਤ ਕੀਤੀ ਤੇ ਉਨ੍ਹਾਂ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਪਿਛਲੇ ਚਾਰ ਦਹਾਕਿਆਂ ਵਿੱਚ ਸੰਤ ਨਿਰੰਕਾਰੀ ਮਿਸ਼ਨ ਵੱਲੋਂ ਲਗਾਏ ਗਏ 9044 ਖ਼ੂਨਦਾਨ ਕੈਂਪਾਂ ਵਿੱਚ ਮਨੁੱਖਤਾ ਦੀ ਭਲਾਈ ਲਈ 1505177 ਯੂਨਿਟ ਖ਼ੂਨਦਾਨ ਕੀਤਾ ਜਾ ਚੁੱਕਾ ਹੈ। ਯਕੀਨਨ ਲੋਕ ਭਲਾਈ ਲਈ ਚਲਾਈ ਜਾ ਰਹੀ ਇਹ ਮੁਹਿੰਮ ਨਿਰੰਕਾਰੀ ਸਤਿਗੁਰੂ ਮਾਤਾ ਸੁਦਿਕਸ਼ਾ ਦੁਆਰਾ ਦਿੱਤੀਆਂ ਗਈਆਂ ਸਿੱਖਿਆਵਾਂ ਨੂੰ ਦਰਸਾ ਕੇ ਇੱਕ ਇਲਾਹੀ ਸੰਦੇਸ਼ ਦੇ ਰਹੇ ਹਨ, ਜਿਸ ਤੋਂ ਹਰ ਜੀਵ ਪ੍ਰੇਰਨਾ ਲੈ ਰਿਹਾ ਹੈ ਤੇ ਆਪਣਾ ਜੀਵਨ ਸਫਲ ਬਣਾ ਰਿਹਾ ਹੈ। ਇਸ ਖ਼ੂਨਦਾਨ ਕੈਂਪ ਵਿੱਚ ਸ੍ਰੀ ਗੁਰੂ ਨਾਨਕ ਦੇਵ ਹਸਪਤਾਲ ਅੰਮ੍ਰਿਤਸਰ ਤੇ ਸਿਵਲ ਹਸਪਤਾਲ ਬਟਾਲਾ ਦੀਆਂ ਮਾਹਿਰ ਟੀਮਾਂ ਦੀ ਅਗਵਾਈ ਹੇਠ ਨਿਰੰਕਾਰੀ ਮਿਸ਼ਨ ਦੇ ਸੇਵਾਦਾਰਾਂ ਵੱਲੋਂ 142 ਯੂਨਿਟ ਖ਼ੂਨ ਇਕੱਠਾ ਕੀਤਾ ਗਿਆ। ਇਸ ਮੌਕੇ 'ਤੇ ਮੰਡਲ ਸੰਚਾਲਕ ਦਰਸ਼ਨ ਕੁਮਾਰ, ਐਸਪੀ ਸਿੰਘ, ਅਨਿਲ ਕੁਮਾਰ ਬਾਵਾ, ਜਗੀਰ ਸਿੰਘ, ਹਰਸਿਮਰਨ ਸਿੰਘ, ਪਰਮਪ੍ਰੀਤ ਸਿੰਘ, ਗੁਰਮੀਤ ਸਿੰਘ ਸੋਨੀ, ਰਾਜਵਿੰਦਰ ਸਿੰਘ ਬੱਬਲੂ ਤੇ ਮੰਡਲ ਘੁਮਾਣ ਦੇ ਸੇਵਾਦਾਰ ਹਾਜ਼ਰ ਸਨ।



# ਕਿਊਬਾ ਦਾ ਪਾਵਰ ਗਰਿੱਡ ਮੁੜ ਫੇਲ੍ਹ

ਕਿਊਬਾ, 23 ਮਾਰਚ (ਚ.ਨ.ਸ): ਕਿਊਬਾ ਦਾ ਪਾਵਰ ਗਰਿੱਡ ਬੀਤੇ ਦਿਨ ਇੱਕ ਵਾਰ ਮੁੜ ਫੇਲ੍ਹ ਹੋ ਗਿਆ, ਜਿਸ ਕਾਰਨ ਪੂਰਾ ਮੁਲਕ ਬਿਜਲੀ ਤੋਂ ਵਾਂਝਾ ਹੋ ਗਿਆ ਹੈ। ਮਾਰਚ ਮਹੀਨੇ ਦੌਰਾਨ ਇਹ ਤੀਜੀ ਵਾਰ ਹੈ, ਜਦੋਂ ਕਿਊਬਾ ਨੂੰ ਅਜਿਹੀ ਸਥਿਤੀ ਦਾ ਸਾਹਮਣਾ ਕਰਨਾ ਪਿਆ ਹੈ। ਮੁਲਕ ਦੀ ਕਮਿਊਨਿਸਟ ਹਕੂਮਤ ਇਸ ਸਮੇਂ ਖ਼ਸਤਾ ਹਾਲ ਬੁਨਿਆਦੀ ਢਾਂਚੇ ਤੇ ਅਮਰੀਕਾ ਵੱਲੋਂ ਤੇਲ 'ਤੇ ਲਗਾਈ ਗਈ ਰੋਕ ਨਾਲ ਜੂਝ ਰਹੀ ਹੈ। ਕਿਊਬਨ ਇਲੈਕਟ੍ਰਿਕ ਯੂਨੀਅਨ ਜੋ ਕਿ ਊਰਜਾ ਤੇ ਖਾਣਾਂ ਦੇ ਮੰਤਰਾਲੇ ਅਧੀਨ ਕੰਮ ਕਰਦੀ ਹੈ, ਨੇ ਪੂਰੇ ਟਾਪੂ ਮੁਲਕ 'ਤੇ



ਬਲੈਕਆਊਟ ਦਾ ਐਲਾਨ ਕੀਤਾ ਹੈ। ਸ਼ੁਰੂ ਵਿੱਚ ਇਸ ਕਟੌਤੀ ਦਾ ਕੋਈ ਖ਼ਾਸ ਕਾਰਨ ਨਹੀਂ ਦੱਸਿਆ ਗਿਆ ਸੀ। ਅਧਿਕਾਰੀਆਂ ਨੇ ਦੱਸਿਆ ਕਿ ਬਿਜਲੀ ਬਹਾਲ ਕਰਨ ਲਈ ਕੰਮ ਜਾਰੀ ਹੈ।

# ਰਾਤ ਵੇਲੇ ਵੀ ਜਿੱਥੇ ਚਾਹੋਗੇ, ਪੁੱਜੇਗੀ ਸੂਰਜ ਦੀ ਰੋਸ਼ਨੀ

### ☛ਅਮਰੀਕੀ ਕੰਪਨੀ 'ਰਿਫਲੈਕਟ ਆਰਬਿਟਲ' ਉਪਗ੍ਰਹਿ ਜ਼ਰੀਏ ਦੇਣ ਜਾ ਰਹੀ ਹੈ ਸਹੂਲਤ

ਨਵੀਂ ਦਿੱਲੀ, 23 ਮਾਰਚ (ਚ.ਨ.ਸ): ਹੁਣ ਮੱਸਿਆ ਦੀ ਰਾਤ ਨੂੰ ਵੀ ਪੁਲਾੜ ਤੋਂ ਉਤਾਰੀ ਗਈ ਸੂਰਜ ਦੀ ਰੋਸ਼ਨੀ ਧਰਤੀ ਨੂੰ ਰੋਸ਼ਨ ਕਰ ਸਕਦੀ ਹੈ। 'ਰਿਫਲੈਕਟ ਆਰਬਿਟਲ' ਨਾਂ ਦੇ ਅਮਰੀਕੀ ਸਟਾਰਟਅਪ ਦਾ ਦਾਅਵਾ ਹੈ ਕਿ ਉਹ ਉਪਗ੍ਰਹਿਆਂ 'ਤੇ ਲੱਗੇ ਵਿਸ਼ਾਲ ਪਰਾਵਰਤਕ ਸ਼ੀਸ਼ਿਆਂ ਜ਼ਰੀਏ ਰਾਤ ਵੇਲੇ ਧਰਤੀ ਦੇ ਚੋਣਵੇਂ ਹਿੱਸਿਆਂ 'ਤੇ ਸੂਰਜ ਦੀ ਰੋਸ਼ਨੀ ਪਹੁੰਚਾ ਸਕੇਗਾ। ਹਾਲਾਂਕਿ ਇਹ ਰੋਸ਼ਨੀ ਪੁੰਨਿਆ ਦੀ ਚਾਂਦਨੀ ਵਰਗੀ ਹੋਵੇਗੀ। ਕੰਪਨੀ ਮੁਤਾਬਿਕ ਇਸ ਸੇਵਾ ਲਈ ਹੁਣ ਤੱਕ ਲਗਭਗ 2.6 ਲੱਖ ਅਰਜ਼ੀਆਂ ਮਿਲ ਚੁੱਕੀਆਂ ਹਨ, ਜਦਕਿ ਇਸ ਦੀ ਸ਼ੁਰੂਆਤੀ ਕੀਮਤ ਪ੍ਰਤੀ ਘੰਟਾ ਲਗਭਗ 5,000 ਡਾਲਰ ਯਾਨੀ ਕਰੀਬ 4.5 ਤੋਂ 4.7 ਲੱਖ ਰੁਪਏ ਰੱਖੀ ਗਈ ਹੈ। ਮੀਡੀਆ ਰਿਪੋਰਟਾਂ ਅਨੁਸਾਰ ਕੈਲੀਫੋਰਨੀਆ ਸਥਿਤ ਇਸ ਕੰਪਨੀ ਦੀ ਯੋਜਨਾ ਸੂਰਜ-ਸਿੰਕ੍ਰੋਨਸ ਧਰੁਵੀ ਪੰਧ ਵਿੱਚ ਉਪਗ੍ਰਹਿ ਸਥਾਪਤ ਕਰਨ ਦੀ ਹੈ। ਇਹ ਪੰਧ ਧਰਤੀ ਤੋਂ ਲਗਭਗ 600 ਤੋਂ 625 ਕਿਲੋਮੀਟਰ ਉਪਰ ਹੁੰਦਾ ਹੈ ਜਿੱਥੇ ਉਪਗ੍ਰਹਿ ਲਗਾਤਾਰ ਸੂਰਜ ਦੇ ਸੰਪਰਕ ਵਿੱਚ ਰਹਿੰਦੇ ਹਨ ਤੇ ਦਿਨ-ਰਾਤ ਦੀ ਸੀਮਾ, ਜਿਸ ਨੂੰ ਟਰਮੀਨੇਟਰ ਲਾਈਨ ਕਿਹਾ ਜਾਂਦਾ ਹੈ, ਨਾਲ ਚੱਲਦੇ ਹਨ। ਹਰ ਉਪਗ੍ਰਹਿ ਵਿੱਚ ਮਾਇਲਰ ਵਰਗੀ ਹਲਕੀ ਸਮੱਗਰੀ ਨਾਲ ਬਣਿਆ 10 ਤੋਂ 54 ਮੀਟਰ ਚੌੜਾ ਪਰਾਵਰਤਕ ਸ਼ੀਸ਼ਾ ਲਗਾਇਆ ਜਾਵੇਗਾ ਜੋ ਪੁਲਾੜ ਵਿੱਚ ਖੁੱਲ੍ਹ ਕੇ ਮੋਟਰ ਚਲਾਉਣ ਵਾਲੀ ਪ੍ਰਣਾਲੀ ਜ਼ਰੀਏ ਸੂਰਜ ਦੀ ਰੋਸ਼ਨੀ ਧਰਤੀ ਵੱਲ ਮੋੜੇਗਾ।ਕੰਪਨੀ ਮੋਬਾਈਲ ਐਪ ਜਾਂ ਵੈਬਸਾਈਟ ਜ਼ਰੀਏ ਗ੍ਰਾਹਕਾਂ ਤੋਂ ਵਿਸ਼ੇਸ਼ ਨਿਰਦੇਸ਼ ਅੰਕ (ਅਕਸ਼ਾਂਸ਼-ਦੇਸ਼ਾਂਤਰ) ਹਾਸਲ ਕਰਕੇ ਸਬੰਧਤ ਖੇਤਰ ਨੂੰ ਰੋਸ਼ਨ ਕਰਨ ਦੀ ਸਹੂਲਤ ਦੇਣ ਦੀ ਤਿਆਰੀ ਕਰ ਰਹੀ ਹੈ। ਹਾਲਾਂਕਿ ਇਹ ਰੋਸ਼ਨੀ ਸੀਮਿਤ ਸਮੇਂ ਲਈ ਹੀ ਉਪਲਬਧ ਹੋਵੇਗੀ, ਕਿਉਂਕਿ ਧਰਤੀ ਦੇ ਹੇਠਲੇ ਪੰਧ ਵਿੱਚ ਉਪਗ੍ਰਹਿ ਬਹੁਤ ਤੇਜ਼ੀ ਨਾਲ ਚੱਲਦੇ ਹਨ ਤੇ ਕਿਸੇ ਥਾਂ 'ਤੇ ਇੱਕ ਵਾਰ ਵਿੱਚ ਲਗਭਗ ਚਾਰ ਮਿੰਟ ਤੱਕ ਹੀ ਰੋਸ਼ਨੀ ਦੇ ਸਕਦੇ ਹਨ। ਲਗਾਤਾਰ ਰੋਸ਼ਨੀ ਲਈ ਕੰਪਨੀ ਹਜ਼ਾਰਾਂ ਦੀ ਗਿਣਤੀ ਵਿੱਚ ਉਪਗ੍ਰਹਿ ਲਾਂਚ ਕਰੇਗੀ। ਇੱਕ ਉਪਗ੍ਰਹਿ ਲਗਭਗ ਪੰਜ ਕਿਲੋਮੀਟਰ ਚੌੜੇ ਚੱਕਰਾਕਾਰ ਖੇਤਰ ਨੂੰ ਰੋਸ਼ਨ ਕਰ ਸਕੇਗਾ। ਇਸ ਤਕਨੀਕ ਦਾ ਇਸਤੇਮਾਲ ਆਫਤ ਪ੍ਰਭਾਵਿਤ ਖੇਤਰਾਂ, ਜੰਗਲਾਂ, ਸਮੁੰਦਰੀ ਬਚਾਅ ਮੁਹਿੰਮਾਂ ਤੇ ਖੋਜ ਮੁਹਿੰਮਾਂ 'ਚ ਕੀਤਾ ਜਾ ਸਕਦਾ ਹੈ ਜਿੱਥੇ ਤੁਰੰਤ ਰੋਸ਼ਨੀ ਮੁਹੱਈਆ ਕਰਨਾ ਮੁਸ਼ਕਿਲ ਹੁੰਦਾ ਹੈ।



### 'ਯੂਨੈਸਕੋ ਦੀ ਰਿਪੋਰਟ ਨੇ ਖੋਲ੍ਹੇ ਹੈਰਾਨ ਕਰਨ ਵਾਲੇ ਅੰਕੜੇ'

# ਦੁਨੀਆਂ ਦੇ ਅੱਧੇ ਦੇਸ਼ਾਂ 'ਚ ਸਥਿਤ ਸਕੂਲਾਂ ਅੰਦਰ ਮੋਬਾਈਲ ਫੋਨ ਵਰਤਣ 'ਤੇ ਪਾਬੰਦੀ

ਨਵੀਂ ਦਿੱਲੀ, 23 ਮਾਰਚ (ਚ.ਨ.ਸ): ਯੂਨੈਸਕੋ ਦੇ ਆਲਮੀ ਸਿੱਖਿਆ ਨਿਗਰਾਨ (ਜੀ.ਈ.ਐਮ.) ਟੀਮ ਦੀ ਤਾਜ਼ਾ ਰਿਪੋਰਟ ਅਨੁਸਾਰ, ਦੁਨੀਆਂ ਦੇ ਅੱਧ ਤੋਂ ਵੱਧ ਦੇਸ਼ਾਂ ਨੇ ਸਕੂਲਾਂ ਵਿੱਚ ਮੋਬਾਈਲ ਫੋਨਾਂ ਉਤੇ ਪਾਬੰਦੀ ਲਗਾ ਦਿੱਤੀ ਹੈ। ਇਹ ਕਦਮ ਜਮਤਾਂ ਵਿੱਚ ਧਿਆਨ ਘਟਣ, ਸਾਇਬਰਬੁਲਿੰਗ ਤੇ ਬੱਚਿਆਂ ਉਤੇ ਡਿਜੀਟਲ ਮਾਹੌਲ ਦੇ ਅਸਰ ਨੂੰ ਲੈ ਕੇ ਵੱਧ ਰਹੀਆਂ ਚਿੰਤਾਵਾਂ ਦੇ ਮੱਦੇਨਜ਼ਰ ਚੁੱਕਿਆ ਗਿਆ ਹੈ। ਰਿਪੋਰਟ ਵਿੱਚ ਦਰਸਾਇਆ ਗਿਆ ਹੈ ਕਿ 114 ਸਿੱਖਿਆ ਪ੍ਰਣਾਲੀਆਂ ਨੇ ਪੂਰੇ ਦੇਸ਼ ਅੰਦਰ ਪਾਬੰਦੀ ਲਗਾਈ ਹੈ, ਜੋ ਕਿ ਦੁਨੀਆਂ ਦੇ 58 ਫੀਸਦੀ ਦੇਸ਼ਾਂ ਦੀ ਨੁਮਾਇੰਦਗੀ ਕਰਦਾ ਹੈ। 2023 ਵਿੱਚ ਇਹ ਅੰਕੜਾ ਸਿਰਫ਼ 24 ਫੀਸਦੀ ਸੀ, ਪਰ 2026 ਤੱਕ ਇਹ ਲਗਭਗ ਦੋ ਗੁਣਾ ਹੋ ਗਿਆ।ਇੱਕ ਸੀਨੀਅਰ ਜੀ.ਈ.ਐਮ. ਮੈਂਬਰ ਨੇ ਕਿਹਾ ਕਿ ਇਹ ਵਾਧਾ ਦਰਸਾਉਂਦਾ ਹੈ ਕਿ ਜਮਾਤਾਂ ਵਿੱਚ ਧਿਆਨ ਘਟਣ ਤੇ ਸਾਇਬਰਬੁਲਿੰਗ ਨੂੰ ਲੈ ਕੇ ਚਿੰਤਾਵਾਂ ਕਿੰਨੀ ਤੇਜ਼ੀ ਨਾਲ ਵੱਧ ਰਹੀਆਂ ਹਨ। ਪਰ ਇਹ ਸਿਰਫ਼ ਪਾਬੰਦੀ ਦੀ ਕਹਾਣੀ ਨਹੀਂ ਹੈ, ਕਈ ਦੇਸ਼ ਸਕੂਲਾਂ ਨੂੰ ਅਪਣੇ ਨਿਯਮ ਬਣਾਉਣ ਦੀ ਆਜ਼ਾਦੀ ਵੀ ਦੇ ਰਹੇ ਹਨ। ਰਿਪੋਰਟ ਵਿੱਚ ਇਹ ਵੀ ਦਰਸਾਇਆ ਗਿਆ ਹੈ ਕਿ ਸੋਸ਼ਲ ਮੀਡੀਆ ਦਾ ਅਸਰ ਖਾਸ ਕਰਕੇ ਕੁੜੀਆਂ ਉਤੇ ਜ਼ਿਆਦਾ ਹੈ। ਫੇਸਬੁੱਕ ਦੀ ਅਪਣੀ ਖੋਜ ਅਨੁਸਾਰ ਹੀ 32 ਫੀਸਦੀ ਨਾਬਾਲਿਗ ਕੁੜੀਆਂ ਨੇ ਇੰਸਟਾਗ੍ਰਾਮ ਵਰਤਣ ਤੋਂ ਬਾਅਦ ਅਪਣੇ ਸਰੀਰ ਬਾਰੇ ਹੋਰ ਮਾੜਾ ਮਹਿਸੂਸ ਕੀਤਾ। ਟਿਕਟਾਕ ਦੇ ਐਲਗੋਰਿਦਮ ਬਾਰੇ ਵੀ ਚੇਤਾਵਨੀ ਦਿੱਤੀ ਗਈ ਹੈ, ਜੋ ਹਰ 39 ਸਕਿੰਟ ਵਿੱਚ ਬਾਡੀ ਇਮੇਜ ਨਾਲ ਸਬੰਧਤ ਸਮੱਗਰੀ ਵਿਖਾਉਂਦਾ ਹੈ। ਫਰਾਂਸ, ਆਸਟ੍ਰੇਲੀਆ ਤੇ ਪੁਰਤਗਾਲ ਵਰਗੇ ਦੇਸ਼ਾਂ ਵਿੱਚ ਸੋਸ਼ਲ ਮੀਡੀਆ ਉਤੇ ਵੀ ਬੱਚਿਆਂ ਲਈ ਨਿਯਮ ਬਣਾਉਣ ਦੀ ਚਰਚਾ ਜਾਰੀ ਹੈ। ਅਮਰੀਕਾ ਵਿੱਚ ਹਾਲਾਂਕਿ ਕੋਈ ਕੌਮੀ ਪਾਬੰਦੀ ਨਹੀਂ ਹੈ, ਪਰ 39 ਸੂਬਿਆਂ ਨੇ ਸਕੂਲ ਜ਼ਿਲ੍ਹਿਆਂ ਨੂੰ ਨੀਤੀਆਂ ਬਣਾਉਣ ਲਈ ਕਾਨੂੰਨ ਲਾਗੂ ਕੀਤੇ ਹਨ। ਇਹ ਰਿਪੋਰਟ ਸਪੱਸ਼ਟ ਕਰਦੀ ਹੈ ਕਿ ਬੱਚਿਆਂ ਦੀ ਭਾਵਨਾਤਮਕ ਤੰਦਰੁਸਤੀ ਤੇ ਸਿੱਖਿਆ ਵਿੱਚ ਸਫਲਤਾ ਲਈ ਡਿਜੀਟਲ ਵਰਤੋਂ ਉਤੇ ਕੰਟਰੋਲ ਬਹੁਤ ਜ਼ਰੂਰੀ ਹੈ।




# ਵਿਧਾਇਕ ਦਹੀਯਾ ਨੇ 1 ਕਰੋੜ 12 ਲੱਖ ਦੀ ਲਾਗਤ ਨਾਲ ਬਣਨ ਵਾਲੀ ਨਵੀਂ ਸੜਕ ਦਾ ਨੀਂਹ ਪੱਥਰ ਰੱਖਿਆ



ਫਿਰੋਜ਼ਪੁਰ, 23 ਮਾਰਚ (ਤਿਵਾੜੀ): ਚੋਣ ਮੁਹਿੰਮ ਦੌਰਾਨ ਲੋਕਾਂ ਨਾਲ ਕੀਤੇ ਵਾਅਦਿਆਂ ਵਿੱਚ ਸਭ ਤੋਂ ਵੱਡਾ ਵਾਅਦਾ ਪੂਰਾ ਕਰਦੇ ਹੋਏ ਵਿਧਾਇਕ ਰਜਨੀਸ਼ ਦਹੀਯਾ ਨੇ ਪਿੰਡ ਇੱਟਾਂਵਾਲੀ ਤੋਂ ਕਰਮੂ ਵਾਲਾ ਤੱਕ 1 ਕਰੋੜ 12 ਲੱਖ ਰੁਪਏ ਦੀ ਲਾਗਤ ਨਾਲ ਕਰੀਬ ਤਿੰਨ ਕਿਲੋਮੀਟਰ ਤੱਕ ਬਣਨ ਵਾਲੀ ਨਵੀਂ ਸੜਕ ਦਾ ਨੀਂਹ ਪੱਥਰ ਰੱਖਿਆ। ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਬਣਨ ਜਾ ਰਹੀ ਇਸ ਸੜਕ ਦੇ ਬਣਨ ਨਾਲ ਆਲੇ-ਦੁਆਲੇ ਦੇ ਕਰੀਬ ਸੱਤ-ਅੱਠ ਪਿੰਡਾਂ ਨੂੰ ਸੁੰਦਰੀਕਰਨ ਵਰਗਾ ਨਿੱਜੀ ਫਾਇਦਾ ਹੋਵੇਗਾ, ਫਿਰੋਜ਼ਸ਼ਾਹ ਮੋਗਾ ਨੈਸ਼ਨਲ ਹਾਈਵੇ ਤੋਂ ਜ਼ੀਰਾ-ਅੰਮ੍ਰਿਤਸਰ ਸਟੇਟ ਹਾਈਵੇ ਤੱਕ ਜਾਣ ਵਾਲੇ ਲੋਕਾਂ ਨੂੰ ਸੌਖੀ ਆਵਾਜਾਈ ਦਾ ਵੀ ਫਾਇਦਾ ਮਿਲੇਗਾ ਤੇ ਲੋਕਾਂ ਦਾ ਆਰਥਿਕ ਬੋਝ ਵੀ ਘਟੇਗਾ।ਵਿਧਾਇਕ ਰਜਨੀਸ਼ ਦਹੀਯਾ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ 'ਚ ਸੂਬਾ ਸਰਕਾਰ ਸੂਬੇ ਦੀ ਬਿਹਤਰੀ ਲਈ ਯਤਨਸ਼ੀਲ ਹੈ। ਸੂਬਾ ਸਰਕਾਰ ਵੱਲੋਂ ਆਪਣੇ ਚਾਰ ਸਾਲ ਦੇ ਕਾਰਜਕਾਲ 'ਚ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕੀਤਾ ਜਾ ਚੁੱਕਾ ਹੈ। ਆਪ ਸਰਕਾਰ ਵੱਲੋਂ ਕੀਤੇ ਲੋਕ ਭਲਾਈ ਦੇ ਕਾਰਜਾਂ ਤਹਿਤ 10 ਲੱਖ ਦਾ ਸਿਹਤ ਬੀਮਾ ਤੇ 18 ਸਾਲ ਉਪਰ ਹਰ ਔਰਤ ਦੇ ਖਾਤੇ 1000 ਰੁਪਏ ਦੀ ਯੋਜਨਾ ਲਾਗੂ ਕਰ ਤੁਹਾਡੀ ਆਪਣੀ ਸਰਕਾਰ ਹੋਣ ਦਾ ਫਰਜ਼ ਨਿਭਾਇਆ ਹੈ। ਇਸ ਮੌਕੇ ਭੁਪਿੰਦਰ ਸਿੰਘ ਇੱਟਾਂਵਾਲੀ ਬਲਾਕ ਪ੍ਰਧਾਨ ਵੱਲੋਂ ਵਿਧਾਇਕ ਦਹੀਯਾ ਦਾ ਪਿੰਡ ਪਹੁੰਚਣ 'ਤੇ ਨਗਰ ਦੀ ਤਰਫੋਂ ਜੀ ਆਇਆਂ ਕਹਿੰਦਿਆਂ ਲਿੰਕ ਸੜਕ ਬਣਾਉਣ 'ਤੇ ਧੰਨਵਾਦ ਕੀਤਾ। ਇਸ ਮੌਕੇ 'ਤੇ ਗੁਰਪ੍ਰੀਤ ਸਿੰਘ ਇੱਟਾਂਵਾਲੀ ਮੈਂਬਰ ਐਸਸੀ ਕਮਿਸ਼ਨ ਪੰਜਾਬ, ਭੁਪਿੰਦਰ ਸਿੰਘ ਭਿੰਦਾ, ਹਰਪ੍ਰੀਤ ਸਿੰਘ ਕਾਮਰੇਡ, ਹਰਜਿੰਦਰ ਸਿੰਘ ਸਰਪੰਚ ਕਰਮੂਵਾਲਾ, ਰਣਜੀਤ ਸਿੰਘ ਸਰਪੰਚ ਸੋਢੀਨਗਰ, ਪ੍ਰਗਟ ਸਿੰਘ ਸਰਪੰਚ ਭੰਬਾ ਲੰਡਾ, ਪਰਵਿੰਦਰ ਸਿੰਘ ਸਰਪੰਚ ਕਾਦਾਬੋੜਾ, ਡਾ. ਰਣਜੀਤ ਸਿੰਘ ਭੰਬਾ ਹਲਕਾ ਕੋਆਰਡੀਨੇਟਰ ਵਿਰਾਸਤ ਸੇਵਾ ਸੰਘ ਫਿਰੋਜ਼ਪੁਰ ਦਿਹਾਤੀ, ਦਲਜੀਤ ਸਿੰਘ, ਰਾਜਵਿੰਦਰ ਸਿੰਘ, ਚਮਕੌਰ ਸਿੰਘ, ਜਗਤਾਰ ਸਿੰਘ, ਇਕਬਾਲ ਸਿੰਘ, ਰਛਪਾਲ ਸਿੰਘ, ਸਵਰਨ ਸਿੰਘ, ਗੁਰਵਿੰਦਰ ਸਿੰਘ, ਲਖਵਿੰਦਰ ਸਿੰਘ, ਗੁਰਪ੍ਰੀਤ ਸਿੰਘ ਗਿੱਲ ਵੀ ਹਾਜ਼ਰ ਸਨ।

# ਬ੍ਰਿਟੇਨ ਦੀ ਇੱਕ ਪ੍ਰਮਾਣੂ-ਸ਼ਕਤੀ ਨਾਲ ਚੱਲਣ ਵਾਲੀ ਪਣਡੁੱਬੀ ਅਰਬ ਸਾਗਰ 'ਚ ਪਹੁੰਚੀ

ਲੰਡਨ, 23 ਮਾਰਚ (ਚ.ਨ.ਸ): ਪੱਛਮੀ ਏਸ਼ੀਆ (ਮਿਡਲ ਈਸਟ) ਵਿੱਚ ਜਾਰੀ ਇਰਾਨ-ਇਜ਼ਰਾਈਲ ਜੰਗ ਦੇ ਦਰਮਿਆਨ ਇੱਕ ਵੱਡੀ ਫ਼ੌਜੀ ਹਲਚਲ ਦੇਖਣ ਨੂੰ ਮਿਲੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਬ੍ਰਿਟੇਨ ਦੀ ਇੱਕ ਪ੍ਰਮਾਣੂ-ਸ਼ਕਤੀ ਨਾਲ ਚੱਲਣ ਵਾਲੀ ਪਣਡੁੱਬੀ ਅਰਬ ਸਾਗਰ ਵਿੱਚ ਪਹੁੰਚ ਗਈ ਹੈ। ਇਹ ਘਟਨਾਕ੍ਰਮ ਅਜਿਹੇ ਸਮੇਂ ਵਿੱਚ ਹੋਇਆ ਹੈ, ਜਦੋਂ ਅਮਰੀਕਾ ਨੇ ਸੰਕੇਤ ਦਿੱਤਾ ਹੈ ਕਿ ਉਹ ਇਰਾਨ ਵਿਰੁੱਧ ਅਪਣੀਆਂ ਕਾਰਵਾਈਆਂ ਨੂੰ ਤੇਜ਼ ਕਰ ਰਿਹਾ ਹੈ। ਬ੍ਰਿਟਿਸ਼ ਮੀਡੀਆ ਡੇਲੀ ਮੇਲ ਦੀ ਇੱਕ ਰਿਪੋਰਟ ਦੇ ਅਨੁਸਾਰ ਐਚ.ਐਮ.ਐਸ. ਐਨਸਨ ਨਾਮ ਦੀ ਪਣਡੁੱਬੀ 6 ਮਾਰਚ ਨੂੰ ਆਸਟਰੇਲੀਆ ਦੇ ਪਰਥ ਤੋਂ ਰਵਾਨਾ ਹੋਈ ਸੀ ਤੇ ਹੁਣ ਮੰਨਿਆ ਜਾ ਰਿਹਾ ਹੈ ਕਿ ਇਸ ਨੂੰ ਹੋਰਮੁਜ਼ ਜਲਡਮਰੂ ਦੇ ਨੇੜੇ ਉਤਰੀ ਅਰਬ ਸਾਗਰ ਵਿੱਚ ਤਾਇਨਾਤ ਕੀਤਾ ਗਿਆ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਪਣਡੁੱਬੀ ਟੋਮਾਹਾਕ ਬਲਾਕ-4 ਲੈਂਡ-ਅਟੈਕ ਮਿਜ਼ਾਈਲਾਂ ਨਾਲ ਲੈਸ ਹੈ, ਜਿਨ੍ਹਾਂ ਦੀ ਰੇਂਜ ਲਗਭਗ 1,600 ਕਿਲੋਮੀਟਰ ਹੈ। ਇਹ ਸਪੀਅਰਫ਼ਿਸ਼ ਹੈਵੀਵੇਟ ਟਾਰਪੀਡੋ ਨਾਲ ਵੀ ਲੈਸ ਹੈ। ਤੈਨਾਤੀ ਅਜਿਹੇ ਸਮੇਂ ਹੋਈ ਹੈ ਜਦੋਂ ਇਰਾਨ ਨੇ ਹਾਲ ਹੀ ਵਿੱਚ ਹਿੰਦ ਮਹਾਂਸਾਗਰ ਵਿੱਚ ਸਥਿਤ ਬ੍ਰਿਟਿਸ਼ ਤੇ ਅਮਰੀਕਾ ਦੇ ਸਾਂਝੇ ਫ਼ੌਜੀ ਅੱਡੇ 'ਡਿਏਗੋ ਗਾਰਸੀਆ' 'ਤੇ 4,000 ਕਿਲੋਮੀਟਰ ਦੂਰ ਮਾਰ ਕਰਨ ਵਾਲੀਆਂ ਮਿਜ਼ਾਈਲਾਂ ਨਾਲ ਹਮਲਾ ਕੀਤਾ ਸੀ। ਮਾਹਿਰਾਂ ਦਾ ਮੰਨਣਾ ਹੈ ਕਿ ਬ੍ਰਿਟੇਨ ਨੇ ਆਪਣੀ ਪ੍ਰਮਾਣੂ ਪਣਡੁੱਬੀ ਨੂੰ ਅਰਬ ਸਾਗਰ ਵਿੱਚ ਉਤਾਰ ਕੇ ਇਰਾਨ ਨੂੰ ਸਖ਼ਤ ਸੰਦੇਸ਼ ਦਿੱਤਾ ਹੈ। ਜ਼ਿਕਰਯੋਗ ਹੈ ਕਿ ਬ੍ਰਿਟੇਨ ਸਮੇਤ 22 ਸ਼ਕਤੀਸ਼ਾਲੀ ਦੇਸ਼ਾਂ ਨੇ ਹੋਰਮੁਜ਼ ਸਟਰੇਟ ਸਮੁੰਦਰੀ ਵਿੱਚ ਇਰਾਨੀ ਗੁੰਡਾਗਰਦੀ ਵਿਰੁੱਧ ਮੋਰਚਾ ਖੋਲ੍ਹਿਆ ਹੋਇਆ ਹੈ। ਹੋਰਮੁਜ਼ ਜਲਮਾਰਗ ਦੁਨੀਆਂ ਦੀ 20 ਫ਼ੀਸਦੀ ਤੇਲ ਤੇ ਗੈਸ ਸਪਲਾਈ ਲਈ ਬੇਹੱਦ ਅਹਿਮ ਹੈ। ਪ੍ਰਮਾਣੂ ਪਣਡੁੱਬੀ ਦੀ ਇਸ ਖੇਤਰ ਵਿੱਚ ਮੌਜੂਦਗੀ ਵਪਾਰਕ ਜਹਾਜ਼ਾਂ ਦੀ ਸੁਰੱਖਿਆ ਯਕੀਨੀ ਬਣਾਉਣ ਤੇ ਈਰਾਨੀ ਡਰੋਨ ਹਮਲਿਆਂ ਨੂੰ ਰੋਕਣ ਲਈ ਚੁੱਕਿਆ ਗਿਆ ਇੱਕ ਵੱਡਾ ਕਦਮ ਹੈ।



# ਫ਼ਲਸਤੀਨੀ ਪਿੰਡਾਂ 'ਚ ਹਿੰਸਾ, ਕਈ ਜ਼ਖ਼ਮੀ

### ☛ਇਜ਼ਰਾਇਲੀ ਬਸਤੀਆਂ 'ਚ ਰਹਿੰਦੇ ਲੋਕਾਂ ਨੇ ਕੀਤੇ ਹਮਲੇ

ਰਾਮੱਲਾ, 23 ਮਾਰਚ (ਚ.ਨ.ਸ): ਇਜ਼ਰਾਇਲੀ ਬਸਤੀਆਂ 'ਚ ਰਹਿੰਦੇ ਲੋਕਾਂ ਨੇ ਪੱਛਮੀ ਕੰਢੇ 'ਚ ਫ਼ਲਸਤੀਨੀ ਪਿੰਡਾਂ ਨੂੰ ਨਿਸ਼ਾਨਾ ਬਣਾ ਕੇ ਬੀਤੀ ਰਾਤ ਨੂੰ ਹਿੰਸਾ ਕੀਤੀ। ਹਮਲੇ 'ਚ ਕਈ ਵਿਅਕਤੀ ਜ਼ਖ਼ਮੀ ਹੋ ਗਏ। ਹਮਲਾਵਰਾਂ ਨੇ ਕਾਰਾਂ ਦੀ ਭੰਨ-ਤੋੜ ਕੀਤੀ ਤੇ ਅੱਗਾਂ ਲਗਾ ਦਿੱਤੀਆਂ। ਫ਼ਲਸਤੀਨੀ ਖ਼ਬਰ ਏਜੰਸੀ 'ਵਾਫਾ' ਨੇ ਦੱਸਿਆ ਕਿ ਛੇ ਬਸਤੀਆਂ 'ਤੇ ਹਮਲੇ ਕੀਤੇ ਗਏ। ਏਜੰਸੀ ਨੇ ਕਿਹਾ ਕਿ ਈਦ ਦੀ ਛੁੱਟੀ ਦੌਰਾਨ ਵਾਪਰੀਆਂ ਘਟਨਾਵਾਂ 'ਚ ਪੰਜ ਵਿਅਕਤੀ ਜ਼ਖ਼ਮੀ ਹੋਏ ਹਨ। ਫ਼ਲਸਤੀਨੀ ਰੈਡ ਕ੍ਰਿਸੈਂਟ ਸੁਸਾਇਟੀ ਨੇ ਦੱਸਿਆ ਕਿ ਜਲੁਦ ਪਿੰਡ 'ਚ ਤਿੰਨ ਫ਼ਲਸਤੀਨੀਆਂ ਨੂੰ ਕੁੱਟਿਆ ਗਿਆ, ਜਿਸ ਕਾਰਨ ਉਨ੍ਹਾਂ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ। ਇਜ਼ਰਾਇਲੀ ਸਰਕਾਰ ਦੇ ਕਬਜ਼ੇ ਵਾਲੇ ਪੱਛਮੀ ਕੰਢੇ 'ਚ ਨਵੀਆਂ ਬਸਤੀਆਂ ਵਸਾਉਣ ਦਾ ਕੰਮ ਤੇਜ਼ੀ ਨਾਲ ਅੱਗੇ ਵੱਧ ਰਿਹਾ ਹੈ, ਜਿਸ ਦੌਰਾਨ ਇਹ ਹਿੰਸਾ ਹੋਈ ਹੈ। ਇਜ਼ਰਾਇਲੀ ਫ਼ੌਜ ਨੇ ਦੱਸਿਆ ਕਿ ਇਮਾਰਤਾਂ ਤੇ ਸੰਪਤੀਆਂ 'ਚ ਅੱਗਜ਼ਨੀ ਕਰਨ ਤੇ ਇਲਾਕੇ 'ਚ ਅਸ਼ਾਂਤੀ ਫੈਲਾਉਣ ਵਾਲੇ ਵਿਅਕਤੀਆਂ ਖ਼ਿਲਾਫ਼ ਕਾਰਵਾਈ ਕੀਤੀ ਗਈ ਹੈ ਪਰ ਉਨ੍ਹਾਂ ਗ੍ਰਿਫ਼ਤਾਰੀਆਂ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ। ਸੰਯੁਕਤ ਰਾਸ਼ਟਰ ਦੇ ਮਾਨਵੀ ਮਾਮਲਿਆਂ ਬਾਰੇ ਤਾਲਮੇਲ ਦਫ਼ਤਰ ਮੁਤਾਬਿਕ ਇਸ ਵਰ੍ਹੇ 15 ਮਾਰਚ ਤੱਕ ਵੱਖ-ਵੱਖ ਹਮਲਿਆਂ 'ਚ 25 ਫ਼ਲਸਤੀਨੀ ਮਾਰੇ ਜਾ ਚੁੱਕੇ ਹਨ।

# ਭਗਵਾਨ ਖੁਆਜਾ ਬਲੀ ਦਾ ਜਨਮ ਦਿਹਾੜਾ ਮਨਾਇਆ



ਅਮਲੋਹ, 23 ਮਾਰਚ (ਜਸਵੰਤ ਸਿੰਘ): ਹਰੇਕ ਸਾਲ ਦੀ ਤਰ੍ਹਾਂ ਬਲਾਕ ਅਮਲੋਹ ਦੇ ਪਿੰਡ ਕੁੰਭ ਵਿਖੇ ਭਗਵਾਨ ਖੁਆਜਾ ਬਲੀ (ਵਰੁਨਦੇਵ, ਝੂਲੇ ਲਾਲ) ਜੀ ਦਾ ਜਨਮ ਦਿਹਾੜਾ ਧੂਮ-ਧਾਮ ਨਾਲ ਮਨਾਇਆ ਗਿਆ। ਝੰਡੇ ਦੀ ਰਸਮ ਬਲਜਿੰਦਰ ਕੌਰ ਚਾਬਾ ਨੇ ਕੀਤੀ। ਇਸ ਮੌਕੇ ਜਲੇਬੀਆਂ ਦਾ ਲੰਗਰ ਲਗਾਇਆ ਗਿਆ। ਗੱਦੀ ਨਸ਼ੀਨ ਬਾਬਾ ਮੁਖਤਿਆਰ ਸਿੰਘ ਕੁੰਭ ਨੇ ਦੱਸਿਆ ਕਿ ਪਿੰਡ ਕੁੰਭ ਵਿਖੇ ਝੂਲੇ ਲਾਲ ਜੀ ਦਾ ਜਨਮ ਦਿਹਾੜਾ ਸਾਲ 2002 ਤੋਂ ਸ਼ਰਧਾ ਪੂਰਵਕ ਹਰ ਸਾਲ ਮਨਾਇਆ ਜਾਂਦਾ ਹੈ, ਜਿਸ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਸ਼ਾਮਲ ਹੁੰਦੀਆਂ ਹਨ। ਇਸ ਮੌਕੇ 'ਤੇ ਨੇਤਰ ਸਿੰਘ, ਮਲਕੀਤ ਸਿੰਘ ਮੰਡੀ ਗੋਬਿੰਦਗੜ੍ਹ, ਨਵਦੀਪ ਸਿੰਘ ਕੁੰਭ, ਰਾਮ ਸ਼ਰਨ ਸੂਦ, ਮੁਕੇਸ਼ ਸੂਦ ਅਮਲੋਹ, ਫਿਰੋਜ਼ ਅੱਤਰੀ, ਗੁਰਵਿੰਦਰ ਸਿੰਘ ਖੰਨਾ, ਬਲਕਾਰ ਸਿੰਘ ਹੁਸੈਨਪੁਰਾ, ਗੁਰਮੇਲ ਸਿੰਘ ਕੁੰਭ, ਗੁਰਮੀਤ ਸਿੰਘ, ਭਗਵਾਨ ਸਿੰਘ ਭਾਨਾ, ਕਰਨੈਲ ਸਿੰਘ ਕੁੰਭੜਾ ਤੇ ਸੋਹਨ ਸਿੰਘ ਕੁੰਭੜਾ ਹਾਜ਼ਰ ਸਨ।

# ਪਿੰਡ ਅਤਾਪੁਰ ਵਿਖੇ ਕਾਂਗਰਸੀ ਆਗੂਆਂ ਨਾਲ ਸਾਬਕਾ ਵਿਧਾਇਕ ਨਾਗਰਾ ਦੀ ਅਹਿਮ ਮੀਟਿੰਗ

ਸ੍ਰੀ ਫਤਹਿਗੜ੍ਹ ਸਾਹਿਬ, 23 ਮਾਰਚ (ਨਰਿੰਦਰ ਸਿੰਘ): ਹਲਕਾ ਫਤਹਿਗੜ੍ਹ ਸਾਹਿਬ ਦੇ ਪਿੰਡ ਅਤਾਪੁਰ ਵਿੱਚ ਸਾਬਕਾ ਚੇਅਰਮੈਨ ਬਲਜਿੰਦਰ ਸਿੰਘ ਅਤਾਪੁਰ ਦੀ ਅਗਵਾਈ ਹੇਠ ਪਿੰਡ ਵਾਸੀਆਂ ਦਾ ਇੱਕ ਵੱਡਾ ਇਕੱਠ ਕੀਤਾ ਗਿਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਨੇ ਸ਼ਿਰਕਤ ਕੀਤੀ। ਇਸ ਮੌਕੇ ਸਾਬਕਾ ਵਿਧਾਇਕ ਕੁਲਜੀਤ ਸਿੰਘ ਨਾਗਰਾ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ ਤੇ ਇਕੱਠ ਨੂੰ ਸੰਬੋਧਨ ਕੀਤਾ। ਆਪਣੇ ਸੰਬੋਧਨ ਦੌਰਾਨ ਕੁਲਜੀਤ ਸਿੰਘ ਨਾਗਰਾ ਨੇ ਪੰਜਾਬ ਸਰਕਾਰ 'ਤੇ ਤਿੱਖੇ ਨਿਸ਼ਾਨੇ ਸਾਧਦੇ ਹੋਏ ਕਿਹਾ ਕਿ ਸਰਕਾਰ ਵੱਲੋਂ ਚੋਣਾਂ ਦੌਰਾਨ ਕੀਤੇ ਗਏ ਵਾਅਦਿਆਂ ਵਿੱਚੋਂ ਇੱਕ ਵੀ ਵਾਅਦਾ ਪੂਰਾ ਨਹੀਂ ਕੀਤਾ ਗਿਆ। ਉਨ੍ਹਾਂ ਅੱਗੇ ਕਿਹਾ ਕਿ ਪਿੰਡਾਂ ਤੇ ਸ਼ਹਿਰਾਂ ਦੋਹਾਂ ਵਿੱਚ ਬੁਨਿਆਦੀ ਸੁਵਿਧਾਵਾਂ ਦੀ ਘਾਟ ਹੈ। ਸੜਕਾਂ ਦੀ ਮੰਦ ਹਾਲਤ, ਸਿਹਤ ਸੇਵਾਵਾਂ ਦੀ ਕਮੀ ਤੇ ਸਿੱਖਿਆ ਪ੍ਰਣਾਲੀ ਦੀਆਂ ਸਮੱਸਿਆਵਾਂ ਅਜੇ ਵੀ ਜਿਉਂ ਦੀ ਤਿਉਂ ਹਨ, ਜੋ ਸਰਕਾਰ ਦੀ ਨਾਕਾਮੀ ਨੂੰ ਦਰਸਾਉਂਦੀਆਂ ਹਨ। ਅਖੀਰ ਵਿੱਚ ਨਾਗਰਾ ਨੇ ਕਿਹਾ ਕਿ ਪੰਜਾਬ ਦੀ ਜਨਤਾ ਹੁਣ ਇਸ ਸਰਕਾਰ ਤੋਂ ਨਿਰਾਸ਼ ਹੋ ਚੁੱਕੀ ਹੈ।ਇਸ ਮੌਕੇ ਬਲਜਿੰਦਰ ਸਿੰਘ ਅਤਾਪੁਰ ਤੇ ਸੀਨੀਅਰ ਆਗੂ ਗੁਰਭੇਜ ਸਿੰਘ ਰਾਏ ਨੇ ਵੀ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਕਿਹਾ ਕਿ ਹਲਕਾ ਫਤਹਿਗੜ੍ਹ ਸਾਹਿਬ ਵਿੱਚ ਕੁਲਜੀਤ ਸਿੰਘ ਨਾਗਰਾ ਵੱਲੋਂ ਕਰਵਾਏ ਵਿਕਾਸ ਕਾਰਜਾਂ ਨੂੰ ਲੋਕ ਅੱਜ ਵੀ ਯਾਦ ਕਰਦੇ ਹਨ ਤੇ ਇਸੇ ਕਰਕੇ ਲੋਕ ਕਾਂਗਰਸ ਪਾਰਟੀ ਦੇ ਨਾਲ ਡਟ ਕੇ ਖੜ੍ਹੇ ਹਨ। ਇਸ ਮੌਕੇ 'ਤੇ ਬਲਾਕ ਪ੍ਰਧਾਨ ਗੁਰਮੁੱਖ ਸਿੰਘ ਪੰਡਰਾਲੀ, ਸਾਬਕਾ ਸਰਪੰਚ ਜਗਦੀਪ ਸਿੰਘ ਨੰਬਰਦਾਰ, ਸਾਬਕਾ ਸਰਪੰਚ ਦਵਿੰਦਰ ਸਿੰਘ ਜੱਲਾ, ਜ਼ਿਲ੍ਹਾ ਪ੍ਰੈਸ ਇੰਚਾਰਜ ਪਰਮਵੀਰ ਸਿੰਘ ਟਿਵਾਣਾ, ਧਰਮਿੰਦਰ ਸਿੰਘ ਗੋਰਖਾ, ਭੁਪਿੰਦਰ ਸਿੰਘ ਰਾਏ, ਮਨਦੀਪ ਸਿੰਘ ਅਤਾਪੁਰ, ਰਾਜਵੀਰ ਸਿੰਘ ਰਾਜਾ, ਹਰਕੇਵਲ ਸਿੰਘ ਨੰਬਰਦਾਰ, ਨਿਰਮਲ ਸਿੰਘ ਨੰਬਰਦਾਰ, ਧਰਮਪਾਲ ਸਿੰਘ, ਦਰਸ਼ਨ ਸਿੰਘ, ਪਰਮਵੀਰ ਸਿੰਘ ਪੰਚ, ਸਤਨਾਮ ਸਿੰਘ ਪੰਚ, ਡਾ. ਹਰਜਿੰਦਰ ਸਿੰਘ, ਕਰਮ ਸਿੰਘ, ਦਵਿੰਦਰ ਸਿੰਘ, ਗੁਰਮੇਲ ਸਿੰਘ ਸਾਬਕਾ ਸਰਪੰਚ ਤੇ ਪਤਵੰਤੇ ਹਾਜ਼ਰ ਸਨ।



# ਮਾਸਟਰ ਚਰਨਜੀਤ ਸਿੰਘ ਅਕਾਲੀ ਦਲ ਪੁਨਰ ਸੁਰਜੀਤ ਦੇ ਸੂਬਾ ਮੀਤ ਪ੍ਰਧਾਨ ਨਿਯੁਕਤ

ਸ੍ਰੀ ਫਤਹਿਗੜ੍ਹ ਸਾਹਿਬ, 23 ਮਾਰਚ (ਨਰਿੰਦਰ ਸਿੰਘ): ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਤੇ ਸਮੂਹ ਸੀਨੀਅਰ ਲੀਡਰਸ਼ਿਪ ਵੱਲੋਂ ਪਾਰਟੀ ਦੇ ਜਥੇਬੰਦਕ ਢਾਂਚੇ ਨੂੰ ਮਜ਼ਬੂਤ ਬਣਾਉਣ ਲਈ ਮਿਹਨਤੀ ਤੇ ਪਿਛਲੇ ਸਮੇਂ ਦੌਰਾਨ ਨਿਭਾਈਆਂ ਸੇਵਾਵਾਂ ਨੂੰ ਮੁੱਖ ਰੱਖਦਿਆਂ ਹੋਇਆਂ ਨਵੇਂ ਅਹੁਦੇਦਾਰਾਂ ਦੀ ਜਾਰੀ ਕੀਤੀ ਗਈ ਲਿਸਟ ਮੁਤਾਬਿਕ ਮਾਸਟਰ ਚਰਨਜੀਤ ਸਿੰਘ ਖਾਲਸਪੁਰ ਨੂੰ ਪਾਰਟੀ ਦਾ ਸੂਬਾ ਮੀਤ ਪ੍ਰਧਾਨ ਨਿਯੁਕਤ ਕੀਤਾ ਹੈ। ਇਸ ਮੌਕੇ ਮਾਸਟਰ ਚਰਨਜੀਤ ਸਿੰਘ ਖਾਲਸਪੁਰ ਨੇ ਪਾਰਟੀ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਤੇ ਸਮੂਹ ਸੀਨੀਅਰ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਵਿਸ਼ਵਾਸ ਦਿਵਾਇਆ ਕਿ ਉਹ ਪਾਰਟੀ ਲਈ ਪੂਰੀ ਮਿਹਨਤ ਤੇ ਲਗਨ ਨਾਲ ਕੰਮ ਕਰਨਗੇ ਤੇ ਪਾਰਟੀ ਲਈ ਬੂਥ ਪੱਧਰ ਮਜ਼ਬੂਤ ਕਰਨ ਲਈ ਆਪਣਾ ਵੱਧ ਤੋਂ ਵੱਧ ਯੋਗਦਾਨ ਪਾਉਣਗੇ।ਇਸ ਨਿਯੁਕਤੀ ਦਾ ਸਵਾਗਤ ਕਰਦੇ ਹੋਏ ਹਰੀ ਸਿੰਘ ਚਮਕ ਜ਼ਿਲ੍ਹਾ ਡੈਲੀਗੇਟ, ਮਾਸਟਰ ਅਜੀਤ ਸਿੰਘ ਪ੍ਰਧਾਨ ਸਰਕਲ ਫਤਹਿਗੜ੍ਹ ਸਾਹਿਬ, ਜਰਨੈਲ ਸਿੰਘ ਪ੍ਰਧਾਨ ਸਰਕਲ ਨਬੀਪੁਰ, ਜਸਬੀਰ ਸਿੰਘ ਸ਼ਹੀਦਗੜ੍ਹ ਪ੍ਰਧਾਨ ਸਰਕਲ ਬਸੀ ਪਠਾਣਾ ਦਿਹਾਤੀ, ਰਕੇਸ਼ ਕੁਮਾਰ ਪ੍ਰਧਾਨ ਸਰਕਲ ਬਸੀ ਪਠਾਣਾ ਸ਼ਹਿਰੀ, ਜਗਤਾਰ ਸਿੰਘ ਪ੍ਰਧਾਨ ਸਰਕਲ ਸੰਘੋਲ, ਸ਼ੇਰ ਸਿੰਘ ਸਾਬਕਾ ਪ੍ਰਧਾਨ ਮਿਊਂਸੀਪਲ ਕਮੇਟੀ ਸਰਹੰਦ, ਨਿਰਮਲ ਸਿੰਘ ਸ਼ਾਦੀਪੁਰ ਜ਼ਿਲ੍ਹਾ ਡੈਲੀਗੇਟ, ਅਮਰਜੀਤ ਸਿੰਘ ਸਾਬਕਾ ਮੇਜਰ ਜ਼ਿਲ੍ਹਾ ਡੈਲੀਗੇਟ, ਜਗਦੀਸ਼ ਸਿੰਘ ਬੈਂਸ ਸੀਨੀਅਰ ਲੀਡਰ ਬਸੀ ਪਠਾਣਾ, ਗੁਰ ਇਕਬਾਲ ਸਿੰਘ ਸਾਬਕਾ ਡੀਐਸਪੀ ਫਤਹਿਗੜ੍ਹ ਸਾਹਿਬ, ਮਲਕੀਤ ਸਿੰਘ ਰੈਲੋ ਸੀਨੀਅਰ ਲੀਡਰ, ਨਿਰੰਜਨ ਸਿੰਘ ਪ੍ਰਧਾਨ ਸਿੱਧੂਪੁਰ ਕਲਾਂ ਗੁਰਭਜਨ ਸਿੰਘ ਸਾਬਕਾ ਸਰਪੰਚ ਕੋਟਲਾ ਬਜਵਾੜਾ ਰਣਜੀਤ ਸਿੰਘ ਭੱਟੀਆਂ, ਬਾਬਾ ਅਜੀਤ ਸਿੰਘ ਸਿੰਧਾਰੀ ਮਾਜਰਾ, ਹਰਜੀਤ ਸਿੰਘ ਗੁਣੀਆਂ ਮਾਜਰੀ, ਭਾਗ ਸਿੰਘ ਚੁੰਨੀ ਕਲਾਂ, ਗੁਰਮੀਤ ਸਿੰਘ ਅਮਰਾਲਾ, ਰਜਿੰਦਰ ਸਿੰਘ ਪਨੈਚਾ, ਬਹਾਦਰ ਸਿੰਘ ਪੰਜਕੋਹਾ, ਭਗਤ ਸਿੰਘ ਪੰਜਕੋਹਾ, ਕਸ਼ਮੀਰਾ ਸਿੰਘ ਬੀਬੀਪੁਰ, ਦਵਿੰਦਰ ਸਿੰਘ ਸਰਪੰਚ ਮਾਨੂਪੁਰ ਲਖਵਿੰਦਰ ਸਿੰਘ ਸਾਬਕਾ ਸਰਪੰਚ ਮਹਿਮੂਦਪੁਰ, ਗੁਰਮੁਖ ਸਿੰਘ ਸਾਬਕਾ ਪੰਚ ਘੰਮੰਡਗੜ੍ਹ, ਸੁਰਜੀਤ ਸਿੰਘ ਸੰਘੋਲ, ਸਨੇਹਪਾਲ ਸਿੰਘ ਰਸੀਦਪੁਰ, ਜਗੀਰ ਸਿੰਘ ਫੌਜੀ ਸੰਘੋਲ, ਗੁਰਵਿੰਦਰ ਸਿੰਘ ਸਾਨੀਪੁਰ, ਜਸਦੀਪ ਸਿੰਘ ਸਰਪੰਚ, ਸਮੂਹ ਪੰਚਾਇਤ ਤੇ ਪਿੰਡ ਨਿਵਾਸੀ ਪਿੰਡ ਖਾਲਸਪੁਰ ਤੇ ਗੁਰਜੀਤ ਸਿੰਘ ਤਲਵੰਡੀ ਸੂਬਾ ਮੁੱਖ ਬੁਲਾਰਾ ਨੇ ਇਸ ਨਿਯੁਕਤੀ ਦਾ ਸਵਾਗਤ ਕਰਦੇ ਕਿਹਾ ਕਿ ਚਰਨਜੀਤ ਸਿੰਘ ਖਾਲਸਪੁਰ ਬਹੁਤ ਹੀ ਮਿਹਨਤੀ, ਇਮਾਨਦਾਰ ਤੇ ਸਿਰੜੀ ਪਾਰਟੀ ਦੇ ਆਗੂ ਹਨ।



# ਭਾਰਤੀ ਜਨਤਾ ਪਾਰਟੀ ਨੇ ਸਾਬਕਾ ਮੰਤਰੀ ਲਾਲਜੀਤ ਭੁੱਲਰ ਦਾ ਪੁਤਲਾ ਫੂਕਿਆ



ਸ੍ਰੀ ਫਤਹਿਗੜ੍ਹ ਸਾਹਿਬ, 23 ਮਾਰਚ (ਹਰਪ੍ਰੀਤ ਕੌਰ ਟਿਵਾਣਾ): ਭਾਰਤੀ ਜਨਤਾ ਪਾਰਟੀ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੇ ਪ੍ਰਧਾਨ ਦੀਦਾਰ ਸਿੰਘ ਭੱਟੀ ਦੀ ਅਗਵਾਈ ਵਿੱਚ ਸਾਬਕਾ ਮੰਤਰੀ ਲਾਲਜੀਤ ਭੁੱਲਰ ਦਾ ਸਰਹੰਦ ਮੰਡੀ ਦੇ ਵਿਸ਼ਵਕਰਮਾ ਚੌਕ ਵਿਖੇ ਪੁਤਲਾ ਫੂਕਿਆ ਗਿਆ। ਇਸ ਮੌਕੇ ਦੀਦਾਰ ਸਿੰਘ ਭੱਟੀ ਨੇ ਕਿਹਾ ਕਿ ਜਿਸ ਤਰੀਕੇ ਨਾਲ ਲਾਲਜੀਤ ਭੁੱਲਰ ਨੇ ਇੱਕ ਸਰਕਾਰੀ ਮੁਲਾਜ਼ਮ ਨਾਲ ਨਾਜਾਇਜ਼ ਧੱਕਾ ਕੀਤਾ, ਉਸ ਦੇ ਨਾਲ ਕੁੱਟਮਾਰ ਕੀਤੀ ਤੇ ਉਸਨੂੰ ਆਤਮ ਹੱਤਿਆ ਕਰਨ ਲਈ ਮਜਬੂਰ ਕੀਤਾ, ਇਸ ਦੇ ਖ਼ਿਲਾਫ ਸੀਬੀਆਈ ਤੋਂ ਜਾਂਚ ਹੋਣੀ ਚਾਹੀਦੀ ਹੈ ਤੇ ਦੋਸ਼ੀ ਨੂੰ ਸਖਤ ਤੋਂ ਸਖਤ ਸਜ਼ਾ ਮਿਲਣੀ ਚਾਹੀਦੀ ਹੈ।ਇਸ ਮੌਕੇ 'ਤੇ ਹੋਰਨਾਂ ਤੋਂ ਇਲਾਵਾ ਗੇਜਾ ਰਾਮ ਵਾਲਮੀਕਿ, ਹਰੀਸ਼ ਅਗਰਵਾਲ, ਧਰਮਿੰਦਰ ਬਾਂਡਾ, ਸਰਬਜੀਤ ਸਿੰਘ ਮੱਖਣ, ਤਰਲੋਚਨ ਸਿੰਘ ਲਾਲੀ, ਵਿਨੇ ਗੁਪਤਾ, ਰਾਕੇਸ਼ ਗੁਪਤਾ, ਕੁਲਦੀਪ ਸਿੰਘ ਸਿੱਧੂਪੁਰ, ਕੁਲਦੀਪ ਸਿੰਘ ਸਹੋਤਾ, ਅਜਾਇਬ ਸਿੰਘ ਜਖਵਾਲੀ, ਪਰਮਜੀਤ ਸਿੰਘ ਪੰਮਾ, ਗੁਰਮੁਖ ਸਿੰਘ, ਗੁਰਬਖਸ਼ ਸਿੰਘ ਬਖਸ਼ੀ, ਦਵਿੰਦਰ ਭੱਟ, ਜਸਪਾਲ ਸਿੰਘ ਅਨੈਤਪੁਰਾ, ਮੋਹਨ ਸਿੰਘ ਚੁੰਨੀ, ਗੁਰਵਿੰਦਰ ਸਿੰਘ ਬਡਾਲੀ, ਲਾਲ ਸਿੰਘ ਬਡਾਲੀ, ਅਮਨਦੀਪ ਸਿੰਘ ਭਲਮਾਜਰਾ, ਬਲਵੀਰ ਸਿੰਘ ਧਾਰਨੀ, ਸੰਜੀਵ ਕੁਮਾਰ ਦੀਪੂ, ਗੁਰਮੀਤ ਸਿੰਘ ਹੰਸਾਲੀ, ਗੁਰਪਾਲ ਸਿੰਘ ਜੱਲਾ, ਬਲਵਿੰਦਰ ਸਿੰਘ ਗੋਗੀ, ਬੱਬੂ ਸਰਹੰਦ, ਰਜਿੰਦਰ ਸਿੰਘ ਖਰੇ, ਵਿਨੋਦ ਕੁਮਾਰ ਸ਼ਰਮਾ, ਸ਼ਾਮ ਸੁੰਦਰ ਭਾਰਦਵਾਜ, ਬਲਵੀਰ ਸਿੰਘ ਬੈਲੀ, ਗੁਰਮੇਲ ਸਿੰਘ ਬੁਚੜੇ, ਰਜਿੰਦਰ ਕੁਮਾਰ ਗੋਗੀ, ਪਰਮਿੰਦਰ ਸਿੰਘ ਦਿਓਲ, ਪ੍ਰੀਤਮ ਤਰਖਾਣ ਮਾਜਰਾ, ਰਜਿੰਦਰ ਸਿੰਘ ਸੋਢੀ, ਜਗਦੀਸ਼ ਸਰਪੰਚ, ਅਮਰੀਕ ਸਿੰਘ, ਬਲਜਿੰਦਰ ਸਿੰਘ ਪੰਡਰਾਲੀ ਤੇ ਹੋਰ ਬਹੁਤ ਗਿਣਤੀ ਵਿੱਚ ਵਰਕਰ ਮੌਜੂਦ ਸਨ।

# ਸ੍ਰੀ ਬਜਰੰਗ ਭਵਨ ਮੰਦਰ ਵਿਖੇ ਸ੍ਰੀਮਦ ਭਾਗਵਤ ਕਥਾ ਝੰਡਾ ਪੂਜਨ ਉਪਰੰਤ ਆਰੰਭ

ਜ਼ੀਰਾ, 23 ਮਾਰਚ (ਦੀਪਕ ਭਾਰਗੋ): ਸ੍ਰੀ ਸਨਾਤਨ ਧਰਮ ਮਹਾਂਵੀਰ ਦਲ ਤੇ ਸ੍ਰੀ ਬਜਰੰਗ ਭਵਨ ਮੰਦਰ ਜ਼ੀਰਾ ਵਿਖੇ 46ਵਾਂ ਸਨਾਤਨ ਧਰਮ ਸੰਮੇਲਨ ਤੇ ਸ੍ਰੀਮਦ ਭਾਗਵਤ ਕਥਾ ਸਪਤਾਹ ਗਿਆਨ ਯੱਗ ਸਮਾਗਮ ਝੰਡਾ ਪੂਜਨ ਉਪਰੰਤ ਆਰੰਭ ਹੋ ਗਿਆ। ਸੰਮੇਲਨ ਦੀ ਆਰੰਭਤਾ ਰਾਜੇਸ਼ ਕੁਮਾਰ ਗਰੋਵਰ ਫਰੂਟ ਵਾਲਿਆਂ ਦੇ ਪਰਿਵਾਰ ਵੱਲੋਂ ਝੰਡਾ ਪੂਜਨ ਕੀਤਾ ਗਿਆ ਤੇ ਸ੍ਰੀਮਦ ਭਾਗਵਤ ਪੁਰਾਣ ਜੀ ਦੀ ਆਰਤੀ ਕਰਨ ਉਪਰੰਤ ਕਥਾਵਾਚਕ ਪੰਡਤ ਗੌਰਵ ਕਿਸ਼ਨ ਦੀਕਸ਼ਤ ਨੇ ਕਥਾ ਪ੍ਰਵਾਹ ਦੀ ਆਰੰਭਤਾ ਕਰਦਿਆਂ ਕਿਹਾ ਕਿ ਭਗਵਾਨ ਦੀ ਕਥਾ ਸੁਣਨ ਲਈ ਆਪਣਾ-ਆਪਾ ਸਮਰਪਣ ਕਰਨਾ ਪੈਂਦਾ ਹੈ, ਨਾਰਦ ਜੀ ਨੇ ਜਨ ਪ੍ਰਚਾਰ ਕਰਨ ਲਈ ਆਪਣੇ ਪਿਤਾ ਬ੍ਰਹਮਾ ਜੀ ਤੋਂ ਪੁੱਛਿਆ ਸੱਤ ਸੰਗ ਸਰਵਣ ਕਰਨ ਦੀ ਵਿਧੀ ਕਿ ਹੁੰਦੀ ਹੈ, ਨਾਰਦ ਜੀ ਨੂੰ ਉਨ੍ਹਾਂ ਦੱਸਿਆ ਕਿ ਜਿਸ ਅਸਥਾਨ 'ਤੇ ਬਾਹਰ ਦੀ ਆਵਾਜ਼ ਅੰਦਰ ਨਾ ਆਏ ਪ੍ਰੰਤੂ ਅੰਦਰ ਦੀ ਆਵਾਜ਼ ਬਾਹਰ ਦੂਰ-ਦੂਰ ਤੱਕ ਚਲੀ ਜਾਵੇ, ਉਹ ਬੜਾ ਸੁੰਦਰ ਅਸਥਾਨ ਹੁੰਦਾ ਹੈ। ਉਨ੍ਹਾਂ ਕਿਹਾ ਕਿ ਧਿਆਨ ਪੂਰਵਕ ਸ਼੍ਰਵਣ ਕੀਤੀ ਕਥਾ ਹੀ ਆਪਣੇ ਹਿਰਦੇ ਵਿੱਚ ਉਤਰੇਗੀ। ਉਨ੍ਹਾਂ ਕਿਹਾ ਕਿ ਭਗਵਾਨ ਸੁਖਦੇਵ ਜੀ ਨੇ ਮਦ ਭਾਗਵਤ ਪੁਰਾਣ ਜੀ ਦਾ ਨਿਰਮਾਣ ਮਾਨਵਤਾ ਦੇ ਕਲਿਆਣ ਲਈ ਰਚਿਤ ਕੀਤਾ ਹੈ ਤੇ ਇਸ ਵਿੱਚ ਸ਼ਾਖਸ਼ਾਤ ਤ੍ਰਿਲੋਕੀ ਨਾਥ ਭਗਵਾਨ ਕ੍ਰਿਸ਼ਨ ਜੀ ਹਾਜ਼ਰ ਰਹਿੰਦੇ ਹਨ। ਉਨ੍ਹਾਂ ਕਿਹਾ ਕਿਹਾ ਕਿ ਭਗਵਾਨ ਨੇ ਸ੍ਰੀਮਦ ਭਾਗਵਤ ਪੁਰਾਣ ਜੀ ਦੀ ਕਥਾ ਕੇਵਲ ਮਨੁੱਖ ਦੇ ਹੀ ਭਾਗਾਂ ਵਿਚ ਆਈ ਹੈ ਨਾਂ ਦੇਵਤਿਆਂ ਤੇ ਨਾ ਹੋਰਨਾਂ ਦੇ ਹਿੱਸੇ ਆਈ ਹੈ। ਇਸ ਮੌਕੇ ਸੰਮੇਲਨ ਵਿੱਚ ਡਾ. ਸੁਭਾਸ਼ ਉਪਲ, ਧਰਮਪਾਲ ਚੁੱਘ, ਦੀਪਕ ਭਾਰਗੋ, ਲੱਕੀ ਪਾਸੀ, ਪ੍ਰਵੀਨ ਉਪਲ, ਵਿਜੇ ਸ਼ਰਮਾ, ਗੁਰਦੇਵ ਸਿੰਘ ਸਿੱਧੂ, ਕਿਸ਼ਨ ਹਾਡਾ, ਸੁਨੀਲ ਗਰੋਵਰ, ਵਿਕਾਸ ਗਰੋਵਰ, ਨਰਿੰਦਰ ਕੁਮਾਰ ਨਾਰੰਗ, ਤ੍ਰਿਲੋਕ ਸਿੰਘ ਮਿਰਜਾ, ਬਲਜੀਤ ਬੱਲੀ, ਐਡ. ਲਵਪ੍ਰੀਤ ਸਿੰਘ ਸਿੱਧੂ, ਡਾ. ਰਾਮੇਸ਼ ਚੰਦਰ, ਰਾਜ ਅਰੋੜਾ, ਵਿਪਨ ਸੇਠੀ, ਮੋਹਣ ਲਾਲ ਅਨੇਜਾ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸ਼ਹਿਰ ਨਿਵਾਸੀਆਂ ਨੇ ਕਥਾ ਦਾ ਆਨੰਦ ਮਾਣਿਆ।



# ਹਰਪਿੰਦਰ ਸਿੰਘ ਨੌਜਵਾਨ ਮਿਸਲ ਸਤਲੁਜ ਦੇ ਜ਼ਿਲ੍ਹਾ ਯੂਥ ਪ੍ਰਧਾਨ ਨਿਯੁਕਤ



ਮੰਡੀ ਗੋਬਿੰਦਗੜ੍ਹ, 23 ਮਾਰਚ (ਰੂਪਲ ਸੂਦ): ਮਿਸਲ ਸਤਲੁਜ ਜੋ ਇੱਕ ਸਮਾਜਿਕ ਤੇ ਰਾਜਨੀਤਿਕ ਜਥੇਬੰਦੀ ਹੈ ਤੇ ਪੰਜਾਬ-ਕੇਂਦਰਿਤ ਰਾਜਨੀਤੀ ਖੜ੍ਹੀ ਕਰਨ ਲਈ ਵਚਨਬੱਧ ਹੈ ਜਿਸ ਸਦਕਾ ਪੰਜਾਬ ਵਿੱਚ ਇਸ ਨੂੰ ਵੱਡਾ ਹੁਲਾਰਾ ਮਿਲ ਰਿਹਾ ਹੈ। ਮਿਸਲ ਦੀ ਮੀਟਿੰਗ ਸ੍ਰੀ ਗੁਰੂ ਗ੍ਰੰਥ ਸਾਹਿਬ ਯੂਨੀਵਰਸਿਟੀ ਫਤਹਿਗੜ੍ਹ ਸਾਹਿਬ ਤੋਂ ਨੌਜਵਾਨ ਖੁਸ਼ਪ੍ਰੀਤ ਸਿੰਘ ਤੇ ਗੁਰਜੰਟ ਸਿੰਘ ਦੀ ਅਗਵਾਈ ਹੇਠ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ ਜਿਸ ਵਿੱਚ ਮਿਸਲ ਸਤਲੁਜ ਦੇ ਸੂਬਾ ਪ੍ਰਧਾਨ ਅਜੇਪਾਲ ਸਿੰਘ ਬਰਾੜ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਅਜੇਪਾਲ ਸਿੰਘ ਬਰਾੜ ਨੇ ਹੋਣਹਾਰ ਨੌਜਵਾਨ ਆਗੂ ਹਰਪਿੰਦਰ ਸਿੰਘ ਨੂੰ ਸ੍ਰੀ ਫਤਹਿਗੜ੍ਹ ਸਾਹਿਬ ਨੂੰ ਯੂਥ ਵਿੰਗ ਦਾ ਪ੍ਰਧਾਨ ਨਿਯੁਕਤ ਕੀਤਾ। ਬਰਾੜ ਨੇ ਕਿਹਾ ਕਿ ਪੰਜਾਬ ਨੂੰ ਨਵੀਂ ਦਿਸ਼ਾ ਤੇ ਦਸ਼ਾ ਸਿਰਫ ਤੇ ਸਿਰਫ ਨੌਜਵਾਨ ਵਰਗ ਤੋਂ ਮਿਲ ਸਕਦੀ ਹੈ। ਵੱਡੀ ਗਿਣਤੀ ਵਿੱਚ ਪੰਜਾਬ ਭਰ ਤੋਂ ਨੌਜਵਾਨ ਮਿਸਲ ਸਤਲੁਜ ਨਾਲ ਜੁੜ ਰਹੇ ਹਨ। ਇਸ ਮੌਕੇ 'ਤੇ ਗੁਰਬੀਰ ਸਿੰਘ ਧੀਰਾ ਯੂਥ ਪ੍ਰਧਾਨ ਜ਼ਿਲ੍ਹਾ ਮੋਹਾਲੀ, ਸੁਖਵਿੰਦਰ ਸਿੰਘ, ਬਲਜੀਤ ਸਿੰਘ ਬਿੱਲਾ ਤੇ ਦੁਰਲੱਭ ਸਿੰਘ ਹਾਜ਼ਰ ਸਨ।

# ਗੁਰੂ ਰਾਮਦਾਸ ਹਸਪਤਾਲ 'ਚ ਮੁਫ਼ਤ ਫਿਜ਼ੀਓਥੈਰਪੀ ਚੈਕਅੱਪ ਕੈਂਪ ਲਗਾਇਆ

ਜੈਤੋ, 23 ਮਾਰਚ (ਸੰਜੀਵ ਗੋਇਲ ਸੰਜੂ): ਗੁਰੂ ਰਾਮਦਾਸ ਹਸਪਤਾਲ ਵਿਖੇ ਮੁਫ਼ਤ ਫਿਜ਼ੀਓਥੈਰਪੀ ਚੈਕਅੱਪ ਕੈਂਪ ਲਗਾਇਆ ਗਿਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਮਰੀਜ਼ਾਂ ਨੇ ਹਿੱਸਾ ਲਿਆ। ਇਸ ਕੈਂਪ ਦੌਰਾਨ ਡਾ. ਪ੍ਰਿਆ ਗੋਇਲ ਵੱਲੋਂ ਮਰੀਜ਼ਾਂ ਦਾ ਮੁਫ਼ਤ ਚੈਕਅੱਪ ਕੀਤਾ ਗਿਆ ਤੇ ਉਨ੍ਹਾਂ ਨੂੰ ਸਿਹਤ ਸਬੰਧੀ ਜ਼ਰੂਰੀ ਸਲਾਹਾਂ ਦਿੱਤੀਆਂ ਗਈਆਂ। ਡਾ. ਪ੍ਰਿਆ ਗੋਇਲ ਨੇ ਮਰੀਜ਼ਾਂ ਨੂੰ ਦੱਸਿਆ ਕਿ ਸਹੀ ਸਮੇਂ 'ਤੇ ਫਿਜ਼ੀਓਥੈਰਪੀ ਨਾਲ ਕਈ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ ਤੇ ਦਰਦ ਤੋਂ ਰਾਹਤ ਮਿਲ ਸਕਦੀ ਹੈ। ਉਨ੍ਹਾਂ ਨੇ ਖਾਸ ਤੌਰ 'ਤੇ ਪਿੱਠ ਦਰਦ, ਗਰਦਨ ਦਰਦ ਤੇ ਜੋੜਾਂ ਦੇ ਦਰਦ ਨਾਲ ਪੀੜਤ ਮਰੀਜ਼ਾਂ ਨੂੰ ਵਿਸ਼ੇਸ਼ ਕਸਰਤਾਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ 'ਤੇ ਹਸਪਤਾਲ ਪ੍ਰਬੰਧਕ ਰਾਜੀਵ ਸ਼ਰਮਾ ਵੱਲੋਂ ਕਿਹਾ ਗਿਆ ਕਿ ਅਜਿਹੇ ਕੈਂਪ ਲਗਾਤਾਰ ਲਗਾਏ ਜਾਣਗੇ ਤਾਂ ਜੋ ਲੋਕਾਂ ਨੂੰ ਘਰ ਬੈਠੇ ਹੀ ਸਿਹਤ ਸਹੂਲਤਾਂ ਦਾ ਲਾਭ ਮਿਲ ਸਕੇ। ਮਰੀਜ਼ਾਂ ਨੇ ਵੀ ਇਸ ਉਪਰਾਲੇ ਦੀ ਭਰਪੂਰ ਸਰਾਹਨਾ ਕੀਤੀ ਤੇ ਡਾਕਟਰਾਂ ਦਾ ਧੰਨਵਾਦ ਕੀਤਾ।



# ਪੰਜਾਬ ਪ੍ਰਦੇਸ਼ ਵਪਾਰ ਮੰਡਲ ਨੇ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪੰਡਿਤ ਰਣਧੀਰ ਸ਼ਰਮਾ ਵੱਲੋਂ ਖ਼ੂਨ ਦਾਨ ਕਰਨ 'ਤੇ ਕੀਤਾ ਸਨਮਾਨਿਤ

ਮੋਗਾ, 23 ਮਾਰਚ (ਨਿਸ਼ੀ ਮਨਚੰਦਾ/ਗੁਰਦੇਵ ਖੁਰਾਣਾ): ਖ਼ੂਨਦਾਨ ਇੱਕ ਮਹਾਨ ਸੇਵਾ ਹੈ, ਜੋ ਕਿਸੇ ਦੀ ਜਾਨ ਬਚਾਉਣ ਵਿੱਚ ਮਦਦਗਾਰ ਸਾਬਤ ਹੁੰਦੀ ਹੈ। ਇੱਕ ਖ਼ੂਨ ਦੀ ਯੂਨਿਟ ਨਾਲ ਤਿੰਨ ਲੋਕਾਂ ਦੀ ਜ਼ਿੰਦਗੀ ਬਚਾਈ ਜਾ ਸਕਦੀ ਹੈ। ਸਮਾਜ ਵਿੱਚ ਇਸ ਤਰ੍ਹਾਂ ਦੇ ਸੇਵਾ ਕਾਰਜ ਲਗਾਤਾਰ ਕਰਦੇ ਰਹਿਣਾ ਚਾਹੀਦਾ ਹੈ ਤਾਂ ਜੋ ਹੋਰ ਨੌਜਵਾਨ ਵੀ ਇਸ ਤੋਂ ਪ੍ਰੇਰਿਤ ਹੋ ਕੇ ਮਨੁੱਖਤਾ ਦੀ ਸੇਵਾ ਵਿੱਚ ਆਪਣਾ ਯੋਗਦਾਨ ਪਾਉਂਦੇ ਰਹਿਣ, ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪੰਜਾਬ ਪ੍ਰਦੇਸ਼ ਵਪਾਰ ਮੰਡਲ ਦੇ ਪ੍ਰਧਾਨ ਸੁਖਚੈਨ ਸਿੰਘ ਰਾਮੂਵਾਲੀਆ ਨੇ ਕਰਦਿਆਂ ਕਿਹਾ ਕਿ ਸ਼ਹੀਦ-ਏ-ਆਜ਼ਮ ਸ੍ਰ.ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਉਘੇ ਸਮਾਜ ਸੇਵੀ ਪੰਡਿਤ ਰਣਧੀਰ ਸ਼ਰਮਾ ਨੇ ਖ਼ੂਨਦਾਨ ਕਰਕੇ ਸਮਾਜ ਲਈ ਇੱਕ ਮਿਸਾਲ ਕਾਇਮ ਕੀਤੀ ਤੇ ਨੌਜਵਾਨਾਂ ਨੂੰ ਖ਼ੂਨ ਦਾਨ ਕਰਨ ਲਈ ਪ੍ਰੇਰਿਤ ਕੀਤਾ। ਪੰਡਿਤ ਰਣਧੀਰ ਸ਼ਰਮਾ ਨੂੰ ਡਾ. ਸਟਿਫਨ ਇੰਚਾਰਜ ਬਲੱਡ ਬੈਂਕ, ਪੰਜਾਬ ਪ੍ਰਦੇਸ਼ ਵਪਾਰ ਮੰਡਲ ਦੇ ਪ੍ਰਧਾਨ ਸੁਖਚੈਨ ਸਿੰਘ ਰਾਮੂਵਾਲੀਆ, ਸ਼ਹਿਰੀ ਪ੍ਰਧਾਨ ਜਸਪਾਲ ਸਿੰਘ ਧੁੰਨਾ, ਗੁਰਮੀਤ ਢਿੱਲੋਂ ਤੇ ਕੌਂਸਲਰ ਭਾਰਤ ਭੂਸ਼ਨ ਨੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕਰਦਿਆਂ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ। ਪ੍ਰਧਾਨ ਰਾਮੂਵਾਲੀਆ, ਕੌਂਸਲਰ ਭਾਰਤ ਭੂਸ਼ਨ ਤੇ ਜਸਪਾਲ ਸਿੰਘ ਧੁੰਨਾ ਨੇ ਕਿਹਾ ਕਿ 18 ਤੋਂ 65 ਸਾਲ ਦੀ ਉਮਰ ਤੱਕ ਦੇ ਹਰ ਸਿਹਤਮੰਦ ਵਿਅਕਤੀ ਨੂੰ ਖ਼ੂਨ ਦਾਨ ਕਰਕੇ ਲੋਕਾਂ ਦੀ ਜ਼ਿੰਦਗੀ ਬਚਾਉਣ ਵਿੱਚ ਯੋਗਦਾਨ ਪਾਉਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਆਮ ਲੋਕਾਂ ਵਿੱਚ ਇਹ ਵਹਿਮ ਹੁੰਦਾ ਹੈ ਕਿ ਖ਼ੂਨ ਦਾਨ ਕਰਨ ਨਾਲ ਸਰੀਰ ਵਿੱਚ ਕਮਜ਼ੋਰੀ ਆ ਜਾਂਦੀ ਹੈ, ਪਰ ਅਜਿਹਾ ਕੁਝ ਨਹੀਂ ਹੁੰਦਾ। ਸਗੋਂ ਸਾਡੇ ਸਰੀਰ ਅੰਦਰ ਖ਼ੂਨ ਦੀ ਭਰਪਾਈ ਆਪਣੇ-ਆਪ ਪੂਰੀ ਹੋ ਜਾਂਦੀ ਹੈ।ਇਸ ਲਈ ਖ਼ੂਨਦਾਨ ਕਰਨ ਲਈ ਖੁਦ ਅੱਗੇ ਆਉਣਾ ਚਾਹੀਦਾ ਹੈ ਕਿਉਂਕਿ ਖ਼ੂਨ ਦਾਨ ਇੱਕ ਮਹਾਂਦਾਨ ਹੈ, ਇਸ ਨਾਲ ਕਿਸੇ ਮਨੁੱਖੀ ਜੀਵਨ ਨੂੰ ਬਚਾਇਆ ਜਾ ਸਕਦਾ ਹੈ।

# ਰਿਮਟ ਯੂਨੀਵਰਸਿਟੀ ਦੇ ਪੱਤਰਕਾਰੀ ਦੇ ਵਿਦਿਆਰਥੀਆਂ ਵੱਲੋਂ ਉਦਯੋਗਿਕ ਦੌਰਾ

ਮੰਡੀ ਗੋਬਿੰਦਗੜ੍ਹ, 23 ਮਾਰਚ (ਸੂਦ): ਰਿਮਟ ਯੂਨੀਵਰਸਿਟੀ ਮੰਡੀ ਗੋਬਿੰਦਗੜ੍ਹ ਦੇ ਪੱਤਰਕਾਰੀ ਤੇ ਜਨ ਸੰਚਾਰ ਵਿਭਾਗ ਨੇ ਆਪਣੇ ਵਿਦਿਆਰਥੀਆਂ ਨੂੰ ਵਿਹਾਰਕ ਅਨੁਭਵ ਤੇ ਉਦਯੋਗ-ਮੁਖੀ ਸਿੱਖਿਆ ਪ੍ਰਦਾਨ ਕਰਨ ਦੇ ਚੱਲ ਰਹੇ ਯਤਨਾਂ ਦੇ ਹਿੱਸੇ ਵਜੋਂ ਡੇਲੀ ਪੋਸਟ ਦੇ ਦਫ਼ਤਰ ਦਾ ਉਦਯੋਗਿਕ ਦੌਰਾ ਕਰਵਾਇਆ, ਜਿਸ ਦਾ ਉਦੇਸ਼ ਸਿਧਾਂਤਕ ਗਿਆਨ ਤੇ ਅਸਲ-ਸੰਸਾਰ ਮੀਡੀਆ ਅਭਿਆਸਾਂ ਵਿਚਕਾਰ ਪਾੜੇ ਨੂੰ ਪੂਰਾ ਕਰਨਾ ਸੀ, ਜਿਸ ਨਾਲ ਵਿਦਿਆਰਥੀਆਂ ਨੂੰ ਇੱਕ ਪੇਸ਼ੇਵਰ ਨਿਊਜ਼ ਸੰਗਠਨ ਦੇ ਕੰਮਕਾਜ ਦਾ ਸਿੱਧਾ ਅਨੁਭਵ ਪ੍ਰਾਪਤ ਹੋ ਸਕੇ। ਵਿਦਿਆਰਥੀਆਂ ਨੂੰ ਇੱਕ ਆਧੁਨਿਕ ਨਿਊਜ਼ਰੂਮ ਦੇ ਸੰਚਾਲਨ ਢਾਂਚੇ ਤੇ ਕਾਰਜ-ਪ੍ਰਵਾਹ ਬਾਰੇ ਜਾਣੂੰ ਕਰਵਾਇਆ ਗਿਆ। ਸੰਪਾਦਕੀ ਟੀਮ ਨੇ ਖ਼ਬਰਾਂ ਦੇ ਉਤਪਾਦਨ ਦੇ ਵੱਖ-ਵੱਖ ਪਹਿਲੂਆਂ ਵਿੱਚ ਵਿਸਤ੍ਰਿਤ ਸੂਝ ਦਿੱਤੀ, ਜਿਸ ਵਿੱਚ ਖ਼ਬਰਾਂ ਇਕੱਠੀਆਂ ਕਰਨਾ, ਸੰਪਾਦਨ, ਸਮੱਗਰੀ ਦੀ ਤਸਦੀਕ, ਪੰਨਾ ਲੇਅ-ਆਊਟ ਤੇ ਡਿਜੀਟਲ ਪ੍ਰਕਾਸ਼ਨ ਸ਼ਾਮਲ ਹਨ। ਵਿਦਿਆਰਥੀਆਂ ਨੂੰ ਸਮਕਾਲੀ ਮੀਡੀਆ ਸੰਗਠਨਾਂ ਵਿੱਚ ਪੱਤਰਕਾਰੀ ਅਭਿਆਸਾਂ ਦਾ ਮਾਰਗਦਰਸ਼ਨ ਕਰਨ ਵਾਲੇ ਨੈਤਿਕ ਵਿਚਾਰਾਂ ਤੇ ਪੇਸ਼ੇਵਰ ਮਿਆਰਾਂ ਤੋਂ ਵੀ ਜਾਣੂੰ ਕਰਵਾਇਆ ਗਿਆ। ਮਾਹਿਰਾਂ ਨੇ ਅੱਜ ਦੇ ਤੇਜ਼ ਰਫ਼ਤਾਰ ਸੂਚਨਾ ਵਾਤਾਵਰਨ ਵਿੱਚ ਸ਼ੁੱਧਤਾ, ਭਰੋਸੇਯੋਗਤਾ ਤੇ ਜ਼ਿੰਮੇਵਾਰ ਪੱਤਰਕਾਰੀ ਦੀ ਮਹੱਤਤਾ 'ਤੇ ਵੀ ਜ਼ੋਰ ਦਿੱਤਾ। ਵਿਦਿਆਰਥੀਆਂ ਨੂੰ ਸੰਪਾਦਕੀ ਭਾਗ, ਉਤਪਾਦਨ ਇਕਾਈ ਤੇ ਡਿਜੀਟਲ ਮੀਡੀਆ ਵਿੰਗ ਸਮੇਤ ਵੱਖ-ਵੱਖ ਵਿਭਾਗਾਂ ਦਾ ਟੂਰ ਕਰਵਾਇਆ ਗਿਆ।



# ਟਰਾਂਸਪੋਰਟ ਮਹਿਕਮੇ ਦੀ ਲਾਪਰਵਾਹੀ ਕਾਰਨ ਆਵੇਦਕ ਪ੍ਰੇਸ਼ਾਨ

ਲੁਧਿਆਣਾ, 23 ਮਾਰਚ (ਵਿਸ਼ਾਲ ਸ਼ਰਮਾ): ਟਰਾਂਸਪੋਰਟ ਮਹਿਕਮੇ ਦੇ ਆਰ.ਸੀ ਅਤੇ ਡੀ.ਐਲ ਪ੍ਰਿੰਟਿੰਗ ਯੂਨਿਟ ਦੀ ਵੱਡੀ ਲਾਪਰਵਾਹੀ ਕਾਰਨ ਗਗਨਦੀਪ ਸ਼ਰਮਾ ਨਾਮ ਦੇ ਆਵੇਦਕ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਗਗਨਦੀਪ ਸ਼ਰਮਾ ਨੇ ਦੱਸਿਆ ਕਿ ਉਸ ਨੇ ਆਪਣੀ ਆਰ.ਸੀ PB10CU3111




ਰੀਨਿਊ ਕਰਵਾਉਣ ਲਈ 12 ਅਗਸਤ 2025 ਨੂੰ ਟਰਾਂਸਪੋਰਟ ਮਹਿਕਮੇ ਵਿੱਚ ਆਵੇਦਨ ਕੀਤਾ ਸੀ ਜੋ ਕਿ 24 ਅਗਸਤ 2025 ਨੂੰ ਅਪਰੂਵ ਹੋ ਗਿਆ ਅਤੇ 29 ਸਤੰਬਰ 2025 ਨੂੰ ਉਸਦੀ ਦੀ ਆਰ.ਸੀ ਚੰਡੀਗੜ੍ਹ ਸਥਿਤ ਟਰਾਂਸਪੋਰਟ ਮਹਿਕਮੇ ਵੱਲੋਂ ਡਿਸਪੈਚ ਕਰ ਦਿੱਤੀ ਗਈ, ਜੋ ਕਿ ਉਸ ਨੂੰ ਨਹੀਂ ਮਿਲੀ। ਕਾਫੀ ਦੇਰ ਉਡੀਕ ਕਰਨ ਤੋਂ ਬਾਅਦ ਉਸ ਨੇ ਰੀਡਿਸਪੈਚ ਦੀ ਫੀਸ 10 ਨਵੰਬਰ 2025 ਨੂੰ ਭਰੀ ਅਤੇ ਮਹਿਕਮੇ ਵੱਲੋਂ 11 ਦਸੰਬਰ 2025 ਨੂੰ ਉਸ ਦੀ ਆਰ.ਸੀ ਰੀ ਸਪੀਡ ਪੋਸਟ ਰਾਹੀਂ ਭੇਜੀ ਗਈ, ਜੋ ਕਿ ਕਾਫੀ ਲੰਬੇ ਸਮੇਂ ਤੋਂ ਬਾਅਦ 11 ਮਾਰਚ 2026 ਨੂੰ ਪ੍ਰਾਪਤ ਹੋਈ। ਜਦੋਂ ਗਗਨਦੀਪ ਸ਼ਰਮਾ ਨੇ ਲਿਫਾਫਾ ਖੋਲ ਕੇ ਆਪਣੀ ਆਰ.ਸੀ ਦੇਖੀ ਤਾਂ ਉਸ ਵਿੱਚ PB10FE5090 ਨੰਬਰ ਦੀ ਆਰ.ਸੀ ਉਸ ਨੂੰ ਪ੍ਰਾਪਤ ਹੋਈ, ਜੋ ਕਿ ਗਗਨਪ੍ਰੀਤ ਕੌਰ ਦੇ ਨਾਮ ਦੀ ਸੀ, ਜਿਸ ਉੱਪਰ ਮਾਡਲ ਹਾਊਸ ਲੁਧਿਆਣਾ ਦਾ ਪਤਾ ਲਿਖਿਆ ਹੋਇਆ ਹੈ। ਆਵੇਦਕ ਦਾ ਕਹਿਣਾ ਹੈ ਕਿ ਉਹ ਪਹਿਲਾਂ ਹੀ ਪਿਛਲੇ 6 -7 ਮਹੀਨਿਆਂ ਤੋਂ ਆਰ.ਸੀ ਨਾ ਮਿਲਣ ਕਰਕੇ ਪਰੇਸ਼ਾਨ ਹੈ। ਆਵੇਦਕ ਦਾ ਕਹਿਣਾ ਸੀ, ਕਿ ਸਰਕਾਰ ਵੱਲੋਂ ਇਸ ਤਰ੍ਹਾਂ ਦੀ ਤਰੁਟੀ ਨੂੰ ਦੂਰ ਕਰਨ ਲਈ ਕਿਸੇ ਵੀ ਤਰ੍ਹਾਂ ਦਾ ਕੋਈ ਫੋਨ ਨੰਬਰ ਨਹੀਂ ਦਿੱਤਾ ਗਿਆ, ਜਿਸ ਤੋਂ ਕੋਈ ਜਾਣਕਾਰੀ ਪ੍ਰਾਪਤ ਕਰ ਸਕੇ। ਗਗਨਦੀਪ ਦਾ ਕਹਿਣਾ ਹੈ ਕਿ ਉਸ ਨੂੰ ਸਮਝ ਨਹੀਂ ਆ ਰਿਹਾ ਕਿ ਉਹ ਚੰਡੀਗੜ੍ਹ ਜਾਵੇ ਜਾਂ ਫਿਰ ਲੁਧਿਆਣਾ ਆਰ.ਟੀ.ਓ ਨੂੰ ਮਿਲ ਕੇ ਆਪਣੀ ਸਮੱਸਿਆ ਦਾ ਹੱਲ ਕਰਵਾਏ। ਇੱਥੇ ਤੁਹਾਨੂੰ ਦੱਸਣਾ ਜ਼ਰੂਰੀ ਹੈ ਕਿ ਦਸੰਬਰ 2024 ਤੋਂ ਲੈ ਕੇ ਅਗਸਤ 2025 ਤੱਕ ਟ੍ਰਾਂਸਪੋਰਟ ਮਹਿਕਮੇ ਵੱਲੋਂ ਆਰ.ਸੀ ਅਤੇ ਡੀ.ਐਲ ਪ੍ਰਿੰਟਿੰਗ ਦਾ ਕੰਮ ਤਕਰੀਬਨ ਠੱਪ ਰਿਹਾ, ਜਿਸ ਨਾਲ ਆਰ.ਸੀ ਅਤੇ ਡੀ.ਐਲ ਦੀ ਪ੍ਰਿੰਟਿੰਗ ਦਾ ਕੰਮ ਲੱਖਾਂ ਦੀ ਤਦਾਦ ਵਿੱਚ ਪਹੁੰਚ ਗਿਆ ਸੀ। ਜਿਸ ਨੂੰ ਮਹਿਕਮੇ ਵੱਲੋਂ ਪੂਨੇ ਦੀ ਇਕ ਏਜੰਸੀ ਨੂੰ ਠੇਕਾ ਦੇ ਲੱਖਾਂ ਆਰ.ਸੀ ਅਤੇ ਡੀ.ਐਲ ਦੀ ਪ੍ਰਿੰਟਿੰਗ ਦਾ ਕੰਮ ਪੂਰਾ ਕੀਤਾ ਗਿਆ। ਹੁਣ ਮੁੜ ਜਦੋਂ ਤੋਂ ਟਰਾਂਸਪੋਰਟ ਮਹਿਕਮੇ ਵੱਲੋਂ ਆਰ.ਸੀ ਅਤੇ ਡੀ.ਐਲ ਦੀ ਪ੍ਰਿੰਟਿੰਗ ਦਾ ਕੰਮ ਸ਼ੁਰੂ ਕੀਤਾ ਹੈ ਉਸ ਨਾਲ ਅਵੇਦਕਾਂ ਨੂੰ ਫਿਰ ਤੋਂ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

# ਆਟਿਜ਼ਮ ਐਲਾਇੰਸ ਨੇ ਮਨਾਇਆ ਸਾਲਾਨਾ ਦਿਵਸ



ਲੁਧਿਆਣਾ, 23 ਮਾਰਚ (ਰਵਿੰਦਰ ਸਿੰਘ ਨਿੱਝਰ): ਆਟਿਜ਼ਮ ਐਲਾਇੰਸ ਨੇ ਆਪਣਾ ਸਾਲਾਨਾ ਦਿਵਸ ਮਨਾਇਆ। ਪ੍ਰੋਗਰਾਮ ਦੀ ਸ਼ੁਰੂਆਤ ਸਹੁੰ ਚੱਕ ਸਮਾਰੋਹ ਨਾਲ ਹੋਈ, ਜਿਸ ਵਿੱਚ ਸਾਰੇ ਟੀਮ ਮੈਂਬਰਾਂ ਨੇ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨਾਲ ਪੂਰੀ ਸੰਵੇਦਨਸ਼ੀਲਤਾ, ਸਮਰਪਣ ਅਤੇ ਪੇਸ਼ਾਵਰ ਵਚਨਬੱਧਤਾ ਨਾਲ ਕੰਮ ਕਰਨ ਦਾ ਸੰਕਲਪ ਦੁਹਰਾਇਆ। ਸੰਸਥਾ ਦੀ ਪ੍ਰੇਰਨਾ ਸਰੋਤ ਸਵ ਨਿਧਿ ਬਹਲ ਨੂੰ ਸ਼ਰਧਾਂਜਲੀ ਦਿੱਤੀ ਗਈ। ਪ੍ਰੋਗਰਾਮ ਦੌਰਾਨ ਪੂਰੀ ਟੀਮ ਜਿਸ ਵਿੱਚ ਆਕਿਊਪੇਸ਼ਨਲ ਥੈਰਾਪਿਸਟ, ਸਪੀਚ ਥੈਰਾਪਿਸਟ, ਸਪੈਸ਼ਲ ਐਜੂਕੇਟਰ, ਬਿਹੇਵਿਅਰ ਥੈਰਾਪਿਸਟ ਅਤੇ ਹੋਰ ਸਹਾਇਕ ਕਰਮਚਾਰੀ ਸ਼ਾਮਲ ਸਨ — ਨੂੰ ਉਨ੍ਹਾਂ ਦੇ ਸ਼ਾਨਦਾਰ ਕੰਮ ਲਈ ਟ੍ਰਾਫੀ ਦੇ ਕੇ ਸਨਮਾਨਿਤ ਕੀਤਾ ਗਿਆ। ਸ਼ੀਨੂ ਕੋਚਰ, ਸੈਂਟਰ ਕੋਆਰਡੀਨੇਟਰ ਜੋਤੀ ਅਤੇ ਟੀਮ ਕੋਆਰਡੀਨੇਟਰ ਮੰਗੁਰਜੋਤ ਕੌਰ ਨੂੰ ਉਨ੍ਹਾਂ ਦੇ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ।

ਸਭਾ ਨੂੰ ਸੰਬੋਧਨ ਕਰਦੇ ਹੋਏ ਆਟਿਜ਼ਮ ਐਲਾਇੰਸ ਦੇ ਮੈਨੇਜਿੰਗ ਡਾਇਰੈਕਟਰ ਡਾ. ਅਤੁਲ ਮਦਾਨ ਅਤੇ ਡਾਇਰੈਕਟਰ ਮੋਨਾ ਮਦਾਨ ਨੇ ਕਿਹਾ ਕਿ ਹਰ 31 ਵਿੱਚੋਂ 1 ਬੱਚਾ ਆਟਿਜ਼ਮ ਸਪੈਕਟ੍ਰਮ ਡਿਸਆਰਡਰ ਨੂੰ ਰੋਕਣ ਲਈ ਸਮਾਜ ਵਿੱਚ ਜਾਗਰੂਕਤਾ ਵਧਾਉਣ ਦੀ ਲੋੜ 'ਤੇ ਜ਼ੋਰ ਦਿੱਤਾ। ਆਪਣੇ ਸੰਬੋਧਨ ਵਿੱਚ ਉਨ੍ਹਾਂ ਨੇ ਬੱਚਿਆਂ ਵਿੱਚ ਆਟਿਜ਼ਮ ਦੇ ਕੁਝ ਸ਼ੁਰੂਆਤੀ ਲੱਛਣਾਂ ਬਾਰੇ ਵੀ ਦੱਸਿਆ, ਜਿਵੇਂ: ਨਾਮ ਬੁਲਾਉਣ 'ਤੇ ਪ੍ਰਤੀਕਿਰਿਆ ਨਾ ਦੇਣਾ, ਅੱਖਾਂ ਨਾਲ ਸੰਪਰਕ ਘੱਟ ਹੋਣਾ, ਬੋਲਣ ਵਿੱਚ ਦੇਰੀ, ਅਕੇਲੇ ਰਹਿਣਾ ਪਸੰਦ ਕਰਨਾ, ਦੁਹਰਾਏ ਜਾਣ ਵਾਲੇ ਵਿਹਾਰ (ਜਿਵੇਂ ਹੱਥ ਹਿਲਾਉਣਾ ਜਾਂ ਘੁੰਮਣਾ), ਬਹੁਤ ਜ਼ਿਆਦਾ ਸਰਗਰਮੀ ਜਾਂ ਅਸਧਾਰਣ ਤੌਰ 'ਤੇ ਘੱਟ ਸਰਗਰਮੀ, ਅਤੇ ਅਜੀਬ ਸੰਵੇਦਨਸ਼ੀਲ ਵਿਹਾਰ (ਜਿਵੇਂ ਚੀਜ਼ਾਂ ਨੂੰ ਸੁੰਘਣਾ ਜਾਂ ਮੂੰਹ ਵਿੱਚ ਪਾਉਣਾ)। ਉਨ੍ਹਾਂ ਨੇ ਕਿਹਾ ਕਿ ਜੇਕਰ ਅਜੇਹੇ ਕਈ ਲੱਛਣ ਇਕੱਠੇ ਨਜ਼ਰ ਆਉਣ, ਤਾਂ ਉਨ੍ਹਾਂ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ।

# ਹਲਕਾ ਦੱਖਣੀ ਵਿਖੇ ਬਾਵਾ ਦੀ ਅਗਵਾਈ ਹੇਠ ਸ਼ਹੀਦਾਂ ਦਾ ਸ਼ਹੀਦੀ ਦਿਹਾੜਾ ਮਨਾਇਆ



ਲੁਧਿਆਣਾ, 23 ਮਾਰਚ (ਰਵਿੰਦਰ ਸਿੰਘ ਨਿੱਝਰ): ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ, ਸੁਖਦੇਵ ਦਾ ਸ਼ਹੀਦੀ ਦਿਹਾੜਾ ਹਲਕਾ ਦੱਖਣੀ ਵਿਖੇ ਦੇਸ਼ ਭਗਤ ਯਾਦਗਾਰੀ ਸੋਸਾਇਟੀ ਪੰਜਾਬ ਦੇ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ ਦੀ ਸਰਪ੍ਰਸਤੀ ਹੇਠ ਮਨਾਇਆ ਗਿਆ। ਇਸ ਸਮੇਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਫੋਟੋ ਦਫਤਰਾਂ ਵਿੱਚ ਲਗਾਉਣ ਵਾਲੀ ਸਰਕਾਰ ਦੇ ਮੰਤਰੀ ਲਾਲਜੀਤ ਭੁੱਲਰ ਵੱਲੋਂ ਕੀਤੀ ਧੱਕੇਸ਼ਾਹੀ ਕਾਰਨ ਗਗਨਦੀਪ ਸਿੰਘ ਰੰਧਾਵਾ ਦੇ ਆਤਮ ਹੱਤਿਆ ਕਰਨ 'ਤੇ ਹੱਥਾਂ ਵਿੱਚ ਤਖ਼ਤੀਆਂ ਫੜ ਕੇ ਸੀ.ਬੀ.ਆਈ ਜਾਂਚ ਦੀ ਮੰਗ ਕੀਤੀ ਗਈ। ਇਸ ਸਮੇਂ ਗੁਰਨਾਮ ਸਿੰਘ ਕਲੇਰ, ਦਲਜੀਤ ਸਿੰਘ ਹਿੱਸੋਵਾਲ, ਸੁਸ਼ੀਲ ਮਲਹੋਤਰਾ, ਅਮਰਜੀਤ ਕੌਰ ਗਰੇਵਾਲ, ਰਮਨਜੋਤ ਸਿੰਘ ਢਿੱਲੋਂ ਕੈਨੇਡਾ, ਰਾਕੇਸ਼ ਗੋਇਲ, ਵਰਿੰਦਰ ਭੱਲਾ ਪ੍ਰਧਾਨ ਓ.ਬੀ.ਸੀ ਜ਼ਿਲ੍ਹਾ ਕਾਂਗਰਸ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।

ਇਸ ਸਮੇਂ ਬਾਵਾ ਨੇ ਕਿਹਾ ਕਿ ਮਹਾਨ ਸ਼ਹੀਦਾਂ ਦੇ ਦਿਹਾੜੇ ਮਨਾਉਣਾ, ਉਹਨਾਂ ਵੱਲੋਂ ਦਰਸਾਏ ਰਸਤੇ 'ਤੇ ਚੱਲ ਕੇ ਸਮਾਜ ਸੇਵਾ ਦੀ ਸੱਚੀ ਸੁੱਚੀ ਭਾਵਨਾ ਨਾਲ ਕੰਮ ਕਰਨਾ ਹੀ ਸੋਸਾਇਟੀ ਦੀ ਪਹਿਲ ਕਦਮੀ ਹੋਵੇਗੀ। ਸਿਰਫ ਦਫਤਰਾਂ ਵਿੱਚ ਫੋਟੋ ਲਗਾਉਣਾ ਪਰ ਕੰਮ ਮਹਾਨ ਸ਼ਹੀਦਾਂ ਦੀ ਵਿਚਾਰਧਾਰਾ ਦੇ ਖਿਲਾਫ ਕਰਨੇ, ਇਹ ਉਹਨਾਂ ਦੀ ਸੋਚ ਦਾ ਅਪਮਾਨ ਕਰਨਾ ਹੈ। ਉਹਨਾਂ ਕਿਹਾ ਕਿ ਸ਼ਹੀਦਾਂ ਨੇ ਸ਼ਹੀਦੀਆਂ ਦੇ ਕੇ ਸਾਨੂੰ ਵੋਟ ਦਾ ਹੱਕ ਲੈ ਕੇ ਦਿੱਤਾ। ਪ੍ਰੰਤੂ ਫਿਰਕਾ ਪ੍ਰਸਤ ਕਾਰਾਂ ਈਵੀਐਮ ਰਾਹੀਂ ਵੋਟ ਦਾ ਹੱਕ ਵੀ ਖੋਹ ਰਹੀਆਂ ਹਨ ਅਤੇ ਵੋਟਾਂ ਚੋਰੀ ਕਰਕੇ ਸਰਕਾਰਾਂ ਲੋਕਤੰਤਰਿਕ ਪਰੰਪਰਾਵਾਂ ਦੇ ਉਲਟ ਬਣਾਈਆਂ ਜਾ ਰਹੀਆਂ ਹਨ। ਇਸ ਸਮੇਂ ਸ਼੍ਰੀ ਬਾਵਾ ਨੇ ਦੇਸ਼ ਭਗਤ ਯਾਦਗਾਰੀ ਸੋਸਾਇਟੀ ਪੰਜਾਬ ਦੇ ਅਹੁਦੇਦਾਰਾਂ ਦੀ ਚੋਣ ਵਿੱਚ ਸੁਸ਼ੀਲ ਮਲਹੋਤਰਾ ਅਤੇ ਪਵਨ ਕੁਮਾਰ ਸ਼ੁਕਲਾ ਨੂੰ ਮੀਤ ਪ੍ਰਧਾਨ ਅਤੇ ਗੁਰਨਾਮ ਸਿੰਘ ਕਲੇਰ ਸੂਬਾ ਕਨਵੀਨਰ ਬਣਾਏ ਗਏ। ਬਲਜੀਤ ਮਾਲੜਾ ਅਤੇ ਮਲਕੀਤ ਸਿੰਘ ਮੰਗਾ ਜਨਰਲ ਸਕੱਤਰ ਅਤੇ ਸ਼ਿਵ ਕੁਮਾਰ ਸ਼ਿਵਾ, ਜਸਵੀਰ ਸਿੰਘ ਨਾਮਧਾਰੀ, ਰੇਨੂ ਰਾਮਦਾਸ, ਮਨਜੀਤ ਕੌਰ, ਮਮਤਾ ਰਾਣੀ, ਪਰਮਾਤਮਾ ਤਿਵਾੜੀ, ਸੂਬੇਦਾਰ ਮੋਹਨ ਸਿੰਘ ਰਾਮਪਾਲ ਸਕੱਤਰ ਜਦਕਿ ਵਿਧੀ ਚੰਦ ਰਾਜਪੂਤ, ਤਰਸੇਮ ਸਿੰਘ ਐਗਜੈਕਟਿਵ ਕਮੇਟੀ ਦੇ ਮੈਂਬਰ ਬਣਾਏ ਗਏ।

ਇਸ ਸਮੇਂ ਬੀਬੀ ਮਨਜੀਤ ਕੌਰ ਸਰੋਏ, ਗੁਰਨਾਮ ਸਿੰਘ ਕਲੇਰ ਅਤੇ ਤੇਜਵੰਤ ਸਿੰਘ ਸਿੱਧੂ ਵੱਲੋਂ ਸ਼ਹੀਦੀ ਦਿਹਾੜੇ 'ਤੇ ਲੋੜਵੰਦਾਂ ਨੂੰ ਰਾਸ਼ਨ ਵੀ ਵੰਡਿਆ ਗਿਆ। ਇਸ ਸਮੇਂ ਮਾਨਵਤਾ ਭਲਾਈ ਸੁਸਾਇਟੀ ਦੇ ਚੇਅਰਮੈਨ ਚਰਨਜੀਤ ਸਿੰਘ ਵੀ ਸ਼ਾਮਲ ਹੋਏ।

# ਦੀਵਾਨ ਦੀ ਅਗਵਾਈ ਹੇਠ ਕਾਂਗਰਸ ਵੱਲੋਂ ਲੁਧਿਆਣਾ ਪੱਛਮੀ ਵਿੱਚ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ



ਲੁਧਿਆਣਾ, 23 ਮਾਰਚ (ਰਵਿੰਦਰ ਸਿੰਘ ਨਿੱਝਰ): ਕਾਂਗਰਸ ਵੱਲੋਂ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਥਾਪਰ ਦੇ ਸ਼ਹੀਦੀ ਦਿਵਸ ਮੌਕੇ ਜ਼ਿਲ੍ਹਾ ਕਾਂਗਰਸ ਕਮੇਟੀ ਲੁਧਿਆਣਾ ਸ਼ਹਿਰੀ ਦੇ ਸਾਬਕਾ ਪ੍ਰਧਾਨ ਅਤੇ ਪੰਜਾਬ ਲਾਰਜ ਇੰਡਸਟਰੀਅਲ ਡਿਵੈਲਪਮੈਂਟ ਬੋਰਡ ਦੇ ਸਾਬਕਾ ਚੇਅਰਮੈਨ ਪਵਨ ਦੀਵਾਨ ਦੀ ਅਗਵਾਈ ਹੇਠ ਸਰਾਭਾ ਨਗਰ ਵਿਖੇ ਆਯੋਜਿਤ ਸਮਾਗਮ ਦੌਰਾਨ ਅੱਜ ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਪਾਰਟੀ ਆਗੂਆਂ ਵੱਲੋਂ ਦੇਸ਼ ਦੀ ਆਜ਼ਾਦੀ ਲਈ ਮਹਾਨ ਸ਼ਹੀਦਾਂ ਦੀਆ ਕੁਰਬਾਨੀਆਂ ਨੂੰ ਯਾਦ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ, ਦੀਵਾਨ ਨੇ ਦੇਸ਼ ਦੇ ਮਹਾਨ ਸ਼ਹੀਦਾਂ ਦੀ ਲਸਾਨੀ ਸ਼ਹਾਦਤ ਨੂੰ ਯਾਦ ਕੀਤਾ ਅਤੇ ਕਿਹਾ ਕਿ ਇਨ੍ਹਾਂ ਵੱਲੋਂ ਦਿੱਤੇ ਗਏ ਮਹਾਨ ਬਲਿਦਾਨਾਂ ਕਰਕੇ ਅੱਜ ਅਸੀਂ ਆਜ਼ਾਦੀ ਦੀ ਫਿਜ਼ਾ ਵਿੱਚ ਸਾਹ ਲੈ ਰਹੇ ਹਾਂ। ਅੱਜ ਦਾ ਦਿਨ ਸਾਨੂੰ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਮਹਾਨ ਬਲਿਦਾਨਾਂ ਦੀ ਯਾਦ ਦਿਵਾਉਂਦਾ ਹੈ। ਜਿਨ੍ਹਾਂ ਨੇ ਭਰੀ ਜਵਾਨੀ ਵਿੱਚ ਆਪਣੀ ਦੇਸ਼ ਭਗਤ ਸੋਚ ਅਤੇ ਬੇਮਿਸਾਲ ਹਿੰਮਤ ਦਾ ਪ੍ਰਦਰਸ਼ਨ ਕਰਦੇ ਹੋਏ, ਅੰਗਰੇਜ਼ੀ ਹਕੂਮਤ ਖਿਲਾਫ ਆਵਾਜ਼ ਉਠਾਈ ਅਤੇ ਭਾਰਤ ਦੀ ਆਜ਼ਾਦੀ ਲਈ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ। ਉਨ੍ਹਾਂ ਕਿਹਾ ਕਿ ਸ਼ਹੀਦਾਂ ਵੱਲੋਂ ਦਿਖਾਏ ਗਏ ਰਾਹ ਤੇ ਚੱਲਣਾ ਹੀ ਸੱਚੀ ਸ਼ਰਧਾਂਜਲੀ ਹੋਵੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ, ਸੀਨੀਅਰ ਕਾਂਗਰਸੀ ਆਗੂ ਇੰਦਰਜੀਤ ਕਪੂਰ, ਗੁਰਨਾਮ ਸਿੰਘ ਕਲੇਰ, ਕੁਲਬੀਰ ਨੀਟਾ, ਜਸਵਿੰਦਰ ਸਿੰਘ ਓਸਾਹਨ, ਵਰੁਨ ਸ਼ਰਮਾ, ਸਤੀਸ਼ ਗਰਗ, ਨਿਰਭੈ ਸਿੰਘ ਰੰਗੂਵਾਲ, ਪ੍ਰਭਜੋਤ ਸਿੰਘ, ਸਸ਼ੀਲ ਮਲਹੋਤਰਾ ਅਤੇ ਵਰਿੰਦਰ ਸ਼ਰਮਾ ਵੀ ਮੌਜੂਦ ਰਹੇ।

# ਸ਼ਹੀਦਾਂ ਦੇ ਦਿਹਾੜੇ ਨੂੰ ਸਾਮਰਾਜ ਵਿਰੋਧੀ ਦਿਵਸ ਵਜੋਂ ਮਨਾਇਆ




ਲੁਧਿਆਣਾ, 23 ਮਾਰਚ (ਰਵਿੰਦਰ ਸਿੰਘ ਨਿੱਝਰ): ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਵਸ ਮੌਕੇ ਲੁਧਿਆਣਾ ਵਿੱਚ ਸੰਯੁਕਤ ਕਿਸਾਨ ਮੋਰਚਾ ਅਤੇ ਟਰੇਡ ਯੂਨੀਅਨ ਵੱਲੋਂ ਸਾਂਝੇ ਤੌਰ 'ਤੇ ਜਗਰਾਓਂ ਪੁਲ 'ਤੇ ਸ਼ਹੀਦ ਭਗਤ ਸਿੰਘ- ਰਾਜਗੁਰੂ - ਸੁਖਦੇਵ ਦੇ ਬੁੱਤਾਂ ਨੂੰ ਹਾਰ ਪਾ ਕੇ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ 'ਤੇ ਸ਼ਾਮਲ ਲੋਕਾਂ ਨੇ ਉਨ੍ਹਾਂ ਵੱਲੋਂ ਦਰਸਾਏ ਗਏ ਸਾਮਰਾਜ ਵਿਰੋਧੀ ਸੰਘਰਸ਼ ਨੂੰ ਮੁੜ ਤਿੱਖਾ ਕਰਨ ਦਾ ਪ੍ਰਣ ਲਿਆ। ਬੁਲਾਰਿਆਂ ਨੇ ਕਿਹਾ ਕਿ ਅੱਜ ਦੇ ਜੰਗਾਂ, ਅਸਮਾਨਤਾ ਅਤੇ ਬੇਰੋਜ਼ਗਾਰੀ ਭਰੇ ਸਮੇਂ ਵਿੱਚ ਭਗਤ ਸਿੰਘ ਦੀ ਸੋਚ ਵਿਸ਼ਵ ਸ਼ਾਂਤੀ, ਆਰਥਿਕ ਬਰਾਬਰੀ ਅਤੇ ਸਮਾਜਿਕ ਨਿਆਂ ਲਈ ਰਾਹ ਦਿਖਾਉਂਦੀ ਹੈ। ਉਨ੍ਹਾਂ ਨੇ ਸਮਾਜਵਾਦ, ਧਰਮਨਿਰਪੱਖਤਾ ਅਤੇ ਹਿੰਦੂ-ਮੁਸਲਿਮ ਏਕਤਾ ਨੂੰ ਮਜ਼ਬੂਤ ਕਰਨ ਦੀ ਲੋੜ ਉੱਤੇ ਜ਼ੋਰ ਦਿੱਤਾ। ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀ ਕਦੇ ਵੀ ਹਿੰਸਾ ਦੇ ਹਾਮੀ ਨਹੀਂ ਰਹੇ, ਬਲਕਿ ਉਹਨਾਂ ਨੇ ਇਨਕਲਾਬ ਨੂੰ ਚੇਤਨਾ ਨਾਲ ਜੋੜ ਕੇ ਸਮਝਾਇਆ ਕਿ ਇਸਦਾ ਮਤਲਬ ਵਿਚਾਰਾਂ ਵਿੱਚ ਤਬਦੀਲੀ ਹੈ, ਜਿਸ ਵਿੱਚ ਸਮਾਜਿਕ ਤੇ ਆਰਥਿਕ ਨਿਆਂ ਦੀ ਬੜੀ ਮਹੱਤਤਾ ਹੈ। ਬੁਲਾਰਿਆਂ ਨੇ ਕਿਹਾ ਕਿ ਕਿ ਸਾਮਰਾਜੀ ਅਤੇ ਸੱਜੇ ਪੱਖੀ ਤਾਕਤਾਂ ਦੁਨੀਆਂ ਵਿੱਚ ਜੰਗਾਂ ਅਤੇ ਤਣਾਅ ਵਧਾ ਰਹੀਆਂ ਹਨ, ਤੇ ਹਿੰਸਾ ਦੇ ਮਾਹੌਲ ਨੂੰ ਉਭਾਰ ਰਹੀਆਂ ਹਨ। ਇਸ ਨਾਲ ਵਿਸ਼ਵ ਯੁੱਧ ਦਾ ਖ਼ਤਰਾ ਵੱਧ ਰਿਹਾ ਹੈ। ਜਿਨ੍ਹਾਂ ਬੁਲਾਰਿਆਂ ਨੇ ਸੰਬੋਧਨ ਕੀਤਾ ਉਹਨਾਂ ਵਿੱਚ ਕਾਮਰੇਡ ਡੀ ਪੀ ਮੌੜ, ਰਘਬੀਰ ਸਿੰਘ ਬੈਨੀਪਾਲ, ਸੁਖਵਿੰਦਰ ਸਿੰਘ ਲੋਟੇ, ਜਗਦੀਸ਼ ਚੰਦ, ਡਾ: ਅਰੁਣ ਮਿੱਤਰਾ, ਚਮਕੌਰ ਸਿੰਘ, ਰਾਮ ਲਾਲ, ਐਮ ਐਸ ਭਾਟੀਆ, ਪਰਮਜੀਤ ਸਿੰਘ, ਅਮਰਨਾਥ ਕੂਮ ਕਲਾਂ, ਵਿਜੇ ਕੁਮਾਰ, ਕੇਵਲ ਸਿੰਘ ਬਨਵੈਤ ਆਦਿ ਸ਼ਾਮਿਲ ਸਨ।

# ਗੁਟਕਾ ਸਾਹਿਬ ਦੀ ਬੇਅਦਬੀ ਦਾ ਮਾਮਲਾ : ਪੁਲਿਸ ਵੱਲੋਂ ਦੋ ਗ੍ਰਿਫ਼ਤਾਰ, ਪੁੱਛਗਿੱਛ ਜਾਰੀ



ਲੁਧਿਆਣਾ, 23 ਮਾਰਚ (ਵਿਸ਼ਾਲ ਸ਼ਰਮਾ) : ਐਸ.ਪੀ (ਐਚ) ਖੰਨਾ ਹਰਪਿੰਦਰ ਕੌਰ ਗਿੱਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਇੱਕ ਬਹੁਤ ਵੱਡੀ ਮੰਦਭਾਗੀ ਘਟਨਾ ਆਨੰਦ ਨਗਰ ਖੰਨਾ, ਥਾਣਾ ਸਿਟੀ-2 ਖੰਨਾ ਦੇ ਏਰੀਏ ਵਿੱਚ ਵਾਪਰੀ ਹੈ, ਜਿਸ ਵਿੱਚ ਬੱਚਿਆਂ ਵੱਲੋਂ ਗੁਟਕਾ ਸਾਹਿਬ ਦੇ ਅੰਗ ਪਾੜੇ ਗਏ ਹਨ। ਇਸ ਲਈ ਲੋਕਾਂ ਵਿੱਚ ਰੋਸ ਹੈ। ਸੋ ਇਸੇ ਤਹਿਤ ਇੱਕ ਪੁਲਿਸ ਟੀਮ ਗਠਿਤ ਕੀਤੀ ਗਈ ਹੈ। ਸਾਡਾ ਮੁੱਖ ਉਦੇਸ਼ ਹੈ ਕਿ ਲੋਕਾਂ ਨੂੰ ਸਹੀ ਜਾਣਕਾਰੀ ਮਿਲੇ। ਇਸੇ ਕਾਰਵਾਈ ਤਹਿਤ ਐਫ.ਆਈ.ਆਰ ਨੰਬਰ 70/2026 U/s 299 and 61(2) BNS ਰਜਿਸਟਰ ਕੀਤੀਆਂ ਗਈਆਂ ਹਨ। ਦੋ ਬੰਦਿਆਂ ਦੀਆਂ ਗ੍ਰਿਫਤਾਰੀਆਂ ਅਸੀਂ ਪਾ ਚੁੱਕੇ ਹਾਂ। ਇੱਕ ਵੀਡੀਓ ਵੀ ਸਾਹਮਣੇ ਆਈ ਹੈ, ਜਿਸ ਵਿੱਚ ਇੱਕ ਬੱਚਾ ਗੁਟਕਾ ਸਾਹਿਬ ਦੇ ਅੰਗ ਪਾੜ ਕੇ ਖਿਲਾਰ ਰਿਹਾ ਹੈ। ਇਹਨਾਂ ਬੱਚਿਆਂ ਦੀ ਉਮਰ 18 ਸਾਲ ਤੋਂ ਘੱਟ ਹੈ। ਉਨ੍ਹਾਂ ਕਿਹਾ ਕਿ ਜੁਵੈਨਾਇਲ ਜਸਟਿਸ ਐਕਟ ਦੇ ਅਨੁਸਾਰ ਜੋ ਵੀ ਕਾਰਵਾਈ ਬਣਦੀ ਹੋਵੇਗੀ, ਉਸੇ ਤਹਿਤ ਜੁਵੈਨਾਇਲ ਜਸਟਿਸ ਬੋਰਡ ਦੇ ਅੱਗੇ ਬੱਚਿਆਂ ਨੂੰ ਪੇਸ਼ ਕੀਤਾ ਜਾਵੇਗਾ। ਬੱਚਿਆਂ ਦੇ ਮਾਤਾ ਅਤੇ ਨਾਨਾ ਤੋਂ ਪੁੱਛਗਿੱਛ ਕੇ ਜਾਰੀ ਹੈ, ਸਾਨੂੰ ਜੋ ਵੀ ਸਹੀ ਜਾਣਕਾਰੀ ਮਿਲੇਗੀ ਮੀਡੀਆ ਸਾਹਮਣੇ ਰੱਖੀ ਜਾਵੇਗੀ। ਉਹਨਾਂ ਕਿਹਾ ਕਿ ਸਾਡੇ ਧਿਆਨ ਵਿੱਚ ਆਇਆ ਹੈ ਕਿ ਝੁੱਗੀਆਂ-ਝੌਂਪੜੀਆਂ ਰਹਿੰਦੇ ਲੋਕਾਂ ਦੀ ਪੁਲਿਸ ਵੈਰੀਫਿਕੇਸ਼ਨ ਨਹੀਂ ਹੋਈ ਹੈ। ਇਹ ਗੈਰ ਕਾਨੂੰਨੀ ਤੌਰ 'ਤੇ ਇੱਥੇ ਰਹਿ ਰਹੇ ਸੀ। ਸੋ 188 ਅੰਡਰ ਸੈਕਸ਼ਨ ਪਰਚਾ ਦਰਜ ਕਰਕੇ ਮਾਲਕਾਂ ਉੱਤੇ ਕਾਰਵਾਈ ਕਰ ਰਹੇ ਹਾਂ। ਉਹਨਾਂ ਕਿਹਾ ਕਿ ਮੀਡੀਆ ਦੇ ਮਾਧਿਅਮ ਰਾਹੀਂ ਸਾਰਿਆਂ ਨੂੰ ਦੱਸਣਾ ਚਾਹੁੰਦੇ ਹਾਂ ਕਿ ਜੇਕਰ ਘਰ ਵਿੱਚ ਕੋਈ ਵੀ ਕਿਰਾਏਦਾਰ ਰੱਖਦੇ ਹਾਂ ਤਾਂ ਉਸ ਦੀ ਪੁਲਿਸ ਵੈਰੀਫਿਕੇਸ਼ਨ ਕਰਵਾਈਏ। ਜੇਕਰ ਉਹਨਾਂ ਦੀ ਪੁਲਿਸ ਵੈਰੀਫਿਕੇਸ਼ਨ ਨਹੀਂ ਕਰਵਾਈ ਜਾਂਦੀ ਤਾਂ ਆਉਣ ਵਾਲੇ ਸਮੇਂ ਵਿੱਚ ਜੇਕਰ ਉਹ ਕੋਈ ਵੀ ਗੈਰ ਕਾਨੂੰਨੀ ਕੰਮ ਕਰਦੇ ਹਨ ਤਾਂ ਉਸਦੇ ਗਲਤ ਕੀਤੇ ਹੋਏ ਕੰਮ ਦੇ ਤੁਸੀਂ ਵੀ ਹੱਕਦਾਰ ਬਣ ਜਾਂਦੇ ਹੋ, ਕਿਉਂਕਿ ਨਾ ਤਾਂ ਤੁਸੀਂ ਪੁਲਿਸ ਵੈਰੀਫਿਕੇਸ਼ਨ ਕਰਵਾਉਂਦੇ ਹੋ ਅਤੇ ਨਾ ਹੀ ਕਾਨੂੰਨ ਦੀ ਪਾਲਣਾ ਕਰਦੇ ਹੋ। ਉਨ੍ਹਾਂ ਕਿਹਾ ਕਿ ਜੁਵੈਨਾਇਲ ਜਸਟਿਸ ਐਕਟ ਤਹਿਤ ਇਹ ਕੇਸ ਜਾਂਚ ਅਧੀਨ ਹੈ। 24 ਘੰਟਿਆਂ ਦੇ ਅੰਦਰ ਬੱਚਿਆਂ ਨੂੰ ਪੇਸ਼ ਕੀਤਾ ਜਾਵੇਗਾ। ਬਾਕੀ ਜੋ ਜੁਵੈਨਾਇਲ ਜਸਟਿਸ ਬੋਰਡ ਦੇ ਨਿਰਦੇਸ਼ ਹੋਣਗੇ ਉਹ ਅਨੁਸਾਰ ਕਾਰਵਾਈ ਹੋਵੇਗੀ।

# ਸ਼ਹੀਦ ਕੌਮ ਦਾ ਸਰਮਾਇਆ : ਸੰਧੂ




ਫਿਲੌਰ, 23 ਮਾਰਚ (ਅਜੇ ਸਿੰਘ ਨਾਗੀ): ਸ਼ਹੀਦੇ - ਏ - ਆਜ਼ਮ ਸਰਦਾਰ ਭਗਤ ਸਿੰਘ, ਸੁਖਦੇਵ, ਰਾਜਗੁਰੂ ਜੀ ਦਾ ਸ਼ਹੀਦੀ ਦਿਹਾੜਾ ਫਿਲੌਰ ਦੇ ਸੀਨੀਅਰ ਆਗੂ ਰਾਜਿੰਦਰ ਸੰਧੂ ਨੇ ਦਫਤਰ ਫਿਲੌਰ ਸ਼ਹੀਦਾਂ ਨੂੰ ਫੁੱਲ ਮਾਲਾ ਅਰਪਿਤ ਕਰਕੇ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਅੱਜ ਲੋੜ ਹੈ ਨੌਜਵਾਨ ਪੀੜ੍ਹੀ ਨੂੰ ਦੇਸ਼ ਦੀ ਆਜ਼ਾਦੀ ਲਈ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਤੋਂ ਜਾਣੂੰ ਕਰਵਾਈਏ ਤੇ ਪਿੰਡਾਂ ਸ਼ਹਿਰਾਂ ਦੇ ਕਸਬਿਆਂ ਦੇ ਵਿੱਚ ਨੁੱਕੜ ਨਾਟਕ ਤੇ ਮਾੜੀਆਂ ਅਲਾਮਤਾਂ ਤੋਂ ਨੌਜਵਾਨ ਪੀੜ੍ਹੀ ਨੂੰ ਬਚਾਉਣ ਲਈ ਖੇਡ ਮੇਲੇ ਛਿੰਝ ਮੇਲੇ ਕਰਵਾਉਣੇ ਚਾਹੀਦੇ ਹਨ। ਇਸ ਮੌਕੇ ਪ੍ਰਣ ਕੀਤਾ ਕਿ ਨੌਜਵਾਨ ਪੀੜ੍ਹੀ ਨੂੰ ਮਾੜੀਆਂ ਅਲਾਮਤਾਂ ਤੋਂ ਜਾਗਰੂਕ ਕੀਤਾ ਜਾਵੇਗਾ ਤੇ ਖੇਡ ਮੈਦਾਨ 'ਚ ਖੇਡਣ ਲਈ ਪ੍ਰੇਰਿਤ ਕਰਾਗੇ ਤਾਂ ਜੋ ਨਵੀਂ ਪੀੜ੍ਹੀ ਮਾਪਿਆਂ ਤੇ ਪੰਜਾਬ ਦਾ ਨਾਮ ਵਿਸ਼ਵ ਪੱਧਰ ਤੱਕ ਚਮਕਾਉਣ।

# ਅੱਖਾਂ ਦੀ ਜਾਂਚ ਅਤੇ ਆਪ੍ਰੇਸ਼ਨ ਕੈਂਪ 27 ਨੂੰ



ਲੁਧਿਆਣਾ, 23 ਮਾਰਚ (ਰਵਿੰਦਰ ਸਿੰਘ ਨਿੱਝਰ): ਵਿਸ਼ਵਕਰਮਾ ਨਿਸ਼ਕਾਮ ਸੇਵਾ ਟਰੱਸਟ ਵੱਲੋਂ ਹਰ ਮਹੀਨੇ ਦੀ ਤਰ੍ਹਾਂ ਇਸ ਵਾਰ ਵੀ 27 ਮਾਰਚ ਸ਼ੁੱਕਰਵਾਰ ਨੂੰ ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਅਤੇ ਚਿੱਟੇ ਮੋਤੀਏ ਦੇ ਅਪਰੇਸ਼ਨ ਦਾ ਕੈਂਪ ਗੁਰਦੁਆਰਾ ਬਾਬਾ ਵਿਸ਼ਵਕਰਮਾ ਭਵਨ ਸ਼ਿਮਲਾਪੁਰੀ ਗਲੀ ਨੰਬਰ ਤਿੰਨ, ਨੇੜੇ ਨਿੱਪੀ ਸਕੂਲ ਵਿਖੇ ਲਗਾਇਆ ਜਾ ਰਿਹਾ ਹੈ। ਟਰੱਸਟ ਦੇ ਪ੍ਰਧਾਨ ਬਲਬੀਰ ਸਿੰਘ ਕਲਸੀ ਅਤੇ ਡਾ ਓਂਕਾਰ ਚੰਦ ਸ਼ਰਮਾ ਨੇ ਦੱਸਿਆ ਕਿ ਸਵੇਰੇ 9 ਤੋਂ ਬਾਅਦ ਦੁਪਹਿਰ 1 ਵਜੇ ਤੱਕ ਲੱਗਣ ਵਾਲੇ ਇਸ ਕੈਂਪ ਵਿੱਚ ਮਰੀਜ਼ਾਂ ਦੀ ਜਾਂਚ ਕੀਤੀ ਜਾਵੇਗੀ ਅਤੇ ਜਿਨ੍ਹਾਂ ਮਰੀਜ਼ਾਂ ਦੇ ਆਪਰੇਸ਼ਨ ਕਰਨ ਦੀ ਜਰੂਰਤ ਹੋਵੇਗੀ, ਉਹਨਾਂ ਨੂੰ ਹਸਪਤਾਲ ਵਿੱਚ ਲਿਜਾ ਕੇ ਉੱਥੇ ਆਪਰੇਸ਼ਨ ਕਰਵਾਏ ਜਾਣਗੇ। ਮਰੀਜ਼ਾਂ ਨੂੰ ਹਸਪਤਾਲ ਲੈ ਕੇ ਜਾਣ ਅਤੇ ਲਿਆਉਣ ਦਾ ਪ੍ਰਬੰਧ ਟਰੱਸਟ ਵੱਲੋਂ ਕੀਤਾ ਜਾਵੇਗਾ। ਉਹਨਾਂ ਮਰੀਜ਼ਾਂ ਨੂੰ ਆਪਣੇ ਆਧਾਰ ਕਾਰਡਾਂ ਸਮੇਤ ਸਮੇਂ ਸਿਰ ਪਹੁੰਚਣ ਦੀ ਬੇਨਤੀ ਕੀਤੀ ਹੈ।

# ਯੂਨਾਇਟਿਡ ਯੂਥ ਫ਼ੈਡਰੇਸ਼ਨ ਟੀਮ ਗੋਗਾ ਨੇ ਕਰਵਾਇਆ ਸ਼ਰਧਾਂਜਲੀ ਸਮਾਰੋਹ



ਲੁਧਿਆਣਾ, 23 ਮਾਰਚ (ਰਵਿੰਦਰ ਸਿੰਘ ਨਿੱਝਰ): ਯੁਨਾਇਟਿਡ ਯੂਥ ਫੈਡਰੇਸ਼ਨ ਵੱਲੋਂ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਜੀ ਦੇ ਸ਼ਹੀਦੀ ਦਿਹਾੜੇ 'ਤੇ ਵਸ਼ੇਸ਼ ਸ਼ਰਧਾਂਜਲੀ ਸਮਾਰੋਹ ਕਰਵਾਇਆ ਗਿਆ, ਜਿਸ ਵਿੱਚ ਸ਼ਹੀਦਾਂ ਨੂੰ ਯਾਦ ਕਰਦਿਆਂ ਉਨ੍ਹਾਂ ਨੂੰ ਫੁੱਲ ਭੇਟ ਕੀਤੇ ਗਏ। ਉਚੇਚੇ ਤੌਰ ਪੁੱਜੇ ਇੰਦਰਜੀਤ ਸਿੰਘ ਨਵਯੁਗ, ਸੋਹਨ ਸਿੰਘ ਗੋਗਾ ਕੌਂਸਲਰ, ਸੁਖਵਿੰਦਰ ਸਿੰਘ ਦਹੇਲਾ, ਸੁਰਜੀਤ ਸਿੰਘ ਕਲਸੀ, ਬਲਵਿੰਦਰ ਸਿੰਘ, ਅਕਾਸ ਵਰਮਾ, ਹਰਸਿਮਰਨ ਸਿੰਘ ਲੱਕੀ, ਹਰਮੀਤ ਸਿੰਘ ਭਾਟੀਆ, ਕਰਮਜੀਤ ਸਿੰਘ, ਭੁਪਿੰਦਰ ਸਿੰਘ ਰਾਜੜ, ਦਵਿੰਦਰ ਸ਼ਰਮਾ, ਇੰਦਰਜੀਤ ਸਿੰਘ, ਮਨਜੀਤ ਸਿੰਘ, ਅਮਨਪਾਲ ਸਿੰਘ, ਹਰਪ੍ਰੀਤ ਸਿੰਘ, ਕਮਲਜੀਤ ਸਿੰਘ ਅਤੇ ਸੋਨੂ ਬਾਂਸਲ ਆਦਿ ਹਾਜ਼ਰ ਹੋਏ। ਗੋਗਾ ਨੇ ਕਿਹਾ ਕਿ ਅੱਜ ਅਸੀਂ ਅੱਜ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ ਇਨ੍ਹਾਂ ਸ਼ਹੀਦਾਂ ਦੀਆਂ ਕੁਰਬਾਨੀਆਂ ਸਦਕਾ ਲੋੜ ਹੈ ਅੱਜ ਨਸ਼ਿਆਂ ਦੀ ਗੁਲਾਮੀ ਤੇ ਆਜ਼ਾਦ ਹੋਣ ਦੀ ਪੰਜਾਬ ਸਰਕਾਰ ਦੀ ਸ਼ਲਾਘਾ ਕੀਤੀ, ਜੋ ਜ਼ੋਰਦਾਰ ਉਪਰਾਲੇ ਕਰ ਰਹੀ ਹੈ।

# ਸੰਗਤਾਂ ਨੇ ਪ੍ਰਾਪਤ ਕੀਤਾ ਆਤਮਕ ਆਨੰਦ



ਲੁਧਿਆਣਾ, 23 ਮਾਰਚ (ਰਵਿੰਦਰ ਸਿੰਘ ਨਿੱਝਰ) : ਗੁਰਦੁਆਰਾ ਸ਼ਹੀਦਾਂ ਫ਼ੇਰੂਮਾਨ ਢੋਲੇਵਾਲ ਚੌਂਕ ਵਿਖੇ ਹਫਤਾਵਾਰੀ ਧਾਰਮਿਕ ਗੁਰਮਤਿ ਸਮਾਗਮ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਵੱਲੋਂ ਸ਼ਰਧਾ ਅਤੇ ਸਤਿਕਾਰ ਸਹਿਤ ਕਰਵਾਇਆ ਗਿਆ। ਅੰਮ੍ਰਿਤ ਵੇਲੇ ਤੋਂ ਹੀ ਗੁਰਦੁਆਰਾ ਸਾਹਿਬ ਦੇ ਹਜ਼ੂਰੀ ਰਾਗੀ ਜਥਿਆਂ ਭਾਈ ਪਰਮਵੀਰ ਸਿੰਘ, ਭਾਈ ਗੁਰਦੀਪ ਸਿੰਘ ਜੈਪੁਰ ਵਾਲੇ, ਭਾਈ ਹਰਪ੍ਰੀਤ ਸਿੰਘ ਖਾਲਸਾ, ਭਾਈ ਗੁਰਸ਼ਰਨ ਸਿੰਘ ਕੋਮਲ ਅਤੇ ਵਿਸ਼ੇਸ਼ ਤੌਰ 'ਤੇ ਭਾਈ ਵਰਿੰਦਰ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬਵਾਲਿਆਂ ਅਤੇ ਉਨ੍ਹਾਂ ਦੇ ਜੱਥੇ ਵੱਲੋਂ ਅੰਮਿ੍ਤਮਈ ਗੁਰਬਾਣੀ ਕੀਰਤਨ ਦੀ ਸੇਵਾ ਨਿਭਾਈ ਗਈ। ਇਸ ਮੌਕੇ ਬੀਬੀਆਂ ਨੇ ਰਾਗੀ ਜਥੇ ਨੂੰ ਸਿਰਪਾਓ ਭੇਟ ਕੀਤੇ। ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਐਡਵੋਕੇਟ ਬਲਵਿੰਦਰ ਸਿੰਘ ਲਾਇਲਪੁਰੀ ਨੇ ਸੰਗਤਾਂ ਦਾ ਧੰਨਵਾਦ ਕੀਤਾ। ਗੁਰੂ ਕੇ ਅਤੁੱਟ ਲੰਗਰ ਵਰਤਾਏ ਗਏ। ਇਸ ਮੌਕੇ ਪਰਮਜੀਤ ਸਿੰਘ ਲਾਇਲਪੁਰੀ, ਤੇਜਿੰਦਰ ਡੰਗ, ਤਰਲੋਚਨ ਸਿੰਘ ਬੱਬਰ, ਇੰਦਰਜੀਤ ਸਿੰਘ ਮੱਕੜ, ਜਤਿੰਦਰਪਾਲ ਸਿੰਘ ਸਲੂਜਾ, ਸੁਰਿੰਦਰਜੀਤ ਸਿੰਘ ਮੱਕੜ, ਬਲਜੀਤ ਸਿੰਘ ਦੁਖੀਆ, ਅਵਤਾਰ ਸਿੰਘ ਪਨੇਸਰ, ਪ੍ਰੀਤਮ ਸਿੰਘ ਮਨਕੂ, ਇੰਦਰਜੀਤ ਸਿੰਘ ਗੋਲਾ, ਜੱਥੇਦਾਰ ਲਖਵਿੰਦਰ ਸਿੰਘ ਲੱਖਾ ਅਤੇ ਸੁਰਿੰਦਰ ਸਿੰਘ ਨਾਰੰਗ ਆਦਿ ਵੀ ਹਾਜ਼ਰ ਸਨ।

# ਵਿਧਾਇਕ ਸਿੱਧੂ ਵੱਲੋਂ ਮੰਤਰੀ ਅਰੋੜਾ 'ਸ਼ਹੀਦ ਭਗਤ ਸਿੰਘ ਯਾਦਗਾਰੀ ਐਵਾਰਡ' ਨਾਲ ਸਨਮਾਨਿਤ



ਲੁਧਿਆਣਾ, 23 ਮਾਰਚ (ਵਿਸ਼ਾਲ ਸ਼ਰਮਾ): ਬੀਤੇ ਦਿਨੀਂ ਕੈਬਨਿਟ ਮੰਤਰੀ ਸੰਜੀਵ ਅਰੋੜਾ ਵੱਲੋਂ ਲੱਗਭੱਗ 1.74 ਕਰੋੜ ਰੁਪਏ ਦੀ ਲਾਗਤ ਨਾਲ ਸ਼ਹਿਰ ਵਿਚ ਚੱਲ ਰਹੇ ਵਿਕਾਸ ਕਾਰਜਾਂ ਦੇ ਪ੍ਰੋਜੈਕਟਾਂ ਨੂੰ ਹਰੀ ਝੰਡੀ ਵਿਖਾਈ ਗਈ, ਜਿਹਨਾਂ ਵਿਚ ਚਿਲਡਰਨ ਡੇਅ ਬਹੁ ਮੰਤਵੀ ਖੇਡ ਪਾਰਕ, ਸਿਵਰ ਲਾਈਨਾਂ ਦੇ ਜਾਲ ਵਿਛਾਉਣ ਅਤੇ ਸ਼ਹੀਦ-ਏ-ਆਜਮ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਨਾਮ 'ਤੇ ਲਾਇਬ੍ਰੇਰੀ ਸਥਾਪਿਤ ਕਰਨਾ ਸ਼ਾਮਲ ਹਨ, ਦੇ ਨੀਂਹ ਪੱਥਰ ਰੱਖੇ ਗਏ। ਇਸੇ ਸੰਦਰਭ ਵਿਚ ਅੱਜ ਹਲਕਾ ਆਤਮ ਨਗਰ ਦੇ ਵਿਧਾਇਕ ਕੁਲਵੰਤ ਸਿੰਘ ਸਿੱਧੂ, ਕੌਂਸਲਰ ਪਰਮਿੰਦਰ ਸੋਮਾ ਅਤੇ ਜਨਰਲ ਸਕੱਤਰ ਰੇਸ਼ਮ ਸਿੰਘ ਸੱਗੂ ਵੱਲੋਂ ਮੰਤਰੀ ਅਰੋੜਾ ਨੂੰ ਸ਼ਹੀਦ ਭਗਤ ਸਿੰਘ ਯਾਦਗਾਰੀ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਸ ਸਮੇਂ ਚਰਨਜੀਤ ਸਿੰਘ ਵਿਸ਼ਵਕਰਮਾ, ਇੰਦਰਜੀਤ ਸਿੰਘ ਨਵਯੁੱਗ, ਰਣਜੀਤ ਸਿੰਘ ਮਠਾੜੂ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਮੌਕੇ ਵਿਧਾਇਕ ਸਿੱਧੂ ਅਤੇ ਰੇਸ਼ਮ ਸਿੰਘ ਸੱਗੂ ਨੇ ਸੂਬਾ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਭਗਵੰਤ ਸਿੰਘ ਮਾਨ ਵੱਲੋਂ ਜਿੱਥੇ ਸ਼ਹਿਰ ਦੇ ਬਹੁਪੱਖੀ ਵਿਕਾਸ ਕਾਰਜਾਂ ਨੂੰ ਤਰਜੀਹ ਦਿੱਤੀ ਗਈ, ਉੱਥੇ ਲਾਇਬ੍ਰੇਰੀ ਦਾ ਨਾਮ ਸ਼ਹੀਦ ਭਗਤ ਸਿੰਘ ਦੇ ਨਾਮ 'ਤੇ ਰੱਖਣਾ ਉਨ੍ਹਾਂ ਦੀ ਸ਼ਹੀਦਾਂ ਪ੍ਰਤੀ ਉੱਚੀ ਸੁੱਚੀ ਸੋਚ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਪਬਲਿਕ ਲਾਇਬ੍ਰੇਰੀਆਂ ਸਮਾਜ ਵਿੱਚ ਬਹੁਤ ਵੱਡੀ ਭੂਮਿਕਾ ਨਿਭਾਉਂਦੀਆਂ ਹਨ। ਇਹ ਸਿਰਫ਼ ਗਿਆਨ ਤੱਕ ਪਹੁੰਚ ਆਸਾਨ ਨਹੀਂ ਬਣਾਉਂਦੀ, ਬਲਕਿ ਲੋਕਾਂ ਵਿੱਚ ਪੜ੍ਹਨ ਦੀ ਲਾਲਸਾ ਅਤੇ ਬੋਧ ਸ਼ਕਤੀ ਨੂੰ ਵੀ ਉਤਸ਼ਾਹਿਤ ਕਰਦੀਆਂ ਹਨ। ਲੋਕਾਂ ਨੂੰ ਇੱਥੇ ਮੁਫਤ ਕਿਤਾਬਾਂ, ਰਿਸਰਚ ਸਮਗਰੀ ਅਤੇ ਡਿਜਿਟਲ ਸਰੋਤ ਮਿਲਦੇ ਹਨ, ਜਿਸ ਨਾਲ ਹਰ ਉਮਰ ਦੇ ਲੋਕ ਆਪਣੀ ਜਾਣਕਾਰੀ ਵਧਾ ਸਕਦੇ ਹਨ, ਆਪਣੇ ਕਰੀਅਰ ਲਈ ਤਿਆਰੀ ਕਰ ਸਕਦੇ ਹਨ, ਅਤੇ ਆਪਣੇ ਸੁਪਨਿਆਂ ਨੂੰ ਸਾਕਾਰ ਕਰ ਸਕਦੇ ਹਨ। ਇਸ ਮੌਕੇ ਸੱਗੂ ਨੇ ਕਿਹਾ ਕਿ ਇਸ ਯੋਗ ਉਪਰਾਲੇ ਨਾਲ ਨਾ ਸਿਰਫ਼ ਪੜ੍ਹਨ ਲਈ ਮੌਕੇ ਮਿਲਦੇ ਹਨ, ਬਲਕਿ ਸਮਾਜਿਕ ਜੁੜਾਵ, ਲਗਾਤਾਰ ਸਿੱਖਣ ਅਤੇ ਆਤਮ-ਵਿਕਾਸ ਲਈ ਵੀ ਇਹ ਇੱਕ ਮਜ਼ਬੂਤ ਆਧਾਰ ਪ੍ਰਦਾਨ ਕਰਦੀਆਂ ਹਨ। ਇਸ ਮੌਕੇ ਯੁਵਰਾਜ ਸਿੰਘ ਸਿੱਧੂ, ਕੌਂਸਲਰ ਜਸਮੀਤ ਸਿੰਘ ਨੌਨੀ, ਸੁਰਿੰਦਰ ਕਲਿਆਣ, ਸੋਹਣ ਸਿੰਘ ਗੋਗਾ, ਜਗਦੀਪ ਰਿੰਕੂ, ਕਮਲ ਕਪੂਰ ਮੈਂਬਰ ਖਤਰੀ ਬੋਰਡ ਪੰਜਾਬ ਸਰਕਾਰ, ਵਿਪਨ ਕੁਮਾਰ, ਸੋਸ਼ਲ ਮੀਡੀਆ ਇੰਚਾਰਜ ਗੁਰਪ੍ਰੀਤ ਸਿੰਘ, ਰਜਿੰਦਰ ਸਿੰਘ ਸਰਹਾਲੀ, ਰਣਧੀਰ ਸਿੰਘ, ਓਬੀਸੀ ਚੈਅਰਮੈਨ ਅਵਤਾਰ ਸਿੰਘ ਕੰਡਾ, ਸੋਨੀ, ਬਲਵਿੰਦਰ ਸਿੰਘ ਗੋਰਾ, ਜਗਦੀਪ ਸਿੰਘ ਲੋਟੇ, ਸੁਖਵਿੰਦਰ ਸਿੰਘ ਜਗਦੇਵ, ਨੀਲਮ ਲਖਨਪਾਲ, ਸੁਖਵਿੰਦਰ ਸਿੰਘ ਦਹੇਲੇ, ਅਮਰਜੀਤ ਸਿੰਘ ਲਾਡੀ, ਓਟਮ, ਮਹਿੰਦਰ ਸਿੰਘ ਡਬੂ, ਨਰਿੰਦਰ ਮਲਹੋਤਰਾ ਇਕਓਂਕਾਰ, ਅਰਸਦੀਪ ਬਿਲਾ, ਅੰਗਦ ਕੰਡਾ, ਅਵਤਾਰ ਸਿੰਘ ਚਾਨੇ, ਰਚਨਾ ਮਲਹੋਤਰਾ ਬਾਸਕਟ ਬਾਲ ਕੋਚ ਆਦਿ ਇਲਾਕਾ ਨਿਵਾਸੀ ਹਾਜ਼ਰ ਸਨ।

# ਡੀ.ਸੀ. ਨੇ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਸ਼ਹੀਦੀ ਦਿਹਾੜੇ ਮੌਕੇ ਸ਼ਰਧਾ ਦੇ ਫੁੱਲ ਕੀਤੇ ਭੇਟ



ਲੁਧਿਆਣਾ, 23 ਮਾਰਚ (ਵਿਸ਼ਾਲ ਸ਼ਰਮਾ): ਸ਼ਹੀਦ-ਏ-ਆਜ਼ਮ ਭਗਤ ਸਿੰਘ, ਸ਼ਹੀਦ ਰਾਜਗੁਰੂ ਅਤੇ ਸ਼ਹੀਦ ਸੁਖਦੇਵ ਦੇ ਸ਼ਹੀਦੀ ਦਿਹਾੜੇ ਮੌਕੇ ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਵੱਲੋਂ ਸਥਾਨਕ ਜਗਰਾਓਂ ਪੁੱਲ 'ਤੇ ਸਥਾਪਿਤ ਸ਼ਹੀਦਾਂ ਦੇ ਬੁੱਤਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਉਨ੍ਹਾਂ ਦੇ ਨਾਲ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਪੂਨਮ ਸਿੰਘ ਤੋਂ ਇਲਾਵਾ ਜ਼ਿਲ੍ਹਾ ਪ੍ਰਸ਼ਾਸ਼ਨ ਦੇ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ। ਡਿਪਟੀ ਕਮਿਸ਼ਨਰ ਜੈਨ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ, ਸ਼ਹੀਦ ਸੁਖਦੇਵ ਅਤੇ ਸ਼ਹੀਦ ਰਾਜਗੁਰੂ ਜੀ ਨੇ ਦੇਸ਼ ਦੀ ਖਾਤਰ ਆਪਣੀਆਂ ਜਾਨਾਂ ਵਾਰੀਆਂ ਅਤੇ ਦੇਸ਼ ਵਾਸੀ ਹਮੇਸ਼ਾ ਉਨ੍ਹਾਂ ਦੇ ਰਿਣੀ ਰਹਿਣਗੇ। ਉਨ੍ਹਾਂ ਨੌਜਵਾਨਾਂ ਨੂੰ ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਰਾਖੀ ਲਈ ਸਾਡੇ ਮਹਾਨ ਨਾਇਕਾਂ ਦੁਆਰਾ ਦਿੱਤੀ ਮਹਾਨ ਕੁਰਬਾਨੀ ਤੋਂ ਪ੍ਰੇਰਨਾ ਲੈਣ ਦਾ ਸੱਦਾ ਦਿੱਤਾ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜਿਸ ਤਰ੍ਹਾਂ ਸਾਡੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਨੌਜਵਾਨੀ ਦਾ ਵਡਮੁੱਲੀ ਭੂਮਿਕਾ ਰਹੀ ਹੈ, ਉਸੇ ਤਰ੍ਹਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਸੂਬੇ ਨੂੰ ਮੁੜ ਰੰਗਲਾ ਪੰਜਾਬ ਦੀ ਸਿਰਜਣਾ ਲਈ ਨੌਜਵਾਨਾਂ ਨੂੰ ਮੋਹਰੀ ਰੋਲ ਅਦਾ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਹ ਸਾਡੇ ਸਾਰਿਆਂ ਲਈ ਮਾਣ ਵਾਲੀ ਗੱਲ ਹੈ ਕਿ ਮਹਾਨ ਨਾਇਕਾਂ ਦੇ ਸ਼ਹੀਦੀ ਦਿਹਾੜੇ ਬੜੇ ਉਤਸ਼ਾਹ ਨਾਲ ਮਨਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਸਾਡੇ ਮਹਾਨ ਸ਼ਹੀਦਾਂ ਦੇ ਦਰਸਾਏ ਕਦਮਾਂ ਦੀ ਪਾਲਣਾ, ਸੂਬੇ ਅਤੇ ਦੇਸ਼ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਯੋਗਦਾਨ ਪਾਉਣਾ ਹੀ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਹੈ।

ਉਨ੍ਹਾਂ ਇਹ ਵੀ ਯਾਦ ਦੁਆਇਆ ਕਿ ਸਾਡੇ ਮਹਾਨ ਸੁਤੰਤਰਤਾ ਸੈਨਾਨੀਆਂ ਨੇ ਆਉਣ ਵਾਲੀਆਂ ਪੀੜ੍ਹੀਆਂ ਦੀ ਬਿਹਤਰੀ ਅਤੇ ਦੇਸ਼ ਅਤੇ ਸੂਬੇ ਦੇ ਸਰਬਪੱਖੀ ਵਿਕਾਸ ਨੂੰ ਯਕੀਨੀ ਬਣਾਉਣ ਲਈ ਸਰਬੋਤਮ ਕੁਰਬਾਨੀਆਂ ਦਿੱਤੀਆਂ ਅਤੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਆਪਣੇ ਸੁਤੰਤਰਤਾ ਸੰਗਰਾਮੀਆਂ ਦੀਆਂ ਸੋਚ ਦੀ ਕਦਰ ਕਰਨ ਲਈ ਸਖ਼ਤ ਯਤਨ ਕਰਨੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਸਮਾਜ, ਪ੍ਰਸ਼ਾਸਨ ਅਤੇ ਰਾਸ਼ਟਰ ਹਮੇਸ਼ਾਂ ਉਨ੍ਹਾਂ ਸ਼ਹੀਦਾਂ ਦੇ ਸ਼ੁਕਰਗੁਜ਼ਾਰ ਰਹਿਣਗੇ, ਜਿਨ੍ਹਾਂ ਭਗਤੀ ਦੀ ਭਾਵਨਾ ਨਾਲ ਆਪਣੇ ਦੇਸ਼ ਦੀ ਪ੍ਰਭੂਸੱਤਾ ਦੀ ਰੱਖਿਆ ਲਈ ਸੇਵਾ ਕੀਤੀ।

# ਲੋਕ ਇਨਸਾਫ਼ ਮੰਚ ਵੱਲੋਂ ਸ਼ਹੀਦੀ ਦਿਹਾੜਾ ਮਨਾਇਆ



ਫਿਲੌਰ, 23 ਮਾਰਚ (ਅਜੇ ਸਿੰਘ ਨਾਗੀ) : ਫਿਲੌਰ ਵਿਖੇ ਲੋਕ ਇਨਸਾਫ਼ ਮੰਚ ਵੱਲੋਂ ਸ਼ਹੀਦੇ ਆਜ਼ਮ ਭਗਤ ਸਿੰਘ, ਰਾਜਗੁਰੂ, ਸੁਖਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ। ਇਸ ਦੌਰਾਨ ਭਗਤ ਸਿੰਘ ਜੀ ਦੀ ਫੋਟੋ 'ਤੇ ਫੁੱਲਮਾਲਾ ਅਰਪਿਤ ਕਰਕੇ ਓਹਨਾਂ ਨੂੰ ਨਿੱਘੀ ਸ਼ਰਧਾਂਜਲੀ ਦਿੱਤੀ ਗਈ। ਇਸ ਦੌਰਾਨ ਪ੍ਰਧਾਨ ਜਰਨੈਲ ਫਿਲੌਰ ਜੀ ਨੇ ਓਹਨਾ ਨੂੰ ਫੁੱਲਮਾਲਾ ਭੇਟ ਕਰਦਿਆਂ ਕਿਹਾ ਕੀ ਜੋ ਸੁਪਨੇ ਸਜੋ ਕੇ ਸਾਡੇ ਸ਼ਹੀਦਾਂ ਨੇ ਕੁਰਬਾਨੀਆਂ ਦਿੱਤੀਆਂ ਸੀ ਓਹ ਸੁਪਨੇ ਆਜ਼ਾਦੀ ਦੇ 78 ਸਾਲ ਬੀਤਣ ਦੇ ਬਾਅਦ ਵੀ ਅਧੂਰੇ ਹਨ। ਅੱਜ ਭੀ ਅਮੀਰ ਗਰੀਬ ਊਚ ਨੀਚ ਦਾ ਪਾੜਾ ਸਾਡੇ ਸਮਾਜ ਵਿੱਚ ਹੈ ਅਤੇ ਭਗਤ ਸਿੰਘ ਜੀ ਦੇ ਸੁਪਨੇ ਪੂਰੇ ਕਰਨ ਲਈ ਸਾਨੂ ਇਕਜੁੱਟ ਹੋ ਕੇ ਸਰਕਾਰ ਦੀਆਂ ਗਲਤ ਨੀਤੀਆਂ ਦਾ ਵਿਰੋਧ ਕਰਨਾ ਪਵੇਗਾ। ਲੋਕਾਂ ਵਿੱਚ ਚੇਤਨਾ ਪੈਦਾ ਕਰਨੀ ਪਵੇਗੀ ਤਾਂ ਹੀ ਸਮਾਜ ਵਿੱਚ ਇਨਕਲਾਬ ਆ ਸਕਦਾ ਹੈ। ਇਸ ਮੌਕੇ ਲੋਕ ਇਨਸਾਫ਼ ਮੰਚ ਦੇ ਪ੍ਰਧਾਨ ਜਰਨੈਲ ਫਿਲੌਰ, ਹਨੀ ਫਿਲੌਰ, ਅਸ਼ੋਕ ਲਾਖਾ, ਸਰੂਪ ਲਾਲ ਕਲੇਰ, ਸ਼ਿੰਗਾਰਾ ਰਾਮ, ਰਾਮ ਪਾਲ ਸੈਫਆਬਾਦ, ਰਾਮ ਲਾਲ, ਜਗਦੀਸ਼, ਸੰਤ ਲਾਲ, ਅਨਮੋਲ, ਗੋਪਾਲ, ਲਖਨ, ਕਰਨ ਬੰਗਾ, ਨਵਪ੍ਰੀਤ ਜੱਖੂ, ਸੁਨੀਤਾ ਫਿਲੌਰ, ਬੀਬੀ ਹੰਸ ਕੌਰ, ਅੰਜੂ ਬਿਰਦੀ, ਗੇਜੋ, ਬੰਗੜ੍ਹ, ਮਹਿੰਦਰ ਕੌਰ, ਮਨਪ੍ਰੀਤ ਸੱਲ੍ਹਣ, ਮਾਇਰਾ ਸੱਲ੍ਹਣ, ਕੰਵਲਜੀਤ ਫਿਲੌਰ, ਕਾਜਲ ਫਿਲੌਰ, ਆਦਿ ਹਾਜ਼ਰ ਸਨ!

# ਵਿਧਾਇਕ ਬੱਗਾ ਵੱਲੋਂ ਵਿਧਾਇਕ-ਵਲੰਟੀਅਰ ਮੀਟਿੰਗ



ਲੁਧਿਆਣਾ, 23 ਮਾਰਚ (ਵਿਸ਼ਾਲ ਸ਼ਰਮਾ): ਵਿਧਾਇਕ ਚੌਧਰੀ ਮਦਨ ਲਾਲ ਬੱਗਾ ਨੇ ਵਿਧਾਇਕ-ਵਲੰਟੀਅਰ ਮਿਲਣੀ ਦੌਰਾਨ ਵਾਰਡ-92 ਅੰਤੇ ਵਾਰਡ 68 ਦੇ ਡਿਵੈਲਮੈਂਟ ਯੋਧਿਆਂ ਦੀ ਟੀਮ ਨਾਲ ਐਤਵਾਰ ਨੂੰ ਬ੍ਰੇਕਫਾਸਟ ਦੇ ਟੇਬਲ 'ਤੇ ਚੱਲ ਰਹੇ ਵਿਕਾਸ ਕਾਰਜਾਂ ਦੀ ਪ੍ਰਗਤੀ ਰਿਪੋਰਟ ਬਾਰੇ ਵਿਚਾਰ-ਵਟਾਂਦਰਾ ਕੀਤਾ। ਸਥਾਨਕ ਸਲੇਮ ਟਾਬਰੀ ਸਥਿਤ ਵਿਧਾਇਕ ਮੁੱਖ ਦਫਤਰ ਵਿਖੇ ਹੋਈ। ਮੀਟਿੰਗ ਵਿੱਚ ਵਾਰਡ ਕੌਂਸਲਰ ਬਿੱਟੂ ਭਾਰਦਵਾਜ ਅੱਚੇ ਕੌਂਸਲਰ ਪੁਸ਼ਪਿੰਦਰ ਭਨੋਟ ਬਿੱਟੂ ਦੀ ਅਗਵਾਈ ਹੇਠ ਵਾਰਡ ਵਿੱਚ ਮੋਹਰੀ ਭੂਮਿਕਾ ਨਿਭਾਅ ਰਹੇ 100 ਤੋਂ ਵੱਧ ਪਤਵੰਤੇ ਹਾਜ਼ਰ ਸਨ। ਵਿਧਾਇਕ ਬੱਗਾ ਨੇ ਆਪਣੇ ਵਿਧਾਇਕ ਦੇ ਤੌਰ 'ਤੇ ਅਪਣੇ ਚਾਰ ਸਾਲਾਂ ਦੇ ਕਾਰਜਕਾਲ ਦੌਰਾਨ ਦੋਹਾਂ ਵਾਰਡਾਂ ਵਿੱਚ ਹੋਏ ਵਿਕਾਸ ਕਾਰਜਾਂ ਬਾਰੇ ਫੀਡਬੈਕ ਲਿਆ। ਇਸ ਦੌਰਾਨ 'ਆਪ' ਦੇ ਪੰਜਾਬ ਇੰਚਾਰਜ ਮਨੀਸ਼ ਸਿਸੋਦੀਆ ਨੇ ਆਨਲਾਈਨ ਮੀਟਿੰਗ ਵਿੱਚ ਹਿੱਸਾ ਲੈ ਕੇ ਪਾਰਟੀ ਵਲੰਟੀਅਰਾਂ ਨਾਲ ਸਿੱਧੀ ਗੱਲਬਾਤ ਕੀਤੀ ਅਤੇ ਸਰਕਾਰ ਦੀਆਂ ਨੀਤੀਆਂ ਨੂੰ ਹਰ ਘਰ ਤੱਕ ਪਹੁੰਚਾਉਣ ਦਾ ਸੱਦਾ ਦਿੱਤਾ। ਕੌਂਸਲਰ ਬਿੱਟੂ ਭਾਰਦਵਾਜ ਅੱਤੇ ਪੁਸ਼ਪਿੰਦਰ ਭਨੋਟ ਬਿੱਟੂ ਨੇ ਅਪਣੇ-ਅਪਣੇ ਵਾਰਡਾਂ ਵਿੱਚ ਕਰਵਾਏ ਕਰੋੜਾਂ ਰੁਪਏ ਦੇ ਵਿਕਾਸ ਕਾਰਜਾਂ ਲਈ ਵਿਧਾਇਕ ਬੱਗਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਵਿਕਾਸ ਕਰਨਾ ਹੀ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਟੀਚਾ ਹੈ। ਇਸ ਮੌਕੇ ਕੌਂਸਲਰ ਅਮਨ ਬੱਗਾ, ਗੌਰਵ ਬੱਗਾ ਅਤੇ ਹੋਰ ਵੀ ਹਾਜ਼ਰ ਸਨ।

# ਸ਼ਹੀਦਾਂ ਵੱਲੋਂ ਚਿਤਵੇ ਮਨੁੱਖੀ ਬਰਾਬਰੀ ਵਾਲੇ ਸਮਾਜ ਦੀ ਸਿਰਜਣਾ ਲਈ ਜੱਦੋ-ਜਹਿਦ ਜਾਰੀ ਰੱਖਣ ਦਾ ਪ੍ਰਣ ਦੁਹਰਾਇਆ



ਲੁਧਿਆਣਾ, 23 ਮਾਰਚ (ਰਵਿੰਦਰ ਸਿੰਘ ਨਿੱਝਰ): ਨੌਜਵਾਨ ਅਤੇ ਜਨਤਕ ਜਮਹੂਰੀ ਜੱਥੇਬੰਦੀਆਂ ਵੱਲੋਂ 23 ਮਾਰਚ, 1931 ਨੂੰ ਦੇਸ਼ ਦੀ ਆਜ਼ਾਦੀ ਲਈ ਜੂਝਦੇ ਹੋਏ, ਅੰਗਰੇਜ਼ ਹਕੂਮਤ ਵੱਲੋਂ ਫਾਂਸੀ ਚੜ੍ਹਾਏ ਸ਼ਹੀਦਾਂ ਭਗਤ ਸਿੰਘ, ਰਾਜਗੁਰੂ, ਸੁਖਦੇਵ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਸਥਾਨਕ ਗਦਰੀ ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰ ਸੁਨੇਤ ਵਿਖੇ ਉਪਰੋਕਤ ਸ਼ਹੀਦਾਂ ਦੇ ਸਥਾਪਤ ਬੁੱਤਾਂ ਨੂੰ ਹਾਰ ਪਹਿਨਾ ਕੇ ਉਹਨਾਂ ਵੱਲੋਂ ਚਿਤਵੇ ਮਨੁੱਖੀ ਬਰਾਬਰੀ, ਇਨਸਾਫ ਅਤੇ ਲੁੱਟ ਰਹਿਤ ਸਮਾਜ ਦੀ ਸਿਰਜਣਾ ਕਰਨ ਦਾ ਸੰਕਲਪ ਦੁਹਰਾਇਆ। ਜੱਥੇਬੰਦੀਆਂ ਵਿੱਚ ਜਮਹੂਰੀ ਅਧਿਕਾਰ ਸਭਾ ਪੰਜਾਬ, ਗਦਰੀ ਸ਼ਹੀਦ ਬਾਬਾ ਭਾਨ ਸਿੰਘ ਨੌਜਵਾਨ ਸਭਾ, ਤਰਕਸ਼ੀਲ ਸੁਸਾਇਟੀ, ਸ਼ਹੀਦ ਬਾਬਾ ਭਾਨ ਸਿੰਘ ਗਦਰ ਮੈਮੋਰੀਅਲ ਟਰੱਸਟ ਦੇ ਕਾਰਕੁੰਨਾਂ ਨੇ ਸ਼ਹੀਦਾਂ ਵੱਲੋਂ ਬੁਲੰਦ ਕੀਤੇ ਨਾਹਰੇ 'ਇਨਕਲਾਬ ਜ਼ਿੰਦਾਬਾਦ, ਸਾਮਰਾਜਵਾਦ ਮੁਰਦਾਬਾਦ' ਨੂੰ ਪੂਰਾ ਕਰਨ ਤੱਕ ਜੱਦੋ-ਜਹਿਦ ਜਾਰੀ ਰੱਖਣ ਦਾ ਪ੍ਰਣ ਦੁਹਰਾਇਆ। ਇਸ ਮੌਕੇ ਇਹਨਾਂ ਸ਼ਹੀਦਾਂ ਦਾ ਨਾਂ ਵਰਤਕੇ ਸਮਾਜਿਕ ਬਦਲਾਅ ਲਿਆਉਣ ਦੇ ਵਾਅਦਿਆਂ ਰਾਹੀਂ ਲੋਕਾਂ ਨੂੰ ਗੁੰਮਰਾਹ ਕਰਕੇ ਰਾਜ ਗੱਦੀਆਂ ਪ੍ਰਾਪਤ ਕਰਨ ਵਾਲੇ ਸਿਆਸਤਦਾਨਾਂ ਤੋਂ ਸੁਚੇਤ ਰਹਿਣ ਦਾ ਵੀ ਸੱਦਾ ਦਿੱਤਾ। ਮੌਜੂਦਾ ਰਾਜ ਪ੍ਰਬੰਧ ਹੇਠ ਵੱਧ ਰਹੀ ਸਰਕਾਰੀ ਅਤੇ ਗੈਰ ਸਰਕਾਰੀ ਗੁੰਡਾ ਗਰਦੀ, ਭ੍ਰਿਸ਼ਟਾਚਾਰ, ਹੱਕ ਸੱਚ ਦੀ ਆਵਾਜ਼ ਜਬਰੀ ਬੰਦ ਕਰਨ ਅਤੇ ਲੋਕ ਵਿਰੋਧੀ ਅਤੇ ਕਾਰਪੋਰੇਟ ਪੱਖੀ ਸਰਕਾਰੀ ਨੀਤੀਆਂ ਖ਼ਿਲਾਫ਼ ਨਾਹਰੇਬਾਜ਼ੀ ਕੀਤੀ ਗਈ। ਇਸ ਮੌਕੇ ਜਸਵੰਤ ਜ਼ੀਰਖ, ਰਾਕੇਸ਼ ਆਜ਼ਾਦ, ਐਡਵੋਕੇਟ ਹਰਪ੍ਰੀਤ ਜ਼ੀਰਖ, ਜਗਜੀਤ ਸਿੰਘ, ਪ੍ਰਤਾਪ ਸਿੰਘ, ਅਜਮੇਰ ਦਾਖਾ, ਮਾ ਸੁਰਜੀਤ ਸਿੰਘ, ਮਾ ਜਰਨੈਲ ਸਿੰਘ, ਡਾ ਮੋਹਨ ਸਿੰਘ, ਵਰੁਣ ਕੁਮਾਰ, ਰਜੀਵ ਕੁਮਾਰ, ਮਹੇਸ਼ ਕੁਮਾਰ ਸਮੇਤ ਹੋਰ ਸ਼ਾਮਲ ਸਨ।



# ਖੇਤੀਬਾੜੀ

## ਕੰਬਾਈਨਾਂ ਨਾਲ ਕਣਕ ਦੀ ਸੁਚੱਜੀ ਕਟਾਈ

ਡਾ. ਮਹੇਸ਼ ਕੁਮਾਰ ਨਾਰੰਗ
ਡਾ. ਬਲਦੇਵ ਡੋਗਰਾ

**ਪੰਜਾਬ** ਦੀ ਖੇਤੀ ਵਿੱਚ ਕੰਬਾਈਨਾਂ ਦਾ ਬਹੁਤ ਵੱਡਾ ਯੋਗਦਾਨ ਹੈ। ਇਸ ਵਕਤ ਪੰਜਾਬ ਵਿੱਚ 75-80 ਫੀਸਦੀ ਕਣਕ ਦੀ ਕਟਾਈ ਕੰਬਾਈਨਾਂ ਨਾਲ ਹੁੰਦੀ ਹੈ, ਜਦ ਕਿ ਬਾਕੀ ਦੀ ਫ਼ਸਲ ਰੀਪਰ ਨਾਲ ਜਾਂ ਹੱਥੀ ਕੱਟੀ ਜਾਂਦੀ ਹੈ। ਇਸ ਤੋਂ ਉਪਰੰਤ ਥਰੈਸ਼ਰਾਂ ਨਾਲ ਗਹਾਈ ਕੀਤੀ ਜਾਂਦੀ ਹੈ। ਕੰਬਾਈਨਾਂ ਨਾਲ ਕਟਾਈ ਆਮ ਤੌਰ 'ਤੇ ਕਿਰਾਏ 'ਤੇ ਹੀ ਕੀਤੀ ਜਾਂਦੀ ਹੈ। ਕਿਰਾਏ 'ਤੇ ਕੰਮ ਕਰਨ ਵਾਲਿਆਂ ਨੂੰ ਕਾਹਲੀ ਹੁੰਦੀ ਹੈ ਕਿ ਕੰਮ ਜਲਦੀ ਤੋਂ ਜਲਦੀ ਮੁਕੰਮਲ ਹੋ ਜਾਵੇ। ਇਸ ਕਾਰਨ ਜ਼ਿਮੀਦਾਰ ਨੂੰ ਕੁੱਝ ਨੁਕਸਾਨ ਉਠਾਉਣਾ ਪੈਂਦਾ ਹੈ। ਇਸ ਨੁਕਸਾਨ ਨੂੰ ਜ਼ਿਮੀਦਾਰ ਆਪਣੇ ਪੱਧਰ 'ਤੇ ਘਟਾ ਸਕਦੇ ਹਨ, ਜੇ ਉਹ ਕੰਬਾਈਨ ਚਾਲਕ ਨੂੰ ਇਨ੍ਹਾਂ ਨੁਕਸਾਨਾਂ ਬਾਰੇ ਸੁਚੇਤ ਕਰਦੇ ਰਹਿਣ। ਇੱਕ ਅੰਦਾਜ਼ੇ ਮੁਤਾਬਕ ਸਭ ਤੋਂ ਵੱਧ ਨੁਕਸਾਨ ਕਣਕ ਦੀ ਪਛੇਤੀ ਕਟਾਈ ਨਾਲ ਹੁੰਦਾ ਹੈ। ਕਣਕ ਦੀ ਕਟਾਈ 10 ਤੋਂ 12 ਫੀਸਦੀ ਨਮੀ 'ਤੇ ਕਰੋ, ਪਰ ਆਮ ਤੌਰ 'ਤੇ ਜ਼ਿਮੀਦਾਰ ਇਸ ਨਮੀ ਤੋਂ ਘੱਟ 'ਤੇ ਹੀ ਕੰਮ ਕਰਾਉਂਦੇ ਹਨ, ਜਿਸ ਕਰਕੇ ਰੀਲ੍ਹ ਜਾਂ ਫਿਰਕੀ ਨਾਲ ਹੋਣ ਵਾਲਾ ਨੁਕਸਾਨ ਕਾਫ਼ੀ ਵਧ ਜਾਂਦਾ ਹੈ। ਕੰਬਾਈਨ ਨਾਲ ਹੋਣ ਵਾਲੇ ਨੁਕਸਾਨ ਕਈ ਕਿਸਮ ਦੇ ਹਨ, ਜਿਨ੍ਹਾਂ ਵਿੱਚ ਸ਼ਾਮਲ ਹਨ;

### ਨਮੀ ਘੱਟ ਹੋਣ ਕਰਕੇ ਹੋਣ ਵਾਲਾ ਨੁਕਸਾਨ:

ਜਿਉ ਜਿਉ ਫ਼ਸਲ ਦੀ ਨਮੀ ਘਟਦੀ ਹੈ, ਖੇਤ ਵਿੱਚ ਦਾਣੇ ਕਿਰਨੇ ਸ਼ੁਰੂ ਹੋ ਜਾਂਦੇ ਹਨ ਅਤੇ ਜਿਵੇਂ ਜਿਵੇਂ ਕਟਾਈ ਲੇਟ ਹੁੰਦੀ ਹੈ ਤਾਂ ਫਿਰਕੀ ਨਾਲ ਹੋਣ ਵਾਲੇ ਨੁਕਸਾਨ ਵੀ ਵਧਦੇ ਜਾਂਦੇ ਹਨ।

### ਰੀਲ ਜਾਂ ਫਿਰਕੀ ਨਾਲ ਹੋਣ ਵਾਲੇ ਨੁਕਸਾਨ:

ਕੰਬਾਈਨ ਵਿੱਚ ਫ਼ਸਲ ਨੂੰ ਕੰਬਾਈਨ ਵੱਲ ਧੱਕਣ ਵਾਸਤੇ ਇੱਕ ਫਿਰਕੀ ਲੱਗੀ ਹੁੰਦੀ ਹੈ, ਜਿਸ ਦੀ ਉਚਾਈ ਅਤੇ ਚਾਲ ਫ਼ਸਲ ਮੁਤਾਬਕ ਸੈੱਟ ਕਰਨੀ ਚਾਹੀਦੀ ਹੈ, ਪਰ ਜੇ ਨਮੀ ਘੱਟ ਹੋਵੇ ਤਾਂ ਇਹ ਫਿਰਕੀ ਨਾਲ ਵੀ ਕੁੱਝ ਦਾਣੇ ਕਿਰਕੇ ਖੇਤ ਵਿੱਚ ਹੀ ਡਿੱਗ ਪੈਂਦੇ ਹਨ। ਇਸ ਲਈ ਫਿਰਕੀ ਦੀ ਸੈਟਿੰਗ ਅਤੇ ਫ਼ਸਲ ਦੀ ਨਮੀ ਦਾ ਸਹੀ ਹਿਸਾਬ ਰੱਖਣਾ ਚਾਹੀਦਾ ਹੈ।

### ਗਹਾਈ ਰਾਹੀ ਹੋਣ ਵਾਲੇ ਨੁਕਸਾਨ:

ਜਦੋਂ ਅਸੀ ਕੰਬਾਈਨ ਨਾਲ ਕਟਾਈ ਕਰਦੇ ਹਾਂ ਤਾਂ ਕੁਝ ਮਲਬਾ ਉਸ ਦੇ ਪਿੱਛੇ ਡਿੱਗਦਾ ਹੈ। ਕਈ ਵਾਰ ਉਸ ਵਿੱਚ ਕੁੱਝ ਦਾਣੇ ਵੀ ਰਹਿ ਜਾਂਦੇ ਹਨ ਅਤੇ ਕੁੱਝ ਦਾਣੇ ਸਿੱਟਿਆਂ ਵਿੱਚ ਵੀ ਹੋ ਸਕਦੇ ਹਨ. ਸੋ ਇਸ ਤਰ੍ਹਾਂ ਵੀ ਦਾਣਿਆਂ ਦਾ ਨੁਕਸਾਨ ਹੁੰਦਾ ਹੈ।

### ਦਾਣਿਆਂ ਦੀ ਟੁੱਟ ਭੱਜ:

ਜੇ ਕੰਬਾਈਨ ਦੇ ਗਹਾਈ ਥਰੈਸ਼ਰ ਦੀ ਰਫ਼ਤਾਰ ਜਾਂ ਫਿਰ ਸਿਲੰਡਰ ਅਤੇ ਕਨਕੇਵ ਵਿੱਚ ਵਿੱਥ ਸਹੀ ਨਾ ਹੋਵੇ ਤਾਂ ਵੀ ਕੰਬਾਈਨ ਵਿੱਚ ਦਾਣਿਆਂ ਦੀ ਟੁੱਟ ਭੱਜ ਵਧ ਜਾਂਦੀ ਹੈ। ਇਸ ਵਿਧੀ ਨਾਲ ਵੀ ਦਾਣਿਆਂ ਦਾ ਨੁਕਸਾਨ ਹੋ ਜਾਂਦਾ ਹੈ।

### ਦਾਣਿਆਂ ਦਾ ਨੁਕਸਾਨ ਕਿਵੇਂ ਘਟਾਇਆ ਜਾਵੇ:

ਦਾਣਿਆਂ ਦਾ ਨੁਕਸਾਨ ਅਤੇ ਕੰਬਾਈਨਾਂ ਦੇ ਨੁਕਸ ਸੈਟਿੰਗ ਰਾਹੀ ਦੂਰ ਕੀਤੇ ਜਾਂਦੇ ਹਨ। ਕੰਬਾਈਨ ਨਾਲ ਸਹੀ ਅਤੇ ਸੁਰੱਖਿਅਤ ਕੰਮ ਕਰਨ ਲਈ ਕੁੱਝ ਨੁਕਤੇ ਧਿਆਨ ਵਿੱਚ ਰੱਖਣੇ ਬਹੁਤ ਜ਼ਰੂਰੀ ਹਨ;



### ਮਸ਼ੀਨ ਮਿੱਥੀ ਹੋਈ ਰਫ਼ਤਾਰ 'ਤੇ ਚਲਾਓ:

ਇਸ ਵਿੱਚ ਪਰੋਪੈਲਡ ਕਿਸਮ ਦੀ ਕੰਬਾਈਨ ਜੋ 80-120 ਹਾਰਸ ਹਾਰਸ ਪਾਵਰ ਦੀ ਹੈ, ਉਸ ਵਿੱਚ ਕਟਰਬਾਰ ਦਾ ਸਾਈਜ਼ 4.0.5.0 ਰੱਖੋ। ਇਸ ਦੀ ਖੜ੍ਹੀ ਫ਼ਸਲ ਲਈ ਸਹੀ ਰਫ਼ਤਾਰ 3.5-5.5 (ਕਿਲੋਮੀਟਰ ਪ੍ਰਤੀ ਘੰਟਾ) ਅਤੇ ਡਿੱਗੀ ਹੋਈ ਫ਼ਸਲ ਲਈ 2.0-3.0 ਹੈ। ਇਸੇ ਤਰ੍ਹਾਂ ਹੀ ਟਰੈਕਟਰ ਵਾਲੀ ਕੰਬਾਈਨ ਲਈ ਜੋ 50-65 ਹਾਰਸ ਪਾਵਰ ਦੀ ਹੈ, ਉਸ ਵਿੱਚ ਕਟਰਬਾਰ ਦਾ ਸਾਈਜ਼ 3.0-4.0 ਰੱਖੋ। ਇਸ ਦੀ ਖੜ੍ਹੀ ਫ਼ਸਲ ਲਈ ਸਹੀ ਰਫ਼ਤਾਰ 1.5-2.0 ਹੈ। ਡਿੱਗੀ ਫ਼ਸਲ ਚੁੱਕਣ ਵਾਸਤੇ ਕੰਬਾਈਨ ਫ਼ਸਲ ਡਿੱਗਣ ਦੀ ਉਲਟ ਦਿਸ਼ਾ ਵਿੱਚ ਚਲਾਉਣੀ ਚਾਹੀਦੀ ਹੈ। ਜੇ ਫ਼ਸਲ ਦੀ ਨਮੀ 12 ਪ੍ਰਤੀਸ਼ਤ ਤੋਂ ਵੱਧ ਹੋਵੇ ਤਾਂ ਵਾਢੀ ਨਾ ਕਰੋ। ਖੁੰਢੇ ਹੋ ਗਏ ਕਟਰਬਾਰ ਦੇ ਬਲੇਡ ਬਦਲੋ। ਜੇ ਕੰਬਾਈਨ ਦੇ ਪਿੱਛੇ ਦਾਣਿਆਂ ਦਾ ਨੁਕਸਾਨ 1.0 ਪ੍ਰਤੀਸ਼ਤ ਤੋਂ ਵੱਧ ਹੈ ਤਾਂ ਪੱਖੇ ਦੀ ਹਵਾ ਘਟਾਓ। ਜੇ ਫਿਰ ਵੀ ਫ਼ਰਕ ਨਾ ਪਵੇ ਤਾਂ ਸਫ਼ਾਈ ਵਾਲੀ ਜਾਲੀ ਦੀ ਵਿੱਥ ਵਧਾਉ। ਜੇ ਦਾਣਿਆਂ ਦੇ ਟੈਂਕ ਵਿੱਚ ਦਾਣਿਆਂ ਦੀ ਟੁੱਟ ਵੱਧ ਹੈ ਤਾਂ ਸਿਲੰਡਰ ਤੇ ਕਨਕੇਵ ਵਿੱਚ ਵਿੱਥ ਵਧਾਉ। ਜੇ ਅਣਗਾਹੇ ਦਾਣੇ 1.0 ਪ੍ਰਤੀਸ਼ਤ ਤੋਂ ਵੱਧ ਹਨ ਤਾਂ ਸਿਲੰਡਰ ਤੇ ਕਨਕੇਵ ਵਿੱਚ ਵਿੱਥ ਘਟਾਉ। ਜੇ ਕੰਬਾਈਨ ਓਵਰਲੋਡ ਹੋ ਰਹੀ ਹੈ ਤਾਂ ਰਫ਼ਤਾਰ ਘਟਾਉ ਜਾਂ ਫ਼ਸਲ ਨੂੰ ਉੱਚੀ ਵੱਢੋ। ਟਾਇਰਾਂ ਦਾ ਦਬਾਅ ਚੈੱਕ ਕਰਕੇ ਮਿੱਥੇ ਹੋਏ ਅੰਕੜੇ ਮੁਤਾਬਿਕ ਹਵਾ ਭਰਨੀ ਚਾਹੀਦੀ ਹੈ। ਆਮ ਤੌਰ 'ਤੇ ਇਹ ਦਬਾਅ ਅਗਲੇ ਟਾਇਰਾਂ ਵਿੱਚ ਇੱਕ ਅਤੇ ਪਿਛਲੇ ਵਿੱਚ ਦੋ ਕਿਲੋਗ੍ਰਾਮ ਪ੍ਰਤੀ ਵਰਗ ਸੈਂਟੀਮੀਟਰ ਦੇ ਹਿਸਾਬ ਨਾਲ ਹੁੰਦਾ ਹੈ। ਬੈਰਿੰਗ ਅਤੇ ਚੱਲਣ ਵਾਲੇ ਹਿੱਸਿਆਂ ਨੂੰ ਰੋਜ਼ਾਨਾ ਗਰੀਸ ਜਾਂ ਤੇਲ ਦੇਣਾ ਚਾਹੀਦਾ ਹੈ।

### ਕੰਬਾਈਨ ਚਲਾਉਣ ਲੱਗਿਆਂ ਜ਼ਰੂਰੀ ਸਾਵਧਾਨੀਆਂ ਵਰਤਣੀਆਂ ਚਾਹੀਦੀਆਂ ਹਨ:

-ਕੰਬਾਈਨ ਚਲਾਉਂਦੇ ਸਮੇਂ ਨਸ਼ੇ ਦੀ ਵਰਤੋਂ ਨਹੀ ਕਰਨੀ ਚਾਹੀਦੀ।
-ਕੰਬਾਈਨ ਡਰਾਈਵਰ ਨੂੰ ਕੰਮ ਸਮੇਂ ਢਿੱਲੇ ਕੱਪੜੇ ਨਹੀ ਪਾਉਣੇ ਚਾਹੀਦੇ।
-ਚੱਲਦੇ ਪਟੇ ਜਾਂ ਬੈਲਟ ਉੱਪਰੋਂ ਨਹੀ ਲੰਘਣਾ ਚਾਹੀਦਾ।
-ਚੱਲਦੀ ਕੰਬਾਈਨ 'ਤੇ ਚੜ੍ਹਨਾ ਜਾਂ ਉਤਰਨਾ ਨਹੀ ਚਾਹੀਦਾ।
-ਕੰਬਾਈਨ 'ਤੇ ਸੁਰੱਖਿਅਤ ਸ਼ੀਲਡਾਂ ਲੱਗੀਆਂ ਹੋਈਆਂ ਚਾਹੀਦੀਆਂ ਹਨ।
-ਖੇਤ ਵਿੱਚ ਲਟਕਦੀਆਂ ਬਿਜਲੀ ਦੀਆਂ ਤਾਰਾਂ ਦਾ ਧਿਆਨ ਰੱਖਿਆ ਜਾਵੇ।
-ਗਿੱਲੀ ਜਾਂ ਜ਼ਿਆਦਾ ਨਮੀ ਵਾਲੀ ਫ਼ਸਲ ਦੀ ਕਟਾਈ ਕੰਬਾਈਨ ਨਾਲ ਕਰਦੇ ਸਮੇਂ ਅੱਗ ਲੱਗ ਸਕਦੀ ਹੈ।
-ਜਾਂਚ ਅਤੇ ਰੱਖ-ਰਖਾਅ ਦੌਰਾਨ ਇੰਜਣ ਨੂੰ ਬੰਦ ਕਰਨਾ ਅਤੇ ਬਰੇਕ ਪੈਡਲ ਨੂੰ ਲਾਕ ਕਰਨਾ ਯਕੀਨੀ ਬਣਾਓ। ਮਸ਼ੀਨ ਦੀ ਜਾਂਚ ਅਤੇ ਰੱਖ-ਰਖਾਅ ਕਰਨ ਤੋਂ ਪਹਿਲਾਂ ਇੰਜਣ ਨੂੰ ਬੰਦ ਕਰੋ, ਬਰੇਕ ਪੈਡਲ ਨੂੰ ਲਾਕ ਕਰੋ ਅਤੇ ਨਾਨ-ਸਕਿੱਡ ਡਿਵਾਈਸ ਨੂੰ ਪੁਲੀ ਦੇ ਹੇਠਾਂ ਰੱਖੋ।
-ਬਿਜਲੀ ਦੇ ਟ੍ਰਾਂਸਫਾਰਮਰਾਂ ਦੇ ਨੇੜੇ ਦੀ ਫ਼ਸਲ ਨੂੰ ਹੱਥੀ ਕੱਟਣਾ ਚਾਹੀਦਾ ਹੈ।

### ਕੰਬਾਈਨ ਦੁਆਰਾ ਦਾਣਿਆਂ ਦਾ ਨੁਕਸਾਨ ਅਤੇ ਠੀਕ ਕਰਨ ਦੇ ਸੁਝਾਓ:

ਜੇਕਰ ਫਿਰਕੀ (ਰੀਲ) ਰਾਹੀ ਦਾਣੇ ਜਾਂ ਸਿੱਟਿਆਂ ਦਾ ਨੁਕਸਾਨ ਹੋ ਰਿਹਾ ਹੈ ਤਾਂ ਇਸ ਦਾ ਕਾਰਨ ਫਿਰਕੀ ਦੀ ਉੱਚਾਈ ਠੀਕ ਨਾ ਹੋਣਾ, ਫਿਰਕੀ ਦੀ ਸਪੀਡ ਬਹੁਤ ਤੇਜ਼ ਹੋਣਾ ਅਤੇ ਕੰਬਾਈਨ ਦੀ ਸਪੀਡ ਤੇਜ਼ ਹੋਣਾ ਹੈ। ਇਸ ਨੁਕਸਾਨ ਨੂੰ ਦੂਰ ਕਰਨ ਲਈ ਫਿਰਕੀ ਦੀ ਉੱਚਾਈ ਸਹੀ ਸੈਟ ਕਰੋ। ਫਿਰਕੀ ਦੀਆਂ ਫੱਟੀਆਂ ਕਟਰਬਾਰ ਤੋਂ ਚਾਰ ਤੋਂ ਦੱਸ ਮਿਲੀਮੀਟਰ ਅਗਾਂਹ ਨੂੰ ਹੋਈਆ ਚਾਹੀਦੀਆਂ ਹਨ। ਗਰਾਰੀ ਬਦਲ ਕੇ ਫਿਰਕੀ ਦੀ ਸਪੀਡ ਠੀਕ ਕਰ ਲੈਣੀ ਚਾਹੀਦੀ ਹੈ। ਇਹ ਕੰਬਾਈਨ ਦੀ ਰਫ਼ਤਾਰ ਤੋਂ 25 ਫੀਸਦੀ ਵੱਧ ਹੋਣੀ ਚਾਹੀਦੀ ਹੈ। ਕੰਬਾਈਨ ਸਹੀ ਸਪੀਡ 'ਤੇ ਚਲਾਓ। ਡਿੱਗੀ ਹੋਈ ਫ਼ਸਲ ਵਿੱਚ ਕੰਬਾਈਨ ਦਾ ਰੁਖ਼ ਡਿੱਗੀ ਹੋਈ ਫ਼ਸਲ ਦੇ ਉਲਟ ਹੋਣਾ ਚਾਹੀਦਾ ਹੈ। ਜੇਕਰ ਰੀਲ 'ਤੇ ਫ਼ਸਲ ਲਿਪਟ ਜਾਵੇ ਤਾਂ ਇਸ ਦਾ ਕਾਰਨ ਫ਼ਸਲ ਦਾ ਡਿੱਗੀ ਹੋਣਾ ਹੈ। ਇਸ ਨੁਕਸਾਨ ਨੂੰ ਦੂਰ ਕਰਨ ਲਈ ਪਿਕਅਪ ਰੀਲ ਲਗਾਓ। ਰੀਲ ਸਪੀਡ ਘਟਾਓ ਅਤੇ ਰੀਲ ਨੂੰ ਉੱਚੀ ਫਿਟ ਕਰੋ। ਜੇਕਰ ਪਲੈਟਫਾਰਮ 'ਤੇ ਫ਼ਸਲ ਇਕੱਠੀ ਹੋਈ ਹੈ ਤਾਂ ਆਗਰ ਦੀ ਸੈਟਿੰਗ ਠੀਕ ਨਹੀ ਹੈ। ਇਸ ਨੂੰ ਦੂਰ ਕਰਨ ਲਈ ਆਗਰ ਦੀ ਸੈਟਿੰਗ ਕਰੋ। ਜੇਕਰ ਕਟਰਬਾਰ ਰਾਹੀ ਦਾਣੇ ਅਤੇ ਸਿੱਟੇ ਕਿਰ ਰਹੇ ਹਨ ਤਾਂ ਕਟਰਬਾਰ ਜ਼ਿਆਦਾ ਉੱਚਾ ਹੋਣ ਕਾਰਨ ਕਟਰਬਾਰ ਨਾਲ ਫ਼ਸਲ ਖਿੱਚੀ ਜਾਂਦੀ ਹੈ। ਇਸ ਲਈ ਕਟਰਬਾਰ ਠੀਕ ਉੱਚਾਈ 'ਤੇ ਰੱਖੋ। ਟੁੱਟੇ ਬਲੇਡ ਜਾਂ ਮੁੜੇ ਸਿਰੇ ਨੂੰ ਠੀਕ ਕਰੋ। ਜੇਕਰ ਅਣਗਾਹੇ ਦਾਣੇ ਹਨ ਤਾਂ ਇਸ ਦਾ ਕਾਰਨ ਫ਼ਸਲ ਦਾ ਜ਼ਿਆਦਾ ਗਿੱਲੀ ਹੋਣਾ, ਸਿਲੰਡਰ ਦੀ ਸਪੀਡ ਦਾ ਘੱਟ ਹੋਣਾ ਅਤੇ ਕਨਕੇਵ ਅਤੇ ਸਿਲੰਡਰ ਵਿੱਚ ਵਿੱਥ ਜ਼ਿਆਦਾ ਹੋਣਾ ਹੈ। ਇਸ ਲਈ ਫ਼ਸਲ ਦੀ ਸਿੱਲ੍ਹ 15× ਤੋਂ ਘੱਟ ਹੋਣੀ ਚਾਹੀਦੀ ਹੈ। ਸਿਲੰਡਰ ਦੀ ਸਪੀਡ ਨੂੰ ਵਧਾਓ ਅਤੇ ਸਿਲੰਡਰ ਕਨਕੇਵ ਵਿੱਚ ਵਿੱਥ ਨੂੰ ਘੱਟ ਕਰੋ। ਜੇਕਰ ਦਾਣੇ ਟੁੱਟੇ ਹੋਏ ਹਨ ਤਾਂ ਇਸ ਦਾ ਕਾਰਨ ਸਿਲੰਡਰ ਦੀ ਸਪੀਡ ਦਾ ਤੇਜ਼ ਹੋਣਾ ਅਤੇ ਸਿਲੰਡਰ ਕਲਕੇਵ ਵਿੱਥ ਦਾ ਤੰਗ ਹੋਣਾ ਹੈ। ਇਸ ਲਈ ਸਿਲੰਡਰ ਸਪੀਡ ਨੂੰ ਘੱਟ ਕਰੋ ਅਤੇ ਸਿਲੰਡਰ ਕਨਕੇਵ ਵਿੱਥ ਲੋੜ ਅਨੁਸਾਰ ਖੁੱਲ੍ਹੀ ਕਰੋ। ਜੇਕਰ ਸਿਲੰਡਰ ਦੁਆਲੇ ਫ਼ਸਲ ਲਿਪਟ ਰਹੀ ਹੈ ਤਾਂ ਇਸ ਦਾ ਮਤਲਬ ਫ਼ਸਲ ਗਿੱਲੀ ਹੈ ਜਾਂ ਫ਼ਸਲ ਵਿੱਚ ਲੰਮੇ ਅਤੇ ਗਿੱਲੇ ਨਦੀਨ ਦਾ ਹੋਣਾ ਹੈ। ਇਸ ਫ਼ਸਲ ਨੂੰ ਸੁੱਕ ਲੈਣ ਦਿਓ ਅਤੇ ਸਿਲੰਡਰ ਸਪੀਡ ਵਧਾਓ। ਕਟਰਬਾਰ ਦੀ ਉੱਚਾਈ ਵੱਧ ਕਰੋ ਤਾਂ ਕਿ ਨਦੀਨ ਘੱਟ ਆਉਣ। ਜੇਕਰ ਸਿਲੰਡਰ ਦੀ ਓਵਰਲੋਡਿੰਗ ਹੋ ਰਹੀ ਹੈ ਤਾਂ ਸਿਲੰਡਰ ਦੀ ਸਪੀਡ ਘੱਟ ਹੋਣਾ ਇਸ ਦਾ ਕਾਰਨ ਹੈ ਜਾਂ ਫ਼ਸਲ ਬਹੁਤ ਭਰਵੀ ਹੋਣਾ ਹੈ। ਇਸ ਲਈ ਸਿਲੰਡਰ ਦੀ ਸਪੀਡ ਵਧਾਓ ਅਤੇ ਕੰਬਾਈਨ ਦੀ ਰਫ਼ਤਾਰ ਘਟਾ ਦਿਓ। ਜੇਕਰ ਸਿਲੰਡਰ ਵਿੱਚ ਫ਼ਸਲ ਰੁਕ-ਰੁਕ ਕੇ ਆ ਰਹੀ ਹੈ ਤਾਂ ਆਗਰ ਦੀ ਸੈਟਿੰਗ ਠੀਕ ਨਹੀ ਹੈ, ਬੈਲਟਾਂ ਸਲਿੱਪ ਕਰਦੀਆਂ ਹਨ ਅਤੇ ਫੀਡਰ ਚੈਨ ਬਹੁਤ ਕੱਸੀ ਹੋਈ ਹੈ। ਇਸ ਨੁਕਸਾਨ ਨੂੰ ਦੂਰ ਕਰਨ ਲਈ ਆਗਰ ਠੀਕ ਸੈਂਟ ਕਰੋ, ਬੈਲਟਾਂ ਦੀ ਸਲਿੱਪ ਠੀਕ ਕਰੋ ਅਤੇ ਫੀਡਰ ਚੈਨ ਨੂੰ ਢਿੱਲਾ ਕਰੋ। ਜੇਕਰ ਵਾਕਰ (ਰੈਕ) ਰਾਹੀ ਦਾਣਿਆਂ ਦਾ ਨੁਕਸਾਨ ਹੋ ਰਿਹਾ ਹੈ ਤਾਂ ਵਾਕਰ ਦੀ ਸਪੀਡ ਠੀਕ ਨਾ ਹੋਣਾ, ਵਾਕਰ ਦੇ ਸੁਰਾਖ ਬੰਦ ਹੋਣਾ, ਸਿਲੰਡਰ ਸਪੀਡ ਤੇਜ਼ ਹੋਣ ਕਰਕੇ ਬਾਰੀਕ ਤੂੜੀ ਜ਼ਿਆਦਾ ਮਿਕਦਾਰ ਵਿੱਚ ਹੋਣਾ ਅਤੇ ਵਾਕਰ 'ਤੇ ਪਰਦਾ ਨਾ ਹੋਣਾ ਹੈ ਜਿਸ ਕਰਕੇ ਦਾਣੇ ਪਿੱਛੇ ਵੱਲ ਡਿੱਗਦੇ ਹਨ। ਇਸ ਨੁਕਸਾਨ ਨੂੰ ਦੂਰ ਕਰਨ ਲਈ ਵਾਕਰ ਦੀ ਸਪੀਡ ਘਟਾ ਕੇ ਰੈਕ ਉੱਪਰ ਗਾਹ ਦੀ ਮਾਤਰਾ ਘੱਟ ਕਰੋ। ਵਾਕਰ ਦੀਆਂ ਮੋਰੀਆਂ ਸਾਫ਼ ਕਰੋ। ਸਿਲੰਡਰ ਦੀ ਸਪੀਡ ਘਟਾਓ ਅਤੇ ਵਾਕਰ 'ਤੇ ਪਰਦਾ ਲਗਾਓ। ਜੇਕਰ ਛਾਨਣੀਆਂ ਰਾਹੀ ਦਾਣਿਆਂ ਦਾ ਨੁਕਸਾਨ ਹੋ ਰਿਹਾ ਹੈ ਤਾਂ ਇਸ ਦਾ ਕਾਰਨ ਤੂੜੀ ਨਾਲ ਛਾਨਣਾ ਜ਼ਿਆਦਾ ਭਰਿਆ ਹੋਣਾ, ਦਾਣੇ ਤੂੜੀ ਵਿੱਚ ਜਾਣਾ, ਦਾਣਿਆਂ ਵਿੱਚ ਤੂੜੀ ਦੀ ਮਿਕਦਾਰ ਜ਼ਿਆਦਾ ਹੋਣਾ ਅਤੇ ਟੇਲਿੰਗ ਵਿੱਚ ਘੁੰਡੀਆਂ ਦਾ ਹੋਣਾ ਹੈ। ਇਸ ਨੁਕਸਾਨ ਨੂੰ ਦੂਰ ਕਰਨ ਲਈ ਹਵਾ ਦੀ ਮਿਕਦਾਰ ਵਧਾਓ। ਸਿਲੰਡਰ ਕਨਕੇਵ ਵਿੱਚ ਵਿੱਥ ਵਧਾਓ ਤਾਂ ਕਿ ਤੂੜੀ ਘੱਟ ਬਣੇ। ਚੈਫਰ ਦੀਆਂ ਮੋਰੀਆਂ ਖੋਲ੍ਹੋ ਅਤੇ ਹਵਾ ਦੀ ਮਾਤਰਾ ਘੱਟ ਕਰੋ। ਹਵਾ ਦੀ ਰਫ਼ਤਾਰ ਵਧਾਓ। ਕੰਬਾਈਨ ਦੀ ਸਪੀਡ ਘੱਟ ਕਰੋ ਅਤੇ ਸਿਲੰਡਰ ਦੀ ਸਪੀਡ ਘਟਾਓ। ਇਸ ਦੇ ਨਾਲ ਹੀ ਹਵਾ ਦੀ ਦਿਸ਼ਾ ਠੀਕ ਕਰੋ ਅਤੇ ਹਵਾ ਦਾ ਬਲਾਸਟ ਵਧਾਓ।

## ਵਾਢੀ ਮੌਕੇ ਹਾਸ਼ੀਏ 'ਤੇ ਪੁੱਜੀ 'ਦਾਤੀ' ਦੀ ਸਰਦਾਰੀ



ਬਿੰਦਰ ਸਿੰਘ ਖੁੱਡੀ ਕਲਾਂ

**ਖੇਤੀ** ਖੇਤਰ ਦੇ ਹੋਏ ਮਸ਼ੀਨੀਕਰਨ ਦੀ ਬਦੌਲਤ ਅਲੋਪ ਹੋਏ ਬਹੁਤ ਸਾਰੇ ਖੇਤੀ ਸੰਦਾਂ ਵਿੱਚੋਂ ਇਕ ਹੈ ਦਾਤੀ। ਦਾਤੀ ਲੋਹੇ ਦੀ ਹਲਕੀ ਗੋਲਾਈ ਵਾਲੀ ਬਹੁਤ ਮਜ਼ਬੂਤ ਪੱਤੀ ਹੁੰਦੀ ਹੈ। ਪੱਤੀ ਦੇ ਇਕ ਪਾਸੇ ਆਰੀ ਵਾਂਗ ਤਿੱਖੇ ਦੰਦੇ ਹੁੰਦੇ ਹਨ। ਦਾਤੀ ਨੂੰ ਫੜਨ ਲਈ ਇਕ ਸਿਰੇ 'ਤੇ ਲੱਕੜ ਦਾ ਮੁੱਠਾ ਲਗਾਇਆ ਜਾਂਦਾ ਹੈ। ਇਸ ਮੁੱਠੇ ਤੋਂ ਫੜ ਕੇ ਕਣਕ ਜਾਂ ਹਰਾ ਚਾਰਾ ਵੱਢਣ ਲਈ ਦਾਤੀ ਦਾ ਇਸਤੇਮਾਲ ਕੀਤਾ ਜਾਂਦਾ ਹੈ। ਕੋਈ ਸਮਾਂ ਸੀ ਜਦੋਂ ਕਣਕ ਦੀ ਵਾਢੀ ਮੌਕੇ ਦਾਤੀ ਦੀ ਪੂਰੀ ਸਰਦਾਰੀ ਹੁੰਦੀ ਸੀ। ਉਨ੍ਹਾਂ ਸਮਿਆਂ 'ਚ ਦਾਤੀ ਤੋਂ ਬਿਨਾਂ ਕਣਕ ਦੀ ਵਾਢੀ ਕੀਤੇ ਜਾਣ ਦੀ ਕਲਪਨਾ ਵੀ ਨਹੀ ਸੀ ਕੀਤੀ ਜਾ ਸਕਦੀ। ਦਾਤੀਆਂ ਦੀ ਤਿਆਰੀ ਕਣਕ ਦੀ ਵਾਢੀ ਦੀਆਂ ਅਗਾਊਂ ਤਿਆਰੀਆਂ ਵਿੱਚੋਂ ਇਕ ਹੁੰਦੀ ਸੀ। ਕਣਕ ਦੀ ਵਾਢੀ ਦੇ ਦਿਨਾਂ ਦੌਰਾਨ ਖੇਤੀਬਾੜੀ ਨਾਲ ਸਬੰਧਿਤ ਸੰਦ ਵੇਚਣ ਵਾਲੀਆਂ ਦੁਕਾਨਾਂ 'ਤੇ ਦਾਤੀਆਂ ਦੀ ਭਰਮਾਰ ਹੁੰਦੀ ਸੀ। ਕਿਸਾਨ ਬੜੇ ਚਾਅ ਅਤੇ ਉਤਸ਼ਾਹ ਨਾਲ ਦਾਤੀਆਂ ਦੀ ਖ਼ਰੀਦੋ-ਫ਼ਰੋਖ਼ਤ ਕਰਦੇ ਸਨ। ਕਣਕ ਦੀ ਫਸਲ ਦੀ ਆਮਦ ਦਾ ਨਾ ਸਿਰਫ਼ ਕਿਸਾਨਾਂ ਸਗੋਂ ਸਮੁੱਚੇ ਸਮਾਜ ਨੂੰ ਵਿਆਹ ਜਿੰਨਾ ਚਾਅ ਹੁੰਦਾ ਸੀ। ਇਸ ਸੀਜ਼ਨ ਦੌਰਾਨ ਹੀ ਕਿਸਾਨਾਂ ਸਮੇਤ ਸਮਾਜ ਦੇ ਹਰ ਵਰਗ ਨੇ ਖ਼ੁਦ ਲਈ ਤੇ ਡੰਗਰ ਪਸ਼ੂਆਂ ਲਈ ਅਨਾਜ ਦਾ ਬੰਦੋਬਸਤ ਕਰਨਾ ਹੁੰਦਾ ਸੀ।

### ਹੱਥਾਂ ਨਾਲ ਕੀਤੀ ਜਾਂਦੀ ਸੀ ਵਾਢੀ

ਉਨ੍ਹਾਂ ਦਿਨਾਂ 'ਚ ਕਣਕ ਦੀ ਵਾਢੀ ਹੱਥਾਂ ਨਾਲ ਕੀਤੀ ਜਾਂਦੀ ਸੀ। ਇਸ ਲਈ ਹਰ ਕਿਸਾਨ ਪਰਿਵਾਰ ਨੂੰ ਵੱਡੀ ਗਿਣਤੀ 'ਚ ਦਾਤੀਆਂ ਦੀ ਜ਼ਰੂਰਤ ਪੈਂਦੀ ਸੀ। ਇਕ-ਦੂਜੇ ਤੋਂ ਦਾਤੀਆਂ ਮੰਗਣ ਦਾ ਵੀ ਰਿਵਾਜ਼ ਸੀ। ਜਿਸ ਪਰਿਵਾਰ ਦੇ ਵਾਢੀ ਵਾਲਿਆਂ ਦੀ ਗਿਣਤੀ ਜ਼ਿਆਦਾ ਹੁੰਦੀ, ਉਹ ਦੂਜੇ ਪਰਿਵਾਰ ਤੋਂ ਦਾਤੀਆਂ ਮੰਗ ਲੈਂਦਾ ਸੀ। ਆਵਤ ਪਾਉਣ ਸਮੇਂ ਬੇਸ਼ੱਕ ਹਰ ਮੈਂਬਰ ਕੋਲ ਆਪਣੀ ਦਾਤੀ ਹੁੰਦੀ ਸੀ ਪਰ ਫਿਰ ਵੀ ਕੁਝ ਦਾਤੀਆਂ ਵਾਧੂ ਜ਼ਰੂਰ ਰੱਖੀਆਂ ਜਾਂਦੀਆਂ ਸਨ। ਸਾਰਾ ਦਿਨ ਵਾਢੀ ਕਰਨ ਉਪਰੰਤ ਦਾਤੀ ਦੇ ਦੰਦੇ ਖੁੰਢੇ ਹੋ ਜਾਂਦੇ ਸਨ। ਇਨ੍ਹਾਂ ਖੁੰਢੇ ਹੋਏ ਦੰਦਿਆਂ ਨੂੰ ਮੁੜ ਤੋਂ ਤਿੱਖਾ ਕਰਨ ਦਾ ਕੰਮ ਲੁਹਾਰਾਂ ਤੇ ਤਰਖਾਣਾਂ ਦਾ ਸੀ। ਸਾਰਾ ਦਿਨ ਵਾਢੀ ਕਰਨ ਉਪਰੰਤ ਸ਼ਾਮ ਨੂੰ ਤਕਰੀਬਨ ਮੂੰਹ ਹਨੇਰੇ ਘਰ ਦਾ ਇਕ ਮੈਂਬਰ ਲੁਹਾਰ ਕੋਲ ਦਾਤੀਆਂ ਲੈ ਜਾਂਦਾ ਸੀ ਤੇ ਲੁਹਾਰ ਵਾਰੀ ਸਿਰ ਸਭ ਦੀਆਂ ਦਾਤੀਆਂ ਦੇ ਦੰਦੇ ਬਣਾ ਕੇ ਦੇ ਦੇਈ ਜਾਂਦਾ। ਲੁਹਾਰਾਂ ਤੇ ਤਰਖਾਣਾਂ ਦੇ ਅੱਡਿਆਂ 'ਤੇ ਦਾਤੀਆਂ ਦੇ ਦੰਦੇ ਕਢਵਾਉਣ ਆਏ ਕਿਸਾਨਾਂ ਦੀ ਭੀੜ ਵੱਖਰਾ ਹੀ ਦ੍ਰਿਸ਼ ਪੇਸ਼ ਕਰਦੀ ਸੀ। ਇੱਥੇ ਚਲਦਾ ਹਾਸਾ ਠੱਠਾ ਵੱਖਰਾ ਹੀ ਨਜ਼ਾਰਾ ਪੇਸ਼ ਕਰਦਾ ਸੀ। ਨਵੀ ਲਿਆਂਦੀ ਦਾਤੀ ਵਾਢੀ ਦੇ ਸੀਜ਼ਨ ਦੌਰਾਨ ਤਕਰੀਬਨ ਘਸ ਜਾਂਦੀ ਸੀ। ਫਿਰ ਇਸ ਘਸੀ ਹੋਈ ਦਾਤੀ ਨੂੰ ਹਰਾ ਚਾਰਾ ਆਦਿ ਵੱਢਣ ਦੇ ਕੰਮ ਲਈ ਰੱਖ ਲਿਆ ਜਾਂਦਾ ਸੀ।

### ਮਜ਼ਦੂਰੀ 'ਤੇ ਕੀਤਾ ਜਾਵੇ ਘੱਟ ਖ਼ਰਚ

ਉਨ੍ਹਾਂ ਦਿਨਾਂ 'ਚ ਕਿਸਾਨ ਪਰਿਵਾਰਾਂ ਦੀਆਂ ਔਰਤਾਂ ਪੁਰਸ਼ਾਂ ਦੇ ਬਰਾਬਰ ਖੇਤੀ ਦੇ ਕੰਮ 'ਚ ਹੱਥ ਵਟਾਉਂਦੀਆਂ ਸਨ। ਹਰ ਪਰਿਵਾਰ ਦੀ ਕੋਸ਼ਿਸ਼ ਹੁੰਦੀ ਸੀ ਕਿ ਕਣਕ ਦੀ ਵਾਢੀ ਦੌਰਾਨ ਮਜ਼ਦੂਰੀ 'ਤੇ ਘੱਟ ਤੋਂ ਘੱਟ ਖ਼ਰਚਾ ਕੀਤਾ ਜਾਵੇ। ਔਰਤਾਂ ਪੁਰਸ਼ਾਂ ਦੇ ਬਰਾਬਰ ਕਣਕ ਦੀ ਵਾਢੀ ਕਰਵਾਉਂਦੀਆਂ ਸਨ। ਔਰਤਾਂ ਲਈ ਥੋੜ੍ਹੀਆਂ ਹਲਕੀਆਂ ਦਾਤੀਆਂ ਹੁੰਦੀਆਂ ਸਨ। ਇਸੇ ਲਈ ਤਾਂ ਕਿਸਾਨ ਦੀ ਘਰ ਵਾਲੀ ਆਪਣੇ ਪਤੀ ਨੂੰ ਦਾਤੀ ਨੂੰ ਘੁੰਗਰੂ ਲਵਾਉਣ ਲਈ ਕਹਿੰਦੀ ਹੈ: ਦਾਤੀ ਨੂੰ ਲਵਾ ਦੇ ਘੁੰਗਰੂ, ਹਾੜੀ ਵੱਢੂਗੀ ਬਰਾਬਰ ਤੇਰੇ।

ਹਾੜੀ ਦੀ ਵਾਢੀ ਦੌਰਾਨ ਪੈਰਾਂ ਨੂੰ ਕਰਚਿਆਂ ਤੋਂ ਬਚਾਉਣ ਲਈ ਪੱਕੇ ਕਿਸਾਨ ਤਾਂ ਮੋਟੀ ਧੌੜੀ ਦੀ ਜੁੱਤੀ ਪਹਿਨਦੇ ਸਨ। ਉਨ੍ਹਾਂ ਦਿਨਾਂ 'ਚ ਪੈਰਾਂ ਦੀ ਹਾਲਤ ਵੇਖਣ ਵਾਲੀ ਹੁੰਦੀ ਸੀ। ਕਰਚਿਆਂ ਵੱਲੋਂ ਲਹੂ-ਲੁਹਾਣ ਕੀਤੇ ਪੈਰਾਂ ਨਾਲ ਤੁਰਨਾ ਵੀ ਔਖਾ ਹੋ ਜਾਂਦਾ ਸੀ। ਜਿੱਥੇ ਪੈਰਾਂ 'ਚ ਕਰਚੇ ਵੱਜ-ਵੱਜ ਕੇ ਪੈਰਾਂ 'ਚ ਲਹੂ ਵਹਿ ਤੁਰਦਾ ਸੀ, ਉੱਥੇ ਹੀ ਹੱਥਾਂ 'ਤੇ ਦਾਤੀ ਦਾ ਵੱਜ ਜਾਣਾ ਵੀ ਆਮ ਸੀ। ਵਾਢੀ ਦੇ ਖੇਤ 'ਚ ਮੁੱਢਲੀ ਸਹਾਇਤਾ ਵੀ ਵੱਖਰੀ ਕਿਸਮ ਦੀ ਹੀ ਹੁੰਦੀ ਸੀ। ਜਿਸ ਦੇ ਦਾਤੀ ਵੱਜਣੀ ਉਸ ਨੂੰ ਕਹਿ ਦਿੰਦੇ ਜਾਂ ਦਾਤੀ ਵਾਲੇ ਜ਼ਖ਼ਮ 'ਤੇ ਪਿਸ਼ਾਬ ਕਰਕੇ ਪੋਣੇ ਜਾਂ ਪਰਨੇ ਨਾਲੋਂ ਪਾੜ ਕੇ ਪੱਟੀ ਬੰਨ੍ਹ ਲੈ।

### ਕੰਬਾਈਨਾਂ ਨੇ ਸੰਭਾਲ ਲਿਆ ਕੰਮ

ਖੇਤੀ ਦੇ ਹੋਏ ਮਸ਼ੀਨੀਕਰਨ ਨੇ ਦਾਤੀ ਨੂੰ ਵਾਢੀ ਦੇ ਸੀਜ਼ਨ ਵਿੱਚੋਂ ਪੂਰੀ ਤਰ੍ਹਾਂ ਅਲੋਪ ਕਰ ਕੇ ਰੱਖ ਦਿੱਤਾ ਹੈ। ਕਿਰਤ ਸਭਿਆਚਾਰ ਤੋਂ ਦੂਰ ਹੋ ਰਹੇ ਕਿਸਾਨ ਨੇ ਪਹਿਲਾਂ ਘਰ ਦੀਆਂ ਔਰਤਾਂ ਨੂੰ ਖੇਤੀ ਕੰਮ ਤੋਂ ਦੂਰ ਕੀਤਾ। ਵਾਢੀ ਤੋਂ ਦੂਰ ਹੋਈ ਸੁਆਣੀ ਨੇ ਘੁੰਗਰੂਆਂ ਵਾਲੀ ਦਾਤੀ ਦੀ ਮੰਗ ਵਿਸਾਰ ਦਿੱਤੀ। ਫਿਰ ਮਜ਼ਦੂਰਾਂ ਤੋਂ ਠੇਕੇ 'ਤੇ ਵਾਢੀ ਕਰਵਾਉਣ ਦੇ ਪ੍ਰਚਲਨ ਨਾਲ ਕਿਸਾਨ ਖ਼ੁਦ ਵਾਢੀ ਤੋਂ ਦੂਰ ਹੋ ਗਿਆ। ਹੁਣ ਹੱਥੀ ਵਾਢੀ ਕਰਨ ਦਾ ਕੰਮ ਪੂਰਨ ਰੂਪ ਵਿੱਚ ਅਲੋਪ ਹੋ ਗਿਆ ਹੈ। ਵਾਢੀ ਦਾ ਸਾਰਾ ਕੰਮ ਕੰਬਾਈਨਾਂ ਨੇ ਸੰਭਾਲ ਲਿਆ ਹੈ। ਵੇਖਦੇ ਹੀ ਵੇਖਦੇ ਕੰਬਾਈਨ ਸਾਰਾ ਖੇਤ ਵੱਢ ਦਿੰਦੀ ਹੈ। ਇਕ ਪਾਸੇ ਤੋਂ ਕਣਕ ਦੀਆਂ ਟਰਾਲੀਆਂ ਭਰ ਭਰ ਮੰਡੀ ਅਤੇ ਘਰਾਂ ਤਕ ਪਹੁੰਚ ਜਾਂਦੀਆਂ ਹਨ। ਅਗਲੇ ਦਿਨ ਮਸ਼ੀਨ ਨਾਲ ਹੀ ਤੂੜੀ ਬਣਾਉਣ ਦਾ ਕੰਮ ਤਾਮਾਮ ਹੋ ਜਾਂਦਾ ਹੈ। ਤੇਜ਼ੀ ਨਾਲ ਨਿਪਟਦੇ ਵਾਢੀ ਸੀਜ਼ਨ 'ਚ ਦਾਤੀ ਦੀ ਹੋਂਦ ਪੂਰਨ ਰੂਪ 'ਚ ਹਾਸ਼ੀਏ 'ਤੇ ਚਲੀ ਗਈ ਹੈ।

## ਸਾਰੇ ਹਿੱਸੇਦਾਰਾਂ ਲਈ ਵਰਦਾਨ ਹੈ: ਝੋਨੇ ਦੀ ਪੀ.ਆਰ. 126 ਕਿਸਮ

ਬੂਟਾ ਸਿੰਘ ਢਿੱਲੋਂ,
ਰਣਵੀਰ ਸਿੰਘ ਗਿੱਲ
8146100360




**ਪੰਜਾਬ** ਵਿੱਚ ਝੋਨੇ ਦੀ ਕਾਸਤ ਨਾਲ ਸੰਬੰਧਿਤ ਮੁੱਦਿਆਂ; ਜਿਵੇਂ ਕਿ ਪਾਣੀ ਦਾ ਡਿੱਗਦਾ ਪੱਧਰ, ਪਰਾਲੀ ਦੀ ਸਾਂਭ ਸੰਭਾਲ, ਨਵੇਂ ਕੀੜੇ ਮਕੌੜੇ/ਬਿਮਾਰੀਆਂ ਅਤੇ ਮਿੱਲਰ ਵੱਲੋ ਵੱਧ ਕੱਸ ਵਾਲੀਆਂ ਕਿਸਮਾਂ ਨੂੰ ਤਰਜੀਹ ਆਦਿ ਦੇ ਸੰਦਰਭ ਵਿੱਚ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਮੁੱਢ ਤੋਂ ਹੀ ਢੁੱਕਵੀਆਂ ਕਿਸਮਾਂ ਅਤੇ ਉਤਪਾਦਨ ਤਕਨੀਕਾਂ ਦੀ ਸ਼ਿਫਾਰਿਸ਼ ਵਿੱਚ ਮੋਹਰੀ ਰਹੀ ਹੈ। ਇਸ ਚਲਦੀ ਲੜੀ ਵਿੱਚ ਝੋਨੇ ਦੀ ਪੀ.ਆਰ. 126 ਕਿਸਮ ਦੀ ਸ਼ਿਫਾਰਿਸ਼ ਇਕ ਅਹਿਮ ਸਥਾਨ ਰੱਖਦੀ ਹੈ ਕਿਉਕਿ ਇਸ ਕਿਸਮ ਵਿੱਚ ਉਪਰੋਕਤ ਸਾਰੇ ਮੁੱਦਿਆਂ ਦੇ ਹੱਲ ਵਜੋ ਇਕ ਪਹਿਲ ਕਦਮੀ ਹੈ। ਚੰਗੀ ਮਿਲਿੰਗ ਕੁਆਲਟੀ, ਪੱਕਣ ਲਈ ਬਹੁਤ ਘੱਟ ਸਮਾਂ (ਸਿਰਫ 93 ਦਿਨ), ਘੱਟ ਪਾਣੀ ਦੀ ਲੋੜ, ਘੱਟ ਪਰਾਲੀ, ਵਾਢੀ ਤੋਂ ਬਾਅਦ ਅਗਲੀ ਫਸਲ ਦਰਮਿਆਨ ਜਿਆਦਾ ਸਮਾਂ, ਘੱਟ ਕੀੜੇ ਮਕੌੜੇ ਅਤੇ ਬਿਮਾਰੀਆਂ ਦੇ ਹਮਲੇ ਆਦਿ ਕਾਰਨ ਪੀ.ਆਰ. 126 ਬਹੁਤੇ ਕਾਸ਼ਤਕਾਰਾਂ ਦੀ ਪਹਿਲੀ ਪਸੰਦ ਬਣ ਰਹੀ ਹੈ। ਸਾਲ 2017 ਵਿੱਚ ਸ਼ਿਫਾਰਿਸ਼ ਕੀਤੀ ਇਸ ਕਿਸਮ ਅਧੀਨ ਪੰਜਾਬ ਵਿੱਚ ਹਰ ਸਾਲ ਰਕਬਾ ਵੱਧ ਰਿਹਾ ਹੈ ਜੋ ਕਿ 2024 ਦੌਰਾਨ 43% ਹੋ ਗਿਆ ਸੀ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਬੀਜਾਂ ਦੀ ਵਿੱਕਰੀ ਮੁਤਾਬਿਕ ਇਸ ਸਾਲ ਵੀ ਇਹ ਕਿਸਮ ਕਿਸਾਨਾਂ ਦੀ ਪਹਿਲੀ ਪਸੰਦ ਬਣੀ ਹੋਈ ਹੈ।ਇਸ ਦੇ ਨਾਲ-ਨਾਲ ਇਹ ਕਿਸਮ ਪੰਜਾਬ ਦੇ ਗੁਆਂਢੀ ਸੂਬੇ ਜਿਵੇਂ ਕਿ ਹਰਿਆਣਾ, ਯੂਪੀ ਆਦਿ ਵਿੱਚ ਵੀ ਪ੍ਰਸਿੱਧੀ ਹਾਸਲ ਕਰ ਚੁੱਕੀ ਹੈ। ਪਿਛਲੇ ਸਾਲਾ ਦੌਰਾਨ ਗਰਮੀ ਰੁੱਤ ਦੀ ਮੱਕੀ (ਜਿਸਦੀ ਪੀ ਏ ਯੂ ਸਿਫਾਰਿਸ਼ ਨਹੀ ਕਰਦੀ) ਤੋਂ ਬਾਅਦ ਕਾਫੀ ਰਕਬਾ ਪੀ.ਆਰ. 126 ਅਧੀਨ ਆ ਗਿਆ ਜਿਸ ਦੀ ਲੁਆਈ 15 ਜੁਲਾਈ ਤੋ 10 ਅਗਸਤ ਦਰਮਿਆਨ ਕੀਤੀ ਗਈ। ਇਨ੍ਹਾਂ ਪ੍ਰਸਥਿਤੀਆਂ ਵਿੱਚ ਇਸ ਕਿਸਮ ਦੇ ਝਾੜ ਵਿੱਚ ਕਟੌਤੀ ਦੇ ਨਾਲ ਨਾਲ ਦਾਣਿਆਂ ਵਿੱਚ ਜਿਆਦਾ ਨਮੀ ਅਤੇ ਮਿਲਿੰਗ ਕੁਆਲਿਟੀ ਤੇ ਬੁਰਾ ਪ੍ਰਭਾਵ ਹੋਇਆ (ਸਾਰਣੀ 1)।

### ਖੋਜ ਤਜ਼ੁਰਬਿਆਂ ਦੇ ਨਤੀਜੇ:

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਖੋਜ ਤਜੁਰਬਿਆਂ ਤੋਂ ਇਹ ਸਿੱਧ ਹੋਇਆ ਹੈ ਕਿ ਪੀ.ਆਰ. 126 ਦੀ ਲਵਾਈ 25 ਜੂਨ ਤੋਂ 15 ਜੁਲਾਈ ਦਰਮਿਆਨ ਕਰਨ ਨਾਲ ਇਸ ਕਿਸਮ ਤੋਂ ਵੱਧ ਝਾੜ 33.2 ਤੋ 34.2 ਕੁਇੰਟਲ/ ਏਕੜ ਅਤੇ ਬੇਹਤਰ ਮਿਲਿੰਗ ਕੁਆਲਿਟੀ (60 ਤੋਂ 61.7 % ਸਾਬਤ ਚੌਲ) ਪ੍ਰਾਪਤ ਹੁੰਦੀ ਹੈ। ਇਸ ਸਮੇ ਦੌਰਾਨ ਲਵਾਈ ਕਰਨ ਨਾਲ ਫਸਲ ਦੀ ਵਾਢੀ ਸਮੇਂ ਦਾਣਿਆ ਵਿੱਚ ਨਮੀ ਦੀ ਮਾਤਰਾ ਵੀ ਮਨਜ਼ੂਰ ਪੈਮਾਨੇ ਵਿੱਚ ਰਹਿੰਦੀ ਹੈ। ਪਰੰਤੂ ਲਵਾਈ 15 ਜੁਲਾਈ ਤੋਂ ਪਿਛੇਤੀ ਕਰਨ ਨਾਲ ਝਾੜ ਘਟਣ ਦੇ ਨਾਲ ਨਾਲ ਦਾਣਿਆ ਵਿੱਚ ਨਮੀ ਦੀ ਮਾਤਰਾ ਵੱਧਦੀ ਹੈ (27% ਤੱਕ) ਅਤੇ ਸਾਬਤ ਚੌਲਾਂ ਦੀ ਰਿਕਵਰੀ ਵੀ ਘੱਟਦੀ ਹੈ। ਇਸੇ ਤਰਾਂ ਹੋਰ ਤਜਰਬਿਆਂ ਦੇ ਨਤੀਜੇ ਦਰਸਾਉਦੇ ਹਨ ਕਿ ਪੀ.ਆਰ. 126 ਕਿਸਮ ਤੋਂ ਜਿਆਦਾ ਝਾੜ ਲੈਣ ਲਈ ਇਸ ਦੀ 20-30 ਦਿਨ ਦੀ ਪਨੀਰੀ ਦੀ ਵਰਤੋਂ ਕਰੋ। ਯੂਰੀਆਂ ਖਾਦ ਲੁਆਈ ਤੋਂ 35 ਦਿਨ ਤੱਕ (7+21+35 ਦਿਨ ਤੇ) ਖਤਮ ਕਰਨ ਨਾਲ ਇਸ ਕਿਸਮ ਤੋਂ ਚੰਗਾ ਝਾੜ ਲਿਆ ਜਾ ਸਕਦਾ ਹੈ।

### ਕਿਸਾਨਾਂ ਦੀ ਆਵਾਜ਼:

ਕਿਸਾਨਾਂ ਦੇ ਸਰਵੇਖਣ ਅਤੇ ਗੈਰ ਰਸਮੀ ਗੱਲਬਾਤ ਦੌਰਾਨ ਪਤਾ ਲੱਗਾ ਹੈ ਕਿ ਪੀ.ਆਰ. 126 ਕਿਸਮ ਦਾ ਝਾੜ 25.0 ਤੋਂ 38.0 ਕੁਇੰਟਲ/ਏਕੜ ਦਰਮਿਆਨ ਹੈ। ਜਿਆਦਾਤਰ ਕਿਸਾਨ ਪੀ ਆਰ 126 ਦਾ ਝਾੜ 28.5 ਤੋਂ 38 ਕੁਇੰਟਲ/ ਏਕੜ ਦਰਮਿਆਨ ਲੈ ਰਹੇ ਹਨ। ਘੱਟ ਝਾੜ (25 ਤੋਂ 28 ਕੁਇੰਟਲ/ਏਕੜ) ਦੇ ਕਾਰਨਾਂ ਵਿੱਚ ਮੁੱਖ ਰੂਪ ਵਿੱਚ ਬਹੁਤ ਅਗੇਤੀ (25 ਜੂਨ ਤੋਂ ਪਹਿਲਾਂ) ਜਾਂ ਪਛੇਤੀ (15 ਜੁਲਾਈ ਤੋਂ ਬਾਅਦ) ਲਵਾਈ, ਵੱਡੀ ਉਮਰ ਦੀ ਪਨੀਰੀ ਦੀ ਵਰਤੋ ਅਤੇ ਯੂਰੀਆ ਪਾਉਣ ਦੇ ਸਮੇ ਦੀ ਗਲਤ ਚੋਣ ਸਾਹਮਣੇ ਆਈ ਹੈ। ਇਸ ਲਈ ਸਿਫਾਰਸ਼ ਮੁਤਾਬਿਕ ਕਾਸਤ ਕਰਨ ਨਾਲ ਪੀ.ਆਰ. 126 ਤੋਂ ਵਧੇਰੇ ਝਾੜ ਲਿਆ ਜਾ ਸਕਦਾ ਹੈ।

### ਕਿਸਮ ਦੀ ਸਿਫਾਰਿਸ਼ ਕਰਨ ਦੀ ਪ੍ਰੀਕਿਰਿਆ:

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋ ਕਿਸਮ ਸ਼ਿਫਾਰਿਸ਼ ਕਰਨ ਲਈ ਬਹੁਤ ਜਿਆਦਾ ਸੰਜੀਦਾ ਢੰਗ ਅਪਣਾਇਆ ਜਾਂਦਾ ਹੈ ਜਿਸ ਵਿੱਚ ਨਵੀ ਕਿਸਮ ਨੂੰ ਵੱਖ-ਵੱਖ ਮੌਸਮੀ ਖੇਤਰਾਂ ਵਿੱਚ ਤਿੰਨ ਸਾਲਾਂ ਲਈ ਪਰਖਣ ਤੋਂ ਬਾਅਦ ਜਿਮੀਦਾਰਾਂ ਭਰਾਵਾਂ ਦੇ ਖੇਤਾਂ ਵਿੱਚ ਹਰੇਕ ਜਿਲੇ ਵਿੱਚ ਛੇ ਤਜਰਬੇ ਕੀਤੇ ਜਾਂਦੇ ਹਨ। ਇਸ ਤੋਂ ਬਾਅਦ ਸਾਰੇ ਸਾਲਾਂ ਅਤੇ ਖੇਤਰਾਂ ਦੇ ਤਜਰਬਿਆਂ ਦੇ ਅੰਕੜੇ "ਸਟੇਟ ਵਰਾਈਟੀ ਅਪਰੂਵਲ ਕਮੇਟੀ" ਦੇ ਸਾਹਮਣੇ ਪੇਸ਼ ਕੀਤੇ ਜਾਂਦੇ ਹਨ। ਖਰੀਦ ਏਜੰਸੀਆਂ ਅਤੇ ਮਿਲਿੰਗ ਇੰਡਸਟਰੀ ਦੇ ਨੁਮਾਇੰਦੇ ਇਸ ਕਮੇਟੀ ਦੇ ਮੈਂਬਰ ਹੁੰਦੇ ਹਨ। ਸਾਰੇ ਹਿੱਸੇਦਾਰਾਂ ਦੀ ਸੰਤੁਸ਼ਟੀ ਤੋਂ ਬਾਅਦ ਹੀ ਕਿਸਮ ਦੀ ਸ਼ਿਫਾਰਿਸ਼ ਕੀਤੀ ਜਾਂਦੀ ਹੈ।

### ਝੋਨੇ ਦੀ ਖਰੀਦ ਨੀਤੀ:

ਖਰੀਦ ਸਰਕਾਰੀ ਅਤੇ ਗੈਰ ਸਰਕਾਰੀ ਏਜੰਸੀਆ ਦੁਆਰਾ ਐਫ ਸੀ ਆਈ ਵੱਲੋ ਨਿਰਧਾਰਿਤ ਮਾਪਦੰਤਾ ਅਨੁਸਾਰ ਕੀਤੀ ਜਾਂਦੀ ਹੈ। ਖਰੀਦ ਦੇ ਮੁੱਖ ਮਾਪਦੰਡਾ ਵਿੱਚ ਦਾਣੇ ਦੀ ਨਮੀ (17 ਪ੍ਰਤੀਸ਼ਤ ਤੋਂ ਵੱਧ ਨਹੀ ਹੋਣੀ ਚਾਹੀਦੀ), ਹੇਠਲੀ ਸ਼੍ਰੇਣੀ ਦਾ ਰਲਾ (6 ਪ੍ਰਤੀਸ਼ਤ ਤੋਂ ਵੱਧ ਨਹੀ ਹੋਣਾ ਚਾਹੀਦਾ), ਡੈਮੇਜ, ਬਦਰੰਗ, ਉੱਗੇ ਹੋਏ ਅਤੇ ਸੁੱਸਰੀ ਵਾਲੇ ਦਾਣੇ ( 5% ਤੋਂ ਵੱਧ ਨਹੀ ਹੋਣੇ ਚਾਹੀਦੇ), ਸੁੰਗੜੇ ਦਾਣੇ ( 3 ਪ੍ਰਤੀਸ਼ਤ ਤੋਂ ਵੱਧ ਨਹੀ ਹੋਣੇ ਚਾਹੀਦੇ), ਆਦਿ ਹਨ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਪ੍ਰਮਾਣਿਤ ਸਾਰੀਆਂ ਕਿਸਮਾਂ ਉਕਤ ਮਾਪਦੰਡਾ ਅਤ ਮਿਲਿੰਗ ਦੇ ਨਿਰਧਾਰਿਤ ਪੈਮਾਨਿਆਂ ਤੋਂ ਕਾਫੀ ਉੱਪਰ ਰਹਿੰਦੀਆਂ ਹਨ। ਇਹ ਤੱਥ ਦਰਸਾਉਦੇ ਹਨ ਕਿ ਪੰਜਾਬ ਵਿੱਚ ਝੋਨੇ ਨਾਲ ਸੰਬੰਧਿਤ ਮੁੱਦਿਆਂ ਦੇ ਹੱਲ ਲਈ ਪੀ.ਆਰ. 126 ਦੀ ਭੂਮਿਕਾ ਬਹੁਤ ਅਹਿਮ ਹੈ। ਇਹ ਕਿਸਮ ਜਿੱਥੇ ਵਾਤਾਵਰਣ ਅਤੇ ਕਿਸਾਨ ਪੱਖੀ ਹੈ ਉਥੇ ਹੀ ਇਹ ਮਿਲਿੰਗ ਇੰਡਸਟਰੀ ਲਈ ਵੀ ਉੱਤਮ ਹੈ। ਕਿਸਾਨ ਵੀਰ ਕ੍ਰਿਪਾ ਕਰਕੇ ਧਿਆਨ ਦੇਣ ਕਿ 15 ਜੁਲਾਈ ਤੋਂ ਬਾਅਦ ਇਸ ਕਿਸਮ ਦੀ ਕਾਸ਼ਤ ਨਾ ਕਾਰਨ ਤੋਂ ਜੋ ਇਹ ਕਿਸਮ ਲੰਬੇ ਸਮੇਂ ਤੱਕ ਵਾਤਾਵਰਣ, ਕਿਸਾਨ ਅਤੇ ਮਿੱਲਰ ਪੱਖੀ ਭੂਮਿਕਾ ਨਿਭਾ ਸਕੇ।

## ਵਪਾਰਕ ਪੱਧਰ 'ਤੇ ਸਬਜ਼ੀਆਂ ਦੀ ਕਾਸ਼ਤ

ਸੁਖਵਿੰਦਰ ਸਿੰਘ ਔਲਖ,
ਨਵਜੋਤ ਸਿੰਘ ਬਰਾੜ,
ਸਤਪਾਲ ਸ਼ਰਮਾ
7973145517

**ਸਬਜੀਆਂ** ਮਨੁੱਖੀ ਖੁਰਾਕ ਦਾ ਮਹੱਤਵਪੂਰਨ ਅੰਗ ਹੋਣ ਦੇ ਨਾਲ ਦੇਸ਼ ਦੀ ਆਰਥਿਕਤਾ ਵਿਚ ਵੀ ਵੱਡਮੁੱਲਾ ਯੋਗਦਾਨ ਪਾਉਂਦੀਆਂ ਹਨ।ਸੰਸਾਰ ਭਰ ਵਿੱਚ, ਕੁਲ ਸਬਜੀ ਉਤਪਾਦਨ ਅਤੇ ਆਲੂ, ਟਮਾਟਰ, ਬੈਂਗਣ, ਫੁੱਲ ਗੋਭੀ, ਬੰਦ ਗੋਭੀ ਦੀ ਪੈਦਾਵਾਰ ਵਿਚ ਭਾਰਤ ਦੂਸਰੇ ਨੰਬਰ ਤੇ ਹੈ ਜਦਕਿ ਭਿੰਡੀ ਅਤੇ ਪਿਆਜ ਦਾ ਸਭ ਤੋਂ ਜਿਆਦਾ ਉਤਪਾਦਨ ਭਾਰਤ ਵਿਚ ਹੀ ਹੁੰਦਾ ਹੈ। ਸਾਲ 2022-23 ਦੌਰਾਨ ਭਾਰਤ ਵਿੱਚ 113.58 ਲੱਖ ਹੈਕਟੇਅਰ ਵਿਚ 2129.08 ਲੱਖ ਟਨ ਸਬਜੀਆਂ ਦੀ ਪੈਦਾਵਾਰ ਹੋਈ। ਇਸੇ ਸਮੇਂ ਦੌਰਾਨ ਪੰਜਾਬ ਵਿੱਚ 3.17 ਲੱਖ ਹੈਕਟਅਰ ਰਕਬੇ ਵਿੱਚ 65 ਲੱਖ ਟਨ ਸਬਜੀਆਂ ਦਾ ਉੱਤਪਾਦਨ ਕੀਤਾ ਗਿਆ। ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ ਅਨੁਸਾਰ, ਭਾਰਤ ਵਿਚ ਪ੍ਰਤੀ ਵਿਅਕਤੀ ਪ੍ਰਤਿ ਦਿਨ 300 ਗ੍ਰਾਮ ਸਬਜੀ ਦੀ ਲੋੜ ਹੈ ਅਤੇ ਪਿਛਲੇ ਕੁਝ ਦਹਾਕਿਆਂ ਵਿੱਚ ਪੰਜਾਬ ਨੇ ਬਾਗਬਾਨੀ ਖੇਤਰ ਅਤੇ ਖਾਸਕਰ ਸਬਜੀਆਂ ਦੇ ਉਤਪਾਦਨ ਵਿੱਚ ਵੱਡੀਆਂ ਮੱਲਾਂ ਮਾਰੀਆਂ ਹਨ, ਜਿਸ ਸਦਕਾ ਦੇਸ਼ ਵਿੱਚ ਸਬਜੀਆਂ ਦੀ ਆਪੂਰਤੀ ਅਤੇ ਉਤਪਾਦਨ ਵਿਚ ਪੰਜਾਬ ਅਹਿਮ ਯੋਗਦਾਨ ਹੈ। ਦੇਸ਼ ਭਰ ਵਿੱਚ ਉਗਾਈਆਂ ਜਾਣ ਵਾਲੀਆਂ ਸਬਜੀਆਂ ਵਿੱਚ ਆਲੂ, ਪਿਆਜ, ਮਟਰ, ਗੋਭੀ, ਗਾਜਰ ਪ੍ਰਮੁੱਖ ਹਨ। ਪੰਜਾਬ ਦਾ ਪੌਣ-ਪਾਣੀ , ਭਾਰਤ ਵਿਚ ਉਗਾਈਆਂ ਜਾਣ ਵਾਲੀਆਂ ਲਗਭਗ ਸਾਰੀਆਂ ਹੀ ਸਬਜੀਆਂ ਲਈ ਢੁਕਵਾਂ ਹੈ। ਪੰਜਾਬ ਵਿਚ ਸਰਦੀਆਂ ਦੇ ਮੌਸਮ ਵਿਚ ਆਲੂ, ਮਟਰ, ਗੋਭੀ, ਗਾਜਰ, ਗਰਮੀਆਂ ਵਿਚ ਪਿਆਜ, ਟਮਾਟਰ, ਮਿਰਚ ਅਤੇ ਬਰਸਾਤ ਰੁੱਤ ਵਿਚ ਵੇਲਾਂ ਵਾਲੀਆਂ ਸਬਜੀਆਂ, ਬੈਂਗਣ ਆਦਿ ਮੁੱਖ ਤੌਰ ਤੇ ਪੈਦਾ ਕੀਤੀਆਂ ਜਾਣ ਵਾਲੀਆਂ ਸਬਜੀਆਂ ਵਿੱਚ ਸ਼ੁਮਾਰ ਹੁੰਦੀਆਂ ਹਨ।

ਪੰਜਾਬ ਵਿਚ ਸਰਦੀ ਦਾ ਮੌਸਮ ਅਕਤੂਬਰ ਤੋਂ ਮਾਰਚ ਤੱਕ ਦਾ ਹੈ। ਇਸ ਮੌਸਮ ਦੀ ਮੁਖ ਸਬਜੀ ਆਲੂ ਹੈ, ਜੋ ਕਿ ਪੰਜਾਬ ਵਿਚ ਬੀਜੀਆਂ ਜਾਣ ਵਾਲੀਆਂ ਸਾਰੀਆਂ ਸਬਜੀਆਂ ਦੇ 35-40% ਰਕਬੇ ਵਿਚ ਬੀਜਿਆਂ ਜਾਂਦਾ ਹੈ। ਵੈਸੇ ਤਾਂ ਸਾਰੇ ਪੰਜਾਬ ਵਿਚ ਹੀ ਆਲੂ ਬੀਜਿਆਂ ਜਾਂਦਾ ਹੈ ਪਰ ਜਲੰਧਰ, ਹੁਸ਼ਿਆਰਪੁਰ, ਕਪੂਰਥਲਾ ਜਿਲਿਆਂ ਵਿੱਚ ਇਸ ਦੀ ਕਾਸ਼ਤ ਵੱਡੇ ਪੱਧਰ ਤੇ ਕੀਤੀ ਜਾਂਦੀ ਹੈ। ਮੋਗਾ, ਬਠਿੰਡਾ, ਲੁਧਿਆਣਾ ਵੀ ਆਲੂ ਉਤਪਾਦਨ ਵਿਚ ਉਭਰ ਕੇ ਆ ਰਹੇ ਹਨ। ਆਲੂ ਦਾ ਰੋਗ ਰਹਿਤ 12-18 ਕੁਇੰਟਲ ਬੀਜ ਅੱਧ ਸਤੰਬਰ ਤੋਂ ਅੱਧ ਅਕਤੂਬਰ ਤੱਕ ਬੀਜਿਆਂ ਜਾਂਦਾ ਹੈ। ਕੁੱਫਰੀ ਪੁਖਰਾਜ, ਕੁੱਫਰੀ ਜਯੋਤੀ, ਕੁੱਫਰੀ ਚਿਪਸੋਨਾ-3ਪੰਜਾਬ ਵਿਚ ਪ੍ਰਚਲਿਤ ਕਿਸਮਾਂ ਹਨ ਅਤੇ ਆਉਣ ਵਾਲੇ ਸਾਲਾਂ ਵਿਚ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋ ਸ਼ਿਫਾਰਿਸ਼ ਕਿਸਮਾਂ ਪੰਜਾਬ ਪੋਟੇਟੋ 101, ਪੰਜਾਬ ਪੋਟੇਟੋ 102, ਪੰਜਾਬ ਪੋਟੇਟੋ 103 ਅਤੇ ਪੰਜਾਬ ਪੋਟੇਟੋ 104 ਨੂੰ ਚੰਗਾ ਹੁੰਗਾਰਾ ਮਿਲਣ ਦੀ ਆਸ ਹੈ। ਆਲੂ ਦੇ ਉਤਪਾਦਨ ਵਿੱਚ ਵਧੀਆਂ ਕਵਾਲਿਟੀ ਦਾ ਅਰੋਗ ਬੀਜ ਬਹੁਤ ਜਰੂਰੀ ਹੈ ਅਤੇ ਆਲੂ ਦਾ ਮਿਆਰੀ ਬੀਜ ਪੈਦਾ ਕਰਨ ਵਿਚ ਪੰਜਾਬ ਦੇਸ਼ ਭਰ ਵਿੱਚ ਪਹਿਲੇ ਸਥਾਨ ਤੇ ਹੈ।



ਆਲੂ ਤੋਂ ਇਲਾਵਾ, ਪੰਜਾਬ ਵਿਚ ਇਸ ਮੌਸਮ ਵਿਚ ਮਟਰ, ਗਾਜਰ, ਫੁੱਲ ਗੋਭੀ ਦੀ ਵੀ ਵਪਾਰਕ ਪੱਧਰ ਤੇ ਕਾਸ਼ਤ ਕੀਤੀ ਜਾਂਦੀ ਹੈ। ਸੂਬੇ ਵਿਚ, ਇਹਨਾਂ ਤਿੰਨ ਸਬਜੀਆਂ ਹੇਠਾਂ ਲਗਭਗ ਇਕਲੱਖ ਹੈਕਟਅਰ ਰਕਬਾ ਹੈ ਜੋ ਪੰਜਾਬ ਦੇ ਕੁਲ ਸਬਜੀਆਂ ਥੱਲੇ ਰਕਬੇ ਦਾ 30% ਹੈ। ਪੰਜਾਬ ਵਿਚ ਵਪਾਰਕ ਪੱਧਰ ਤੇ ਹੁਸ਼ਿਆਰਪੁਰ ਅਤੇ ਨਵਾਂ ਸ਼ਹਿਰ ਜਿਲ੍ਹਿਆਂ ਵਿਚ ਮਟਰਾਂ ਦੀ ਅਗੇਤੀ ਫਸਲ ਲਈ ਜਾਂਦੀ ਹੈ ਜਦਕਿ ਅੰਮ੍ਰਿਤਸਰ, ਪਟਿਆਲਾ, ਜਲੰਧਰ ਅਤੇ ਤਰਨ ਤਾਰਨ ਜਿਲਿਆਂ ਵਿਚ ਮੁਖ ਮੌਸਮ ਦੀ ਫਸਲ ਬੀਜੀ ਜਾਂਦੀ ਹੈ। ਅਗੇਤੀ ਬਿਜਾਈ ਲਈ ਏ ਪੀ-3 ਅਤੇ ਮਟਰ ਅਗੇਤਾ-7 ਜਦਕਿ ਮੁਖ ਫਸਲ ਲਈ ਪੰਜਾਬ-89 ਕਿਸਮਾਂ ਬੀਜੀਆਂ ਜਾਂਦੀਆਂ ਹਨ। ਯੂਨੀਵਰਸਿਟੀ ਵੱਲੋਂ ਅਗੇਤੀ ਬਿਜਾਈ ਲਈ 45 ਕਿੱਲੋ ਅਤੇ ਮੁਖ ਸਮੇਂ ਲਈ 30 ਕਿਲੋ ਪ੍ਰਤੀ ਏਕੜ ਬੀਜ ਦੀ ਸ਼ਿਫਾਰਿਸ਼ ਕੀਤੀ ਗਈ ਹੈ। ਮਟਰ ਦੀ ਫਸਲ ਜਿਆਦਾ ਅਗੇਤਾ ਬੀਜਣ ਨਾਲ ਬੂਟਿਆਂ ਨੂੰ ਉਖੇੜਾ ਰੋਗਵੱਧ ਲੱਗਦਾ ਹੈ। ਮਟਰਾਂ ਦੀ ਤੁੜਾਈ ਕਾਫੀ ਖਰਚੀਲਾ ਕੰਮ ਹੈ ਅਤੇ ਇਸ ਲਈ ਲੇਬਰ ਦੀ ਕਾਫੀ ਜਰੂਰਤ ਪੈਂਦੀ ਹੈ। ਭਵਿੱਖ ਵਿਚ ਮਟਰਾਂ ਦੀ ਤੁੜਾਈ ਵਾਲੀਆਂ ਮਸ਼ੀਨਾਂ ਦੇ ਆਉਣ ਨਾਲ ਕਿਸਾਨਾਂ ਲਈ ਇਹ ਫਸਲ ਹੋਰ ਵੀ ਲਾਹੇਵੰਦ ਹੋ ਸਕਦੀ ਹੈ।

ਪੰਜਾਬ ਵਿਚ ਹੁਸ਼ਿਆਰਪੁਰ, ਜਲੰਧਰ, ਲੁਧਿਆਣਾ, ਕਪੂਰਥਲਾ ਅਤੇ ਅੰਮ੍ਰਿਤਸਰ ਜਿਲ੍ਹਿਆਂ ਵਿੱਚ ਗਾਜਰ ਦੀ ਜਿਆਦਾਕਾਸ਼ਤ ਕੀਤੀ ਜਾਂਦੀ ਹੈ। ਪੰਜਾਬ ਦੀ ਕੁਲ ਗਾਜਰ ਦੀ ਪੈਦਾਵਾਰ ਵਿਚੋ ਲਗਭਗ ਅੱਧਾ ਹਿੱਸਾ ਇਕੱਲੇ ਹੁਸ਼ਿਆਰਪੁਰ ਜਿਲ੍ਹੇਹ ਦਾਹੈ। ਹੁਸ਼ਿਆਰਪੁਰ ਦਾ ਪੌਣ-ਪਾਣੀ ਅਤੇ ਦਰਮਿਆਨੀ ਮਿੱਟੀ, ਮਿਆਰੀ ਕਵਾਲਿਟੀ ਅਤੇ ਅਗੇਤੀ ਗਾਜਰ ਦੀ ਪੈਦਾਵਾਰ ਲਈ ਬਹੁਤ ਹੀ ਢੁਕਵਾਂ ਹਨ। ਪੰਜਾਬ ਕੈਰਟ ਰੈਡ, ਪੀ ਸੀ-161, ਪੀ ਸੀ-34, ਲੋਕਲ ਰੈਡ ਕੈਰਟ ਆਦਿ ਪੰਜਾਬ ਵਿਚ ਬੀਜੀਆਂ ਜਾਣ ਵਾਲੀਆਂ ਗਾਜਰ ਦੀਆਂ ਮੁਖ ਕਿਸਮਾਂ ਹਨ। ਗਾਜਰ ਦੀ ਵੱਡੇ ਪੱਧਰ ਤੇ ਬਿਜਾਈ ਟਰੈਕਟਰ ਨਾਲ ਚੱਲਣ ਵਾਲੀ ਇੰਨਕਲਾਈਡ ਪਲੇਟ ਪਲਾਂਟਰ ਮਸ਼ੀਨ ਨਾਲ 67.5 ਸੈ.ਮੀ. ਚੌੜੇ ਬੈਡਾਂ ਤੇ ਕੀਤੀ ਜਾ ਸਕਦੀ ਹੈ। ਵਧੀਆ ਲਾਲ ਰੰਗ ਦੀ ਗਾਜਰ ਪੈਦਾ ਕਰਨ ਲਈ ਪ੍ਰਤੀ ਏਕੜ 50 ਕਿਲੋ ਮਿਊਰੇਟ ਆਫ ਪੋਟਾਸ਼ ਖਾਦ ਦੀ ਵਰਤੋਂ ਕਰਨੀ ਚਾਹੀਦੀ ਹੈ। ਗਾਜਰ ਦੀ ਪੁਟਾਈ ਅਤੇ ਧੁਆਈ ਲਈ ਟਰੈਕਟਰ ਨਾਲ ਚੱਲਣ ਵਾਲੀਆਂ ਮਸ਼ੀਨਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ।ਪੁਟਾਈ ਵਾਲੀ ਮਸ਼ੀਨ ਲਗਭਗ 90 ਮਿੰਟਾਂ ਵਿੱਚ ਇੱਕ ਏਕੜ ਦੀਆਂ ਗਾਜਰਾਂ ਪੁੱਟ ਦੇਂਦੀ ਹੈ।

ਪੰਜਾਬ ਦੇ ਕੁੱਲ ਸਬਜੀ ਵਾਲੇ ਰਕਬੇ ਦੇ ਲੱਗਭਗ ਅੱਠਵੇਂ ਹਿੱਸੇ ਵਿੱਚ ਗੋਭੀ ਦੀ ਕਾਸ਼ਤ ਕੀਤੀ ਜਾਂਦੀ ਹੈ। ਪੰਜਾਬ ਦੇ ਗੁਰਦਾਸਪੁਰ, ਫਤਿਹਗੜ੍ਹ ਸਾਹਿਬ ਅਤੇ ਹੁਸ਼ਿਆਰਪੁਰ ਜਿਲ੍ਹਿਆਂ ਵਿਚ ਗੋਭੀ ਦੀ ਕਾਸ਼ਤ ਜਿਆਦਾ ਕੀਤੀ ਜਾਂਦੀ ਹੈ। ਰਵਾਇਤੀ ਤੌਰ ਤੇ ਫੁੱਲ ਗੋਭੀ ਸਰਦੀਆਂ ਦੀ ਫਸਲ ਹੈ ਪਰ ਪ੍ਰਾਈਵੇਟ ਸੈਕਟਰ ਦੁਆਰਾ ਵਿਕਸਿਤ ਕੀਤੀਆਂ ਕਿਸਮਾਂਕਰਕੇ ਪੰਜਾਬ ਵਿਚ ਲਗਭਗ ਸਾਰਾ ਸਾਲ ਹੀਇਸਦੀ ਕਾਸ਼ਤ ਕੀਤੀ ਜਾ ਸਕਦੀ ਹੈ। ਬਿਜਾਈ ਲਈ ਕਿਸਮ ਦੀ ਚੋਣ ਕਰਨ ਸਮੇਂ ਸਿਫਾਰਸ਼ ਕੀਤੀ ਕਿਸਮ ਨੂੰ ਵੇਲੇ ਸਿਰ ਬੀਜਣਾ ਜਰੂਰੀ ਹੈ ਤਾਂਕਿ ਨਿਸਾਰੇ ਤੋਂ ਬਚਿਆ ਜਾ ਸਕੇ। ਗੋਭੀ ਦੀ ਕਾਸ਼ਤ ਦੌਰਾਨ ਖੇਤ ਵਿਚ ਸਲਫਰ ਅਤੇ ਲਘੂ ਤੱਤਾਂ ਦੀ ਘਾਟ ਨਹੀ ਹੋਣੀ ਚਾਹੀਦੀ।

ਪੰਜਾਬ ਵਿੱਚ ਗਰਮੀਆਂ ਦੇ ਮੌਸਮ ਦੀਆਂ ਸਬਜੀਆਂ ਦੇ ਸਫਲ ਉਤਪਾਦਨ ਲਈ ਪਾਣੀ ਅਤੇ ਸਿੰਚਾਈ ਦਾ ਸੁਚੱਜਾ ਪ੍ਰਬੰਧ ਸਭ ਤੋਂ ਮਹੱਤਵਪੂਰਨ ਪਹਿਲੂ ਹੈ ਕਿਉਕਿ ਗਰਮੀਆਂ ਦੇ ਮੌਸਮ ਵਿੱਚ ਉੱਚ ਤਾਪਮਾਨ ਅਤੇ ਘੱਟ ਬਾਰਿਸ਼ ਹੁੰਦੀ ਹੈ। ਇਸ ਖੇਤਰ ਵਿੱਚ ਗਰਮੀਆਂ ਦਾ ਤਾਪਮਾਨ ਅਕਸਰ 40 ਡਿਗਰੀ ਸੈਲਸੀਅਸ ਤੋਂ ਵੱਧ ਜਾਂਦਾ ਹੈ ਅਤੇ ਅਪ੍ਰੈਲ-ਜੂਨ ਦੌਰਾਨ ਬਹੁਤ ਘੱਟ ਜਾਂ ਨਾਮਾਤਰ ਬਾਰਿਸ਼ ਹੁੰਦੀ ਹੈ। ਵਪਾਰਕ ਪੱਧਰ ਤੇ ਟਮਾਟਰ ਅਤੇ ਮਿਰਚ ਗਰਮੀਆਂ ਦੀਆਂ ਮੁੱਖ ਫਸਲਾਂ ਹਨ ਜਦਕਿ ਪਿਆਜ, ਭਿੰਡੀ, ਬੈਂਗਣ ਅਤੇ ਵੇਲਾਂ ਵਾਲੀਆਂ ਸਬਜੀਆਂ ਆਦਿ ਵੀ ਕਾਫੀ ਰਕਬੇ ਤੇ ਬੀਜੀਆਂ ਜਾਂਦੀਆਂ ਹਨ। ਟਮਾਟਰ ਦੀ ਪਨੀਰੀ ਖੇਤ ਵਿਚ ਲਾਉਣ ਤੋਂ ਬਾਅਦ ਪਹਿਲਾ ਪਾਣੀ ਲਾਓ ਅਤੇ ਕੁਲ 14-15 ਸਿੰਚਾਈਆਂ ਦੀ ਲੋੜ ਪੈਂਦੀ ਹੈ। ਮਿਰਚਾਂ ਜਿਆਦਾ ਨਮੀ ਨਹੀ ਸਹਾਰਦੀਆਂ, ਇਸ ਲਈ ਜੇ ਇਕ ਖਾਲ ਛੱਡ ਕੇ ਸਿੰਚਾਈ ਕੀਤੀ ਜਾਵੇ ਤਾਂ ਪਾਣੀ ਦੀ ਬੱਚਤ ਹੁੰਦੀ ਹੈ, ਝਾੜ ਪੂਰਾ ਮਿਲਦਾ ਹੈ ਅਤੇ ਫਸਲ ਨੂੰ ਬਿਮਾਰੀ ਵੀ ਘੱਟ ਲਗਦੀ ਹੈ। ਗਰਮੀਆਂ ਦੀਆਂ ਸਬਜੀਆਂ ਲਈ ਤੁਪਕਾ (ਡਰਿੱਪ) ਸਿੰਚਾਈ ਨਾਲ 45-50% ਤਕ ਪਾਣੀ ਦੀ ਬਚਤ ਕੀਤੀ ਜਾ ਸਕਦੀ ਹੈ। ਇਸੇ ਤਰ੍ਹਾਂ ਮਲਚਿੰਗ ਨਾਲ,ਖਾਸ ਕਰ ਕੇ ਖੇਤਾਂ ਵਿਚ ਪਰਾਲੀ ਵਿਛਾਉਣ ਨਾਲ ਜਿਥੇ ਪਾਣੀ ਦੀ ਬਚਤ ਹੁੰਦੀ ਹੈ; ਜਮੀਨ ਦਾ ਤਾਪਮਾਨ ਘੱਟ ਰਹਿੰਦਾ ਹੈ; ਜਮੀਨ ਦੀ ਸਿਹਤ ਦਾ ਸੁਧਾਰ ਹੁੰਦਾ ਹੈ; ਉਥੇ ਫਸਲ ਦੇ ਝਾੜ ਅਤੇ ਕਵਾਲਿਟੀ ਵਿਚ ਵੀ ਵਾਧਾ ਹੁੰਦਾ ਹੈ।

ਪੰਜਾਬ ਵਿੱਚ ਜੂਨ ਦੇ ਅਖੀਰ ਤੋਂ ਸਤੰਬਰ ਦੇ ਅੱਧ ਤਕ ਦਾ ਸਮਾਂ ਬਰਸਾਤ ਦੇ ਮੌਸਮ ਦਾ ਹੁੰਦਾ ਹੈ ਅਤੇ ਬਾਰਿਸ਼ ਕਾਰਨ ਇਹਨਾਂ ਦਿਨਾਂ ਵਿਚ ਤਾਪਮਾਨ ਗਰਮੀਆਂ ਨਾਲੋਂ ਘੱਟ ਜਾਂਦਾ ਹੈ ਅਤੇ ਨਮੀ ਵੱਧ ਜਾਂਦੀ ਹੈ ਜੋ ਫਸਲਾਂ ਦੇ ਵਾਧੇ ਲਈ ਲਾਹੇਵੰਦ ਹੁੰਦਾ ਹੈ। ਇਸ ਸਮੇਂ ਵਿਸ਼ਾਣੂ ਰੋਗ ਦਾ ਹਮਲਾ ਜਿਆਦਾ ਹੁੰਦਾ ਹੈ, ਤਾਪਮਾਨ ਅਤੇ ਨਮੀ ਜਿਆਦਾ ਹੋਣ ਕਰਕੇ ਉੱਲੀ ਵਾਲੀਆਂ ਬਿਮਾਰੀਆਂ ਵੀ ਜਿਆਦੇ ਹੋਣ ਦੇ ਆਸਾਰ ਹੁੰਦੇ ਹਨ, ਇਸ ਲਈ ਸਬਜੀਆਂ ਦੀਆਂ ਜੋ ਕਿਸਮਾਂ ਇਹਨਾਂ ਰੋਗਾਂ ਦਾ ਟਾਕਰਾ ਕਰ ਸਕਣ, ਉਹਨਾਂ ਨੂੰ ਹੀ ਬੀਜਣ ਦੀ ਤਰਜੀਹ ਦਿਉ। ਸਬਜੀਆਂ ਨੂੰ ਉੱਲੀ ਵਾਲੀਆਂ ਬਿਮਾਰੀਆਂ ਤੋਂ ਬਚਾਉਣ ਲਈ ਕਤਾਰਾਂ ਅਤੇ ਬੂਟਿਆਂ ਦਰਮਿਆਨ ਫਾਸਲਾ ਆਮ ਨਾਲੋਂ ਜਿਆਦਾ ਰੱਖੋ ਤਾਂ ਜੋ ਬੂਟਿਆਂ ਵਿਚਕਾਰ ਹਵਾ ਦਾ ਅਦਾਨ-ਪ੍ਰਦਾਨ ਹੁੰਦਾ ਰਹੇ।ਬਰਸਾਤ ਦੇ ਮੌਸਮ ਵਿੱਚ ਸਬਜੀਆਂ ਅਕਸਰ ਕੀੜੇ, ਬਿਮਾਰੀ ਜਾਂ ਮੌਸਮੀ ਮਾਰ ਕਾਰਨ ਗਲ ਕੇ ਖਰਾਬ ਹੋ ਜਾਂਦੀਆਂ ਹਨ ਅਤੇ ਮੰਡੀਕਰਨ ਯੋਗ ਨਹੀ ਰਹਿੰਦੀਆਂ, ਇਸ ਲਈ ਬਾਂਸ ਜਾਂ ਕੋਈ ਹੋਰ ਢਾਂਚਾ ਬਣਾ ਕੇ ਵੇਲਾਂ ਜਾਲ ਉਪਰ ਚੜਾਉਣ ਨਾਲ ਸਬਜੀ ਦੇ ਝਾੜ ਅਤੇ ਮਿਆਰ ਦੋਵੇਂ ਵਿੱਚ ਹੀ ਵਾਧਾ ਹੁੰਦਾ ਹੈ। ਬਰਸਾਤ ਵਿਚ ਵੇਲਾਂ ਵਾਲੀਆਂ ਸਬਜੀਆਂ ਦੇ ਨਾਲ ਕਝ ਇਲਾਕਿਆਂ ਵਿਚ ਬੈਂਗਣ, ਟਮਾਟਰ ਅਤੇ ਮਿਰਚ ਦੀ ਕਾਸ਼ਤ ਵੀ ਕੀਤੀ ਜਾਂਦੀ ਹੈ। ਬਰਸਾਤਾਂ ਵਿੱਚ ਨਦੀਨਾਂ ਦੀ ਬਹੁਤ ਸਮੱਸਿਆ ਆਉਦੀ ਹੈ ਇਸ ਲਈ ਸਮੇਂ ਸਿਰ ਗੋਡੀ ਜਾਂ ਮਸ਼ੀਨ ਜਾਂ ਨਦੀਨ ਨਾਸ਼ਕ ਸਪਰੇਅ ਨਾਲ ਨਦੀਨਾਂ ਉਪਰ ਕਾਬੂ ਪਾਉਣਾ ਜਰੂਰੀ ਹੈ।

ਅਜੋਕੇ ਸਮੇਂ ਵਿੱਚ ਸਬਜੀਆਂ ਦੀ ਰਵਾਇਤੀ ਕਾਸ਼ਤ (ਵਪਾਰਕ ਅਤੇ ਘਰੇਲੂ ਬਗੀਚੀ ਤੋਂ ਇਲਾਵਾ) ਦੇ ਨਾਲ ਨਾਲ ਕੁਝ ਨਵੇਂ ਰੁਝਾਨ ਵੀ ਪ੍ਰਚਲਿਤ ਹੋ ਰਹੇ ਹਨ ਜੋ ਕਿ ਭਵਿੱਖ ਵਿਚ ਖਾਸਕਰ ਨੌਜਵਾਨ ਕਿਸਾਨਾਂ ਵੱਲੋਂ ਵਪਾਰਕ ਪੱਧਰ ਤੇ ਅਪਣਾਏ ਜਾ ਸਕਦੇ ਹਨ।ਇਸ ਵਿਚ ਜੈਵਿਕ ਖੇਤੀ, ਕੁਦਰਤੀ ਖੇਤੀ, ਵਰਟੀਕਲ ਫਾਰਮਿੰਗ, ਮਿੱਟੀ ਰਹਿਤ ਖੇਤੀ, ਟੈਰਸ ਫਾਰਮਿੰਗ, ਪੋਟ ਕਲਚਰ, ਇਨਡੋਰ ਫਾਰਮਿੰਗ ਅਤੇ ਐਗਰੋਟੂਰਿਜਮ ਆਦਿ ਮੁੱਖ ਹਨ। ਸਾਲ 2022-23 ਦੇ ਅੰਕੜਿਆਂ ਮੁਤਾਬਿਕ, ਪੰਜਾਬ ਵਿਚ ਸਬਜੀਆਂ ਦੀ ਸਰਟੀਫਾਈਡ ਅਤੇ ਪੀ.ਜੀ.ਐਸ. ਨੂੰ ਮਿਲਾ ਕੇ ਜੈਵਿਕ ਖੇਤੀ 14500 ਹੈਕਟੇਅਰ ਵਿਚ ਹੋਈ ਜਦਕਿ ਜੈਵਿਕ ਉਤਪਾਦਾਂ ਦੀ ਮੰਗ ਕਈ ਗੁਣਾਂ ਵਧ ਹੈ ਅਤੇ ਇਸ ਦਾ ਹੋਰ ਜਿਆਦਾ ਤੇਜੀ ਨਾਲ ਵਧਣ ਦੀ ਆਸ ਹੈ।ਇਸੇ ਤਰ੍ਹਾਂ ਸ਼ਹਿਰੀ ਅਤੇ ਅਰਧ-ਸ਼ਹਿਰੀ ਖੇਤਰਾਂ ਵਿੱਚ, ਵਾਹੀਯੋਗ ਜਮੀਨ ਦੀ ਕਮੀ ਅਤੇ ਰੀਅਲ ਇਸਟੇਟ ਦੀਆਂ ਆਸਮਾਨ ਛੂੰਹਦੀਆਂ ਕੀਮਤਾਂ, ਜਮੀਨ ਦੀ ਵਪਾਰਿਕ, ਸੜਕਾਂ, ਰਿਹਾਇਸ਼, ਉਦਯੋਗਾਂ ਲਈ ਵਰਤੋਂ ਹੋਣ ਕਰਕੇ ਵਰਟੀਕਲ ਫਾਰਮਿੰਗ, ਮਿੱਟੀ ਰਹਿਤ ਖੇਤੀ, ਟੈਰਸ ਫਾਰਮਿੰਗ, ਪੋਟ ਕਲਚਰ, ਇਨਡੋਰ ਫਾਰਮਿੰਗ ਆਦਿ ਦਾ ਵਪਾਰਿਕ ਪੱਧਰ ਤੇ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀ ਕੀਤਾ ਜਾ ਸਕਦਾ।



# ਮਾਝਾ-ਦੁਆਬਾ

ਆਸ ਪਾਸ



## 22 ਗ੍ਰਾਮ 220 ਮਿਲੀਗ੍ਰਾਮ ਹੈਰੋਇਨ ਸਮੇਤ 4 ਦੋਸ਼ੀ ਗ੍ਰਿਫ਼ਤਾਰ



ਗੁਰਦਾਸਪੁਰ, 23 ਮਾਰਚ (ਜਗੀਰ ਸਿੰਘ ਮੰਡ): ਮੁੱਖ ਮੰਤਰੀ, ਪੰਜਾਬ ਵੱਲੋਂ ਐਲਾਨੇ ਯੁੱਧ ਨਸ਼ੇ ਦੇ ਵਿਰੁੱਧ ਮੁਹਿੰਮ ਤਹਿਤ ਡਾਇਰੈਕਟਰ ਜਨਰਲ ਪੁਲਿਸ, ਪੰਜਾਬ ਅਤੇ ਮਾਨਯੋਗ ਡਿਪਟੀ ਇੰਸਪੈਕਟਰ ਜਨਰਲ ਪੁਲਿਸ, ਬਾਰਡਰ ਰੇਂਜ, ਅੰਮ੍ਰਿਤਸਰ ਵੱਲੋਂ ਦਿੱਤੇ ਗਏ ਦਿਸ਼ਾ-ਨਿਰਦੇਸ਼ਾ ਅਨੁਸਾਰ ਥਾਣਾ ਸਿਟੀ ਗੁਰਦਾਸਪੁਰ ਵਿਖੇ ਅਨਿਲ ਉਰਫ ਸੂਰਜ ਨੂੰ ਕਾਬੂ ਕਰਕੇ ਉਸ ਪਾਸੋਂ 7 ਗ੍ਰਾਮ 220 ਮਿਲੀਗ੍ਰਾਮ ਹੈਰੋਇਨ ਬ੍ਰਾਮਦ ਕੀਤੀ, ਜਿਸ ਤੇ ਦੋਸ਼ੀ ਦੇ ਖਿਲਾਫ ਮੁਕੱਦਮਾ ਬਾ-ਜੁਰਮ 21-61-85 ਥਾਣਾ ਸਿਟੀ ਗੁਰਦਾਸਪੁਰ ਵਿਖੇ ਦਰਜ ਰਜਿਸਟਰ ਕੀਤਾ ਗਿਆ। ਥਾਣਾ ਸਦਰ ਗੁਰਦਾਸਪੁਰ ਵਿਖੇ ਬਿਕਰਮਜੀਤ ਸਿੰਘ ਨੂੰ ਕਾਬੂ ਕਰਕੇ ਉਸ ਪਾਸੋ 03 ਗ੍ਰਾਮ ਹੈਰੋਇਨ ਬ੍ਰਾਮਦ ਕੀਤੀ, ਜਿਸ ਤੇ ਦੋਸ਼ੀ ਦੇ ਖਿਲਾਫ ਮੁਕੱਦਮਾ ਬਾ-ਜੁਰਮ 21(ਏ)-61-85 ਥਾਣਾ ਸਦਰ ਗੁਰਦਾਸਪੁਰ ਵਿਖੇ ਦਰਜ ਰਜਿਸਟਰ ਕੀਤਾ ਗਿਆ। ਥਾਣਾ ਤਿੱਬੜ ਵਿਖੇ ਮੋਹਿਤ ਕਪਿਲ ਨੂੰ ਕਾਬੂ ਕਰਕੇ ਉਸ ਪਾਸੋ 06 ਗ੍ਰਾਮ ਹੈਰੋਇਨ ਬ੍ਰਾਮਦ ਕੀਤੀ, ਜਿਸ ਤੇ ਦੋਸ਼ੀ ਦੇ ਖਿਲਾਫ ਮੁਕੱਦਮਾ ਬਾ-ਜੁਰਮ 21(ਬੀ)-61-85 ਥਾਣਾ ਤਿੱਬੜ ਵਿਖੇ ਦਰਜ ਰਜਿਸਟਰ ਕੀਤਾ ਗਿਆ। ਥਾਣਾ ਦੀਨਾਨਗਰ ਵਿਖੇ ਸਾਜਨ ਨੂੰ ਗ੍ਰਿਫਤਾਰ ਕਰਕੇ ਉਸ ਪਾਸੋਂ 6 ਗ੍ਰਾਮ ਹੈਰੋਇਨ ਬ੍ਰਾਮਦ ਕੀਤੀ ਗਈ, ਜਿਸ 'ਤੇ ਦੋਸ਼ੀ ਦੇ ਖਿਲਾਫ ਮੁਕੱਦਮਾ ਬਾ-ਜੁਰਮ 21(ਬੀ)-61-85 ਥਾਣਾ ਦੀਨਾਨਗਰ ਵਿਖੇ ਦਰਜ ਰਜਿਸਟਰ ਕੀਤਾ ਗਿਆ।ਆਦਿੱਤਯ, ਆਈ.ਪੀ.ਐਸ, ਸੀਨੀਅਰ ਕਪਤਾਨ ਪੁਲਿਸ, ਗੁਰਦਾਸਪੁਰ ਨੇ ਵਸਨੀਕਾ ਨੂੰ ਅਪੀਲ ਕੀਤੀ ਕਿ ਗੈਰ-ਕਾਨੂੰਨੀ/ਨਸ਼ਿਆ ਦਾ ਕਾਰੋਬਾਰ ਕਰਨ ਵਾਲੇ ਵਿਅਕਤੀਆਂ ਦੀ ਇਤਲਾਹ ਪੁਲਿਸ ਨੂੰ ਦਿੱਤੀ ਜਾਵੇ, ਗੈਰ-ਕਾਨੂੰਨੀ/ਨਸ਼ਿਆ ਦਾ ਕਾਰੋਬਾਰ ਵਿੱਚ ਸ਼ਾਮਿਲ ਵਿਅਕਤੀਆਂ ਦੇ ਖਿਲਾਫ ਠੋਸ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਨਸ਼ਿਆ ਦੇ ਕਾਰੋਬਾਰ ਨੂੰ ਜੜ੍ਹ ਤੋਂ ਖਤਮ ਕਰਨ ਅਤੇ ਮਾੜੇ ਅਨਸਰਾਂ ਨੂੰ ਕਾਬੂ ਕਰਨ ਲਈ ਜਿਲ੍ਹਾ ਗੁਰਦਾਸਪੁਰ ਦੀ ਪੁਲਿਸ ਪੂਰੀ ਤਰ੍ਹਾਂ ਵਚਨਬੱਧ ਹੈ।

## ਚੀਫ਼ ਖ਼ਾਲਸਾ ਦੀਵਾਨ ਅਲੂਮਨੀ ਸੁਸਾਇਟੀ ਦੀ ਪ੍ਰੇਰਨਾਦਾਇਕ ਪਹਿਲ



ਅੰਮ੍ਰਿਤਸਰ , 23 ਮਾਰਚ (ਬਬਲੂ ਮਹਾਜਨ) :ਚੀਫ਼ ਖ਼ਾਲਸਾ ਦੀਵਾਨ ਅਲੂਮਨੀ ਸੁਸਾਇਟੀ ਵੱਲੋਂ ਅੱਜ ਆਪਣੀ ਕਾਰਗੁਜ਼ਾਰੀ ਦੀ ਸ਼ੁਰੂਆਤ ਬੇਹੱਦ ਪ੍ਰੇਰਨਾਦਾਇਕ ਅਤੇ ਲੋਕ ਭਲਾਈ ਉਪਰਾਲੇ ਨਾਲ ਕੀਤੀ ਗਈ, ਜਿਸ ਤਹਿਤ ਸੁਸਾਇਟੀ ਵੱਲੋਂ ਚੀਫ਼ ਖ਼ਾਲਸਾ ਦੀਵਾਨ ਸਕੂਲਾਂ ਦੇ ਲੋੜਵੰਦ ਅਤੇ ਆਰਥਿਕ ਤੌਰ ਤੇ ਕਮਜ਼ੋਰ ਪੰਜ ਵਿਦਿਆਰਥੀਆਂ ਦੀ ਪੜ੍ਹਾਈ ਸਬੰਧੀ ਉਹਨਾਂ ਦੀ ਪੂਰੀ ਸਕੂਲ ਫੀਸ, ਸਕਾਲਰਸ਼ਿਪ ਦੇ ਰੂਪ ਵਿਚ ਭਰਨ ਦੀ ਜਿੰਮੇਵਾਰੀ ਲਈ ਗਈ। ਇਸ ਦੇ ਸੰਬੰਧ ਵਿਚ ਅੱਜ ਦੀਵਾਨ ਮੁੱਖ ਦਫ਼ਤਰ ਵਿਖੇ ਅਲੂਮਨੀ ਸੁਸਾਇਟੀ ਦੇ ਪ੍ਰਧਾਨ ਪ੍ਰਭਜੀਤ ਸਿੰਘ ਦੀ ਅਗਵਾਈ ਹੇਠ ਅਲੂਮਨੀ ਮੈਂਬਰਜ਼ ਸਾਹਿਬਾਨ ਵੱਲੋਂ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਨੂੰ ਅਧਿਕਾਰਤ ਪੱਤਰ ਸੌਂਪਿਆ ਗਿਆ ਅਤੇ ਉਹਨਾਂ ਨਾਲ ਸੁਸਾਇਟੀ ਵੱਲੋਂ ਯੋਗ ਵਿਦਿਆਰਥੀਆਂ ਲਈ ਸਕਾਲਰਸ਼ਿਪ ਦੇਣ ਬਾਬਤ ਪੂਰੀ ਜਾਣਕਾਰੀ ਸਾਂਝੀ ਕੀਤੀ ਗਈ। ਇਸ ਮੌਕੇ ਸੁਸਾਇਟੀ ਦੇ ਪ੍ਰਧਾਨ ਸ੍ਰ.ਪ੍ਰਭਜੀਤ ਸਿੰਘ ਅਤੇ ਸਕੱਤਰ ਸਾਗਰਜੀਤ ਸਿੰਘ ਕਟਾਰੀਆ ਵੱਲੋਂ ਦੱਸਿਆ ਗਿਆ ਕਿ ਅਲੂਮਨੀ ਸੁਸਾਇਟੀ ਵੱਲੋਂ ਕੀਤੀ ਗਈ ਇਹ ਪਹਿਲ ਕਦਮੀ ਕੇਵਲ ਇਕ ਸ਼ੁਰੂਆਤ ਹੈ ਅਤੇ ਭਵਿੱਖ ਵਿਚ ਲੋੜਵੰਦ ਵਿਦਿਆਰਥੀਆਂ ਦੀ ਵੱਧ ਤੋ ਵੱਧ ਮਦਦ ਲਈ ਹੋਰ ਵੀ ਯੋਜਨਾਵਾਂ ਤਿਆਰ ਕੀਤੀਆਂ ਜਾ ਰਹੀਆਂ ਹਨ। ਉਹਨਾਂ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਵਿਦਿਆਰਥੀਆਂ ਨੂੰ ਕਿਤਾਬਾਂ, ਯੂਨੀਫਾਰਮ, ਕਰੀਅਰ ਗਾਇਡੈਂਸ ਅਤੇ ਹੋਰ ਜ਼ਰੂਰੀ ਸਹੂਲਤਾਂ ਦੇਣ ਲਈ ਵੀ ਵਿਸ਼ੇਸ਼ ਉਪਰਾਲੇ ਕੀਤੇ ਜਾਣਗੇ।ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਨੇ ਅਲੂਮਨੀ ਸੁਸਾਇਟੀ ਦੀ ਇਸ ਸ਼ਲਾਘਾਯੋਗ ਲੋਕ ਭਲਾਈ ਪਹਿਲ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਸੰਸਥਾ ਦੇ ਪੁਰਾਣੇ ਵਿਦਿਆਰਥੀਆਂ ਨੇ "ਜਿੱਥੋਂ ਸਿੱਖਿਆ ਪ੍ਰਾਪਤ ਕੀਤੀ, ਉਥੇ ਹੀ ਸੇਵਾ ਕਰਨ** ਦੀ ਸੋਚ ਨੂੰ ਅਮਲ ਵਿਚ ਲਿਆਉਂਦਿਆਂ ਸੰਸਥਾ ਨੂੰ ਵਾਪਿਸ ਦੇਣ ਦੀ ਪਹਿਲ ਕਦਮੀ ਕੀਤੀ ਹੈ। ਇਹ ਉਪਰਾਲਾ ਸਿਰਫ ਮਦਦ ਤੱਕ ਸੀਮਤ ਨਹੀਂ ਹੈ ਸਗੋਂ ਨੈਤਿਕ ਗੁਣਾਂ ਨਾਲ ਭਰਪੂਰ ਚੀਫ਼ ਖ਼ਾਲਸਾ ਦੀਵਾਨ ਅਲੂਮਨੀ ਵਿਦਿਆਰਥੀਆਂ ਦੇ ਆਪਣੇ ਸਕੂਲਾਂ ਨਾਲ ਜੁੜੇ ਡੂੰਘੇ ਜਜ਼ਬਾਤੀ ਰਿਸ਼ਤਿਆਂ ਦੀ ਵੀ ਪਹਿਚਾਣ ਹੈ। ਉਹਨਾਂ ਨੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਸੁਸਾਇਟੀ ਵੱਲੋਂ ਕੀਤੇ ਗਏ ਇਹ ਯਤਨ ਸੰਸਥਾ ਦੇ ਸੇਵਾ ਭਾਵ ਅਤੇ ਸਮਾਜ ਪ੍ਰਤੀ ਲੋਕ ਭਲਾਈ ਜਿੰਮੇਵਾਰੀ ਦਰਸਾਉਂਦਾ ਹੈ ਜੋ ਕਿ ਹੋਰਨਾਂ ਲਈ ਵੀ ਪ੍ਰੇਰਨਾ ਸਰੋਤ ਹੈ। ਉਹਨਾਂ ਸੁਸਾਇਟੀ ਨੂੰ ਇਸੇ ਜਜ਼ਬੇ ਨਾਲ ਅੱਗੇ ਵੱਧਣ ਲਈ ਪ੍ਰੇਰਿਤ ਕਰਦਿਆਂ ਦੀਵਾਨ ਵੱਲੋਂ ਭਵਿੱਖ ਵਿਚ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ।ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ, ਮੀਤ ਪ੍ਰਧਾਨ ਸ੍ਰ.ਸੰਤੋਖ ਸਿੰਘ ਸੇਠੀ, ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ, ਆਨਰੇਰੀ ਸਕੱਤਰ ਸ੍ਰ.ਰਮਣੀਕ ਸਿੰਘ, ਐਲੂਮੀਨੀ ਸੁਸਾਇਟੀ ਦੇ ਪ੍ਰਧਾਨ ਸ੍ਰ.ਪ੍ਰਭਜੀਤ ਸਿੰਘ, ਐਲੂਮੀਨੀ ਸੁਸਾਇਟੀ ਦੇ ਮੀਤ ਪ੍ਰਧਾਨ ਸ੍ਰ.ਪ੍ਰਭਜੋਤ ਸਿੰਘ ਸੇਠੀ, ਐਲੂਮੀਨੀ ਸੁਸਾਇਟੀ ਦੇ ਜਨਰਲ ਸਕੱਤਰ ਸ੍ਰ.ਸਾਗਰਜੀਤ ਸਿੰਘ ਕਟਾਰੀਆ, ਐਲੂਮੀਨੀ ਸੁਸਾਇਟੀ ਦੇ ਜਾਇੰਟ ਸਕੱਤਰ ਸ੍ਰ.ਤਰਿੰਦਰ ਸਿੰਘ ਮਿਸਿਜ਼ ਰੁਬੀਨਾ ਸਿੰਘ ਅਤੇ ਫਾਇਨਾਂਸ ਸੈਕਟਰੀ ਮਿਸਿਜ਼ ਪ੍ਰਭਜੋਤ ਕੌਰ ਅਤੇ ਅਲੂਮੀਨੀ ਸੁਸਾਇਟੀ ਦੇ ਹੋਰ ਮੈਂਬਰ ਸਾਹਿਬਾਨ ਮੌਜੂਦ ਸਨ।

## ਗੰਨਮੈਨ ਆਪਣੀ ਹੀ ਬੰਦੂਕ ਦੀ ਗੋਲ਼ੀ ਨਾਲ ਜ਼ਖਮੀ



ਤਲਵਾੜਾ, 23 ਮਾਰਚ (ਜਗਮੋਹਨ ਸ਼ਰਮਾ) :ਸੋਮਵਾਰ ਨੂੰ ਤਲਵਾੜਾ ਦੇ ਸੈਕਟਰ-2 ਵਿੱਚ ਸਥਿਤ ਪੀਐਨਬੀ ਬੈਂਕ ਵਿੱਚ ਉਸ ਵੇਲੇ ਹੜਕੰਪ ਮਚ ਗਿਆ ਜਦੋਂ ਬੈਂਕ ਵਿੱਚ ਡਿਊਟੀ ਕਰ ਰਹੇ ਗੰਨਮੈਨ ਨੂੰ ਉਸਦੀ ਆਪਣੀ ਬੰਦੂਕ ਵਿੱਚੋਂ ਗੋਲੀ ਚੱਲਣ ਕਾਰਨ ਗੰਭੀਰ ਚੋਟ ਲੱਗ ਗਈ।ਪ੍ਰਾਪਤ ਜਾਣਕਾਰੀ ਅਨੁਸਾਰ ਗੁਰਮੇਲ ਸਿੰਘ (48 ਸਾਲ), ਪੁੱਤਰ ਮਹਿੰਦਰ ਸਿੰਘ, ਵਾਸੀ ਪਿੰਡ ਮੱਦੀਪੁਰ, ਥਾਣਾ ਦਸੂਹਾ, ਜੋ ਕਿ ਪੀਐਨਬੀ ਬੈਂਕ ਸੈਕਟਰ-2 ਤਲਵਾੜਾ ਵਿੱਚ ਗੰਨਮੈਨ ਵਜੋਂ ਤੈਨਾਤ ਹੈ, ਅਤੇ ਫੌਜ ਵਿੱਚ ਵੀ ਸੇਵਾਵਾਂ ਦੇ ਚੁੱਕਾ ਹੈ ।ਆਪਣੀ ਡੀਬੀਬੀਐਲ ਬੰਦੂਕ ਦੇ ਕੋਲ ਬੈਠਾ ਹੋਇਆ ਸੀ। ਇਸ ਦੌਰਾਨ ਅਚਾਨਕ ਬੰਦੂਕ ਵਿੱਚੋਂ ਗੋਲੀ ਚੱਲ ਗਈ, ਜਿਸ ਨਾਲ ਉਹ ਜ਼ਖ਼ਮੀ ਹੋ ਗਿਆ।ਘਟਨਾ ਤੋਂ ਬਾਅਦ ਬੈਂਕ ਵਿੱਚ ਮੌਜੂਦ ਸਟਾਫ ਅਤੇ ਅਧਿਕਾਰੀਆਂ ਵੱਲੋਂ ਤੁਰੰਤ ਕਾਰਵਾਈ ਕਰਦਿਆਂ ਜ਼ਖਮੀ ਗੁਰਨੇਮ ਸਿੰਘ ਨੂੰ ਬੀਬੀਐਮਬੀ ਹਸਪਤਾਲ ਤਲਵਾੜਾ ਪਹੁੰਚਾਇਆ ਗਿਆ। ਡਾਕਟਰਾਂ ਵੱਲੋਂ ਮੁੱਢਲੀ ਸਹਾਇਤਾ ਦੇਣ ਤੋਂ ਬਾਅਦ ਉਸਦੀ ਗੰਭੀਰ ਹਾਲਤ ਨੂੰ ਦੇਖਦਿਆਂ ਉਸਨੂੰ ਹੋਰ ਇਲਾਜ ਲਈ ਜਲੰਧਰ ਰੈਫਰ ਕਰ ਦਿੱਤਾ ਗਿਆ।ਇਸ ਸਬੰਧੀ ਪੁਲਿਸ ਵੱਲੋਂ ਡੀਐਸਪੀ ਬਲਵਿੰਦਰ ਸਿੰਘ ਜੌੜਾ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।ਪ੍ਰਾਰੰਭਿਕ ਜਾਣਕਾਰੀ ਅਨੁਸਾਰ ਇਹ ਘਟਨਾ ਅਚਾਨਕ ਗੋਲੀ ਚੱਲਣ ਕਾਰਨ ਵਾਪਰੀ ਦੱਸੀ ਜਾ ਰਹੀ ਹੈ, ਹਾਲਾਂਕਿ ਪੁਲਿਸ ਹਰ ਪੱਖ ਤੋਂ ਜਾਂਚ ਕਰ ਰਹੀ ਹੈ।ਪ੍ਰਾਰੰਭਿਕ ਜਾਣਕਾਰੀ ਅਨੁਸਾਰ ਇਹ ਘਟਨਾ ਅਚਾਨਕ ਗੋਲੀ ਚੱਲਣ ਕਾਰਨ ਵਾਪਰੀ ਦੱਸੀ ਜਾ ਰਹੀ ਹੈ, ਹਾਲਾਂਕਿ ਪੁਲਿਸ ਹਰ ਪੱਖ ਤੋਂ ਜਾਂਚ ਕਰ ਰਹੀ ਹੈ।

## ਇਕੱਲੇ ਮੰਤਰੀ ਲਾਲਜੀਤ ਸਿੰਘ ਭੁੱਲਰ ਦੀ ਗ੍ਰਿਫ਼ਤਾਰੀ ਨਾਕਾਫੀ, ਸਾਰੇ ਦੋਸ਼ੀ ਹੋਣ ਗ੍ਰਿਫ਼ਤਾਰ : ਬਾਪੂ ਤਰਸੇਮ ਸਿੰਘ



ਅੰਮ੍ਰਿਤਸਰ, 23 ਮਾਰਚ (ਬਬਲੂ ਮਹਾਜਨ) ਅੱਜ ਵੇਅਰਹਾਊਸ ਅੰਮ੍ਰਿਤਸਰ ਦੇ ਸਵਰਗੀ ਐਮ.ਡੀ. ਸ੍ਰ ਗਗਨਦੀਪ ਸਿੰਘ ਰੰਧਾਵਾ ਦੇ ਗ੍ਰਿਹਿ ਪਹੁੰਚ ਕੇ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਜੀ ਦੇ ਪਿਤਾ ਬਾਪੂ ਤਰਸੇਮ ਸਿੰਘ ਜੀ ਨੇ ਅਕਾਲੀ ਦਲ ਵਾਰਿਸ ਪੰਜਾਬ ਦੇ ਦੀ ਸੀਨੀਅਰ ਲੀਡਰਸ਼ਿਪ ਸਮੇਤ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਭਾਈ ਅਮਰਜੀਤ ਸਿੰਘ ਵੰਨਚਿੜੀ, ਭਾਈ ਹਰਭਜਨ ਸਿੰਘ ਤੁੜ, ਭਾਈ ਸ਼ਮਸ਼ੇਰ ਸਿੰਘ ਪੱਧਰੀ, ਬਾਬਾ ਬਿਬੇਕ ਸਿੰਘ, ਭਾਈ ਬਲਦੇਵ ਸਿੰਘ ਜੱਲੂਪੁਰ ਅਤੇ ਸੁਖਚੈਨ ਸਿੰਘ ਜੱਲੂਪੁਰ ਵੀ ਮੌਜੂਦ ਸਨ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਉਪਰੰਤ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਬਾਪੂ ਤਰਸੇਮ ਸਿੰਘ ਜੀ ਨੇ ਕਿਹਾ ਕਿ ਗਗਨਦੀਪ ਸਿੰਘ ਰੰਧਾਵਾ ਦੀ ਮੌਤ ਕੋਈ ਆਮ ਘਟਨਾ ਨਹੀਂ, ਸਗੋਂ ਪੰਜਾਬ ਵਿੱਚ ਵੱਧ ਰਹੀ ਸੱਤਾ ਦੀ ਧੱਕੇਸ਼ਾਹੀ ਅਤੇ ਜ਼ਬਰ ਦਾ ਕੌੜਾ ਸੱਚ ਹੈ, ਜਿਸ ਨੇ ਪੂਰੇ ਪ੍ਰਸ਼ਾਸਕੀ ਸਿਸਟਮ ਦੀ ਨਾਕਾਮੀ ਨੂੰ ਬੇਨਕਾਬ ਕੀਤਾ ਹੈ। ਉਨ੍ਹਾਂ ਕਿਹਾ ਕਿ ਜਦੋਂ ਇੱਕ ਇਮਾਨਦਾਰ ਸਰਕਾਰੀ ਅਧਿਕਾਰੀ ਸਿਆਸੀ ਦਬਾਅ ਹੇਠ ਆਪਣੀ ਜਾਨ ਦੇਣ 'ਤੇ ਮਜਬੂਰ ਹੋ ਜਾਵੇ, ਤਾਂ ਇਹ ਸਿਰਫ ਇੱਕ ਪਰਿਵਾਰ ਨਹੀਂ, ਸਾਰੇ ਸਮਾਜ ਲਈ ਗੰਭੀਰ ਚੇਤਾਵਨੀ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਮੰਤਰੀ ਲਾਲਜੀਤ ਸਿੰਘ ਭੁੱਲਰ ਵੱਲੋਂ ਕੀਤੀਆਂ ਧੱਕੇਸ਼ਾਹੀਆਂ ਨੇ ਇਕ ਘਰ ਉਜਾੜ ਦਿੱਤਾ ਅਤੇ ਇਸਦੀ ਨੈਤਿਕ ਤੇ ਸਿਆਸੀ ਜ਼ਿੰਮੇਵਾਰੀ ਸਿੱਧੇ ਤੌਰ 'ਤੇ ਸਰਕਾਰ 'ਤੇ ਆਉਂਦੀ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਅਸਤੀਫੇ ਅਤੇ ਸਿਰਫ਼ ਇੱਕ ਵਿਅਕਤੀ ਦੀ ਗ੍ਰਿਫਤਾਰੀ ਨਾਲ ਇਨਸਾਫ਼ ਪੂਰਾ ਨਹੀਂ ਹੁੰਦਾ। ਖ਼ਬਰ ਲਿਖਣ ਤੱਕ ਮੰਤਰੀ ਲਾਲਜੀਤ ਸਿੰਘ ਭੁੱਲਰ ਦੀ ਗ੍ਰਿਫਤਾਰੀ ਹੋ ਚੁੱਕੀ ਹੈ, ਪਰ ਬਾਕੀ ਮੁਲਜ਼ਮ ਅਜੇ ਵੀ ਕਾਨੂੰਨ ਦੀ ਪਕੜ ਤੋਂ ਬਾਹਰ ਹਨ, ਜੋ ਕਿ ਪ੍ਰਸ਼ਾਸਨ ਦੀ ਨਿਰਪੱਖਤਾ 'ਤੇ ਸਵਾਲ ਖੜ੍ਹੇ ਕਰਦਾ ਹੈ। ਬਾਪੂ ਤਰਸੇਮ ਸਿੰਘ ਜੀ ਨੇ ਸਪੱਸ਼ਟ ਮੰਗ ਕਰਦਿਆਂ ਕਿਹਾ ਕਿ ਮੰਤਰੀ ਲਾਲਜੀਤ ਸਿੰਘ ਭੁੱਲਰ ਦੇ ਪਿਤਾ ਸੁਖਦੇਵ ਸਿੰਘ ਭੁੱਲਰ ਅਤੇ ਉਸਦੇ ਪੀਏ ਸਮੇਤ ਇਸ ਮਾਮਲੇ ਨਾਲ ਜੁੜੇ ਸਾਰੇ ਬਾਕੀ ਦੋਸ਼ੀਆਂ ਨੂੰ ਤੁਰੰਤ ਗ੍ਰਿਫ਼ਤਾਰ ਕਰਕੇ ਸਖ਼ਤ ਤੋਂ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ, ਤਾਂ ਜੋ ਪੀੜਤ ਪਰਿਵਾਰ ਨੂੰ ਅਸਲ ਇਨਸਾਫ਼ ਮਿਲ ਸਕੇ। ਉਨ੍ਹਾਂ ਸਰਕਾਰ ਤੇ ਤਿੱਖਾ ਸਿਆਸੀ ਹਮਲਾ ਕਰਦਿਆਂ ਕਿਹਾ ਕਿ ਜੇਕਰ ਸਰਕਾਰ ਆਪਣੇ ਹੀ ਮੰਤਰੀਆਂ 'ਤੇ ਨਿਯੰਤਰਣ ਨਹੀਂ ਰੱਖ ਸਕਦੀ ਅਤੇ ਨਿਰਪੱਖ ਇਨਸਾਫ਼ ਦੇਣ ਵਿੱਚ ਅਸਫ਼ਲ ਰਹਿੰਦੀ ਹੈ, ਤਾਂ ਅਜਿਹੀ ਸਰਕਾਰ ਨੂੰ ਸੱਤਾ ਵਿੱਚ ਰਹਿਣ ਦਾ ਕੋਈ ਨੈਤਿਕ ਅਧਿਕਾਰ ਨਹੀਂ। ਸ੍ਰੇਸ਼ਟ ਪ੍ਰਸ਼ਾਸਨਿਕ ਮਰਿਆਦਾਵਾਂ ਅਤੇ ਲੋਕਤੰਤਰਿਕ ਜ਼ਿੰਮੇਵਾਰੀਆਂ ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ ਕਿ ਇਸ ਗੰਭੀਰ ਮਾਮਲੇ ਦੀ ਨੈਤਿਕ ਜ਼ਿੰਮੇਵਾਰੀ ਲੈਂਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਤੁਰੰਤ ਆਪਣੇ ਅਹੁਦੇ ਤੋਂ ਅਸਤੀਫਾ ਦੇ ਦੇਣਾ ਚਾਹੀਦਾ ਹੈ। ਬਾਪੂ ਤਰਸੇਮ ਸਿੰਘ ਜੀ ਨੇ ਦੁੱਖੀ ਪਰਿਵਾਰ ਨੂੰ ਦਿਲਾਸਾ ਦਿੰਦਿਆਂ ਕਿਹਾ ਕਿ ਅਕਾਲੀ ਦਲ ਵਾਰਿਸ ਪੰਜਾਬ ਦੇ ਦੀ ਸਮੁੱਚੀ ਲੀਡਰਸ਼ਿਪ ਅਤੇ ਹਰ ਵਰਕਰ ਇਸ ਮੁਸ਼ਕਲ ਘੜੀ ਵਿੱਚ ਉਨ੍ਹਾਂ ਦੇ ਨਾਲ ਖੜਾ ਹੈ। ਉਨ੍ਹਾਂ ਕਿਹਾ ਕਿ ਇਹ ਲੜਾਈ ਕਿਸੇ ਇੱਕ ਵਿਅਕਤੀ ਜਾਂ ਪਾਰਟੀ ਦੀ ਨਹੀਂ, ਸਗੋਂ ਸੱਚ, ਇਨਸਾਫ਼ ਅਤੇ ਇਨਸਾਨੀਅਤ ਦੀ ਲੜਾਈ ਹੈ, ਜਿਸਨੂੰ ਅੰਤ ਤੱਕ ਲੜਿਆ ਜਾਵੇਗਾ। ਉਨ੍ਹਾਂ ਇਹ ਵੀ ਭਰੋਸਾ ਦਿਵਾਇਆ ਕਿ ਪਾਰਟੀ ਕਿਸੇ ਵੀ ਤਰ੍ਹਾਂ ਦੇ ਸਿਆਸੀ ਦਬਾਅ ਅੱਗੇ ਝੁਕਣ ਵਾਲੀ ਨਹੀਂ ਅਤੇ ਜਦ ਤੱਕ ਗਗਨਦੀਪ ਸਿੰਘ ਰੰਧਾਵਾ ਦੇ ਪਰਿਵਾਰ ਨੂੰ ਪੂਰਾ ਇਨਸਾਫ਼ ਨਹੀਂ ਮਿਲਦਾ ਤੱਦ ਤੱਕ ਹਰ ਪੱਧਰ 'ਤੇ ਆਵਾਜ਼ ਬੁਲੰਦ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਹੁਣ ਜਾਗ ਚੁੱਕੇ ਹਨ ਅਤੇ ਸੱਤਾ ਦੇ ਦੁਰਉਪਯੋਗ ਨੂੰ ਹੋਰ ਬਰਦਾਸ਼ਤ ਨਹੀਂ ਕਰਨਗੇ।

## ਕਾਲੋਨਾਈਜ਼ਰ 'ਤੇ ਗੋਲ਼ੀ ਚਲਾਉਣ ਵਾਲੇ ਦੇ ਖ਼ਿਲਾਫ਼ ਪੁਲਿਸ ਵੱਲੋਂ ਨਹੀਂ ਕੀਤੀ ਜਾ ਰਹੀ ਸਖ਼ਤ ਕਾਰਵਾਈ



ਫਿਲੌਰ, 23 ਮਾਰਚ (ਅਜੇ ਸਿੰਘ ਨਾਗੀ) :ਫਿਲੌਰ ਇਲਾਕੇ ਦੇ ਉਘੇ ਸਮਾਜ ਸੇਵੀ ਅਤੇ ਕਾਲੋਨਾਈਜ਼ਰ ਮਨਦੀਪ ਸਿੰਘ ਗੋਰਾ ਵੱਲੋਂ ਅੱਜ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਤੇ 5 ਮਹੀਨੇ ਪਹਿਲਾਂ ਗੋਲੀ ਚਲਾਉਣ ਵਾਲੇ ਰਾਹੁਲ ਖਿਲਾਫ ਪੁਲਿਸ ਕੋਈ ਸਖਤ ਕਾਰਵਾਈ ਕਰਦੀ ਦਿਖਾਈ ਨਹੀਂ ਦੇ ਰਹੀ ਉਨ੍ਹਾਂ ਕਿਹਾ ਕਿ ਅਸੀਂ ਵਪਾਰ ਕਰਦੇ ਹਾਂ ਪਰ ਅੱਜ ਪੰਜ ਮਹੀਨੇ ਤੋਂ ਅੰਦਰ ਬੈਠ ਕੇ ਕੰਮ ਚਲਾ ਰਹੇ ਹਾਂ, ਜਦਕਿ ਗੋਲੀ ਚਲਾਉਣ ਵਾਲਾ ਬਾਹਰ ਘੁੰਮ ਰਿਹਾ ਹੈ ਅਤੇ ਧਮਕੀਆਂ ਦੇ ਰਿਹਾ ਹੈ ਉਨ੍ਹਾਂ ਕਿਹਾ ਕਿ ਰਾਹੁਲ ਤੇ ਪੁਲਿਸ ਵੱਲੋਂ ਪਰਚਾ ਦਰਜ਼ ਕੀਤਾ ਗਿਆ ਸੀ ਪਰ ਉਸ ਤੋਂ ਬਾਅਦ ਜ਼ੋ ਉਸ ਨਾਲ ਗੋਲੀ ਚਲਾਉਣ ਸਮੇਂ ਦੋਸ਼ਤ ਸੀ ਉਸ ਦੀ ਜ਼ਮਾਨਤ ਪੁਲਿਸ ਨੇ ਇਹ ਕਹਿ ਕੇ ਕਰਵਾਈ ਕਿ ਸਾਨੂੰ ਇਸ ਦੀ ਕੇਸ ਵਿੱਚ ਜ਼ਰੂਰਤ ਨਹੀਂ ਹੈ ਉਸ ਤੋਂ ਬਾਅਦ ਰਾਹੁਲ ਦੇ ਘਰ ਪੁਲਿਸ ਵੱਲੋਂ ਛਾਪੇਮਾਰੀ ਕੀਤੀ ਜਿੱਥੋਂ ਅਸਲਾ, ਨਗਦੀ, ਵਿਦੇਸ਼ੀ ਕਰੰਸੀ ਅਤੇ ਨਸ਼ੀਲਾ ਪਦਾਰਥ ਬਰਾਮਦ ਹੋਇਆ ਸੀ ਪਰ ਉਹ ਵੀ ਕਿਸੇ ਖਾਤੇ ਚ ਨਹੀਂ ਦਿਖਾਈ ਦੇ ਰਿਹਾ ਸਗੋਂ ਰਾਹੁਲ ਦੇ ਪਿਤਾ ਦੀ ਜ਼ਮਾਨਤ ਹੋ ਗਈ। ਉਨ੍ਹਾਂ ਕਿਹਾ ਕਿ ਰਾਹੁਲ ਅਤੇ ਉਸ ਦੇ ਨਾਲ ਵਾਲੇ ਸਾਥੀ ਸ਼ਰੇਆਮ ਕਹਿ ਰਹੇ ਹਨ ਕਿ ਅਸੀ ਸੀ ਆਈ ਏ ਸਟਾਫ ਅਤੇ ਲੋਕਲ ਪੁਲਿਸ ਨੂੰ ਪੈਸੇ ਦਿੱਤੇ ਹਨ ਜਿਸ ਲਈ ਪੁਲਿਸ ਸਾਡੇ ਤੇ ਕੋਈ ਕਾਰਵਾਈ ਨਹੀਂ ਕਰ ਰਹੀ। ਉਨ੍ਹਾਂ ਕਿਹਾ ਕਿ ਇੱਕ ਪਾਸੇ ਤਾਂ ਪੰਜਾਬ ਪੁਲਿਸ ਗੈਂਗਸਟਰਾ ਖਿਲਾਫ ਮੁਹਿੰਮ ਛੇੜੀ ਹੋਈ ਹੈ ਦੂਜੇ ਪਾਸੇ ਗੈਂਗਸਟਰ ਗੋਲੀਆਂ ਚਲਾ ਕੇ ਸ਼ਰੇਆਮ ਘੁੰਮ ਰਹੇ ਅਤੇ ਧਮਕੀਆਂ ਦੇ ਰਹੇ ਹਨ ਉਨ੍ਹਾਂ ਕਿਹਾ ਕਿ ਰਾਹੁਲ ਅਤੇ ਉਸ ਦੇ ਸਾਥੀਆਂ ਵੱਲੋਂ ਮੈਨੂੰ ਅਤੇ ਮੇਰੇ ਪਰਿਵਾਰ ਨੂੰ ਖਤਰਾ ਹੈ ਇਸ ਲਈ ਜਲਦ ਤੋਂ ਜਲਦ ਉਸ ਨੂੰ ਗ੍ਰਿਫਤਾਰ ਕੀਤਾ ਜਾਵੇ ਨਹੀਂ ਤਾਂ ਅਸੀਂ ਵੱਖ -ਵੱਖ ਪਾਰਟੀਆਂ ਨੂੰ ਨਾਲ ਲੈਕੇ ਸੰਘਰਸ਼ ਕਰਾਂਗੇ। ਇਸ ਸਬੰਧੀ ਜਦੋਂ ਡੀ ਐਸ ਪੀ ਭਰਤ ਮਸੀਹ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਪੁਲਿਸ ਕਿਸੇ ਵੀ ਦੋਸ਼ੀ ਦੀ ਮਦਦ ਨਹੀਂ ਕਰ ਰਹੀ ਅਤੇ ਮਾਨਯੋਗ ਕੋਰਟ ਵਿੱਚ 27 ਮਾਰਚ ਦੀ ਤਾਰੀਖ ਹੈ ਜਿਸ ਵਿੱਚ ਰਾਹੁਲ ਨੂੰ ਪੀ ਓ ਕਰਾਰ ਅਤੇ ਉਸ ਦੀ ਪ੍ਰਾਪਰਟੀ ਅਟੈਚੀ ਸਬੰਧੀ ਕਾਰਵਾਈ ਕੀਤੀ ਜਾਵੇਗੀ ਉਨ੍ਹਾਂ ਕਿਹਾ ਕਿ ਅਸੀਂ ਮਨਦੀਪ ਸਿੰਘ ਗੋਰਾ ਦੀ ਸੁਰੱਖਿਆ ਲਈ ਹਰ ਸਮੇਂ ਤਿਆਰ ਹਾਂ।

## ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦੀ ਸ਼ਹਾਦਤ ਨੂੰ ਸਮਰਪਿਤ ਸਾਮਰਾਜ ਵਿਰੋਧੀ ਦਿਵਸ ਰੈਲੀ



ਬਟਾਲਾ/ਸ੍ਰੀ ਹਰਗੋਬਿੰਦਪੁਰ ਸਾਹਿਬ,23 ਮਾਰਚ (ਡਾ ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ) :ਇੱਥੇ ਟਰੇਡ ਯੂਨੀਅਨ, ਮਜ਼ਦੂਰ-ਕਿਸਾਨ ਅਤੇ ਮੁਲਾਜ਼ਮ ਜਥੇਬੰਦੀਆਂ ਵੱਲੋਂ ਸ਼ਹੀਦੇ ਆਜ਼ਮ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਸਾਮਰਾਜ ਵਿਰੋਧੀ ਦਿਵਸ ਰੈਲੀ ਸ਼ਹੀਦ ਸੁੱਖਾ ਸਿੰਘ ਮਹਿਤਾਬ ਸਿੰਘ ਪਾਰਕ ਵਿਖੇ ਕੀਤੀ ਗਈ,ਜਿਸ ਵਿੱਚ ਵੱਡੀ ਗਿਣਤੀ ਵਿੱਚ ਕਿਰਤੀ ਲੋਕ ਸ਼ਹੀਦਾਂ ਨੂੰ ਇਨਕਲਾਬੀ ਸ਼ਰਧਾਂਜਲੀ ਭੇਟ ਕਰਨ ਪਹੁੰਚੇ।ਰੈਲੀ ਨੂੰ ਸੰਬੋਧਨ ਕਰਦਿਆਂ ਰਾਜ ਗੁਰਵਿੰਦਰ ਸਿੰਘ ਲਾਡੀ ਘੁਮਾਣ, ਸ਼ਮਸ਼ੇਰ ਸਿੰਘ ਨਵਾਂ ਪਿੰਡ, ਰਘਬੀਰ ਸਿੰਘ ਪਕੀਵਾਂ, ਰਣਬੀਰ ਸਿੰਘ ਵਿਰਕ,ਬਲਵਿੰਦਰ ਸਿੰਘ ਰਾਜੂ ਔਲਖ, ਲਖਵਿੰਦਰ ਸਿੰਘ ਮਰੜ੍ਹ, ਕਰਨੈਲ ਸਿੰਘ ਸ਼ੇਰਪੁਰ, ਗੁਰਪ੍ਰੀਤ ਸਿੰਘ ਛੀਨਾ, ਨਰਿੰਦਰ ਸਿੰਘ ਕੋਟਲਾ ਬਾਮਾ, ਜਰਨੈਲ ਸਿੰਘ,ਜਨਕ ਰਾਜ ਅਹਿਮਦਾਬਾਦ, ਗੁਲਜ਼ਾਰ ਸਿੰਘ ਭੁੰਬਲੀ,ਬਚਨ ਸਿੰਘ ਭੰਬੋਈ, ਸੁਰਜੀਤ ਸਿੰਘ ਘੁਮਾਣ, ਜਗਤਾਰ ਸਿੰਘ ਖੁੱਡਾਂ, ਬਲਵਿੰਦਰ ਸਿੰਘ ਸਾਬਕਾ ਸੈਨਿਕ, ਅਵਤਾਰ ਸਿੰਘ ਠੱਠਾ, ਗੁਰਵੇਲ ਸਿੰਘ ਬੱਲਪੁਰੀਆ, ਪ੍ਰਿੰਸੀਪਲ ਗੁਰਬਖਸ਼ ਸਿੰਘ ਘੁਮਾਣ, ਸ਼ੇਰੇ ਪੰਜਾਬ ਸਿੰਘ ਕਾਹਲੋ ,ਹਰਜਿੰਦਰ ਸਿੰਘ ਵਡਾਲਾ ਬਾਂਗਰ, ਸੋਮ ਸਿੰਘ, ਪ੍ਰਗਟ ਸਿੰਘ ਨੇਕਿਹਾ ਕਿ ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਅਨੇਕਾਂ ਸਾਥੀਆਂ ਨੇ ਸਾਮਰਾਜਵਾਦ ਦੇ ਖਿਲਾਫ ਲਹੂ ਵੀਟਵਾ ਸ਼ੰਘਰਸ਼ ਲੜਿਆ, ਫਾਂਸੀਆ ਦੇ ਰੱਸਿਆਂ ਨੂੰ ਚੁੰਮਿਆ, ਕਾਲੇ ਪਾਣੀਆਂ ਦੀਆਂ ਸਜ਼ਾਵਾਂ ਕੱਟੀਆ ਅਤੇ ਦੇਸ਼ ਨੂੰ ਆਜ਼ਾਦ ਕਰਾਇਆ। ਉਹਨਾਂ ਕਿਹਾ ਕਿ ਆਰਐਸਐਸ ਦੇ ਇਸ਼ਾਰਿਆਂ ਤੇ ਚੱਲ ਰਹੀ ਬੀਜੇਪੀ ਦੀ ਸਰਕਾਰ ਦੇਸ਼ ਨੂੰ ਸਾਮਰਾਜੀ ਮੁਲਕ ਅਮਰੀਕਾ ਅੱਗੇ ਗੋਡੇ ਟੇਕ ਕੇ ਲੋਕ ਅਤੇ ਦੇਸ਼ ਵਿਰੋਧੀ ਸਮਝੌਤੇ ਕਰ ਰਹੀ ਹੈ ਅਤੇ ਕਾਰਪਰੇਟ ਘਰਾਣਿਆਂ ਨੂੰ ਫਾਇਦੇ ਦੇਣ ਲਈ ਬੀਜ ਬਿੱਲ, ਬਿਜਲੀ ਸੋਧ ਬਿੱਲ 2025, ਐਮ ਐਸ ਪੀ ਗਾਰੰਟੀ ਕਾਨੂੰਨ ਨਾ ਬਣਾਉਣਾ,ਕਿਰਤ ਕਾਨੂੰਨਾਂ ਨੂੰ ਚਾਰ ਕੋਡਾਂ ਵਿਚ ਤਬਦੀਲ ਕਰਨਾ, ਮਨਰੇਗਾ ਕਾਨੂੰਨ ਨੂੰ ਖ਼ਤਮ ਕਰਕੇ ਵੀ. ਬੀ. ਜੀ. ਰਾਮ ਕਾਨੂੰਨ ਬਣਾਉਣਾ ਕਿਸਾਨ ਮਜ਼ਦੂਰਾਂ ਦਾ ਕਰਜ਼ਾ ਮੁਆਫ ਨਾ ਕਰਨਾ ਕੱਚੇ ਕਾਮੇ ਪੱਕੇ ਨਾ ਕਰਨਾ ਆਦਿ ਹੋਰ ਲੋਕ ਮਾਰੂ ਸਮਝੌਤੇ ਕੀਤੇ ਜਾ ਰਹੇ ਹਨ ਪੰਜਾਬ ਦੀ ਭਗਵੰਤ ਮਾਨ ਦੀ ਸਰਕਾਰ ਵੀ ਬੀਜੇਪੀ ਦੀਆਂ ਨੀਤੀਆਂ ਤੇ ਚੱਲ ਰਹੀ ਹੈ ਅਤੇ ਨਸ਼ੇ ਗੈਂਗਸਟਰਵਾਦ ਕਤਲੋਗਾਰ ਦੇ ਲੁੱਟਖੋਆਂ ਨੂੰ ਬੜਾਵਾ ਦੇਣ ਲਈ ਪੁਲਿਸ ਨੂੰ ਖੁੱਲੀਆਂ ਛੁੱਟੀਆਂ ਦਿੱਤੀਆਂ ਜਾ ਰਹੀਆਂ ਹਨ, ਅਤੇ ਝੂਠੇ ਪੁਲਿਸ ਮੁਕਾਬਲੇ ਬਣਾਈ ਜਾ ਰਹੇ ਹਨ। ਇਸ ਮੌਕੇ ਨਿਸ਼ਾਨ ਸਿੰਘ ਜੌੜਾ ਸਿੰਘਾ ਬਲਰਾਜ ਸਿੰਘ ਬਟਾਲਾ ਜਸਵਿੰਦਰ ਸਿੰਘ ਕੈਲੀਕਲ ਹਰਭਜਨ ਸਿੰਘ ਬਟਾਲਾ ਜਿੰਦਾ ਨਾਥਪੁਰ ਹਰਪਾਲ ਸਿੰਘ ਦਿਆਲਗੜ੍ਹ ਸ਼ਮਸ਼ੇਰ ਸਿੰਘ ਹਰਪੁਰਾ ਬਲਦੇਵ ਸਿੰਘ ਕਲੇਰ ਲਖਵਿੰਦਰ ਸਿੰਘ ਮਰੜ ਗੁਰਮੀਤ ਸਿੰਘ ਢਡਿਆਲਾ ਨਜ਼ਾਰਾ ਦਰਸ਼ਨ ਸਿੰਘ ਬਟਾਲਾ ਬਲਵਿੰਦਰ ਕੌਰ ਕੰਡੀਲਾ ਜਸਪਾਲ ਸਿੰਘ ਹੀਰਾ ਸਿੰਘ ਕੰਡੀਲਾ ਆਦਿ ਹਾਜ਼ਰ ਸਨ।

## ਖ਼ਾਲਸਾ ਕਾਲਜ ਯੂਥ ਫ਼ੈਸਟੀਵਲ' ਅਭੁੱਲ ਯਾਦਾਂ ਛੱਡਦਾ ਹੋਇਆ ਸੰਪੰਨ




ਅੰਮ੍ਰਿਤਸਰ, 23 ਮਾਰਚ (ਗੁਰਦਿਆਲ ਸਿੰਘ/ਬਬਲੂ ਮਹਾਜਨ ):ਅਜੋਕਾ ਨੌਜਵਾਨ ਸਿਰਫ ਪਾਠਕ੍ਰਮਕ ਗਿਆਨ ਤੱਕ ਸੀਮਿਤ ਨਹੀਂ ਰਹਿ ਸਕਦੇ, ਸਗੋਂ ਉਨ੍ਹਾਂ ਨੂੰ ਸੱਭਿਆਚਾਰਕ ਅਤੇ ਸਮਾਜਿਕ ਗਤੀਵਿਧੀਆਂ 'ਚ ਵੀ ਅਗਾਂਹ ਆਉਣਾ ਚਾਹੀਦਾ ਹੈ।ਅਜਿਹੇ ਸਮਾਗਮ ਵਿਦਿਆਰਥੀਆਂ ਨੂੰ ਮੰਚ ਪ੍ਰਦਾਨ ਕਰਦੇ ਹਨ, ਜਿੱਥੇ ਉਹ ਆਪਣੀ ਅਸਲ ਪ੍ਰਤਿਭਾ ਨੂੰ ਨਿਖਾਰ ਸਕਦੇ ਹਨ।ਇਸ ਲਈ ਸੰਸਥਾਵਾਂ 'ਚ ਸਮੇਂ-ਸਮੇਂ 'ਤੇ ਵਿਦਿਆਰਥੀਆਂ ਦੀ ਕਲਾ ਦੀ ਪਰਖ ਲਈ ਅਜਿਹੀਆਂ ਪ੍ਰਤੀਯੋਗਤਾਵਾਂ ਅਤਿ ਲੋੜੀਂਦੀਆਂ ਹਨ। ਉਕਤ ਪ੍ਰਗਟਾਵਾ ਖ਼ਾਲਸਾ ਕਾਲਜ ਫ਼ਾਰ ਵੂਮੈਨ ਵਿਖੇ ਕਰਵਾਏ ਗਏ 2 ਰੋਜ਼ਾ '10ਵਾਂ ਖ਼ਾਲਸਾ ਕਾਲਜਜ਼ ਯੂਥ ਫੈਸਟੀਵਲ-2026' 'ਚ ਉਚੇਚੇ ਤੌਰ 'ਤੇ ਵਿਦਿਆਰਥੀਆਂ ਦੀ ਹੌਸਲਾ ਅਫ਼ਜਾਈ ਕਰਨ ਅਤੇ ਓਵਰ ਆਲ ਟਰਾਫ਼ੀ 'ਤੇ ਕਬਜ਼ਾ ਕਰਨ ਵਾਲੇ ਖ਼ਾਲਸਾ ਕਾਲਜ ਨੂੰ ਟਰਾਫ਼ੀ ਭੇਂਟ ਕਰਨ ਲਈ ਪੁੱਜੇ ਖਾਲਸਾ ਯੂਨੀਵਰਸਿਟੀ ਦੇ ਪ੍ਰੋ-ਚਾਂਸਲਰ ਅਤੇ ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਆਨਰੇਰੀ ਸਕੱਤਰ ਸ: ਰਜਿੰਦਰ ਮੋਹਨ ਸਿੰਘ ਛੀਨਾ ਵੱਲੋਂ ਕੀਤਾ ਗਿਆ,ਜਦਕਿ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਜੀ. ਟੀ. ਰੋਡ ਨੇ ਫ਼ਸਟ ਅਤੇ ਖ਼ਾਲਸਾ ਕਾਲਜ ਫ਼ਾਰ ਵੂਮੈਨ ਨੇ ਸੈਕਿੰਡ ਰਨਰਅੱਪ ਵਜੋਂ ਟਰਾਫੀ ਪ੍ਰਾਪਤ ਕੀਤੀ। ਖ਼ਾਲਸਾ ਕਾਲਜ ਮੈਨੇਜ਼ਮੈਂਟ ਅਧੀਨ ਚੱਲ ਰਹੇ ਸਮੂਹ ਕਾਲਜਾਂ ਤੋਂ ਸੈਂਕੜੇ ਵਿਦਿਆਰਥੀਆਂ ਨੇ ਫੈਸਟੀਵਲ 'ਚ ਆਪਣੇ ਹੁਨਰ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਮੌਕੇ ਸ: ਛੀਨਾ ਨੇ ਖਾਲਸਾ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਮਹਿਲ ਸਿੰਘ ਨਾਲ ਮਿਲ ਕੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕੀਤੇ ਅਤੇ ਵਿਦਿਆਰਥੀਆਂ ਨੂੰ ਜਿੱਥੇ ਅਜਿਹੇ ਪ੍ਰੋਗਰਾਮਾਂ ਦਾ ਹਿੱਸਾ ਬਣਨ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਵਿੱਦਿਅਕ ਖੇਤਰ 'ਚ ਸ਼ਲਾਘਾਯੋਗ ਉਪਲਬਧੀਆਂ ਹਾਸਲ ਕਰਨ ਲਈ ਵਿਦਿਆਰਥੀਆਂ ਨੂੰ ਹੱਲ੍ਹਾਸ਼ੇਰੀ ਦਿੰਦਿਆਂ ਕਿਹਾ ਕਿ ਨੌਜਵਾਨ ਦੇਸ਼ ਦੀ ਸਭ ਤੋਂ ਵੱਡੀ ਤਾਕਤ ਹਨ।ਉਨ੍ਹਾਂ ਕਿਹਾ ਕਿ ਨੌਜਵਾਨਾਂ ਦੀ ਸਹੀ ਦਿਸ਼ਾ 'ਚ ਰਹਿਨੁਮਾਈ ਕਰਨਾ ਅਦਾਰਿਆਂ ਅਤੇ ਸਮਾਜ ਦੀ ਜ਼ਿੰਮੇਵਾਰੀ ਹੈ।ਉਨ੍ਹਾਂ ਕਿਹਾ ਕਿ ਯੂਥ ਫੈਸਟੀਵਲ ਵਰਗੇ ਆਯੋਜਨ ਵਿਦਿਆਰਥੀਆਂ ਦੇ ਆਤਮ ਵਿਸ਼ਵਾਸ ਨੂੰ ਮਜ਼ਬੂਤ ਕਰਦੇ ਹਨ।ਉਕਤ ਫੈਸਟੀਵਲ ਜੋ ਆਪਣੀਆਂ ਮਿੱਠੀਆਂ ਯਾਦਾਂ ਦੀ ਖ਼ੁਸ਼ਬੂ ਬਿਖੇਰਦਾ ਹੋਇਆ ਸੰਪੰਨ ਹੋ ਗਿਆ, ਦਾ ਖਾਲਸਾ ਕਾਲਜ ਦੇ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਦੁਆਰਾ ਸ਼ਮ$ਹਾ ਰੌਸ਼ਨ ਕਰਕੇ ਅਗਾਜ਼ ਕੀਤਾ ਗਿਆ ਸੀ।ਇਸ ਤੋਂ ਪਹਿਲਾਂ ਖਾਲਸਾ ਯੂਨੀਵਰਸਿਟੀ ਦੇ ਅਕਾਦਮਿਕ ਮਾਮਲੇ ਡੀਨ ਡਾ. ਸੁਰਿੰਦਰ ਕੌਰ ਨੇ ਸ: ਛੀਨਾ, ਸ੍ਰੀਮਤੀ ਛੀਨਾ, 'ਵਰਸਿਟੀ ਦੇ ਰਜਿਸਟਰਾਰ ਡਾ. ਖੁਸ਼ਵਿੰਦਰ ਕੁਮਾਰ, ਭਾਸ਼ਾਵਾਂ ਡੀਨ ਡਾ. ਰਮਿੰਦਰ ਕੌਰ ਸਮੇਤ ਹੋਰਨਾਂ ਮਹਿਮਾਨਾਂ ਦਾ ਪ੍ਰੋਗਰਾਮ ਕੋਆਰਡੀਨੇਟਰ ਸ੍ਰੀਮਤੀ ਰਵਿੰਦਰ ਕੌਰ ਨਾਲ ਮਿਲ ਕੇ ਪੌਦਾ ਭੇਂਟ ਕਰਕੇ ਸਵਾਗਤ ਕੀਤਾ।ਉਕਤ 2 ਰੋਜ਼ਾ ਫੈਸਟੀਵਲ ਦੇ ਪਹਿਲੇ ਦਿਨ ਸੰਗੀਤ, ਥੀਏਟਰ, ਸਾਹਿਤਕ ਅਤੇ ਲਲਿਤ ਕਲਾ ਸ਼ਰੇਣੀਆਂ 'ਚ ਅਸਾਧਾਰਨ ਹੁਨਰ ਦਾ ਪ੍ਰਦਰਸ਼ਨ ਕੀਤਾ ਗਿਆ, ਜਿਸ 'ਚ ਰੂਹਾਨੀ ਸ਼ਬਦ-ਭਜਨ, ਸਮੂਹ ਗੀਤਾਂ ਤੋਂ ਲੈ ਕੇ ਭਾਸ਼ਣ ਅਤੇ ਨਾਟਕ ਆਦਿ ਸ਼ਾਮਿਲ ਸਨ।ਉਕਤ ਮੁਕਾਬਲਿਆਂ ਦਾ ਮੁਲਾਂਕਣ ਜੱਜਾਂ ਦੇ ਪੈਨਲ ਦੁਆਰਾ ਕੀਤਾ ਗਿਆ।ਜਿਸ 'ਚ ਸੰਗੀਤ ਸਬੰਧੀ ਜਿਊਰੀ 'ਚ ਰਮੇਸ਼ ਭਗਤ, ਪ੍ਰਸਿੱਧ ਸ਼ਾਸਤਰੀ ਅਤੇ ਗ਼ਜ਼ਲ ਗਾਇਕ✦ ਡਾ. ਸ਼ਿਵਾਨੀ, ਕਾਰਜਕਾਰੀ ਪ੍ਰਿੰਸੀਪਲ, ਸੰਤ ਮਾਝਾ ਸਿੰਘ ਕਰਮਜੋਤ ਕਾਲਜ ਫਾਰ ਵੂਮੈਨ, ਮੈਣੀ, ਦਸੂਹਾ ਅਤੇ ਸ੍ਰੀਮਤੀ ਹਰਲੀਨ ਕੌਰ, ਸਹਾਇਕ ਪ੍ਰੋਫੈਸਰ, ਗੁਰੂ ਨਾਨਕ ਦੇਵ ਗਲੋਬਲ ਯੂਨੀਵਰਸਿਟੀ, ਥੀਏਟਰ ਸਮਾਗਮਾਂ ਦਾ ਫੈਸਲਾ ਸ੍ਰੀਮਤੀ ਮਨਦੀਪ ਕੌਰ ਅਤੇ ਸ੍ਰੀ ਸੁਦੇਸ਼ ਵਿੰਕਲ, ਦੋਵੇਂ ਅੰਮ੍ਰਿਤਸਰ ਦੀਆਂ ਪ੍ਰਸਿੱਧ ਥੀਏਟਰ ਕਲਾਕਾਰਾਂ, ਸਾਹਿਤਕ ਸਮਾਗਮਾਂ ਸਬੰਧੀ ਡਾ. ਪਰਮਜੀਤ ਕੌਰ, ਸਹਾਇਕ ਪ੍ਰੋਫੈਸਰ, ਪੰਜਾਬੀ, ਮਾਝਾ ਕਾਲਜ ਫਾਰ ਵੂਮੈਨ, ਸ੍ਰੀਮਤੀ ਮਾਨਸੀ, ਐਸਆਰ ਸਰਕਾਰੀ ਕਾਲਜ ਫਾਰ ਵੂਮੈਨ ਅਤੇ ਸ੍ਰੀਮਤੀ ਨਵਦੀਪ ਕੌਰ, ਸਹਾਇਕ ਪ੍ਰੋਫੈਸਰ, ਡੇਵ ਕਾਲਜ, ਕਾਰਟੂਨਿੰਗ, ਰੰਗੋਲੀ, ਪੋਸਟਰ-ਮੇਕਿੰਗ ਅਤੇ ਫੋਟੋਗ੍ਰਾਫੀ ਸਮੇਤ ਫਾਈਨ ਆਰਟਸ ਮੁਕਾਬਲਿਆਂ ਦਾ ਨਿਰਣਾ ਸ੍ਰੀ ਬ੍ਰਜੇਸ਼ ਜੌਲੀ, ਡਾਇਰੈਕਟਰ, ਕੇ.ਟੀ. ਕਲਾ ਮਿਊਜ਼ੀਅਮ ਐਸ. ਅਮਨਦੀਪ ਸਿੰਘ ਅਤੇ ਐਸ. ਨਰਿੰਦਰ ਸਿੰਘ, ਮੂਰਤੀਕਾਰ, ਇੰਡੀਅਨ ਅਕੈਡਮੀ ਆਫ਼ ਫਾਈਨ ਆਰਟਸ ਵੱਲੋਂ ਕੀਤਾ ਗਿਆ,ਜਦਕਿ ਦੂਜੇ ਦਿਨ ਗਿੱਧਾ ਮੁਕਾਬਲੇ ਦਾ ਨਿਰਣਾ ਡਾ. ਜਤਿੰਦਰ ਕੌਰ, ਐਚਓਡੀ ਪੰਜਾਬੀ ਵਿਭਾਗ, ਬੀ.ਯੂ.ਸੀ. ਬਟਾਲਾ, ਸ੍ਰੀਮਤੀ ਹਰਪ੍ਰਿਆ ਕੌਰ, ਇਨਵਿਕਟਸ ਇੰਟਰਨੈਸ਼ਨਲ ਅਤੇ ਸ੍ਰੀਮਤੀ ਅਨੁਦੀਪ ਕੌਰ, ਗਿੱਧਾ ਕੋਚ ਅਤੇ ਭੰਗੜਾ ਮੁਕਾਬਲੇ ਸਬੰਧੀ ਸ. ਮਨਪ੍ਰੀਤ ਸਿੰਘ ਜਗਦੇਵ (ਲੁਧਿਆਣਾ), ਸ: ਅਮਰਿੰਦਰਜੀਤ ਸਿੰਘ ਅਤੇ ਡਾ. ਨਵਜੀਤ ਸਿੰਘ ਧਾਲੀਵਾਲ, ਸਰੀਰਿਕ ਸਿੱਖਿਆ ਨਿਰਦੇਸ਼ਕ, ਡੀ. ਐਸ. ਜੀ. ਐਸ. ਐਸ. ਮਿਰਜ਼ਾਜਾਨ, ਅੰਮ੍ਰਿਤਸਰ ਵੱਲੋਂ ਫੈਸਲਾ ਲਿਆ ਗਿਆ।ਕੁਇਜ਼ ਮੁਕਾਬਲਾ ਵੇਰਕਾ ਦੇ ਅਮਨਪਾਲ ਸਿੰਘ ਵੱਲੋਂ ਚਲਾਇਆ ਗਿਆ, ਜਿਨ੍ਹਾਂ ਨੇ ਕੁਇਜ਼ ਮਾਸਟਰ ਵਜੋਂ ਸੇਵਾ ਨਿਭਾਈ।ਇਸ ਮੌਕੇ ਡਾ. ਮਹਿਲ ਸਿੰਘ ਨੇ ਕਿਹਾ ਕਿ ਗਵਰਨਿੰਗ ਕੌਂਸਲ ਹਮੇਸ਼ਾਂ ਹੀ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਵਚਨਬੱਧ ਰਹੀ ਹੈ ਅਤੇ ਯੂਥ ਫੈਸਟੀਵਲ ਵਰਗੇ ਸਮਾਗਮ ਇਸ ਵਚਨਬੱਧਤਾ ਦਾ ਜੀਵੰਤ ਉਦਾਹਰਨ ਹਨ।ਡਾ. ਸੁਰਿੰਦਰ ਕੌਰ ਨੇ ਖਾਲਸਾ ਸੰਸਥਾਵਾਂ ਦੀ ਬੌਧਿਕ ਅਤੇ ਸਿਰਜਣਾਤਮਕ ਸਮਰੱਥਾ ਸਬੰਧੀ ਵਚਨਬੱਧਤਾ 'ਤੇ ਜ਼ੋਰ ਦਿੱਤਾ।ਉਨ੍ਹਾਂ ਨੇ ਸ: ਛੀਨਾ ਸਮੇਤ ਸਮੂਹ ਸਬੰਧਿਤ ਸਟਾਫ, ਜੱਜਾਂ ਆਦਿ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਮਿਹਨਤ ਅਤੇ ਸਹਿਯੋਗ ਨਾਲ ਹੀ ਉਕਤ ਸਮਾਗਮ ਸਫਲਤਾਪੂਰਵਕ ਸੰਪੰਨ ਹੋ ਸਕਿਆ,ਜਦਕਿ ਪ੍ਰਿੰ: ਡਾ. ਰੰਧਾਵਾ ਨੇ ਆਤਮਵਿਸ਼ਵਾਸੀ ਅਤੇ ਸੁਚੱਜੇ ਸ਼ਖਸੀਅਤਾਂ ਨੂੰ ਢਾਲਣ 'ਚ ਅਜਿਹੇ ਤਿਉਹਾਰਾਂ ਦੀ ਮਹੱਤਤਾ ਨੂੰ ਉਜਾਗਰ ਕਰਦਿਆਂ ਸ਼ਾਨਦਾਰ ਪ੍ਰੋਗਰਾਮ ਦੀ ਸਫਲਤਾਪੂਰਵਕ ਮੇਜ਼ਬਾਨੀ ਕਰਨ ਲਈ ਪ੍ਰਬੰਧਕ ਟੀਮ ਦੀ ਸ਼ਲਾਘਾ ਕੀਤੀ।ਇਸ ਮੌਕੇ 'ਵਰਸਿਟੀ ਦੇ ਰਜਿਸਟਰਾਰ ਡਾ. ਖੁਸ਼ਵਿੰਦਰ ਕੁਮਾਰ, ਐਗਜੇਮੀਨੇਸ਼ਨ ਕੰਟਰੋਲਰ ਡਾ. ਕੰਵਲਜੀਤ ਸਿੰਘ, ਕੌਂਸਲ ਮੈਂਬਰ ਸ: ਦਵਿੰਦਰ ਸਿੰਘ ਛੀਨਾ, ਸ੍ਰੀਮਤੀ ਤੇਜਿੰਦਰ ਕੌਰ ਛੀਨਾ, ਖਾਲਸਾ ਕਾਲਜ ਚਵਿੰਡਾ ਦੇਵੀ ਦੇ ਪ੍ਰਿੰਸੀਪਲ ਗੁਰਦੇਵ ਸਿੰਘ, ਸ੍ਰੀ ਗੁਰੂ ਤੇਗ ਬਹਾਦਰ ਕਾਲਜ ਫਾਰ ਵੂਮੈਨ ਪ੍ਰਿੰਸੀਪਲ ਡਾ. ਲਕਸ਼ਮੀ ਮਲਹੋਤਰਾ ਸਮੇਤ ਵੱਖ-ਵੱਖ ਕਾਲਜਾਂ ਦਾ ਸਟਾਫ਼ ਤੇ ਵਿਦਿਆਰਥੀ ਮੌਜੂਦ ਸਨ।

## ਐਸ.ਐਫ.ਸੀ. ਪਬਲਿਕ ਸਕੂਲ ਵੱਲੋਂ ਸ਼ਹੀਦ ਭਗਤ ਸਿੰਘ ਨੂੰ ਸ਼ਰਧਾਂਜਲੀ



ਮੋਗਾ, 23 ਮਾਰਚ (ਨਿਸ਼ੀ ਮਨਚੰਦਾ) : ਸ਼ਹਿਰ ਦੀ ਪ੍ਰਮੁੱਖ ਸੰਸਥਾ ਐਸਐਫਸੀ ਪਬਲਿਕ ਸਕੂਲ ਵੱਲੋਂ ਮਹਾਨ ਸੁਤੰਤਰਤਾ ਸੈਨਾਨੀ ਸ. ਭਗਤ ਸਿੰਘ ਨੂੰ ਸ਼ਰਧਾ ਤੇ ਪੂਰਨ ਸਨਮਾਨ ਨਾਲ ਸ਼ਰਧਾਂਜਲੀ ਦਿੱਤੀ ਗਈ, ਵਿਦਿਆਰਥੀਆਂ ਵੱਲੋਂ ਭਾਸ਼ਣ ਕਵਿਤਾ ਤੇ ਨਾਟਕ ਦੇ ਮਾਧਿਅਮ ਨਾਲ ਇਸ ਸ਼ਹੀਦ ਨੂੰ ਯਾਦ ਕੀਤਾ ਗਿਆ, ਅਰੋੜਾ ਨੇ ਬੱਚਿਆਂ ਨੂੰ ਸ਼ਹੀਦ ਭਗਤ ਸਿੰਘ ਦੀ ਜੀਵਨੀ ਬਾਰੇ ਦੱਸਿਆ, ਅਤੇ ਕਿਹਾ ਅੱਜ ਦੀ ਨੌਜਵਾਨ ਪੀੜੀ ਨੂੰ ਸਰਦਾਰ ਭਗਤ ਸਿੰਘ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ, ਵਿਦਿਆਰਥੀਆਂ ਨੂੰ ਦੇਸ਼ ਪ੍ਰੇਮ ਅਪਣਾਉਣ ਅਤੇ ਰਾਸ਼ਟਰ ਦੇ ਵਿਕਾਸ ਵਿੱਚ ਯੋਗਦਾਨ ਪਾਉਣ ਦਾ ਸੰਕਲਪ ਲਿਆ, ਸਕੂਲ ਦੇ ਐਮਡੀ ਅਭਿਸ਼ੇਕ ਜਿੰਦਲ ਤੇ ਪ੍ਰਿੰਸੀਪਲ ਸੀਨਮ ਜਿੰਦਲ ਨੇ ਕਿਹਾ ਕਿ ਸ਼ਹੀਦਾਂ ਦੇ ਸ਼ਹੀਦਾਂ ਨੂੰ ਨਮਨ ਕਰਨਾ ਸਾਡਾ ਸਭ ਦਾ ਫਰਜ ਹੈ, ਇੰਨਾ ਸ਼ਹੀਦਾਂ ਦੇ ਬਦੌਲਤ ਹੀ ਅੱਜ ਅਸੀਂ ਆਜ਼ਾਦੀ ਦਾ ਸੁੱਖ ਭੋਗ ਰਹੇ ਹਾਂ, ਸਾਨੂੰ ਆਜ਼ਾਦੀ ਦਵਾਉਣ ਵਿੱਚ ਸੁਤੰਤਰਤਾ ਸੇਨਾਨੀਆਂ ਦਾ ਬਹੁਤ ਯੋਗਦਾਨ ਹੈ, ਸਰਦਾਰ ਭਗਤ ਸਿੰਘ ਜੀ ਨਾ ਕਿ ਕੇਵਲ ਕ੍ਰਾਂਤੀਕਾਰੀ ਸਨ, ਸਗੋਂ ਕਿਤਾਬ ਪ੍ਰੇਮੀ ਵੀ ਸਨ, ਜੇਲ ਵਿੱਚ ਰਹਿ ਕੇ ਵੀ ਉਹ ਕਿਤਾਬਾਂ ਪੜ੍ਹਦੇ ਸਨ, ਅਜਿਹੇ ਨੌਜਵਾਨ ਸਾਡੇ ਲਈ ਸਦਾ ਪ੍ਰੇਰਨਾ ਸਰੋਤ ਬਣੇ ਰਹਿਣਗੇ।

## 'ਰੰਗਲੇ ਪੰਜਾਬ' ਦੀ ਸਿਰਜਣਾ ਲਈ ਮਾਨ ਸਰਕਾਰ ਦਾ ਇਕੋ ਇਕ ਪ੍ਰਮੁੱਖ ਏਜੰਡਾ : ਧਾਲੀਵਾਲ



ਅੰਮ੍ਰਿਤਸਰ, 23 ਮਾਰਚ ਬਬਲੂ ਮਹਾਜਨ) : ਅੱਜ ਆਮ ਆਦਮੀ ਪਾਰਟੀ ਦੇ ਸੂਬਾਈ ਮੁੱਖ ਬੁਲਾਰੇ, ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਸ. ਕੁਲਦੀਪ ਸਿੰਘ ਧਾਲੀਵਾਲ ਨੇ ਸ਼ਹੀਦੇ ਆਜ਼ਮ ਭਗਤ ਸਿੰਘ, ਰਾਜਗੁਰੂ , ਸੁਖਦੇਵ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ , ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਸ੍ਰੀ ਮਨੀਸ਼ ਸਿਸੋਦੀਆ ਦੀ ਅਗਵਾਈ ਵਾਲੀ ਸੂਬਾ ਮਾਨ ਸਰਕਾਰ ਤੇ ਆਮ ਆਦਮੀ ਪਾਰਟੀ ਦੀ ਪੰਜਾਬ ਇਕਾਈ ਦਾ ਅੱਜ ਦੇਸ਼ ਦੀ ਏਕਤਾ ਦੀ ਮਜ਼ਬੂਤੀ ਅਤੇ ਪੰਜਾਬ ਦੀਆਂ ਸਾਬਕਾ ਕਾਂਗਰਸ, ਅਕਾਲੀ , ਭਾਜਪਾ ਸਰਕਾਰਾਂ ਵਲੋਂ ਕਥਿਤ ਲੋਕ ਮਾਰੂ ਤੇ ਲੁੱਟ ਖਸੁੱਟ ਨੀਤੀਆਂ ਅਪਣਾ ਕੇ ਸੋਨੇ ਦੀ ਚਿੜੀ ਕਹਾਉਂਦੇ ਪੰਜਾਬ ਦੀ ਕੀਤੀ ਦੁਰਗਤੀ ਦੀਆਂ ਅਲਾਮਤਾਂ ਨੂੰ ਨਵਿਰਤ ਕਰਕੇ ਰੰਗਲਾ ਪੰਜਾਬ ਦੀ ਮੁੜ ਸਿਰਜਣਾ ਹੀ ਇਕੋ ਇਕ ਪ੍ਰਮੁੱਖ ਏਜੰਡਾ ਹੈ।ਸ. ਧਾਲੀਵਾਲ ਅੱਜ ਪਾਰਟੀ ਦੇ ਹਲਕਾ ਪੱਧਰੀ ਮੁੱਖ ਦਫਤਰ ਅਜਨਾਲਾ ਵਿਖੇ ਸ਼ਹੀਦੇ ਆਜ਼ਮ ਭਗਤ ਸਿੰਘ, ਰਾਜਗੁਰੂ , ਸੁਖਦੇਵ ਦੇ ਸ਼ਹੀਦੀ ਦਿਹਾੜੇ ਮੌਕੇ ਸ਼ਹਿਰੀ ਪ੍ਰਧਾਨ ਤੇ ਚੇਅਰਮੈਨ ਅਮਿਤ ਔਲ ਦੀ ਅਗਵਾਈ 'ਚ ਕਰਵਾਏ ਗਏ ਸਮਾਗਮ ਨੂੰ ਬਤੌਰ ਮੁੱਖ ਮਹਿਮਾਨ ਵੱਜੋਂ ਸੰਬੋਧਨ ਕਰ ਰਹੇ ਸਨ। ਸਮਾਗਮ 'ਚ ਸ਼ਾਮਲ ਹੋਣ ਮੌਕੇ ਇਨਕਲਾਬੀ ਨਾਅਰਿਆਂ ਦੀ ਗੂੰਜ 'ਚ ਸ. ਧਾਲੀਵਾਲ ਸਮੇਤ ਸਮਾਗਮ 'ਚ ਮੌਜੂਦ ਪ੍ਰਮੁੱਖ ਆਹੁਦੇਦਾਰਾਂ ਵਲੋਂ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਫੋਟੋ ਤੇ ਸ਼ਰਧਾ ਦੇ ਫੁੱਲ ਭੇਂਟ ਕੀਤੇ। ਉਨ੍ਹਾਂ ਸੱਦਾ ਦਿੱਤਾ ਕਿ ਪੰਜਾਬ ਸਮੇਤ ਦੇਸ਼ ਵਾਸੀ ਸ਼ਹੀਦੇ ਆਜ਼ਮ ਭਗਤ ਸਿੰਘ ਸਮੇਤ ਅਣਗਿਣਤ ਦੇਸ਼ ਭਗਤਾਂ ਦੀ ਸੋਚ ਦੇ ਵਾਰਿਸ ਬਨਣ ਲਈ ਅੱਗੇ ਆਉਣ ਕਿਉਂਕਿ ਦੇਸ਼ ਭਗਤਾਂ ਵਲੋਂ ਆਪਣੀਆਂ ਜਾਨਾਂ ਦੀ ਅਹੂਤੀ ਦੇ ਕੇ ਅਜਾਦ ਕਰਵਾਇਆ ਗਿਆ ਭਾਰਤ ਫਿਰ ਸਾਮਰਾਜਵਾਦ ਦੇ ਕੋਝੇ ਮਨਸੂਬਿਆਂ ਕਾਰਣ ਰਾਜਨੀਤਿਕ , ਸਮਾਜਿਕ , ਸਭਿਆਚਾਰਕ ਤੇ ਆਰਥਿਕ ਤੌਰ 'ਤੇ ਸਾਮਰਾਜ ਦੇ ਮੁੱਖ ਅੱਡੇ ਅਮਰੀਕਾ ਅੱਗੇ ਗਹਿਣੇ ਪਾਉਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਜਿਸ ਵਿੱਚ ਇਕ ਪ੍ਰਮੁੱਖ ਕੋਸ਼ਿਸ਼ ਵੱਜੋਂ ਅਮਰੀਕਾ ਵਲੋਂ ਭਾਰਤ ਦੀਆਂ ਵਸਤਾਂ ਤੇ ਠੋਕੇ ਗਏ 18 ਫੀਸਦੀ ਟੈਰਿਫ ਦੇ ਮੁਕਾਬਲੇ ਅਮਰੀਕਾ ਨੂੰ ਭਾਰਤ 'ਚ ਖੇਤੀ ਅਧਾਰਿਤ ਤੇ ਹੋਰ ਆਪਣੀਆਂ ਵਸਤਾਂ ਵੇਚਣ ਲਈ ਜ਼ੀਰੋ ਟੈਰਿਫ ਦੀ ਖੁੱਲ੍ਹ ਦੇਣ ਲਈ ਪ੍ਰਧਾਨ ਮੰਤਰੀ ਮੋਦੀ ਦੀ ਸਰਕਾਰ ਵਲੋਂ ਬਕਾਇਦਾ ਅਮਰੀਕਾ -ਭਾਰਤ ਵਪਾਰ ਸਮਝੌਤਾ ਕੀਤਾ ਗਿਆ ਹੈ। ਸ. ਧਾਲੀਵਾਲ ਨੇ ਕਿਹਾ ਕਿ ਮਹਾਨ ਅਜਾਦੀ ਸੰਗਰਾਮੀਏ ਸ਼ਹੀਦੇ ਆਜ਼ਮ ਭਗਤ ਸਿੰਘ ਸਮੇਤ ਹੋਰ ਕੌਮੀ ਸ਼ਹੀਦਾਂ ਵੱਲੋਂ ਲਏ ਗਏ ਸੁਪਨਿਆਂ 'ਚੋਂ ਮੁੱਖ ਸਿੱਖਿਆ , ਸਿਹਤ ਤੇ ਰੁਜ਼ਗਾਰ ਸੁਪਨੇ ਨੂੰ ਸਾਕਾਰ ਕਰਨ ਲਈ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਵਚਣਬੱਧ ਹਨ ਅਤੇ ਇਸੇ ਵਚਣਬੱਧਤਾ ਤਹਿਤ ਸਿੱਖਿਆ , ਸਿਹਤ ਤੇ ਰੁਜਗਾਰ ਦੀ ਕ੍ਰਾਂਤੀ ਲਿਆ ਕੇ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਿਆ ਜਾ ਰਿਹਾ ਹੈ। ਸ. ਧਾਲੀਵਾਲ ਨੇ ਐਲਾਨ ਦੁਹਰਾਇਆ ਕਿ ਜਲਦੀ ਹੀ ਅਜਨਾਲਾ ਵਿਖੇ ਮਾਝਾ ਵਿਰਾਸਤ ਟਰੱਸਟ ਤੇ ਨਗਰ ਪੰਚਾਇਤ ਅਜਨਾਲਾ ਦੇ ਸਹਿਯੋਗ ਨਾਲ ਸ਼ਹੀਦੇ ਆਜ਼ਮ ਭਗਤ ਸਿੰਘ ਦਾ ਆਦਮ ਕੱਦ ਬੁੱਤ ਸਥਾਪਿਤ ਕੀਤਾ ਜਾਵੇਗਾ। ਜਿਸ ਵਾਸਤੇ ਬਕਾਇਦਾ ਸਥਾਨ ਦੀ ਚੋਣ ਕਰਨ ਲਈ ਪ੍ਰਕਿਰਿਆ ਜਾਰੀ ਹੈ। ਇਸ ਮੌਕੇ 'ਤੇ ਹੋਰਨਾਂ ਤੋਂ ਇਲਾਵਾ ਪੰਜਾਬ ਰਾਜ ਮਹਿਲਾ ਕਮਿਸ਼ਨ ਦੀ ਉੱਪ ਚੇਅਰਮੈਨ ਗੀਤਾ ਗਿੱਲ, ਸ਼ਹਿਰੀ ਪ੍ਰਧਾਨ ਅਮਿਤ ਔਲ, ਸਾਬਕਾ ਕੌਂਸਲਰ ਬਲਜਿੰਦਰ ਸਿੰਘ ਮਾਹਲ, ਸਾਬਕਾ ਕੌਂਸਲਰ ਸੁਰਿੰਦਰ ਬੱਬੂ ਮਹਾਜਨ, ਬਲਾਕ ਪ੍ਰਧਾਨ ਦਵਿੰਦਰ ਸਿੰਘ ਸੋਨੂੰ, ਕੌਂਸਲਰ ਅਵਿਨਾਸ਼ , ਕੌਂਸਲਰ ਰਾਜਬੀਰ ਕੌਰ ਚਾਹਲ, ਤੇ ਉਨ੍ਹਾਂ ਦੇ ਪਤੀ ਯੁਵਾ ਆਗੂ ਸ਼ਿਵ ਚਾਹਲ, ਐਡਵੋਕੇਟ ਸੰਦੀਪ ਕੌਸ਼ਲ ਗੱਟੂ, ਜ਼ਿਲ੍ਹਾ ਯੋਜਨਾ ਬੋਰਡ ਮੈਂਬਰ ਹਰਪ੍ਰੀਤ ਸਿੰਘ ਸੋਹਲ, ਸੁਖਦਿਆਲ ਸਿੰਘ ਭੱਖਾ, ਸਾਬਕਾ ਡਾਇਰੈਕਟਰ ਦਲਬੀਰ ਘੁੱਲੀ, ਦਿਲਬਾਗ ਘੁੱਲੀ, ਆਦਿ ਆਗੂਆਂ ਨੇ ਵੀ ਸ਼ਰਧਾ ਦੇ ਫੁੱਲ ਭੇਂਟ ਕੀਤੇ ।



ਰੋਜ਼ਾਨਾ ਚੜ੍ਹਦੀਕਲਾ
# ਸਿਹਤ ਖ਼ਬਰਨਾਮਾ



## ਸੁਸਤੀ ਭਜਾਉਣ ਲਈ ਪੀਤੀ ਚਾਹ ਕਿਤੇ ਬਿਮਾਰੀਆਂ ਨੂੰ ਤਾਂ ਨਹੀਂ ਦੇ ਰਹੀ ਸੱਦਾ?

ਬਹੁਤ ਸਾਰੇ ਲੋਕਾਂ ਦਾ ਮੰਨਣਾ ਹੈ ਕਿ ਚਾਹ ਪੀਣ ਨਾਲ ਸਰੀਰ ਵਿੱਚ ਫੁਰਤੀ ਆਉਂਦੀ ਹੈ, ਪਰ ਅਸਲ



ਵਿੱਚ ਚਾਹ ਵਿੱਚ ਮੌਜੂਦ ਕੈਫੀਨ ਅਤੇ ਟੈਨਿਨ ਸਰੀਰ ਨੂੰ ਅੰਦਰੋਂ ਖੋਖਲਾ ਕਰ ਸਕਦੇ ਹਨ। ਜੇਕਰ ਤੁਸੀਂ ਵੀ ਦਿਨ ਵਿੱਚ ਕਈ ਵਾਰ ਚਾਹ ਪੀਂਦੇ ਹੋ, ਤਾਂ ਇਹ ਜਾਣਕਾਰੀ ਤੁਹਾਡੇ ਲਈ ਬਹੁਤ ਜ਼ਰੂਰੀ ਹੈ।

**ਨੀਂਦ ਦੀ ਕਮੀ** : ਚਾਹ ਵਿੱਚ ਮੌਜੂਦ ਕੈਫੀਨ ਦਿਮਾਗ ਨੂੰ ਲਗਾਤਾਰ ਸਰਗਰਮ ਰੱਖਦੀ ਹੈ। ਜ਼ਿਆਦਾ ਚਾਹ ਪੀਣ ਨਾਲ ਨੀਂਦ ਦਾ ਚੱਕਰ ਵਿਗੜ ਜਾਂਦਾ ਹੈ, ਜਿਸ ਨਾਲ ਰਾਤ ਨੂੰ ਦੇਰ ਤੱਕ ਨੀਂਦ ਨਹੀਂ ਆਉਂਦੀ ਅਤੇ ਅਗਲੇ ਦਿਨ ਸਰੀਰ ਵਿੱਚ ਹੋਰ ਵੀ ਜ਼ਿਆਦਾ ਸੁਸਤੀ ਮਹਿਸੂਸ ਹੁੰਦੀ ਹੈ।

**ਤੇਜ਼ਾਬ ਅਤੇ ਪੇਟ ਦੀ ਜਲਣ**: ਖ਼ਾਲੀ ਪੇਟ ਜਾਂ ਸੁਸਤੀ ਵੇਲੇ ਚਾਹ ਪੀਣ ਨਾਲ ਪੇਟ ਵਿੱਚ ਐਸਿਡ ਦੀ ਮਾਤਰਾ ਵੱਧ ਜਾਂਦੀ ਹੈ। ਇਸ ਨਾਲ ਸੀਨੇ ਵਿੱਚ ਜਲਣ, ਗੈਸ ਅਤੇ ਪਾਚਨ ਸ਼ਕਤੀ ਕਮਜ਼ੋਰ ਹੋਣ ਵਰਗੀਆਂ ਸਮੱਸਿਆਵਾਂ ਪੈਦਾ ਹੁੰਦੀਆਂ ਹਨ।

**ਖ਼ੂਨ ਦੀ ਕਮੀ** ; ਚਾਹ ਵਿੱਚ ਟੈਨਿਨ ਨਾਮਕ ਤੱਤ ਹੁੰਦਾ ਹੈ ਜੋ ਭੋਜਨ ਵਿੱਚੋਂ ਮਿਲਣ ਵਾਲੇ ਆਇਰਨ ਨੂੰ ਸਰੀਰ ਵਿੱਚ ਜਜ਼ਬ ਹੋਣ ਤੋਂ ਰੋਕਦਾ ਹੈ। ਇਸ ਨਾਲ ਸਰੀਰ ਵਿੱਚ ਖ਼ੂਨ ਦੀ ਕਮੀ ਹੋ ਸਕਦੀ ਹੈ, ਜੋ ਖ਼ੁਦ ਸੁਸਤੀ ਅਤੇ ਥਕਾਵਟ ਦਾ ਇੱਕ ਵੱਡਾ ਕਾਰਨ ਹੈ।

**ਘਬਰਾਹਟ ਅਤੇ ਚਿੰਤਾ**: ਚਾਹ ਦਾ ਜ਼ਿਆਦਾ ਸੇਵਨ ਦਿਲ ਦੀ ਧੜਕਣ ਵਧਾ ਸਕਦਾ ਹੈ ਅਤੇ ਮਾਨਸਿਕ ਤਣਾਅ ਜਾਂ ਚਿੰਤਾ ਦਾ ਕਾਰਨ ਬਣ ਸਕਦਾ ਹੈ।

**ਹੱਡੀਆਂ ਦੀ ਕਮਜ਼ੋਰੀ**: ਚਾਹ ਸਰੀਰ ਵਿੱਚੋਂ ਕੈਲਸ਼ੀਅਮ ਨੂੰ ਸੋਖਣ ਦੀ ਸਮਰੱਥਾ ਘਟਾ ਦਿੰਦੀ ਹੈ, ਜਿਸ ਨਾਲ ਹੱਡੀਆਂ ਕਮਜ਼ੋਰ ਹੋਣ ਲੱਗਦੀਆਂ ਹਨ ਅਤੇ ਜੋੜਾਂ ਦੇ ਦਰਦ ਦੀ ਸਮੱਸਿਆ ਸ਼ੁਰੂ ਹੋ ਸਕਦੀ ਹੈ।

# ਸਤਨਾਮ ਸਿੰਘ ਸੰਧੂ ਨੇ ਚੰਡੀਗੜ੍ਹ ਟ੍ਰਾਈ-ਸਿਟੀ ਮੈਟਰੋ ਪ੍ਰੋਜੈਕਟ ਨੂੰ ਤੇਜ਼ ਕਰਨ ਦੀ ਮੰਗ ਸੰਸਦ ਵਿੱਚ ਉਠਾਈ

ਨਵੀਂ ਦਿੱਲੀ, 23 ਮਾਰਚ (ਅੰਮ੍ਰਿਤਪਾਲ ਸਿੰਘ) : ਰਾਜ ਸਭਾ ਮੈਂਬਰ ਸਤਨਾਮ ਸਿੰਘ ਸੰਧੂ ਨੇ ਅੱਜ ਸੰਸਦ ਵਿੱਚ ਚੰਡੀਗੜ੍ਹ ਟ੍ਰਾਈ-ਸਿਟੀ ਖੇਤਰ ਲਈ ਮੈਟਰੋ ਰੇਲ ਨੈੱਟਵਰਕ ਸਥਾਪਤ ਕਰਨ ਦੀ ਮੰਗ ਕੀਤੀ, ਜਿਸ ਵਿੱਚ ਚੰਡੀਗੜ੍ਹ, ਮੋਹਾਲੀ ਅਤੇ ਪੰਚਕੂਲਾ ਦੇ ਕੇਂਦਰ ਸ਼ਾਸਤ ਪ੍ਰਦੇਸ਼ ਸ਼ਾਮਲ ਹਨ। ਉਨ੍ਹਾਂ ਨੇ ਇਹ ਮੁੱਦਾ ਉੱਤਰੀ ਭਾਰਤ ਦੇ ਇਸ ਸਭ ਤੋਂ ਤੇਜ਼ੀ ਨਾਲ ਵਧ ਰਹੇ ਸ਼ਹਿਰੀ ਖੇਤਰ ਵਿੱਚ ਵਧਦੀ ਆਬਾਦੀ ਦੇ ਮੱਦੇਨਜ਼ਰ ਉਠਾਇਆ, ਜੋ ਕਿ ਪੰਜਾਬ ਅਤੇ ਹਰਿਆਣਾ ਦੇ ਵੱਡੇ ਸ਼ਹਿਰਾਂ ਨਾਲ ਵੀ ਜੁੜਿਆ ਹੋਇਆ ਹੈ।

ਸੰਸਦ ਦੇ ਚੱਲ ਰਹੇ ਬਜਟ ਸੈਸ਼ਨ ਦੌਰਾਨ ਵਿਸ਼ੇਸ਼ ਜ਼ਿਕਰ ਰਾਹੀਂ ਰਾਜ ਸਭਾ ਵਿੱਚ ਇਹ ਮੁੱਦਾ ਉਠਾਉਂਦੇ ਹੋਏ, ਸੰਸਦ ਮੈਂਬਰ ਸਤਨਾਮ ਸਿੰਘ ਸੰਧੂ ਨੇ ਕਿਹਾ ਕਿ ਚੰਡੀਗੜ੍ਹ ਟ੍ਰਾਈ-ਸਿਟੀ ਦੀ ਆਬਾਦੀ 2041 ਤੱਕ 40 ਲੱਖ ਦੇ ਅੰਕੜੇ ਨੂੰ ਪਾਰ ਕਰ ਜਾਵੇਗੀ, ਜਿਸਦੀ ਸਾਲਾਨਾ ਵਿਕਾਸ ਦਰ (ਮਿਸ਼ਰਿਤ ਸਾਲਾਨਾ ਵਿਕਾਸ ਦਰ) 8.02% ਹੈ। ਸੰਸਦ ਮੈਂਬਰ ਨੇ ਕਿਹਾ ਕਿ ਚੰਡੀਗੜ੍ਹ ਟ੍ਰਾਈ-ਸਿਟੀ ਉੱਤਰੀ ਭਾਰਤ ਦੇ ਪ੍ਰਮੁੱਖ ਅਤੇ ਸਭ ਤੋਂ ਤੇਜ਼ੀ ਨਾਲ ਵਧ ਰਹੇ ਸ਼ਹਿਰੀ ਖੇਤਰਾਂ ਵਿੱਚੋਂ ਇੱਕ ਹੈ, ਜੋ ਕਿ ਖਰੜ, ਜ਼ੀਰਕਪੁਰ, ਡੇਰਾ ਬੱਸੀ, ਲਾਲੜੂ, ਕੁਰਾਲੀ, ਰੂਪਨਗਰ, ਪਿੰਜੌਰ, ਕਾਲਕਾ ਅਤੇ ਅੰਬਾਲਾ ਵਰਗੇ ਸ਼ਹਿਰਾਂ ਨਾਲ ਵੀ ਜੁੜਿਆ ਹੋਇਆ ਹੈ। ਇਨ੍ਹਾਂ ਸਾਰੇ ਖੇਤਰਾਂ ਦੀ ਕੁੱਲ ਆਬਾਦੀ 40 ਲੱਖ ਤੋਂ ਵੱਧ ਹੈ। ਅਜਿਹੀ ਸਥਿਤੀ ਵਿੱਚ, ਇੱਕ ਵਿਆਪਕ ਮੈਟਰੋ ਨੈੱਟਵਰਕ ਖਰੜ, ਕੁਰਾਲੀ, ਰੂਪਨਗਰ, ਮੋਰਿੰਡਾ, ਜ਼ੀਰਕਪੁਰ, ਡੇਰਾ ਬੱਸੀ, ਪਿੰਜੌਰ ਅਤੇ ਕਾਲਕਾ ਵਰਗੇ ਉਦਯੋਗਿਕ ਅਤੇ ਵਿਦਿਅਕ ਕੇਂਦਰਾਂ ਨੂੰ ਬਿਹਤਰ ਸੰਪਰਕ ਪ੍ਰਦਾਨ ਕਰੇਗਾ। ਸੰਸਦ ਮੈਂਬਰ ਸਤਨਾਮ ਸਿੰਘ ਸੰਧੂ ਨੇ ਕਿਹਾ ਕਿ ਚੰਡੀਗੜ੍ਹ ਟ੍ਰਾਈ-ਸਿਟੀ ਵਿੱਚ ਪ੍ਰਸਤਾਵਿਤ ਮੈਟਰੋ ਰੇਲ ਨੈੱਟਵਰਕ @ਤੇ ਰੋਜ਼ਾਨਾ ਸਵਾਰੀਆਂ ਦੀ ਗਿਣਤੀ 2031 ਤੱਕ ਲਗਭਗ 2.5 ਲੱਖ ਤੱਕ ਪਹੁੰਚ ਸਕਦੀ ਹੈ। ਜੇਕਰ ਮੈਟਰੋ ਵਰਗੀ ਆਧੁਨਿਕ ਪ੍ਰਣਾਲੀ ਵਿਕਸਤ ਨਹੀਂ ਕੀਤੀ ਜਾਂਦੀ, ਤਾਂ ਟ੍ਰਾਈ-ਸਿਟੀ ਦੇ ਅੰਦਰ ਵਾਹਨਾਂ ਦੀ ਔਸਤ ਗਤੀ ਮੌਜੂਦਾ 25 ਤੋਂ 30 ਕਿਲੋਮੀਟਰ ਪ੍ਰਤੀ ਘੰਟਾ (ਕਿਮੀ/ਘੰਟਾ) ਤੋਂ ਘਟ ਕੇ 15 ਕਿਲੋਮੀਟਰ/ਘੰਟਾ ਤੋਂ ਘੱਟ ਹੋ ਸਕਦੀ ਹੈ। ਸੰਸਦ ਮੈਂਬਰ ਸਤਨਾਮ ਸਿੰਘ ਸੰਧੂ ਨੇ ਕਿਹਾ ਕਿ ਜੇਕਰ ਚੰਡੀਗੜ੍ਹ ਟ੍ਰਾਈ-ਸਿਟੀ ਖੇਤਰ ਵਿੱਚ ਪ੍ਰਸਤਾਵਿਤ ਮੈਟਰੋ ਰੇਲ ਨੈੱਟਵਰਕ ਵਰਗੀ ਆਧੁਨਿਕ ਪ੍ਰਣਾਲੀ ਵਿਕਸਤ ਨਹੀਂ ਕੀਤੀ ਜਾਂਦੀ, ਤਾਂ ਟ੍ਰਾਈ-ਸਿਟੀ ਖੇਤਰ ਵਿੱਚ ਵਾਹਨਾਂ ਦੀ ਔਸਤ ਗਤੀ ਮੌਜੂਦਾ 25 ਤੋਂ 30 ਕਿਲੋਮੀਟਰ ਪ੍ਰਤੀ ਘੰਟਾ (ਕਿਮੀ/ਘੰਟਾ) ਤੋਂ ਘਟ ਕੇ 15 ਕਿਲੋਮੀਟਰ/ਘੰਟਾ ਤੋਂ



ਘੱਟ ਹੋ ਸਕਦੀ ਹੈ। ਕੇਂਦਰ ਸਰਕਾਰ ਨੂੰ ਚੰਡੀਗੜ੍ਹ ਟ੍ਰਾਈ-ਸਿਟੀ ਖੇਤਰ ਲਈ ਮੈਟਰੋ ਨੈੱਟਵਰਕ ਵਿਕਸਤ ਕਰਨ ਦੀ ਸੰਭਾਵਨਾ ਨੂੰ ਤਰਜੀਹ ਦੇਣ ਦੀ ਅਪੀਲ ਕਰਦੇ ਹੋਏ, ਸੰਸਦ ਮੈਂਬਰ ਸੰਧੂ ਨੇ ਕਿਹਾ ਕਿ ਇਹ ਖੇਤਰ ਟਿਕਾਊ ਸ਼ਹਿਰੀ ਆਵਾਜਾਈ ਅਤੇ ਖੇਤਰੀ ਵਿਕਾਸ ਲਈ ਇੱਕ ਰੋਲ ਮਾਡਲ ਵਜੋਂ ਉਭਰ ਸਕਦਾ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਦੇਸ਼ ਵਿੱਚ ਮੈਟਰੋ ਨੈੱਟਵਰਕ ਦੇ ਮਹੱਤਵਪੂਰਨ ਵਿਸਥਾਰ ਦਾ ਜ਼ਿਕਰ ਕਰਦੇ ਹੋਏ, ਸੰਸਦ ਮੈਂਬਰ ਸਤਨਾਮ ਸਿੰਘ ਸੰਧੂ ਨੇ ਕਿਹਾ ਕਿ 2014 ਤੋਂ ਪਹਿਲਾਂ, ਦੇਸ਼ ਦੇ ਸਿਰਫ਼ ਪੰਜ ਸ਼ਹਿਰਾਂ ਵਿੱਚ ਮੈਟਰੋ ਸੇਵਾਵਾਂ ਸਨ, ਜਦੋਂ ਕਿ ਹੁਣ ਇਹ ਨੈੱਟਵਰਕ 25 ਤੋਂ ਵੱਧ ਸ਼ਹਿਰਾਂ ਤੱਕ ਫੈਲ ਗਿਆ ਹੈ। ਇਹ ਧਿਆਨ ਦੇਣ ਯੋਗ ਹੈ ਕਿ ਚੰਡੀਗੜ੍ਹ ਟ੍ਰਾਈ-ਸਿਟੀ ਮੈਟਰੋ ਨੂੰ ਮਾਸ ਰੈਪਿਡ ਟ੍ਰਾਂਜ਼ਿਟ ਸਿਸਟਮ ਵਜੋਂ ਪ੍ਰਸਤਾਵਿਤ ਕੀਤਾ ਗਿਆ ਹੈ, ਜਿਸ ਵਿੱਚ ਤਿੰਨ ਐਲੀਵੇਟਿਡ ਕੋਰੀਡੋਰ ਅਤੇ 50 ਤੋਂ ਵੱਧ ਸਟੇਸ਼ਨ ਸ਼ਾਮਲ ਹਨ। ਇਸ ਪ੍ਰੋਜੈਕਟ 'ਤੇ ਲਗਭਗ 25,000 ਕਰੋੜ ਦੀ ਲਾਗਤ ਆਉਣ ਦੀ ਉਮੀਦ ਹੈ। 114 ਕਿਲੋਮੀਟਰ ਤੋਂ ਬਣਨ ਵਾਲੇ ਇਸ ਮੈਟਰੋ ਪ੍ਰੋਜੈਕਟ ਦੀ ਕੁੱਲ ਲੰਬਾਈ ਦੋ ਪੜਾਵਾਂ ਵਿੱਚ ਪੂਰੀ ਕੀਤੀ ਜਾਵੇਗੀ: ਪਹਿਲੇ ਪੜਾਅ ਵਿੱਚ 89 ਕਿਲੋਮੀਟਰ ਅਤੇ ਦੂਜੇ ਪੜਾਅ ਵਿੱਚ ਬਾਕੀ 25 ਕਿਲੋਮੀਟਰ। ਰੇਲ ਇੰਡੀਆ ਟੈਕਨੀਕਲ ਐਂਡ ਇਕਨਾਮਿਕ ਸਰਵਿਸ ਦੁਆਰਾ ਤਿਆਰ ਕੀਤੀ ਗਈ ਵਿਸਤ੍ਰਿਤ ਪ੍ਰੋਜੈਕਟ ਰਿਪੋਰਟ ਦੇ ਅਨੁਸਾਰ, ਚੰਡੀਗੜ੍ਹ ਮੈਟਰੋ ਦੇ ਪਹਿਲੇ ਪੜਾਅ ਦਾ ਮੁੱਖ ਉਦੇਸ਼ ਚੰਡੀਗੜ੍ਹ, ਮੋਹਾਲੀ ਅਤੇ ਪੰਚਕੂਲਾ ਨੂੰ ਤਿੰਨ ਕੋਰੀਡੋਰਾਂ ਰਾਹੀਂ ਜੋੜਨਾ ਹੈ, ਜਿਸ ਨਾਲ 2031 ਤੱਕ ਰੋਜ਼ਾਨਾ 6.5 ਲੱਖ (ਅੰਦਾਜ਼ਨ) ਯਾਤਰੀ ਆਵਾਜਾਈ ਯਕੀਨੀ ਬਣਾਈ ਜਾਵੇਗੀ। ਵਰਤਮਾਨ ਵਿੱਚ, ਚੰਡੀਗੜ੍ਹ ਵਿੱਚ ਦੇਸ਼ ਵਿੱਚ ਸਭ ਤੋਂ ਵੱਧ ਪ੍ਰਤੀ ਵਿਅਕਤੀ ਵਾਹਨ ਘਣਤਾ ਹੈ, 1.25 ਮਿਲੀਅਨ ਦੀ ਆਬਾਦੀ ਲਈ 1.427 ਮਿਲੀਅਨ ਵਾਹਨ ਹਨ। ਅਧਿਕਾਰਤ ਅੰਕੜਿਆਂ ਅਨੁਸਾਰ, ਚੰਡੀਗੜ੍ਹ ਵਿੱਚ ਪ੍ਰਤੀ 1,000 ਨਿਵਾਸੀਆਂ ਲਈ 1,142 ਵਾਹਨ ਹਨ, ਜੋ ਕਿ ਰਾਸ਼ਟਰੀ ਔਸਤ ਤੋਂ ਚਾਰ ਗੁਣਾ ਹੈ। 2020 ਤੋਂ ਉਪਲਬਧ ਰਜਿਸਟਰਡ ਅੰਕੜਿਆਂ ਦੇ ਅਨੁਸਾਰ, ਰੋਜ਼ਾਨਾ ਔਸਤਨ 104 ਨਵੇਂ ਵਾਹਨ ਜੋੜੇ ਜਾ ਰਹੇ ਹਨ। 2024 ਵਿੱਚ, ਲਗਭਗ 15 ਸਾਲ ਤੋਂ ਪੁਰਾਣੇ 20,000 ਵਾਹਨਾਂ ਨੂੰ ਐਕਸਟੈਂਸ਼ਨ ਮਿਲੀ, ਜੋ ਕਿ ਪਿਛਲੇ ਪੰਜ ਸਾਲਾਂ ਵਿੱਚ ਸਭ ਤੋਂ ਵੱਧ ਸੰਖਿਆ ਹੈ।

# ਰਾਜਪਾਲ ਨੇ ਮਿਊਜ਼ੀਅਮ ਆਵਟ੍ਰੀਜ਼ ਵਿਖੇ ਭਗਤ ਸਿੰਘ ਦੇ ਸ਼ਹੀਦੀ ਦਿਵਸ 'ਤੇ ਸ਼ਰਧਾਂਜਲੀ ਦਿੱਤੀ

## ਵਾਤਾਵਰਨ ਜਾਗਰੂਕਤਾ ਅਤੇ ਨੌਜਵਾਨਾਂ ਨੂੰ ਪ੍ਰੇਰਿਤ ਕਰਨ ਦਾ ਸੱਦਾ ਦਿੱਤਾ

ਚੰਡੀਗੜ੍ਹ, 23 ਮਾਰਚ (ਚ.ਨ.ਸ.) : ਪੰਜਾਬ ਦੇ ਰਾਜਪਾਲ ਅਤੇ ਯੂ.ਟੀ. ਚੰਡੀਗੜ੍ਹ ਦੇ ਪ੍ਰਸ਼ਾਸਕ ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਅੱਜ ਮਿਊਜ਼ੀਅਮ ਆਵਟ੍ਰੀਜ਼, ਪਿੰਡ ਦੜੀਆ, ਚੰਡੀਗੜ੍ਹ ਦਾ ਦੌਰਾ ਕਰਕੇ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਵਸ 'ਤੇ ਜੈਨੇਟਿਕ ਤੌਰ 'ਤੇ ਕਲੋਨ ਕੀਤੇ ਬੇਰੀ ਦੇ ਰੁੱਖ ਨੂੰ ਪਾਣੀ ਦੇ ਕੇ ਸ਼ਰਧਾਂਜਲੀ ਅਰਪਿਤ ਕੀਤੀ। ਮੂਲ ਰੁੱਖ ਭਗਤ ਸਿੰਘ ਨੇ ਸੰਨ 1917 ਵਿੱਚ ਪਾਕਿਸਤਾਨ ਦੇ ਫੈਸਲਾਬਾਦ ਸਥਿਤ ਆਪਣੇ ਜੱਦੀ ਪਿੰਡ ਬੰਗੇ ਪਿੰਡ ਵਿੱਚ ਲਗਾਇਆ ਸੀ, ਉਸ ਸਮੇਂ ਉਨਾਂ ਦੀ ਉਮਰ ਮਾਤਰ ਦਸ ਵਰ੍ਹੇ ਸੀ। ਰਾਜਪਾਲ ਨੇ ਸ਼ਹੀਦ ਭਗਤ ਸਿੰਘ ਦੇ ਸਾਹਸ ਅਤੇ ਆਦਰਸ਼ਾਂ ਨੂੰ ਨਮਨ ਕੀਤਾ। ਉਨ੍ਹਾਂ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਅੱਜ ਵੀ ਆਪਣੀ ਦੇਸ਼ ਭਗਤੀ, ਦ੍ਰਿੜ੍ਹ ਵਿਸ਼ਵਾਸ ਅਤੇ ਨਿਡਰਤਾ ਨਾਲ ਪੀੜ੍ਹੀਆਂ ਨੂੰ ਪ੍ਰੇਰਿਤ



ਕਰਦੇ ਹਨ। ਉਨ੍ਹਾਂ ਨੌਜਵਾਨਾਂ ਨੂੰ ਉਨ੍ਹਾਂ ਦੇ ਆਦਰਸ਼ਾਂ ਦਾ ਅਨੁਸਰਣ ਕਰਦੇ ਹੋਏ ਸਮਰਪਣ ਅਤੇ ਜ਼ਿੰਮੇਦਾਰੀ ਨਾਲ ਰਾਸ਼ਟਰ ਨਿਰਮਾਣ ਵਿੱਚ ਯੋਗਦਾਨ ਦੇਣ ਦਾ ਸੱਦਾ ਦਿੱਤਾ। ਰਾਜਪਾਲ ਨੇ ਮਿਊਜ਼ੀਅਮ ਆਵ ਟ੍ਰੀਜ਼, ਚੰਡੀਗੜ੍ਹ ਦੁਆਰਾ ਵਿਗਿਆਨਿਕ ਤਰੀਕਿਆਂ ਨਾਲ ਇਤਿਹਾਸਿਕ ਮਹੱਤਵ ਦੇ ਰੁੱਖਾਂ ਨੂੰ ਸੁਰੱਖਿਅਤ ਰੱਖਣ ਦੇ ਪ੍ਰਯਾਸਾਂ ਦੀ ਸ਼ਲਾਘਾ ਕੀਤੀ ਅਤੇ ਰਾਸ਼ਟਰੀ ਨਾਇਕਾਂ ਨਾਲ ਜੁੜੀ ਵਿਰਾਸਤ ਦੀ ਸੰਭਾਲ਼ ਕਰਨ ਦੀ ਜ਼ਰੂਰਤ 'ਤੇ ਬਲ ਦਿੱਤਾ। ਉਨ੍ਹਾਂ ਨੇ ਨਾਗਰਿਕਾਂ, ਵਿਸ਼ੇਸ਼ ਕਰਕੇ ਨੌਜਵਾਨਾਂ ਨੂੰ ਸ਼ਹੀਦ ਭਗਤ ਸਿੰਘ ਤੋਂ ਪ੍ਰੇਰਣਾ ਲੈ ਕੇ ਵਾਤਾਵਰਣ ਅਤੇ ਰਾਸ਼ਟਰ ਦੀ ਵਿਰਾਸਤ ਨੂੰ ਸੁਰੱਖਿਅਤ ਰੱਖਣ ਵਿੱਚ ਯੋਗਦਾਨ ਦੇਣ ਦਾ ਸੱਦਾ ਦਿੱਤਾ। ਸ਼੍ਰੀ ਡੀ.ਐੱਸ. ਜਸਪਾਲ, ਸੇਵਾਮੁਕਤ ਆਈਏਐੱਸ ਅਤੇ ਮਿਊਜ਼ੀਅਮ ਆਵ ? ਟ੍ਰੀਜ਼ ਦੇ ਸੰਸਥਾਪਕ, ਨੇ ਮਹੱਤਵਪੂਰਨ ਰੁੱਖਾਂ ਦੀ ਜੈਨੇਟਿਕ ਕਲੋਨਿੰਗ ਦੇ ਜ਼ਰੀਏ ਅਧਿਆਤਮਿਕ ਅਤੇ ਇਤਿਹਾਸਿਕ ਵਿਰਾਸਤ ਨੂੰ ਸੁਰੱਖਿਅਤ ਰੱਖਣ ਵਿੱਚ ਅਜਾਇਬ ਘਰ ਦੀ ਭੂਮਿਕਾ @ਤੇ ਪ੍ਰਕਾਸ਼ ਪਾਇਆ। ਉਨ੍ਹਾਂ ਨੇ ਕਿਹਾ ਕਿ ਭਾਰਤ ਦੀ ਵਿਰਾਸਤ ਕੇਵਲ ਸਮਾਰਕਾਂ ਵਿੱਚ ਹੀ ਨਹੀਂ, ਬਲਕਿ ਰੁੱਖਾਂ ਵਿੱਚ ਵੀ ਜੀਵਿਤ ਹੈ ਅਤੇ ਇਸ ਨੂੰ ਭਵਿੱਖ ਦੀਆਂ ਪੀੜ੍ਹੀਆਂ ਲਈ ਸੰਭਾਲਣਾ ਜ਼ਰੂਰੀ ਹੈ। ਇਸ ਅਵਸਰ 'ਤੇ ਰਾਜਪਾਲ ਦੇ ਪ੍ਰਿੰਸੀਪਲ ਸਕੱਤਰ, ਸ਼੍ਰੀ ਵਿਵੇਕ ਪ੍ਰਤਾਪ ਸਿੰਘ ਵੀ ਉਪਸਥਿਤ ਸਨ। ਪ੍ਰੋਗਰਾਮ ਦੇ ਦੌਰਾਨ, ਮਿਊਜ਼ੀਅਮ ਟੀਮ ਨੇ ਮਹੱਤਵਪੂਰਨ ਅਤੇ ਪਵਿੱਤਰ ਰੁੱਖਾਂ ਦੇ ਜੈਨੇਟਿਕ ਤੌਰ 'ਤੇ ਸੱਚੇ ਪ੍ਰਤੀਰੂਪਾਂ ਦੀ ਸੰਭਾਲ਼ ਸਬੰਧੀ ਆਪਣੇ ਕਾਰਜਾਂ ਦੀ ਜਾਣਕਾਰੀ ਸਾਂਝੀ ਕੀਤੀ।

# ਵਿਕਰਮਜੀਤ ਸਿੰਘ ਸਾਹਨੀ ਨੇ ਬਜਟ ਵਿੱਚ ਅਣਵਰਤੀ ਰਕਮਾਂ 'ਤੇ ਕੀਤਾ ਸਵਾਲ,162 ਲੱਖ ਕਰੋੜ ਦੇ ਨਿਯੋਜਨ ਬਿੱਲ ਵਿੱਚ ਜਵਾਬਦੇਹੀ ਦੀ ਕੀਤੀ ਮੰਗ

ਨਵੀਂ ਦਿੱਲੀ, 23 ਮਾਰਚ (ਅੰਮ੍ਰਿਤਪਾਲ ਸਿੰਘ): ਵਿੱਤ ਨਿਯੋਜਨ ਬਿੱਲ 2026 'ਤੇ ਸੰਸਦ ਵਿੱਚ ਬੋਲਦਿਆਂ , ਰਾਜ ਸਭਾ ਦੇ ਸੰਸਦ ਮੈਂਬਰ ਡਾ. ਵਿਕਰਮਜੀਤ ਸਿੰਘ ਸਾਹਨੀ ਨੇ ਜ਼ੋਰ ਦੇ ਕੇ ਕਿਹਾ ਕਿ ਜਦੋਂ ਕਿ ਭਾਰਤ ਨੇ 2026-27 ਲਈ ਵੱਖ-ਵੱਖ ਮੰਤਰਾਲਿਆਂਨੂੰ 162 ਲੱਖ ਕਰੋੜ ਦੀ ਵਿਸ਼ਾਲ ਰਕਮ ਅਲਾਟ ਕੀਤੀ ਹੈ, ਅਸਲ ਚੁਣੌਤੀ ਇਨ੍ਹਾਂ ਫੰਡਾਂ ਦੀ ਜ਼ਮੀਨੀ ਪੱਧਰ @ਤੇ ਪ੍ਰਭਾਵਸ਼ਾਲੀ ਵਰਤੋਂ ਨੂੰ ਯਕੀਨੀ ਬਣਾਉਣ ਵਿੱਚ ਹੈ। ਡਾ. ਸਾਹਨੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਭੂ-ਰਾਜਨੀਤਿਕ ਤਣਾਅ ਅਤੇ ਵਧਦੀਆਂ ਈਂਧਨ ਦੀਆਂ ਕੀਮਤਾਂ ਦੁਆਰਾ ਦਰਸਾਏ ਗਏ ਮੌਜੂਦਾ ਵਿਸ਼ਵਵਿਆਪੀ ਦ੍ਰਿਸ਼ ਵਿੱਚ, ਕੇਂਦਰੀ ਬਜਟ ਨੂੰ ਨਾਗਰਿਕਾਂ ਲਈ ਇੱਕ ਢਾਲ ਵਜੋਂ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਿਰਫ਼ ਵੰਡ ਕਾਫ਼ੀ ਨਹੀਂ ਹੈ ਅਤੇ F.A.S.T.-ਅਧੀਨ ਅਲਾਟ ਫੰਡ ਸਬੰਧੀ ਕੀਤੇ ਗਏ ਖਰਚ ਅਤੇ ਟਰੈਕ ਕੀਤੇ ਗਏ ਫੰਡਾਂ ਦੇ ਸ਼ਾਸਨ ਬਾਰੇ ਇੱਕ ਮੰਤਰ ਦਾ ਪ੍ਰਸਤਾਵ ਦਿੱਤਾ, ਤਾਂ ਜੋ ਨੀਤੀਗਤ ਵਾਅਦਿਆਂ ਅਤੇ ਡਿਲੀਵਰੀ ਵਿਚਕਾਰ ਪਾੜੇ ਨੂੰ ਪੂਰਾ ਕੀਤਾ ਜਾ ਸਕੇ।



ਡਾ. ਸਾਹਨੀ ਨੇ ਮੰਤਰਾਲਿਆਂ ਵਿੱਚ ਫੰਡਾਂ ਦੀ ਵਰਤੋਂ ਬਾਰੇ ਤਿਮਾਹੀ ਸਮੀਖਿਆਵਾਂ ਅਤੇ ਸਮਰਪਿਤ ਕਿਸਾਨ ਅਤੇ ਯੁਵਾ ਕਮਿਸ਼ਨ ਕਾਇਮ ਕਰਨ ਦਾ ਪ੍ਰਸਤਾਵ ਰੱਖਿਆ। ਮੁੱਖ ਖੇਤਰਾਂ 'ਤੇ ਧਿਆਨ ਕੇਂਦਰਿਤ ਕਰਦੇ ਹੋਏ, ਡਾ. ਸਾਹਨੀ ਨੇ ਖੇਤੀਬਾੜੀ, ਸਿੱਖਿਆ ਤੇ ਰੁਜ਼ਗਾਰ ਵਿੱਚ ਘੱਟ ਵਰਤੋਂ ਅਤੇ ਖੜੋਤ ਬਾਰੇ ਗੰਭੀਰ ਚਿੰਤਾਵਾਂ ਜ਼ਾਹਰ ਕੀਤੀਆਂ। ਉਨ੍ਹਾਂ ਦੱਸਿਆ ਕਿ ਖੇਤੀਬਾੜੀ ਬਜਟ ਵਿੱਚ ਦੋ ਸਾਲਾਂ ਵਿੱਚ ਸਿਰਫ 627 ਕਰੋੜ ਰੁਪਏ ਦਾ ਮਾਮੂਲੀ ਵਾਧਾ ਹੋਇਆ ਹੈ, ਜੋ ਕਿ ਮਹਿੰਗਾਈ ਦੇ ਹਿਸਾਬ ਨਾਲ ਐਡਜਸਟ ਕਰਨ 'ਤੇ ਪ੍ਰਭਾਵਸ਼ਾਲੀ ਢੰਗ ਨਾਲ ਕਟੌਤੀ ਦੇ ਬਰਾਬਰ ਹੈ। ਸਿੱਖਿਆ ਵਿੱਚ, ਸਮਗਰ ਸਿੱਖਿਆ, ਪੀਐਮ ਪੋਸ਼ਣ, ਅਤੇ ਪੀਐਮ ਸ਼੍ਰੀ ਵਰਗੀਆਂ ਯੋਜਨਾਵਾਂ ਲਈ ਰੱਖੇ ਗਏ ਹਜ਼ਾਰਾਂ ਕਰੋੜ ਰੁਪਏ ਖਰਚ ਨਹੀਂ ਕੀਤੇ ਗਏ, ਭਾਵੇਂ ਕਿ 2 ਕਰੋੜ ਤੋਂ ਵੱਧ ਬੱਚੇ ਸਕੂਲ ਤੋਂ ਬਾਹਰ ਹਨ ਅਤੇ ਹਜ਼ਾਰਾਂ ਸਰਕਾਰੀ ਸਕੂਲਾਂ ਵਿੱਚ ਨਾ-ਮਾਤਰ ਜਾਂ ਜ਼ੀਰੋ ਵਿਦਿਆਰਥੀ ਹਨ। ਰੁਜ਼ਗਾਰ ਬਾਰੇ, ਉਨ੍ਹਾਂ ਕਿਹਾ ਕਿ ਸਟਾਰਟਅੱਪ ਇੰਡੀਆ, ਸਟੈਂਡ ਅੱਪ ਇੰਡੀਆ ਅਤੇ ਮੇਕ ਇਨ ਇੰਡੀਆ ਵਰਗੀਆਂ ਪ੍ਰਮੁੱਖ ਪਹਿਲਕਦਮੀਆਂ ਦੇ ਬਾਵਜੂਦ, ਜ਼ਮੀਨੀ ਪੱਧਰ 'ਤੇ ਪ੍ਰਭਾਵ ਸੀਮਤ ਰਹਿੰਦਾ ਹੈ, ਉਤਪਾਦਨ ਅਜੇ ਵੀ ਜੀਡੀਪੀ ਦੇ ਲਗਭਗ 16% ਹੈ ਅਤੇ ਨੌਜਵਾਨਾਂ ਨੂੰ 70% ਮੁਦਰਾ ਕਰਜ਼ਾ ?50,000 ਤੋਂ ਵੀ ਘੱਟ ਹੈ - ਜੋ ਕਿ ਅਰਥਪੂਰਨ ਉੱਦਮਤਾ ਲਈ ਨਾਕਾਫ਼ੀ ਹੈ।

# ਪੰਜਾਬ ਅਤੇ ਹਿਮਾਚਲ ਦੇ ਪੱਤਰਕਾਰਾਂ ਵੱਲੋਂ ਸਾਏਰੰਗ ਰੇਲਵੇ ਸਟੇਸ਼ਨ ਦਾ ਦੌਰਾ; ਮਿਜ਼ੋਰਮ ਦੀ ਆਵਾਜਾਈ ਕ੍ਰਾਂਤੀ ਦੇ ਗਵਾਹ ਬਣੇ

ਜਲੰਧਰ, 23 ਮਾਰਚ (ਚ.ਨ.ਸ.) : ਪੱਤਰ ਸੂਚਨਾ ਦਫ਼ਤਰ, ਜਲੰਧਰ ਵੱਲੋਂ ਆਯੋਜਿਤ ਮੀਡੀਆ ਟੂਰ ਦੇ ਤਹਿਤ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੇ ਪੱਤਰਕਾਰਾਂ ਦੇ ਵਫ਼ਦ ਨੇ ਅੱਜ ਸਾਏਰੰਗ ਰੇਲਵੇ ਸਟੇਸ਼ਨ ਦਾ ਦੌਰਾ ਕੀਤਾ। ਮੀਡੀਆ ਟੂਰ ਦੇ ਪਹਿਲੇ ਦਿਨ ਵਫ਼ਦ ਨੂੰ ਬਈਰਬੀ-ਸਾਏਰੰਗ ਨਵੀਂ ਰੇਲਵੇ ਲਾਈਨ ਦੇ ਪਰਿਵਰਤਨਕਾਰੀ ਪ੍ਰਭਾਵ ਨੂੰ ਦੇਖਣ ਦਾ ਮੌਕਾ ਮਿਲਿਆ। ਪੱਤਰਕਾਰਾਂ ਦਾ ਸਵਾਗਤ ਰੇਲਵੇ ਅਧਿਕਾਰੀਆਂ ਦੀ ਇੱਕ ਟੀਮ ਨੇ ਕੀਤਾ, ਜਿਸ ਵਿੱਚ ਟ੍ਰੈਫਿਕ ਇੰਸਪੈਕਟਰ ਸ਼੍ਰੀ ਗੌਰਵ ਯਾਦਵ ਅਤੇ ਸ਼੍ਰੀ ਸੰਜੇ ਚੰਦਾ ਅਤੇ ਸਟੇਸ਼ਨ ਮਾਸਟਰ ਸ਼੍ਰੀ ਗੁੱਡੂ ਕੁਮਾਰ ਅਤੇ ਸ਼੍ਰੀ ਮਲਯ ਨੰਦੀ ਸ਼ਾਮਲ ਸਨ। ਬਈਰਬੀ-ਸਾਏਰੰਗ ਰੇਲਵੇ ਲਾਈਨ ਪ੍ਰੋਜੈਕਟ ਮਿਜ਼ੋਰਮ ਲਈ ਇੱਕ ਇਤਿਹਾਸਕ ਸੁਪਨੇ ਦੇ ਪੂਰਾ ਹੋਣ ਦਾ ਪ੍ਰਤੀਕ ਹੈ। ਸਤੰਬਰ, 2025 ਵਿੱਚ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਵੱਲੋਂ ਅਧਿਕਾਰਤ ਤੌਰ 'ਤੇ ਇਸ 51.38 ਕਿੱਲੋਮੀਟਰ ਲੰਬੀ ਰੇਲ ਲਾਈਨ ਦਾ ਉਦਘਾਟਨ ਕੀਤਾ ਗਿਆ ਸੀ। ਇਸ ਰੇਲ ਮਾਰਗ ਵਿੱਚ 142 ਪੁਲ ਸ਼ਾਮਲ ਹਨ—55 ਵੱਡੇ ਅਤੇ 87 ਛੋਟੇ—ਨਾਲ ਹੀ 5 ਰੋਡ ਓਵਰ-ਬ੍ਰਿਜ ਅਤੇ 8 ਰੋਡ ਅੰਡਰ-ਬ੍ਰਿਜ ਵੀ ਹਨ। ਇਸ ਪ੍ਰੋਜੈਕਟ ਦੀਆਂ ਸਭ ਤੋਂ ਪ੍ਰਮੁੱਖ ਵਿਸ਼ੇਸ਼ਤਾਵਾਂ ਵਿੱਚੋਂ ਇੱਕ ਪੁਲ ਨੰਬਰ 196 (ਪੁਰਾਣਾ)/ 144 (ਨਵਾਂ) ਹੈ। ਇਹ ਪੁਲ ਨਦੀ ਦੇ ਤਲ ਤੋਂ 114 ਮੀਟਰ ਦੀ ਹੈਰਾਨੀਜਨਕ ਉਚਾਈ ਤੱਕ ਪਹੁੰਚਦਾ ਹੈ। ਕੁਤੁਬ ਮੀਨਾਰ ਤੋਂ 42 ਮੀਟਰ ਉੱਚਾ ਇਹ ਪੁਲ ਵਰਤਮਾਨ ਵਿੱਚ ਭਾਰਤੀ ਰੇਲਵੇ ਨੈੱਟਵਰਕ ਦਾ ਸਭ ਤੋਂ ਉੱਚਾ ਪੀਅਰ ਬ੍ਰਿਜ ਹੈ। 160 ਕਰੋੜ ਰੁਪਏ ਦੀ ਲਾਗਤ ਨਾਲ ਬਣਿਆ ਇਹ ਪੁਲ ਪਹਾੜੀ ਖੇਤਰ ਵਿੱਚ ਰੇਲ ਸੰਪਰਕ ਲਿਆਉਣ ਲਈ ਲੋੜੀਂਦੀ ਤਕਨੀਕੀ ਉੱਤਮਤਾ ਦਾ ਪ੍ਰਤੀਕ ਹੈ।

# ਪੰਜ ਸਿੱਖ ਤਖ਼ਤਾਂ ਨੂੰ ਵਿਸ਼ੇਸ਼ ਰੇਲ ਸੇਵਾ ਪ੍ਰਦਾਨ ਕਰਨ ਲਈ ਰਵਨੀਤ ਬਿੱਟੂ ਦਾ ਕੀਤਾ ਧੰਨਵਾਦ

ਪਟਨਾ, 23 ਮਾਰਚ (ਮਨਪ੍ਰੀਤ ਸਿੰਘ) : ਤਖ਼ਤ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਜਗਜੋਤ ਸਿੰਘ ਸੋਹੀ ਨੇ ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਵੱਲੋਂ ਪੰਜ ਸਿੱਖ ਤਖ਼ਤ ਸਾਹਿਬਾਨ ਨੂੰ ਰੇਲ ਸੇਵਾਵਾਂ ਨਾਲ ਜੋੜਨ, ਨਵੀਆਂ ਰੇਲ ਸੇਵਾਵਾਂ ਸ਼ੁਰੂ ਕਰਨ ਅਤੇ ਮੌਜੂਦਾ ਰੇਲ ਸੇਵਾਵਾਂ ਨੂੰ ਆਧੁਨਿਕ ਬਣਾਉਣ ਲਈ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਇਸ ਨਾਲ ਭਾਰਤ ਅਤੇ ਵਿਦੇਸ਼ਾਂ ਤੋਂ ਤਖ਼ਤ ਸਾਹਿਬਾਨ @ਤੇ ਆਉਣ ਵਾਲੇ ਸ਼ਰਧਾਲੂਆਂ ਨੂੰ ਸਹੂਲਤ ਮਿਲੇਗੀ ਅਤੇ ਸ਼ਰਧਾਲੂਆਂ ਦੀ ਗਿਣਤੀ ਵੀ ਵਧੇਗੀ। ਸਰਦਾਰ ਜਗਜੋਤ ਸਿੰਘ ਸੋਹੀ ਨੇ ਕਿਹਾ ਕਿ ਤਖ਼ਤ ਪਟਨਾ ਸਾਹਿਬ ਵਿਖੇ ਸ਼ਰਧਾਲੂਆਂ ਦੀ ਸਹੂਲਤ ਲਈ ਕੇਂਦਰੀ



ਰਾਜ ਮੰਤਰੀ ਅੱਗੇ ਰੱਖੀ ਗਈ ਕਿਸੇ ਵੀ ਬੇਨਤੀ ਨੂੰ ਪਹਿਲ ਦੇ ਆਧਾਰ @ਤੇ ਪੂਰਾ ਕੀਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਹਾਲ ਹੀ ਵਿੱਚ ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਤੋਂ ਪੰਜ ਤਖ਼ਤ ਸਾਹਿਬਾਨ ਲਈ ਇੱਕ ਵਿਸ਼ੇਸ਼ ਰੇਲਗੱਡੀ ਚਲਾਈ ਗਈ ਸੀ, ਜਿਸਦੀ ਪੂਰੀ ਨਿਗਰਾਨੀ ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਖੁਦ ਕੀਤੀ ਸੀ, ਜਿਸ ਨਾਲ ਸ਼ਰਧਾਲੂ ਬਿਨਾਂ ਕਿਸੇ ਪਰੇਸ਼ਾਨੀ ਦੇ ਪੰਜ ਤਖ਼ਤ ਸਾਹਿਬਾਨ ਦੇ ਦਰਸ਼ਨ ਕਰ ਸਕੇ। ਇਸੇ ਤਰ੍ਹਾਂ, ਮਾਨਯੋਗ ਕੇਂਦਰੀ ਮੰਤਰੀ ਅੱਗੇ ਪੰਜਾਬ ਤੋਂ ਤਖ਼ਤ ਪਟਨਾ ਸਾਹਿਬ ਤੱਕ ਵਾਧੂ ਰੇਲ ਸੇਵਾਵਾਂ ਸ਼ੁਰੂ ਕਰਨ ਅਤੇ ਪਟਨਾ ਸਾਹਿਬ ਤੋਂ ਲੰਘਣ ਵਾਲੀਆਂ ਸਾਰੀਆਂ ਰੇਲਗੱਡੀਆਂ ਦੇ ਪਟਨਾ ਸਾਹਿਬ ਸਟੇਸ਼ਨ @ਤੇ ਰੁਕਣ ਦੀਆਂ ਮੰਗਾਂ ਰੱਖੀਆਂ ਗਈਆਂ ਸਨ, ਜਿਨ੍ਹਾਂ ਨੂੰ ਪੂਰਾ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ, ਪਟਨਾ ਸਾਹਿਬ ਰੇਲਵੇ ਸਟੇਸ਼ਨ ਦਾ ਵਿਸਥਾਰ ਕਰਨ, ਪਲੇਟਫਾਰਮਾਂ ਨੂੰ ਆਧੁਨਿਕ ਸਹੂਲਤਾਂ ਨਾਲ ਲੈਸ ਕਰਨ ਅਤੇ ਪਲੇਟਫਾਰਮਾਂ @ਤੇ ਐਸਕੇਲੇਟਰ ਲਗਾ ਕੇ ਸਟੇਸ਼ਨ ਨੂੰ ਪੂਰੀ ਤਰ੍ਹਾਂ ਸੁੰਦਰ ਬਣਾਉਣ ਦਾ ਕੰਮ ਵੀ ਸ਼ੁਰੂ ਹੋ ਗਿਆ ਹੈ, ਜੋ ਕਿ ਜਲਦੀ ਹੀ ਪੂਰਾ ਹੋ ਜਾਵੇਗਾ, ਜਿਸ ਨਾਲ ਪੰਜਾਬ ਤੋਂ ਤਖ਼ਤ ਪਟਨਾ ਸਾਹਿਬ ਜਾਣ ਵਾਲੇ ਸ਼ਰਧਾਲੂਆਂ ਨੂੰ ਵਿਸ਼ੇਸ਼ ਤੌਰ @ਤੇ ਲਾਭ ਹੋਵੇਗਾ। ਉਨ੍ਹਾਂ ਕਿਹਾ ਕਿ ਹਾਲ ਹੀ ਵਿੱਚ ਤਖ਼ਤ ਦਮਦਮਾ ਸਾਹਿਬ ਸਾਬੋ ਦੀ ਤਲਵੰਡੀ ਬਠਿੰਡਾ ਨੂੰ ਰੇਲ ਸੇਵਾ ਨਾਲ ਜੋੜਨ ਦਾ ਸ਼ਲਾਘਾਯੋਗ ਉਪਰਾਲਾ ਕੀਤਾ ਗਿਆ ਹੈ, ਜਿਸ ਲਈ ਸਮੁੱਚਾ ਸਿੱਖ ਭਾਈਚਾਰਾ ਕੇਂਦਰੀ ਰੇਲਵੇ ਰਾਜ ਮੰਤਰੀ ਅਤੇ ਖਾਸ ਕਰਕੇ ਦੇਸ਼ ਦੇ ਪ੍ਰਧਾਨ ਮੰਤਰੀ ਅਤੇ ਉਨ੍ਹਾਂ ਦੇ ਸਮੁੱਚੇ ਮੰਤਰੀ ਮੰਡਲ ਦਾ ਧੰਨਵਾਦ ਕਰਦਾ ਹੈ।

**Distt. Ferozepur Petroleum Delaers Association**

Bharat Petroleum

On 23 March 2026 (Shahidi Divas of Shahid-e-Azam Bhagat SIngh, Raj Guru & Sukhdev) we salute martys of their courange & Sacrifice

WE ARE COMMITTED TO GIVE BEST SERVICE TO OUR VALUBLE CLIENTS AS PER GUIDENCE OF THE INDIAN GOVT.
S.P. KHERA 94173-91625,7009315255 (PRESIDENT)
AJAY AGGARWAL (94172-46600)(GENERAL SECRETARY)
SANJIV NARULA 9815194841 CASHIER

# ਸ਼੍ਰੀਲੰਕਾ ਭਾਰਤ ਦਾ ਇੱਕ ਮਹੱਤਵਪੂਰਨ ਗੁਆਂਢੀ: ਓਮ ਬਿਰਲਾ

ਨਵੀਂ ਦਿੱਲੀ, 23 ਮਾਰਚ (ਅੰਮ੍ਰਿਤਪਾਲ ਸਿੰਘ) : ਸ਼੍ਰੀਲੰਕਾ ਦੀ ਸੰਸਦ ਦੀ ਬੁਨਿਆਦੀ ਢਾਂਚਾ ਅਤੇ ਰਣਨੀਤਕ ਮੁੱਦਿਆਂ 'ਤੇ ਸੰਸਦੀ ਨਿਗਰਾਨੀ ਕਮੇਟੀ ਦੇ ਚੇਅਰਮੈਨ ਮਾਣਯੋਗ ਸ਼੍ਰੀ ਐਸ.ਐਮ. ਮਾਰੀਕਰ ਦੀ ਅਗਵਾਈ ਹੇਠ ਇੱਕ ਸ਼੍ਰੀਲੰਕਾ ਸੰਸਦੀ ਵਫ਼ਦ ਨੇ ਅੱਜ ਸੰਸਦ ਭਵਨ ਵਿਖੇ ਲੋਕ ਸਭਾ ਸਪੀਕਰ ਸ਼੍ਰੀ ਓਮ ਬਿਰਲਾ ਨਾਲ ਮੁਲਾਕਾਤ ਕੀਤੀ। ਲੋਕ ਸਭਾ ਦੇ ਸਪੀਕਰ ਨੇ ਕਿਹਾ ਕਿ ਸ਼੍ਰੀਲੰਕਾ ਭਾਰਤ ਦਾ ਇੱਕ ਮਹੱਤਵਪੂਰਨ ਗੁਆਂਢੀ ਹੈ ਅਤੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਦੋਵੇਂ ਦੇਸ਼ ਹਜ਼ਾਰਾਂ ਸਾਲਾਂ ਦੀ ਸੱਭਿਅਤਾ, ਸੱਭਿਆਚਾਰਕ ਅਤੇ



ਭਾਸ਼ਾਈ ਵਿਰਾਸਤ ਨੂੰ ਸਾਂਝਾ ਕਰਦੇ ਹਨ। ਪਿਛਲੇ ਦਹਾਕੇ ਦੌਰਾਨ ਭਾਰਤ ਦੇ ਸਮਾਜਿਕ-ਆਰਥਿਕ ਪਰਿਵਰਤਨ ਦਾ ਹਵਾਲਾ ਦਿੰਦੇ ਹੋਏ, ਸ਼੍ਰੀ ਬਿਰਲਾ ਨੇ ਕਿਹਾ ਕਿ ਨਿਰੰਤਰ ਖੋਜ ਅਤੇ ਨਵੀਨਤਾ ਨੇ ਦੇਸ਼ ਭਰ ਵਿੱਚ ਮਜ਼ਬੂਤ ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਅੱਗੇ ਵਧਾਇਆ ਹੈ। ਭਾਰਤ ਦੀ ਗੁਆਂਢੀ ਪਹਿਲਾਂ ਨੀਤੀ ਪ੍ਰਤੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ, ਉਨ੍ਹਾਂ ਨੇ ਦੇਸ਼ ਵਿੱਚ ਬੁਨਿਆਦੀ ਢਾਂਚੇ ਅਤੇ ਸੰਪਰਕ ਵਿੱਚ ਹੋਈ ਪ੍ਰਗਤੀ ਦੇ ਨਾਲ-ਨਾਲ ਸੰਸਦੀ ਕੰਮਕਾਜ ਨੂੰ ਮਜ਼ਬੂਤ ਕਰਨ ਵਿੱਚ ਨਵੀਨਤਾ ਅਤੇ ਤਕਨਾਲੋਜੀ ਦੀ ਵਧਦੀ ਭੂਮਿਕਾ ਨੂੰ ਉਜਾਗਰ ਕੀਤਾ। ਉਨ੍ਹਾਂ ਨੇ ਕਿਹਾ ਕਿ ਭਾਰਤ ਨੇ ਰਾਜਾਂ ਨੂੰ ਜੋੜਨ ਵਾਲੇ ਰਾਸ਼ਟਰੀ ਰਾਜਮਾਰਗਾਂ ਦਾ ਇੱਕ ਵਿਸ਼ਾਲ ਨੈੱਟਵਰਕ ਵਿਕਸਤ ਕੀਤਾ ਹੈ, ਨਾਲ ਹੀ ਮਹੱਤਵਪੂਰਨ ਤੌਰ 'ਤੇ ਫੈਲੇ ਹੋਏ ਬੰਦਰਗਾਹਾਂ ਅਤੇ ਹਵਾਈ ਅੱਡਿਆਂ ਦਾ ਵਿਕਾਸ ਕੀਤਾ ਹੈ, ਜੋ ਦੇਸ਼ ਦੇ ਵਿਕਾਸ ਅਤੇ ਵਿਕਾਸ ਨੂੰ ਤੇਜ਼ ਕਰਨ ਵਿੱਚ ਮੁੱਖ ਭੂਮਿਕਾ ਨਿਭਾ ਰਹੇ ਹਨ। ਵਿਚਾਰ-ਵਟਾਂਦਰੇ ਦੁਵੱਲੇ ਸਬੰਧਾਂ ਦੇ ਇੱਕ ਮਹੱਤਵਪੂਰਨ ਥੰਮ੍ਹ ਵਜੋਂ ਸੰਸਦੀ ਸਹਿਯੋਗ ਨੂੰ ਮਜ਼ਬੂਤ ??ਕਰਨ 'ਤੇ ਕੇਂਦ੍ਰਿਤ ਸਨ, ਅਤੇ ਲੋਕਤੰਤਰੀ ਸੰਸਥਾਵਾਂ ਨੂੰ ਮਜ਼ਬੂਤ ਕਰਨ ਅਤੇ ਵਧੀਆ ਅਭਿਆਸਾਂ ਦੇ ਆਦਾਨ-ਪ੍ਰਦਾਨ ਲਈ ਵਿਧਾਨ ਸਭਾਵਾਂ ਵਿਚਕਾਰ ਢਾਂਚਾਗਤ ਗੱਲਬਾਤ 'ਤੇ ਜ਼ੋਰ ਦਿੱਤਾ।

## ਅੱਜ ਭੋਗ 'ਤੇ ਵਿਸ਼ੇਸ਼

# ਨੇਕ ਦਿਲ, ਧਾਰਮਿਕ ਸੁਭਾਅ ਵਾਲੇ ਤੇ ਮਿਲਣਸਾਰ ਸ਼ਖ਼ਸੀਅਤ ਸਨ ਸ: ਗਿਆਨ ਸਿੰਘ



'ਪਿਤਾ' ਇੱਕ ਅਜਿਹਾ ਸ਼ਬਦ ਹੈ ਜੋ ਸਾਨੂੰ ਮੁਹੱਬਤ, ਅਦਬ, ਬੁੱਕਲ ਦੇ ਨਿੱਘ, ਕਦੇ ਮੋਢੇ 'ਤੇ ਅਤੇ ਕਦੇ ਹੱਥ ਵਿਚ ਹੱਥ ਦੇ ਨਾਲ-ਨਾਲ ਸਭ ਕੁੱਝ ਲੁਟਾ ਕੇ ਸਾਡੇ ਮੂੰਹ 'ਤੇ ਖੁਸ਼ੀਆਂ ਖੇੜੇ ਦੇਖਣ ਦੇ ਅਰਥ ਬਖਸ਼ਦਾ ਹੈ। ਇਹ ਸਭ ਕੁਝ ਗੁੰਮ ਜਾਣ ਦਾ ਅਹਿਸਾਸ ਸਿਰਫ਼ ਉਹੀ ਮਹਿਸੂਸ ਕਰ ਸਕਦੇ ਹਨ ਜਿਨ੍ਹਾਂ ਦੇ ਸਿਰ ਤੋਂ ਪਿਤਾ ਦਾ ਸਾਇਆ ਹਮੇਸ਼ਾਂ ਲਈ ਉਠ ਜਾਂਦਾ ਹੈ। ਕੁਝ ਅਜਿਹੀ ਹੀ ਸਖਸ਼ੀਅਤ ਸਨ ਸ੍ਰੀ ਗਿਆਨ ਚੰਦ (ਗਿਆਨ ਸਿੰਘ)। ਸਰਹੰਦ ਰੋਡ 'ਤੇ ਸਥਿਤ ਪਿੰਡ ਚਲੈਲਾ ਵਿਖੇ 1945 ਵਿੱਚ ਜਨਮੇ ਸ. ਗਿਆਨ ਸਿੰਘ (ਰਿਟਾ:ਸੀ.ਐਚ.ਡੀ. ਬਿਜਲੀ ਬੋਰਡ) ਸਮੂਹ ਪਰਿਵਾਰ ਨਾਲ ਯਾਦਾਂ ਸਾਂਝੀਆਂ ਕਰਦੇ ਹੋਏ 81 ਵਰਿਆਂ ਦੀ ਉਮਰ ਭੋਗਦੇ ਹੋਏ 11



ਮਾਰਚ 2026 ਨੂੰ ਦੀ ਰਾਤ 11 ਵਜੇ ਆਪਣੇ ਮਾਲਕ ਤੇ ਪਾਲਕ ਦੀ ਕਚਹਿਰੀ ਵਿੱਚ ਕੂਚ ਕਰ ਗਏ। ਬੱਚਿਆਂ ਦੇ ਪਾਲਣ ਪੋਸ਼ਣ ਪੜਾਈ ਲਿਖਾਈ ਅਤੇ ਗ੍ਰਹਿਸਥੀ ਜੀਵਨ ਦੇ ਵਿੱਚ ਪ੍ਰਵੇਸ਼ ਕਰਵਾਉਣ ਲਈ ਉਨ੍ਹਾਂ ਨੇ ਆਪਣੀ ਜੀਵਨ ਸਾਥਣ ਧਰਮ ਸੁਪਤਨੀ ਗੁਰਮੇਲ ਕੌਰ ਦੇ ਮੋਢੇ ਨਾਲ ਮੋਢਾ ਲਾ ਕੇ ਹਰ ਕਾਰਜ ਨੂੰ ਸਫਲਤਾ ਪੂਰਵਕ ਨਿਭਾਇਆ। ਸ. ਗਿਆਨ ਸਿੰਘ ਦੇ ਪਿਤਾ ਵਿਸਾਖੀ ਰਾਮ ਨੇ ਉਨ੍ਹਾਂ ਦਾ ਬਚਪਨ ਦਾ ਨਾਮ ਗਿਆਨ ਚੰਦ ਰੱਖਿਆ ਸੀ। ਉਹ 1990 ਵਿਚ ਪਿੰਡ ਚਲੈਲਾ ਤੋਂ ਪਟਿਆਲਾ ਵਿਖੇ ਨਿਊ ਮੇਹਰ ਸਿੰਘ ਕਲੋਨੀ ਵਿਖੇ ਪੱਕੇ ਤੌਰ 'ਤੇ ਆ ਵਸੇ ਸਨ। ਉਨ੍ਹਾਂ ਦੇ ਘਰ ਚਾਰ ਬੱਚਿਆਂ ਨੇ ਜਨਮ ਲਿਆ। ਉਨ੍ਹਾਂ ਦੇ ਘਰ ਦੀ ਫੁਲਵਾੜੀ ਵਿੱਚ ਪੋਤੇ-ਪੋਤੀਆਂ ਅਤੇ ਦੋਹਤੇ ਨੂੰ ਉਚ ਸੰਸਕਾਰ ਅਤੇ ਬਿਹਤਰੀਨ ਤਾਲੀਮ ਦਿੱਤੀ। ਸਰਦਾਰ ਗਿਆਨ ਸਿੰਘ ਬਾਬਾ ਜੈਮਲ ਸਿੰਘ ਭਿੰਡਰ ਜੀ ਦੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਲੜ ਅਜਿਹੇ ਲੱਗੇ ਕਿ ਆਖਰੀ ਦਮ ਤਕ ਸੱਚ ਅਤੇ ਇਮਾਨਦਾਰੀ ਦੀ ਕਿਰਤ ਕਰਦਿਆਂ ਆਖਰੀ ਸਾਹ ਤਕ ਇਹ ਪੈਂਡਾ ਨਹੀਂ ਛੱਡਿਆ। ਉਨ੍ਹਾਂ ਬਾਬਾ ਜੈਮਲ ਸਿੰਘ ਤੋਂ ਹੀ ਗੁਰਬਾਣੀ ਦੀ ਸੰਥਿਆ ਲਈ ਅਤੇ ਨਿੱਤਨੇਮੀ ਬਣੇ। ਉਹ ਹਰ ਰੋਜ਼ ਦੋ ਟਾਈਮ ਸਵੇਰੇ-ਸ਼ਾਮ ਮੱਥਾ ਟੇਕਣ ਜ਼ਰੂਰ ਜਾਂਦੇ ਸਨ ਅਤੇ ਸ਼ਾਮ ਨੂੰ ਕਥਾ ਸੁਣਦੇ ਸਨ। ਉਹ ਛੋਟੀ ਉਮਰ 'ਚ ਹੀ ਪਿਤਾ ਪੁਰਖੀ ਕਿੱਤੇ ਖੇਤੀਬਾੜੀ ਵਿਚ ਰੁੱਝ ਗਏ ਅਤੇ ਉਨ੍ਹਾਂ ਘਰ ਦਾ ਪੱਧਰ ਉਚਾ ਚੁੱਕਣ ਲਈ ਮਿਹਨਤ ਅਤੇ ਇਮਾਨਦਾਰੀ ਦੀ ਰੱਜਕੇ ਕਮਾਈ ਕੀਤੀ। ਉਹ ਗਭਰੇਟ ਉਮਰੇ ਕਬੱਡੀ ਖੇਡਣ ਦਾ ਸ਼ੌਕ ਰੱਖਦੇ ਸਨ, ਦਸਵੀਂ ਕਰਨ ਉਪਰੰਤ 1968 ਵਿੱਚ ਪੰਜਾਬ ਰਾਜ ਬਿਜਲੀ ਬੋਰਡ ਵਿੱਚ ਭਰਤੀ ਹੋ ਗਏ। ਛੇ ਭਰਾਵਾਂ ਤੇ ਚਾਰ ਭੈਣਾਂ ਵਿਚ ਉਹ ਸੱਚ ਮੁੱਚ ਵੱਡੀ ਅਤੇ ਨਿੱਘੀ ਬੁੱਕਲ ਵਾਲੀ ਸ਼ਖਸੀਅਤ ਸਨ। ਉਨ੍ਹਾਂ ਦਾ ਹਸੂੰ-ਹਸੂੰ ਕਰਦਾ ਚਿਹਰਾ ਸਾਹਮਣੇ ਵਾਲੇ ਨੂੰ ਬੇਹੱਦ ਪ੍ਰਭਾਵਿਤ ਕਰਦਾ ਸੀ। ਪਿਛਲੇ ਵਰ੍ਹੇ ਬਤੌਰ ਸੀਨੀਅਰ ਪੰਜਾਬ ਪੈਨਸ਼ਨਰਜ਼ ਮੈਂਬਰਾਂ ਵਜੋਂ ਸਨਮਾਨਿਤ ਵੀ ਹੋਏ ਸਨ। 11 ਮਾਰਚ 2026 ਦੀ ਕੁਲਹਿਣੀ ਰਾਤ ਨੇ ਇਸ ਦੇਵ ਪੁਰਸ਼ ਨੂੰ ਸਾਡੇ ਤੋਂ ਸਦਾ ਲਈ ਵਿਛੋੜ ਦਿੱਤਾ। 24 ਮਾਰਚ 2026 ਦਿਨ ਮੰਗਲਵਾਰ ਨੂੰ ਗੁਰਦੁਆਰਾ ਸਤਿਸੰਗ ਭਵਨ ਨਿਊ ਮੇਹਰ ਸਿੰਘ ਕਲੋਨੀ ਤ੍ਰਿਪੜੀ ਵਿਖੇ ਦੁਪਹਿਰ 12.00 ਵਜੇ ਤੋਂ 1.00 ਵਜੇ ਤੱਕ ਸਮਾਜਿਕ, ਧਾਰਮਿਕ ਅਤੇ ਰਾਜਨੀਤਕ ਸਖਸ਼ੀਅਤਾਂ ਤੋਂ ਇਲਾਵਾ ਅਸੀਂ ਸਾਰੇ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਸਹਿਜ ਪਾਠ ਦੇ ਭੋਗ ਉਪਰੰਤ ਅਤੇ ਅੰਤਿਮ ਅਰਦਾਸ ਵਿਚ ਸ਼ਾਮਲ ਹੋਵਾਂਗੇ। ਅੰਤ ਵਿਚ ਪ੍ਰਮੁੱਖ ਸਖਸ਼ੀਅਤਾਂ ਨੂੰ ਉਨ੍ਹਾਂ ਸ਼ਰਧਾ ਸੁਮਨ ਅਰਪਿਤ ਕਰਨਗੀਆਂ।

**ਗੁਰਦੀਪ ਸਿੰਘ ਢਿੱਲੋਂ**

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ॥
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥੧॥

**ਪਾਠ ਦਾ ਭੋਗ ਅਤੇ ਅੰਤਿਮ ਅਰਦਾਸ**



ਆਪ ਜੀ ਨੂੰ ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਸਤਿਕਾਰਯੋਗ ਪਿਤਾ

**ਸ. ਗਿਆਨ ਸਿੰਘ ਜੀ** (ਰਿਟਾ. ਸੀਐਚਡੀ, ਪਾਵਰਕਾਮ)

ਜੋ ਕਿ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ
ਮਿਤੀ 11 ਮਾਰਚ 2026 ਨੂੰ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ।
ਉਨ੍ਹਾਂ ਨਮਿਤ ਰੱਖੇ ਸਹਿਜ ਪਾਠ ਸਾਹਿਬ ਜੀ ਦੇ ਭੋਗ

**24 ਮਾਰਚ, 2026 ਦਿਨ ਮੰਗਲਵਾਰ**

ਨੂੰ ਸਾਡੇ ਗ੍ਰਹਿ ਵਿਖੇ ਸਵੇਰੇ 10.30 ਵਜੇ ਪਾਏ ਜਾਣਗੇ। ਉਪਰੰਤ ਅੰਤਿਮ ਅਰਦਾਸ ਅਤੇ ਪਾਠ ਦੇ ਭੋਗ

**ਗੁਰਦੁਆਰਾ ਸਤਿਸੰਗ ਭਵਨ**

ਨਿਊ ਮੇਹਰ ਸਿੰਘ ਕਲੋਨੀ, ਤ੍ਰਿਪੜੀ, ਪਟਿਆਲਾ ਵਿਖੇ
ਦੁਪਹਿਰ 12.00 ਤੋਂ 1.00 ਵਜੇ ਤੱਕ ਪਾਏ ਜਾਣਗੇ।
ਆਪ ਜੀ ਨੇ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਦੀ ਕ੍ਰਿਪਾਲਤਾ ਕਰਨੀ ਜੀ।

ਭਾਣੇ 'ਚ:
**ਸਮੂਹ ਪਰਿਵਾਰ ਅਤੇ ਰਿਸ਼ਤੇਦਾਰ**
ਮੋਬ : 9779902464, 9814051082, 9878702464

## ਸ਼ਿਵਮ ਕਾਲਜ ਵਿੱਚ ਸ਼ਹੀਦੀ ਦਿਵਸ ਮਨਾਇਆ




ਲਹਿਰਾਗਾਗਾ, 23 ਮਾਰਚ ( ਰਾਮੇਸ਼ਵਰ ਸ਼ਰਮਾ/ ਖੁਸਵਿੰਦਰ ਸ਼ਰਮਾ): ਸ਼ਿਵਮ ਕਾਲਜ ਆਫ਼ ਐਜੂਕੇਸ਼ਨ ਖੋਖਰ ਕਲਾਂ ਵਿਖੇ ਸ਼ਹੀਦ ਦਿਵਸ ਮਨਾਇਆ ਗਿਆ ਭਗਤ ਸਿੰਘ, ਰਾਜਗੁਰੂ , ਸੁਖਦੇਵ , ਨੂੰ ਯਾਦ ਕਰਦਿਆ ਸ਼ਰਧਾਂਜਲੀ ਦਿੱਤੀ ਗਈਕਾਲਜ ਦੇ ਪ੍ਰਧਾਨ ਰਾਹੁਲ ਗਰਗ ਨੇ ਕਿਹਾ ਸ਼ਹੀਦਾਂ ਦੇ ਬਲਿਦਾਨ ਸਾਨੂੰ ਹਮੇਸ਼ਾ ਸੱਚਾਈ ਦੇ ਰਾਹ 'ਤੇ ਚੱਲਣ ਲਈ ਪ੍ਰੇਰਨਾ ਦਿੰਦੇ ਹਨ । ਪ੍ਰਿੰਸੀਪਲ ਡਾ. ਰਮਨਦੀਪ ਕੌਰ ਨੇ ਕਿਹਾ ਦੇਸ਼ ਲਈ ਪਿਆਰ ਕਰਨ ਵਾਲੇ ਯੋਧਿਆਂ ਦੇ ਰਾਹ 'ਤੇ ਚੱਲਦੇ ਹੋਏ ਦੇਸ਼ ਦੀ ਸੇਵਾ ਕਰੀਏ। ਦੇਸ਼ ਲਈ ਜਿਉਣਾ ਹੀ ਇੱਕ ਸੱਚੀ ਭਗਤੀ ਹੈ । ਕਾਲਜ ਦੀ ਮੈਨੇਜਮੈਂਟ , ਪ੍ਰਿੰਸੀਪਲ , ਸਮੂਹ ਸਟਾਫ ਅਤੇ ਵਿਦਿਆਰਥੀਆਂ ਵੱਲੋਂ ਸ਼ਹੀਦਾਂ ਦੀ ਤਸਵੀਰ ਤੇ ਫੁੱਲ ਮਾਲਾਵਾਂ ਚੜ੍ਹਾ ਕੇ ਸਰਧਾਂਜਲੀ ਦਿੱਤੀ ਗਈ। ਵਿਦਿਆਰਥੀਆਂ ਵੱਲੋਂ ਦੇਸ਼ਭਗਤੀ ਦੇ ਗੀਤ, ਕਵਿਤਾਵਾਂ ਅਤੇ ਭਾਸ਼ਣ ਪੇਸ਼ ਕੀਤੇ ਗਏ, ਜਿਹਨ੍ਹਾਂ ਨੇ ਸਮਾਗਮ ਨੂੰ ਭਾਵੁਕ ਬਣਾਇਆ।

## ਕਾਮਰੇਡ ਭੀਮ ਸਿੰਘ ਦੀ ਯਾਦ ਵਿੱਚ ਖ਼ੂਨਦਾਨ ਅਤੇ ਡਾਕਟਰੀ ਜਾਂਚ ਕੈਂਪ 28 ਮਾਰਚ ਨੂੰ

ਦਿੜ੍ਹਬਾ ਮੰਡੀ, 23 ਮਾਰਚ (ਸੁਖਵਿੰਦਰ ਸਿੰਘ ਵਿਰਕ): ਸਮਾਜ ਸੇਵਕ ਅਤੇ ਵਿਗਿਆਨਿਕ ਸੋਚ ਦੇ ਧਾਰਨੀ ਕਾਮਰੇਡ ਭੀਮ ਸਿੰਘ ਦੀ ਸੱਤਵੀਂ ਬਰਸੀ ਨੂੰ ਸਮਰਪਿਤ ਬਾਬਾ ਬੈਰਸੀਆਣਾ ਚੈਰੀਟੇਬਲ ਹਸਪਤਾਲ ਅੰਦਰ 28 ਮਾਰਚ ਨੂੰ ਵਿਸ਼ਾਲ ਖ਼ੂਨਦਾਨ ਅਤੇ ਮੈਡੀਕਲ ਚੈੱਕ ਅਪ ਕੈਂਪ ਲਗਾਇਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਕਾਮਰੇਡ ਭੀਮ ਸਿੰਘ ਦਿੜ੍ਹਬਾ ਹਲਕੇ ਦੀ ਉਹ ਸ਼ਖ਼ਸ਼ੀਅਤ ਸਨ ਜਿਨਾਂ ਨੇ ਆਪਣੀ ਸਾਰੀ ਜ਼ਿੰਦਗੀ ਦੀ ਕਮਾਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਿੜ੍ਹਬਾ ਉੱਤੇ ਲਾ ਦਿੱਤੀ ਕਰੀਬ 55 ਲੱਖ ਦੀ ਰਾਸ਼ੀ ਖਰਚ ਕਰਕੇ ਸਕੂਲ ਅੰਦਰ ਸ਼ਾਨਦਾਰ ਬਿਲਡਿੰਗ ਬਣਾਈ ਸੀ। ਜਾਣਕਾਰੀ ਦਿੰਦੇ ਹੋਏ ਸਾਹਿਤ ਅਤੇ ਸੱਭਿਆਚਾਰ ਮੰਚ ਦੇ ਪ੍ਰਧਾਨ ਗੁਰਮੀਤ ਸਿੰਘ ਖੇਤਲਾ,ਬਾਬਾ ਬੈਰਸਿਆਣਾ ਚੈਰੀਟੇਬਲ ਹਸਪਤਾਲ ਦੇ ਮੁਖੀ ਗੁਰਜੰਟ ਸਿੰਘ ਘੁਮਾਣ, ਤਰਕਸ਼ੀਲ ਆਗੂ ਨਾਇਬ ਸਿੰਘ ਰਟੋਲਾਂ, ਅਤੇ ਪੈਨਸ਼ਨਰ ਵੈਲਫੇਅਰ ਐਸੋਸੀਏਸ਼ਨ ਦੇ ਘੂਕਾ ਸਿੰਘ ਨੇ ਕਿਹਾ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਕਾਮਰੇਡ ਭੀਮ ਸਿੰਘ ਦੀ ਸੱਤਵੀਂ ਬਰਸੀ ਨੂੰ ਸਮਰਪਿਤ ਬਾਬਾ ਬੈਰਸੀਆਣਾ ਚੈਰੀਟੇਬਲ ਹਸਪਤਾਲ ਅੰਦਰ ਵਿਸ਼ਾਲ ਖ਼ੂਨਦਾਨ ਅਤੇ ਮੈਡੀਕਲ ਚੈੱਕਅਪ ਕੈਂਪ ਲਗਾਇਆ ਜਾ ਰਿਹਾ ਹੈ। ਉਹਨਾਂ ਅਪੀਲ ਕੀਤੀ ਕਿ ਇਲਾਕੇ ਦੀ ਸੰਗਤ ਇਸ ਮਹਾਨ ਕਾਰਜ ਦੇ ਵਿੱਚ ਵੱਧ ਤੋਂ ਵੱਧ ਸ਼ਾਮਿਲ ਹੋਵੇ, ਜਿਸ ਨਾਲ ਅਸੀਂ ਸਮਾਜ ਸੇਵੀ ਕਾਮਰੇਡ ਭੀਮ ਸਿੰਘ ਨੂੰ ਸੱਚੀ ਸ਼ਰਧਾਂਜਲੀ ਦੇ ਸਕੀਏ ਉਹਨਾਂ ਅੱਗੇ ਕਿਹਾ ਕਿ ਇਹ ਹੀ ਉਹਨਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ ਕਿ ਅਸੀਂ ਵੱਧ ਤੋਂ ਵੱਧ ਖ਼ੂਨਦਾਨ ਕਰੀਏ ਜਿਸ ਨਾਲ ਕਿਸੇ ਵੀ ਵਿਅਕਤੀ ਦੀ ਕਿਸੇ ਵੀ ਸਮੇਂ ਜਾਨ ਬਚਾਈ ਜਾ ਸਕਦੀ ਹੈ ਇਸ ਦੇ ਨਾਲ ਹੀ ਮੈਡੀਕਲ ਚੈੱਕ ਅਪ ਕਰਾਉਣ ਦਾ ਮੁਫਤ ਕੈਂਪ ਵੀ ਲਾਇਆ ਜਾ ਰਿਹਾ ਹੈ ਜਿਸ ਵਿੱਚ ਚੈੱਕ ਕਰਨ ਉਪਰੰਤ ਮਰੀਜ਼ਾਂ ਨੂੰ ਮੁਫਤ ਦਵਾਈਆਂ ਵੀ ਵੰਡੀਆਂ ਜਾਣਗੀਆਂ। ਇਸ ਮੌਕੇ ਹਰਕੇਸ਼ ਸਿੰਘ ਧਾਲੀਵਾਲ, ਬਲਦੇਵ ਸਿੰਘ, ਚੰਦ ਸਿੰਘ ਅਤੇ ਹੋਰ ਹਾਜ਼ਰ ਸਨ।

## ਗੁਰੂ ਨਾਨਕ ਕਾਲਜ ਬੁਢਲਾਡਾ ਦੇ ਖਿਡਾਰੀਆਂ ਨੇ ਜੱਤਿਆ ਗੋਲਡ ਮੈਡਲ




ਬੁਢਲਾਡਾ, 23 ਮਾਰਚ (ਦਵਿੰਦਰ ਸਿੰਘ ਕੋਹਲੀ, ਜੀਵਨ ਕੁਮਾਰ) ਉੱਤਰੀ ਭਾਰਤ ਦੀ ਸਿਰਮੌਰ ਅਤੇ ਆਟੋਨੌਮਸ ਸੰਸਥਾ ਗੁਰੂ ਨਾਨਕ ਕਾਲਜ ਬੁਢਲਾਡਾ ਦੇ ਖਿਡਾਰੀਆਂ ਨੇ ਛੇਵੀਂ ਦੱਖਣੀ ਏਸ਼ੀਆਈ ਸੈਪਕਟਾਕਰਾ ਚੈਂਪੀਅਨਸ਼ਿਪ ਜੋ ਕਿ ਕੋਲੰਬੋ ਸ੍ਰੀ ਲੰਕਾ ਵਿਖੇ ਹੋਈ, ਵਿੱਚ ਗੋਲਡ ਮੈਡਲ ਹਾਸਲ ਕਰਕੇ ਅਤੇ ਆਲ ਇੰਡੀਆ ਅੰਤਰ ਯੂਨੀਵਰਸਿਟੀ ਸੈਪਕਟਾਕਰਾ ਚੈਂਪੀਅਨਸ਼ਿਪ, ਜੋ ਕਿ ਅਸਾਮ ਯੂਨੀਵਰਸਿਟੀ ਸਿਲਚਰ ਵਿਖੇ ਹੋਈ ਵਿੱਚ ਸਿਲਵਰ ਮੈਡਲ ਪ੍ਰਾਪਤ ਕਰਕੇ ਕਾਲਜ ਦਾ ਨਾਮ ਵਿਸ਼ਵ ਪੱਧਰ ਤੇ ਰੌਸ਼ਨ ਕੀਤਾ ਹੈ।ਪ੍ਰਿੰਸੀਪਲ ਡਾ. ਨਰਿੰਦਰ ਸਿੰਘ ਨੇ ਸਰੀਰਕ ਸਿੱਖਿਆ ਵਿਭਾਗ ਨੂੰ ਵਧਾਈ ਦਿੰਦਿਆਂ ਕਿਹਾ ਕਿ ਖਿਡਾਰੀ ਸੰਸਥਾਵਾਂ ਦਾ ਮਾਣ ਹੁੰਦੇ ਹਨ। ਸੰਸਥਾ ਵਿੱਚ ਪੜ੍ਹਦੇ ਵਿਦਿਆਰਥੀਆਂ ਨੇ ਹਮੇਸ਼ਾ ਹੀ ਖੇਡਾਂ, ਅਕਾਦਮਿਕਤਾ ਅਤੇ ਸੱਭਿਆਚਾਰਕ ਗਤੀਵਿਧੀਆਂ ਵਿੱਚ ਵੱਡੀਆਂ ਪ੍ਰਾਪਤੀਆਂ ਕੀਤੀਆਂ ਹਨ। ਸਰੀਰਕ ਸਿੱਖਿਆ ਵਿਭਾਗ ਦੇ ਮੁਖੀ ਪ੍ਰੋ. ਰਮਨਦੀਪ ਸਿੰਘ ਨੇ ਦੱਸਿਆ ਕਿ ਛੇਵੀਂ ਦੱਖਣੀ ਏਸ਼ੀਆਈ ਸੈਪਕਟਾਕਰਾ ਚੈਂਪੀਅਨਸ਼ਿਪ ਜੋ ਕਿ ਕਲੋਬੋ ਸ੍ਰੀ ਲੰਕਾ ਵਿਖੇ ਹੋਈ, ਵਿੱਚ ਸੋਨੂ, ਪੂਜਾ, ਬੀ ਅਤੇ ਸੰਸਥਾ ਦੇ ਸਾਬਕਾ ਵਿਦਿਆਰਥੀ ਨਿਵਾਸਨ ਸ਼ਰਮਾ ਅਤੇ ਕੁਰਬਾ ਮਧੂ ਨੇ ਗੋਲਡ ਮੈਡਲ ਹਾਸਲ ਕਰਕੇ ਸੰਸਥਾ ਦਾ ਨਾਮ ਅੰਤਰ ਰਾਸ਼ਟਰੀ ਪੱਧਰ ਤੇ ਰੌਸ਼ਨ ਕੀਤਾ ਹੈ ✦ ਆਲ ਇੰਡੀਆ ਅੰਤਰ ਯੂਨੀਵਰਸਿਟੀ ਸੈਪਕਟਾਕਰਾ ਚੈਂਪੀਅਨਸ਼ਿਪ ਜੋ ਕਿ ਅਸਾਮ ਯੂਨੀਵਰਸਿਟੀ ਸਿਲਚਰ ਵਿਖੇ ਹੋਈ ਵਿੱਚ ਸਿਲਵਰ ਮੈਡਲ ਪ੍ਰਾਪਤ ਕੀਤਾ ਹੈ। ਇਨ੍ਹਾਂ ਖਿਡਾਰੀਆਂ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਭਾਗ ਲੈਂਦਿਆਂ ਹੋਇਆਂ ਸਿਲਵਰ ਮੈਡਲ ਹਾਸਲ ਕੀਤਾ। ਟੀਮ ਰੇਗੂ ਇਵੈਂਟ ਤੇ ਬਰਾਜ ਮੈਡਲ ਹਾਸਲ ਕੀਤਾ। ਰੇਗੂ ਅਤੇ ਕੁਆਡਰੈਂਟ ਇਵੈਂਟ ਦੇ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਪੂਜਾ, ਅਤੇ ਜੋਤੀ ਬੈਚਲਰ ਆਫ ਪਰਫੋਰਮਿੰਗ ਆਰਟ, ਤਨੂ ਬੀ.ਏ. ਭਾਗ ਦੂਜਾ, ਕੋਮਲ ਬੀ.ਏ. ਭਾਗ ਤੀਜਾ, ਅੰਜਲੀ ਬੀ.ਏ. ਭਾਗ ਪਹਿਲਾ, ਮਾਨਸੀ ਬੀ.ਏ. ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਟੀਮ ਵੱਲੋਂ ਭਾਗ ਲੈਂਦੇ ਹੋਏ ਸੈਪਕਟਾਕਰਾ ਚੈਂਪੀਅਨਸ਼ਿਪ ਵਿਚ ਕਾਂਸੀ ਤਗਮਾ ਹਾਸਿਲ ਕੀਤਾ। ਲੜਕਿਆਂ ਦੇ ਵਰਗ ਵਿੱਚ ਪੰਜਾਬੀ ਯੂਨੀਵਰਸਿਟੀ ਵੱਲੋਂ ਸਾਡੇ ਹੀ ਸੰਸਥਾ ਦੇ ਖਿਡਾਰੀਆਂ ਧਰਮਿੰਦਰ ਅਤੇ ਗੁਲਸ਼ਨ ਨੇ ਜੋ ਕਿ ਡੇਅਰੀ ਸਾਇੰਸ ਦੇ ਵਿਦਿਆਰਥੀਆਂ ਨੇ ਕਾਂਸੀ ਦਾ ਤਗਮਾ ਹਾਸਲ ਕੀਤਾ ✦ ਇਸ ਟੀਮ ਤੇ ਖਿਡਾਰੀਆਂ ਨੇ ਕੋਚ ਗਗਨਦੀਪ ਸਿੰਘ ਗਿੰਨੀ ਦੀ ਅਗਵਾਈ ਹੇਠ ਇਹ ਪ੍ਰਾਪਤੀ ਹਾਸਲ ਕੀਤੀ ਹੈ ✦

## ਕੈਬਨਿਟ ਮੰਤਰੀ ਨੇ ਘੱਗਰ ਦਰਿਆ ਦੇ ਕਿਨਾਰੇ ਹੋਰ ਮਜ਼ਬੂਤ ਤੇ ਉੱਚੇ ਕਰਨ ਦੇ ਪ੍ਰੋਜੈਕਟ ਦਾ ਰੱਖਿਆ ਨੀਂਹ ਪੱਥਰ

ਖਨੌਰੀ/ਮੂਨਕ 23 ਮਾਰਚ (ਓਮਪ੍ਰਕਾਸ ਮੁਆਲ/ ਸਮਸ਼ੇਰ ਸਿੰਘ ਭੁਟਾਲ)ਪੰਜਾਬ ਦੇ ਜਲ ਸਰੋਤ ਮੰਤਰੀ ਸ਼੍ਰੀ ਬਰਿੰਦਰ ਕੁਮਾਰ ਗੋਇਲ ਨੇ ਮਕਰੌੜ ਸਾਹਿਬ ਵਿਖੇ ਕਰੀਬ 06.46 ਕਰੋੜ ਰੁਪਏ ਦੀ ਲਾਗਤ ਨਾਲ ਘੱਗਰ ਦਰਿਆ ਦੇ ਕਿਨਾਰੇ ਹੋਰ ਮਜ਼ਬੂਤ ਤੇ ਉੱਚੇ ਕਰਨ ਦੇ ਪ੍ਰੋਜੈਕਟ ਦਾ ਨੀਂਹ ਪੱਥਰ ਰੱਖਣ ਮੌਕੇ ਕਿਹਾ ਕਿ ਮੁੱਖ ਮੰਤਰੀ ਸ੍. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਯਤਨਾਂ ਸਦਕਾ ਪਹਿਲਾਂ 04 ਕਰੋੜ ਰੁਪਏ ਦੀ ਲਾਗਤ ਨਾਲ ਘੱਗਰ ਦੇ ਕਿਨਾਰੇ ਮਜ਼ਬੂਤ ਕੀਤੇ ਗਏ ਸਨ, ਜਿਸ ਸਦਕਾ ਸਾਲ 2025 ਦੌਰਾਨ ਆਏ ਹੜ੍ਹਾਂ ਦੌਰਾਨ ਭਾਵੇਂ ਘੱਗਰ ਦਰਿਆ ਲਗਾਤਾਰ 10 ਦਿਨ ਖਤਰੇ ਦੇ ਨਿਸ਼ਾਨ ਤੋਂ ਉੱਪਰ ਚਲਦਾ ਰਿਹਾ ਪਰ ਲੋਕ ਘੱਗਰ ਦੀ ਮਾਰ ਬਚੇ ਰਹੇ।ਇਸ ਤੋਂ ਪਹਿਲਾਂ ਨਹਿਰੀ ਪਾਣੀ ਦੀ ਸਪਲਾਈ, ਨਹਿਰਾਂ ਦੇ ਨਵੀਨੀਕਰਨ ਅਤੇ ਪੰਜਾਬ ਸਰਕਾਰ ਵੱਲੋਂ ਰਾਜਸਥਾਨ ਸਰਕਾਰ ਕੋਲ ਦਹਾਕਿਆਂ ਤੋਂ ਬਿਨਾਂ ਭੁਗਤਾਨ ਕੀਤਿਆਂ ਪਾਣੀ ਦੀ ਵਰਤੋਂ ਲਈ 01.44 ਲੱਖ ਕਰੋੜ ਰੁਪਏ ਦੀ ਵਸੂਲੀ ਦੇ ਪੇਸ਼ ਕੀਤੇ ਦਾਅਵੇ ਸਮੇਤ ਪਿਛਲੇ ਚਾਰ ਸਾਲ ਦੌਰਾਨ ਕੀਤੇ ਕਾਰਜਾਂ ਬਾਰੇ ਲਹਿਰਾਗਾਗਾ ਸਥਿਤ ਆਪਣੇ ਦਫਤਰ ਵਿਖੇ ਮੀਡੀਆ ਨਾਲ ਗੱਲਬਾਤ ਦੌਰਾਨ ਕੈਬਨਿਟ ਮੰਤਰੀ ਨੇ ਕਿਹਾ ਕਿ ਰਾਜਸਥਾਨ ਨੂੰ ਜਾਂ ਤਾਂ ਪੰਜਾਬ ਦੇ ਜਾਇਜ਼ ਬਕਾਏ ਜਾਰੀ ਕਰਨੇ ਚਾਹੀਦੇ ਹਨ ਜਾਂ ਪਾਣੀ ਲੈਣਾ ਬੰਦ ਕਰ ਦੇਣਾ ਚਾਹੀਦਾ ਹੈ।ਕੈਬਨਿਟ ਮੰਤਰੀ ਨੇ ਕਿਹਾ ਕਿ ਰਾਜਸਥਾਨ ਸਰਕਾਰ ਸਾਲ 1960 ਤੋਂ ਫਿਰੋਜ਼ਪੁਰ ਫੀਡਰ ਰਾਹੀਂ ਲਏ ਗਏ ਪਾਣੀ ਲਈ ਪੰਜਾਬ ਨੂੰ 01.44 ਲੱਖ ਕਰੋੜ ਰੁਪਏ ਦੀ ਦੇਣਦਾਰ ਹੈ, ਜਿਸ ਲਈ ਇਕ ਪੈਸਾ ਵੀ ਅਦਾ ਨਹੀਂ ਕੀਤਾ ਗਿਆ ਹੈ। ਸਾਲ 1920 ਦੇ ਦਹਾਕੇ ਵਿੱਚ ਬੀਕਾਨੇਰ ਰਿਆਸਤ, ਸਾਂਝਾ ਪੰਜਾਬ ਅਤੇ ਬਰਤਾਨਵੀ ਰਾਜ ਦਰਮਿਆਨ ਹੋਏ ਇਕ ਸਮਝੌਤੇ ਦੇ ਅਨੁਸਾਰ ਰਾਜਸਥਾਨ ਪ੍ਰਤੀ ਏਕੜ ਦੇ ਆਧਾਰ ਤੇ ਪਾਣੀ ਦਾ ਭੁਗਤਾਨ ਕਰਨ ਲਈ ਸਹਿਮਤ ਹੋਇਆ ਸੀ। ਸਾਲ 1960 ਤਕ ਭੁਗਤਾਨ ਕੀਤੇ ਜਾਂਦਾ ਸੀ, ਪਰ ਸਿੰਧੂ ਜਲ ਸਮਝੌਤੇ ਤੋਂ ਬਾਅਦ ਰਾਜਸਥਾਨ ਨੇ ਲਗਾਤਾਰ 18,000 ਕਿਊਸਿਕ ਪਾਣੀ ਲੈਣ ਦੇ ਬਾਵਜੂਦ ਭੁਗਤਾਨ ਕਰਨਾ ਬੰਦ ਕਰ ਦਿੱਤਾ।ਪੰਜਾਬ ਦੀ ਸਿੰਚਾਈ ਪ੍ਰਣਾਲੀ ਵਿੱਚ ਹੋਏ ਕ੍ਰਾਂਤੀਕਾਰੀ ਬਦਲਾਅ ਬਾਰੇ ਗੱਲਬਾਤ ਕਰਦੇ ਹੋਏ ਸ੍ਰੀ ਗੋਇਲ ਨੇ ਕਿਹਾ ਕਿ ਸਾਲ 2022 ਵਿੱਚ ਨਹਿਰੀ ਸਿੰਚਾਈ ਨਾਲ ਸਿਰਫ਼ 26.50 ਫ਼ੀਸਦ ਸਿੰਚਾਈ ਕੀਤੀ ਜਾਂਦੀ ਸੀ ਜੋ ਵੱਧ ਕੇ ਅੱਜ 78 ਫ਼ੀਸਦ ਹੋ ਗਈ ਹੈ ਤੇ ਇਸ ਸਾਲ ਝੋਨੇ ਦੀ ਲਵਾਈ ਤੋਂ ਪਹਿਲਾਂ ਪਹਿਲਾਂ ਇਹ 86 ਫ਼ੀਸਦ ਹੋ ਜਾਵੇਗੀ।

## ਤੇਜ਼ ਰ.ਫਤਾਰ ਦਾ ਕਹਿਰ: ਬਠਿੰਡਾ 'ਚ ਵਾਪਰੇ ਦੋ ਭਿਆਨਕ ਸੜਕ ਹਾਦਸਿਆਂ ਵਿੱਚ ਚਾਰ ਨੌਜਵਾਨਾਂ ਦੀ ਮੌਤ

### ਕੈਂਟ ਖੇਤਰ 'ਚ ਬੇਕਾਬੂ ਬੋਲੇਰੋ ਨੇ ਮੋਟਰਸਾਈਕਲ ਸਵਾਰ 21 ਸਾਲਾ ਨੌਜਵਾਨ ਨੂੰ ਦਰੜਿਆ, ਮੁਲਜ਼ਮ ਚਾਲਕ ਫ਼ਰਾਰ

ਬਠਿੰਡਾ, 23 ਮਾਰਚ (ਦੀਪਕ ਸ਼ਰਮਾ): ਜ਼ਿਲ੍ਹੇ ਅੰਦਰ ਤੇਜ਼ ਰਫ਼ਤਾਰ ਅਤੇ ਲਾਪਰਵਾਹੀ ਨੇ ਦੋ ਵੱਖ-ਵੱਖ ਹਾਦਸਿਆਂ ਵਿੱਚ ਚਾਰ ਨੌਜਵਾਨਾਂ ਦੀ ਜਾਨ ਲੈ ਲਈ ਹੈ। ਪਹਿਲਾ ਵੱਡਾ ਹਾਦਸਾ ਮੌੜ ਖੇਤਰ ਵਿੱਚ ਵਾਪਰਿਆ ਜਿੱਥੇ ਇੱਕ ਨਸ਼ਾ ਛੁਡਾਊ ਕੇਂਦਰ ਦੀ ਕਥਿਤ ਲਾਪਰਵਾਹੀ ਨੇ ਤਿੰਨ ਘਰਾਂ ਦੇ ਚਿਰਾਗ ਬੁਝਾ ਦਿੱਤੇ। ਦੂਜੇ ਪਾਸੇ ਕੈਂਟ ਥਾਣਾ ਖੇਤਰ ਵਿੱਚ ਇੱਕ ਬੇਕਾਬੂ ਬੋਲੇਰੋ ਨੇ ਮੋਟਰਸਾਈਕਲ ਸਵਾਰ 21 ਸਾਲਾ ਨੌਜਵਾਨ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਪੁਲਿਸ ਨੇ ਦੋਵਾਂ ਮਾਮਲਿਆਂ ਵਿੱਚ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।ਮੌੜ ਖੇਤਰ ਦੇ ਹਾਦਸੇ ਸਬੰਧੀ ਪ੍ਰਾਪਤ ਜਾਣਕਾਰੀ ਅਨੁਸਾਰ, ਪਿੰਡ ਰੋੜੀ ਵਿਖੇ ਸਥਿਤ ਇੱਕ ਨਸ਼ਾ ਛੁਡਾਊ ਕੇਂਦਰ ਦੇ ਸੰਚਾਲਕਾਂ ਰਣਜੀਤ ਸਿੰਘ, ਅਰੁਣ ਕੁਮਾਰ ਅਤੇ ਉਨ੍ਹਾਂ ਦੇ ਇੱਕ ਹੋਰ ਸਾਥੀ—ਵਿਰੁੱਧ ਥਾਣਾ ਮੌੜ ਵਿਖੇ ਗੰਭੀਰ ਲਾਪਰਵਾਹੀ ਦਾ ਮੁਕੱਦਮਾ ਦਰਜ ਕੀਤਾ ਗਿਆ ਹੈ। ਸ਼ਿਕਾਇਤਕਰਤਾ ਸੁਖਵਿੰਦਰ ਸਿੰਘ ਵਾਸੀ ਧਨੌਲਾ (ਬਰਨਾਲਾ) ਨੇ ਦੱਸਿਆ ਕਿ ਉਨ੍ਹਾਂ ਦਾ ਪੁੱਤਰ ਬਲਪ੍ਰੀਤ ਸਿੰਘ ਇਸ ਕੇਂਦਰ ਵਿੱਚ ਜ਼ੇਰੇ ਇਲਾਜ ਸੀ। ਦੋਸ਼ ਹੈ ਕਿ ਕੇਂਦਰ ਸੰਚਾਲਕਾਂ ਨੇ ਮਾਨਸਿਕ ਤੌਰ ਤੇ ਅਸਥਿਰ ਮਰੀਜ਼ਾਂ ਨੂੰ ਨਿਯਮਾਂ ਦੇ ਉਲਟ ਇੱਕ ਹੋਰ ਨੌਜਵਾਨ ਨੂੰ ਲਿਆਉਣ ਲਈ ਗੱਡੀ ਵਿੱਚ ਭੇਜ ਦਿੱਤਾ। ਪਿੰਡ ਸੰਦੋਹਾ ਨੇੜੇ ਇਹ ਤੇਜ਼ ਰਫ਼ਤਾਰ ਕਾਰ ਬੇਕਾਬੂ ਹੋ ਕੇ ਖੇਤਾਂ ਵਿੱਚ ਪਲਟ ਗਈ, ਜਿਸ ਕਾਰਨ ਬਲਪ੍ਰੀਤ ਸਿੰਘ (26), ਹਰਪ੍ਰੀਤ ਸਿੰਘ (25) ਅਤੇ ਗੁਰਸਿਮਰਨ ਸਿੰਘ (30) ਦੀ ਮੌਕੇ ਤੇ ਹੀ ਮੌਤ ਹੋ ਗਈ। ਥਾਣਾ ਮੌੜ ਦੇ ਐਸ.ਐਚ.ਓ. ਤਰਨਦੀਪ ਸਿੰਘ ਨੇ ਦੱਸਿਆ ਕਿ ਮਰੀਜ਼ਾਂ ਨੂੰ ਇਸ ਹਾਲਤ ਵਿੱਚ ਬਾਹਰ ਭੇਜਣਾ ਨਿਯਮਾਂ ਦੀ ਉਲੰਘਣਾ ਹੈ, ਜਿਸ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ।ਤੇਜ਼ ਰਫ਼ਤਾਰ ਬੋਲੇਰੋ ਨੇ ਮੋਟਰਸਾਈਕਲ ਸਵਾਰ ਨੂੰ ਦਰੜਿਆਇਸੇ ਤਰ੍ਹਾਂ ਦਾ ਇੱਕ ਹੋਰ ਦਰਦਨਾਕ ਹਾਦਸਾ ਕੈਂਟ ਥਾਣਾ ਖੇਤਰ ਵਿੱਚ ਸਾਹਮਣੇ ਆਇਆ ਹੈ। ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿੱਚ ਪ੍ਰਗਟ ਸਿੰਘ ਵਾਸੀ ਪਿੰਡ ਸੰਧੂ ਖੁਰਦ (ਬਠਿੰਡਾ) ਨੇ ਦੱਸਿਆ ਕਿ ਉਸਦਾ ਸਾਲਾ ਅਰਸ਼ਦੀਪ ਸਿੰਘ (21) ਵਾਸੀ ਪਿੰਡ ਫੂਲ, ਮੋਟਰਸਾਈਕਲ ਤੇ ਕਿਸੇ ਕੰਮ ਲਈ ਜਾ ਰਿਹਾ ਸੀ। ਇਸ ਦੌਰਾਨ ਮੁਲਜ਼ਮ ਗੁਰਪ੍ਰੀਤ ਸਿੰਘ ਵਾਸੀ ਮਲੀਆਂ (ਮੋਗਾ) ਨੇ ਆਪਣੀ ਬੋਲੇਰੋ ਗੱਡੀ ਨੂੰ ਬੇਹੱਦ ਤੇਜ਼ ਰਫ਼ਤਾਰ ਅਤੇ ਲਾਪਰਵਾਹੀ ਨਾਲ ਚਲਾਉਂਦਿਆਂ ਮੋਟਰਸਾਈਕਲ ਨੂੰ ਜ਼ੋਰਦਾਰ ਟੱਕਰ ਮਾਰ ਦਿੱਤੀ। ਟੱਕਰ ਇੰਨੀ ਜ਼ਬਰਦਸਤ ਸੀ ਕਿ ਅਰਸ਼ਦੀਪ ਸਿੰਘ ਦੀ ਮੌਕੇ ਤੇ ਹੀ ਮੌਤ ਹੋ ਗਈ।ਪੁਲਿਸ ਨੇ ਸ਼ਿਕਾਇਤ ਦੇ ਆਧਾਰ ਤੇ ਬੋਲੇਰੋ ਚਾਲਕ ਗੁਰਪ੍ਰੀਤ ਸਿੰਘ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਜਾਂਚ ਅਧਿਕਾਰੀ ਅਨੁਸਾਰ ਮੁਲਜ਼ਮ ਹਾਦਸੇ ਤੋਂ ਬਾਅਦ ਮੌਕੇ ਤੋਂ ਫ਼ਰਾਰ ਹੋਣ ਵਿੱਚ ਕਾਮਯਾਬ ਹੋ ਗਿਆ, ਜਿਸ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ। ਪੁਲਿਸ ਨੇ ਲਾਸ਼ਾਂ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ ਅਤੇ ਜ਼ਖ਼ਮੀਆਂ ਦਾ ਇਲਾਜ ਜਾਰੀ ਹੈ।

## 9 ਵਾਂ ਕਬੱਡੀ ਕੱਪ ਡੋਡ ਸ਼ਾਨੋ ਸ਼ੌਕਤ ਨਾਲ ਸੰਪੰਨ




ਬਾਜਾਖਾਨਾ, 23 ਮਾਰਚ (ਅਵਤਾਰ ਸਿੰਘ ਮੱਲਾ): ਪਿੰਡ ਡੋਡ ਨੇੜੇ ਬਾਜਾਖਾਨਾ ਜ਼ਿਲ੍ਹਾ ਫਰੀਦਕੋਟ ਵਿਖੇ ਸਮੂਹ ਨਗਰ ਨਿਵਾਸੀਆਂ, ਮੌਜੂਦਾ ਤੇ ਸਾਬਕਾ ਪੰਚਾਇਤਾਂ ,ਸਾਰੇ ਕਲੱਬਾਂ, ਕਮੇਟੀਆਂ , ਐਨ ਆਰ ਆਈ ਵੀਰਾਂ, ਦੇ ਪੂਰਨ ਸਹਿਯੋਗ ਦੇ ਨਾਲ ਨੌਵਾਂ ਸ਼ਾਨਦਾਰ ਕਬੱਡੀ ਕੱਪ ਕਰਵਾਇਆ ਗਿਆ। ਇਸ ਟੂਰਨਾਮੈਂਟ ਵਿੱਚ ਵੱਖ ਵੱਖ ਭਾਰ ਵਰਗ ਦੀਆਂ ਕਬੱਡੀ ਖੇਡਣ ਵਾਲੀਆ ਦੂਰ ਦੁਰਾਡੇ ਅਤੇ ਇਲਾਕੇ ਦੀਆਂ ਸੈਂਕੜੇ ਟੀਮਾਂ ਨੇ ਹਿੱਸਾ ਲਿਆ! ਇਸ ਟੂਰਨਾਮੈਂਟ ਵਿੱਚ ਕਬੱਡੀ ਓਪਨ ,ਕਬੱਡੀ 75 ਕਿਲੋ, ਕਬੱਡੀ 65 ਕਿਲੋ ,ਕਬੱਡੀ 55 ਕਿਲੋ ,ਕਬੱਡੀ 48 ਕਿਲੋ ਭਾਰ ਵਰਗ ਅਤੇ ਕੁੜੀਆਂ ਦੇ ਕਬੱਡੀ ਮੈਚ ਕਰਵਾਏ ਗਏ। ਇਹਨਾਂ ਸਾਰੇ ਭਾਰ ਵਰਗਾਂ ਵਿੱਚ ਨਗਦ ਇਨਾਮਾਂ ਤੋਂ ਬਿਨਾਂ ਬੈਸਟ ਧਾਵੀਆਂ ਅਤੇ ਬੈਸਟ ਜਾਫੀਆਂ ਨੂੰ ਮੋਟਰਸਾਈਕਲਾਂ ਅਤੇ ਰੇਜ਼ਰ ਸਾਈਕਲਾਂ ਨਾਲ ਸਨਮਾਨਿਤ ਕੀਤਾ ਗਿਆ। ਕਬੱਡੀ ਓਪਨ ਦਾ ਪਹਿਲਾ ਇਨਾਮ 1 ਲੱਖ ਰੁਪਏ ਅਤੇ ਤੇ ਕੱਪ ਪਿੰਡ ਹਰੀਕੇ ਦੀ ਟੀਮ ਨੇ ਹਾਸਿਲ ਕੀਤਾ ਅਤੇ ਕਬੱਡੀ ਓਪਨ ਦਾ ਦੂਸਰਾ ਇਨਾਮ 71000 ਪਿੰਡ ਲੁਹਾਰਾ ਦੀ ਟੀਮ ਨੇ ਹਾਸਿਲ ਕੀਤਾ ਕਬੱਡੀ ਓਪਨ ਦਾ ਬੈਸਟ ਧਾਵੀ ਸੋਨੀ ਭਾਦੜਾਂ ਨੂੰ ਅਤੇ ਕਬੱਡੀ ਓਪਨ ਦਾ ਬੈਸਟ ਜਾਫੀ ਸ਼ਰਨਾ ਡੱਗੋਰਮਾਣਾ ਨੂੰ ਐਲਾਨਿਆ ਗਿਆ।ਦੋਹਾਂ ਖਿਡਾਰੀਆਂ ਨੂੰ ਮੋਟਰਸਾਈਕਲ ਦੇ ਕੇ ਸਨਮਾਨਿਤ ਕੀਤਾ ਗਿਆ ।ਕਬੱਡੀ 75 ਕਿਲੋਭਾਰ ਵਰਗ ਦੇ ਵਿੱਚ ਪਹਿਲਾ ਇਨਾਮ ਡੋਡ ਦੀ ਟੀਮ ਨੇ ਅਤੇ ਦੂਸਰਾ ਇਨਾਮ ਘੱਲ ਖੁਰਦ ਦੀ ਟੀਮ ਨੇ ਹਾਸਿਲ ਕੀਤਾ! 75 ਕਿਲੋ ਵਰਗ ਦੇ ਵਿੱਚ ਬੈਸਟ ਧਾਵੀ ਅਜੇ ਕਿਸਾਨਾ ਅਤੇ ਹਿੰਦਰ ਡੋਡ ਨੂੰ ਸਾਂਝੇ ਰੂਪ ਵਿੱਚ ਅਤੇ ਬੈਸਟ ਜਾਫੀ ਜਸ਼ਨ ਭੂੰਦੜ ਅਤੇ ਆਕਾਸ਼ ਡੋਡ ਨੂੰ ਸਾਂਝੇ ਰੂਪ ਵਿੱਚ ਐਲਾਨਿਆ ਗਿਆ ।ਕਬੱਡੀ 65 ਕਿਲੋ ਭਾਰ ਵਰਗ ਵਿੱਚ ਪਹਿਲਾ ਸਥਾਨ ਗਊਸ਼ਾਲਾ ਡੋਡ ਅਤੇ ਦੂਜਾ ਸਥਾਨ ਰਾਉਕੇ ਕਲਾਂ ਨੇ ਹਾਸਿਲ ਕੀਤਾ ਬੈਸਟ ਧਾਵੀ ਨੂੰ ਲਾਡੀ ਲਾਲਬਾਈ ਅਤੇ ਬੈਸਟ ਜਾਫੀ ਪੈਂਚਰ ਬਰਨਾਲਾ ਨੂੰ ਐਲਾਨਿਆ ਗਿਆ। ਕਬੱਡੀ ਭਾਰ ਵਰਗ ਕਬੱਡੀ 55 ਕਿਲੋ ਭਾਰ ਵਰਗ ਵਿੱਚ ਪਹਿਲਾ ਇਨਾਮ ਡੋਡ ਅਤੇ ਦੂਸਰਾ ਸਥਾਨ ਸੀਰ ਹਰਿਆਣਾ ਨੇ ਹਾਸਿਲ ਕੀਤਾ! ਕਬੱਡੀ 55 ਕਿਲੋ ਵਿੱਚ ਬੈਸਟ ਧਾਵੀ ਪਿਸਟਲ ਡੋਡ ਅਤੇ ਬੈਸਟ ਜਾਫੀ ਨਿੱਕਾ ਪਿਸਟਲ ਰੋਡ ਨੂੰ ਐਲਾਨਿਆ ਗਿਆ ਕਬੱਡੀ ਭਾਰ ਵਰਗ 48 ਕਿਲੋ ਵਿੱਚ ਪਹਿਲਾ ਸਥਾਨ ਕੋਟ ਫੱਤਾ ਦੀ ਟੀਮ ਨੇ ਅਤੇ ਦੂਸਰਾ ਸਥਾਨ ਸਾਧ ਨਿਵਾਸ ਦੀ ਟੀਮ ਨੇ ਹਾਸਿਲ ਕੀਤਾ 48 ਕਿਲੋ ਭਾਰ ਵਰਗ ਵਿੱਚ ਬੈਸਟ ਰੇਡਰ ਬੋਬੀ ਮੌੜ ਤੇ ਬੈਸਟ ਜਾਫੀ ਹਰਪ੍ਰੀਤ ਕੋਟ ਫੱਤਾ ਨੂੰ ਐਲਾਨਿਆ ਗਿਆ ।ਕਬੱਡੀ ਲੜਕੀਆਂ ਦੇ ਅਹਿਮ ਮੁਕਾਬਲੇ ਵਿੱਚ ਪਹਿਲਾ ਸਥਾਨ ਪਿੰਡ ਰੌਂਤਾਂ ਅਤੇ ਦੂਸਰਾ ਸਥਾਨ ਪਿੰਡ ਰੋਡੇ ਦੀ ਟੀਮ ਨੇ ਹਾਸਿਲ ਕੀਤਾ।ਕਬੱਡੀ ਓਪਨ ਦੇ ਬੈਸਟਾਂ ਨੂੰ ਮੋਟਰਸਾਈਕਲਾਂ ਨਾਲ ਬਾਕੀ ਸਾਰੇ ਭਾਰ ਵਰਗਾਂ ਦੇ ਬੈਸਟ ਧਾਵੀਆਂ ਅਤੇ ਜਾਫੀਆਂ ਨੂੰ ਰੇਜ਼ਰ ਸਾਈਕਲਾਂ ਨਾਲ ਸਨਮਾਨਿਤ ਕੀਤਾ ਗਿਆ ।

## ਪਿੰਡ ਸੇਖੂਵਾਸ ਵਿਖੇ ਕੈਂਪ ਦੌਰਾਨ 1124 ਮਰੀਜ਼ਾਂ ਦੀ ਜਾਂਚ ਕੀਤੀ



ਲਹਿਰਾਗਾਗਾ 23 ਮਾਰਚ (ਗੁਰਦੀਪ ਸਿੰਘ) ਭਾਈ ਘਨੱਈਆ ਜੀ ਵੈਲਫੇਅਰ ਫਾਊਂਡੇਸ਼ਨ (ਰਜਿ) ਸ਼ੇਖੂਵਾਸ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਪਿਛਲੇ ਦਿਨੀਂ ਇੱਕ ਅੱਖਾਂ ਦਾ ਚੈੱਕ ਅੱਪ, ਅਪਰੇਸ਼ਨ ਅਤੇ ਮੈਡੀਕਲ ਕੈਂਪ ਪਿੰਡ ਸੇਖੂਵਾਸ ਦੇ ਗੁਰਦੁਆਰਾ ਸਾਹਿਬ ਵਿਖੇ ਲਗਾਇਆ ਗਿਆ, ਜਿਸ ਵਿੱਚ ਲਗਭਗ 1124 ਮਰੀਜ਼ਾਂ ਨੇ ਦਾ ਚੈੱਕ ਅਪ ਕੀਤਾ ਗਿਆ, ਇਸ ਕੈਂਪ ਦੇ ਮੁੱਖ ਪ੍ਰਬੰਧਕ ਤੇ ਸਰਪ੍ਰਸਤ ਭਾਈ ਘਨਈਆ ਜੀ ਵੈਲਫੇਅਰ ਫਾਊਂਡੇਸ਼ਨ ਮੈਂਬਰ ਧਰਮ ਪ੍ਰਚਾਰ ਸ਼੍ਰੋਮਣੀ ਕਮੇਟੀ ਜਥੇਦਾਰ ਰਾਮਪਾਲ ਸਿੰਘ ਬਹਿਣੀਵਾਲ ਨੇ ਵਿਸਥਾਰ ਪੂਰਵਕ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੈਂਪ ਵਿੱਚ 638 ਵਿਅਕਤੀਆਂ ਦਾ ਅੱਖਾਂ ਦਾ ਚੈਕ ਅਪ ਕੀਤਾ ਗਿਆ ਅਤੇ 280 ਵਿਅਕਤੀਆਂ ਦੇ ਮੋਢੇ ਗੋਡੇ, ਭਾਵ ਹੱਡੀਆਂ ਅਤੇ ਜੋੜਾਂ ਦੀ ਜਾਂਚ ਕੀਤੀ ਗਈ, ਦੰਦਾਂ ਦੇ ਮਾਹਿਰ ਡਾਕਟਰਾਂ ਵਲੋਂ ਲੱਗਭਗ 95 ਵਿਅਕਤੀਆਂ ਦੇ ਦੰਦਾਂ ਦਾ ਚੈੱਕ ਅਪ ਕਰਕੇ ਦਵਾਈਆਂ ਆਦਿ ਦਿੱਤੀਆਂ ਗਈਆਂ, ਇਸ ਤੋਂ ਇਲਾਵਾ ਕੰਨ, ਨੱਕ ਅਤੇ ਗਲੇ ਦੀ ਜਾਂਚ ਅਤੇ ਮੈਡੀਕਲ ਵਿਭਾਗ ਵੱਲੋਂ ਲਗਭਗ 121 ਮਰੀਜ਼ਾਂ ਦੀ ਜਾਂਚ ਕੀਤੀ ਗਈ, ਇਲਾਕੇ ਦੇ ਲੋਕਾਂ ਵੱਲੋਂ ਵੱਡੀ ਪੱਧਰ ਤੇ ਸ਼ਮੂਲੀਅਤ ਕਰਕੇ ਇਸ ਕੈਂਪ ਦਾ ਭਰਪੂਰ ਲਾਭ ਉਠਾਇਆ ਗਿਆ, ਅੱਖਾਂ ਦੇ ਮਰੀਜ਼ਾਂ ਨੂੰ ਮੁਫਤ ਐਨਕਾਂ ਅਤੇ ਦਵਾਈਆਂ ਵੀ ਦਿੱਤੀਆਂ ਗਈਆਂ ਅਤੇ ਜਿਨਾਂ ਮਰੀਜ਼ਾਂ ਦੇ ਲੈਂਜ ਪੈਣੇ ਹਨ ਉਹਨਾਂ ਨੂੰ ਗੁਰੂ ਰਾਮਦਾਸ ਮੈਡੀਕਲ ਕਾਲਜ ਅਤੇ ਰਿਸਰਚ ਇੰਸਟੀਚਿਊਟ ਵੱਲਾਂ ਅੰਮ੍ਰਿਤਸਰ ਵਿਖੇ ਲਿਜਾਇਆ ਜਾਵੇਗਾ, ਉਥੇ ਉਹਨਾਂ ਮਰੀਜਾਂ ਦੇ ਆਪਰੇਸ਼ਨ ਕਰਕੇ ਲੈਂਜ ਪਾਏ ਜਾਣਗੇ ,ਗੁਰੂ ਰਾਮਦਾਸ ਮੈਡੀਕਲ ਕਾਲਜ ਵੱਲੋਂ ਡਾਕਟਰ ਦਪਿੰਦਰ ਕੌਰ ਅੱਖਾਂ ਦੇ ਮਾਹਿਰ, ਡਾਕਟਰ ਅਮਰਿੰਦਰ ਸਿੰਘ ਹੱਡੀਆਂ ਤੇ ਜੋੜਾਂ ਦੇ ਮਾਹਿਰ, ਡਾਕਟਰ ਹਰਲੀਨ ਕੌਰ ਨੱਕ, ਕੰਨ ਅਤੇ ਗਲੇ ਦੀ ਮਾਹਿਰ, ਡਾਕਟਰ ਹਰਦੀਪ ਸਿੰਘ ਐਮ ਡੀ ਮੈਡੀਸਨ ਸਮੇਤ ਦੰਦਾਂ ਦੀ ਸੱਤ ਮੈਂਬਰੀ ਡਾਕਟਰਾਂ ਦੀ ਟੀਮ ਨੇ ਆਪਣੀ ਲੈਬ ਰਾਹੀਂ ਚੈਕ ਅੱਪ ਕਰਕੇ ਮਨੁੱਖਤਾ ਦੀ ਸੇਵਾ ਕਰਦੇ ਹੋਏ ਆਪਣਾ ਫਰਜ਼ ਅਦਾ ਕੀਤਾ, ਇਸ ਮੌਕੇ ਤੇ ਉਚੇਚੇ ਤੌਰ ਤੇ ਸਰਦਾਰ ਪਰਮਿੰਦਰ ਸਿੰਘ ਢੀਂਡਸਾ ਸਾਬਕਾ ਖਜ਼ਾਨਾ ਮੰਤਰੀ ਪੰਜਾਬ ਸਰਕਾਰ, ਪਾਲ ਸਿੰਘ ਗੇਹਲਾ ਸਾਬਕਾ ਚੇਅਰਮੈਨ, ਗੁਰਸੰਤ ਸਿੰਘ ਭਟਾਲ ਸਾਬਕਾ ਚੇਅਰਮੈਨ, ਛੱਜੂ ਸਿੰਘ ਸਰਾਓ ਕਾਲਵੰਜਾਰਾ ਪ੍ਰਧਾਨ, ਪੂਰਨ ਸਿੰਘ ਖਾਈ, ਰਘਵੀਰ ਸਿੰਘ ਸੰਗਤੀਵਾਲਾ, ਦਵਿੰਦਰ ਕੁਮਾਰ ਨੀਟੂ ਲਹਿਰਾ, ਡਾਕਟਰ ਨੈਬ ਸਿੰਘ ਰਾਮਗੜ੍ਹ, ਹਰਬੰਸ ਸਿੰਘ ਘੋੜੇਨਾਬ, ਹਰਜਿੰਦਰ ਸਿੰਘ ਰਾਮਗੜ੍ਹ ਸੰਧੂਆਂ ਮੈਂਬਰ ਬਲਾਕ ਸੰਮਤੀ, ਦਰਸ਼ਨ ਸਿੰਘ ਗੋਗੀ ਰਾਮਪੁਰਾ ਜਵਾਹਰਵਾਲਾ, ਗੁਰਸੰਤ ਸਿੰਘ ਜਵਾਹਰਵਾਲਾ, ਦੀਪੀ ਰਾਮਗੜ੍ਹ ਯੂਥ ਆਗੂ, ਜਗਤਾਰ ਸਿੰਘ ਖਾਈ, ਨਿਰੰਜਨ ਸਿੰਘ ਭਾਈ ਕੀ ਪਿਸ਼ੌਰ, ਆਦਿ ਨੇ ਕੈਂਪ ਲਾਉਣ ਲਈ ਸ਼੍ਰੋਮਣੀ ਕਮੇਟੀ ,ਭਾਈ ਘਨੱਈਆ ਜੀ ਫਾਊਂਡੇਸ਼ਨ ਅਤੇ ਉਚੇਚੇ ਤੌਰ ਤੇ ਜਥੇਦਾਰ ਬਹਿਣੀਵਾਲ ਸਮੇਤ ਫਾਊਂਡੇਸ਼ਨ ਦੇ ਸਮੂਹ ਮੈਂਬਰਾਂ ਦੀ ਸਲਾਘਾ ਕੀਤੀ, ਜਿਨ੍ਹਾਂ ਨੇ ਬਹੁਤ ਸੁਚੱਜੇ ਢੰਗ ਨਾਲ ਸਾਰੇ ਪ੍ਰਬੰਧ ਕੀਤੇ ਸਨ, ਫਾਊਂਡੇਸ਼ਨ ਮੈਂਬਰਾਂ ਮਨਪ੍ਰੀਤ ਸਿੰਘ ਪ੍ਰਧਾਨ, ਛੱਜੂ ਸਿੰਘ ਧਾਲੀਵਾਲ, ਬਲਜਿੰਦਰ ਸਿੰਘ ਚੀਕਾ, ਮੇਜਰ ਸਿੰਘ ਢਿੱਲੋਂ, ਭਿੰਦਰ ਸਿੰਘ, ਸੁਖਪਾਲ ਸਿੰਘ ਬਹਿਣੀਵਾਲ, ਮੇਜਰ ਸਿੰਘ ਮਾਨ, ਚਰਨਾਂ ਸਿੰਘ ਜਾਗਲ, ਸੁਖਵਿੰਦਰ ਸਿੰਘ ਸਮਰਾਓ, ਅਵਤਾਰ ਸਿੰਘ ਤਾਰੀ ਸੰਧੂ, ਲਾਭ ਸਿੰਘ ਸਾਬਕਾ ਸਰਪੰਚ, ਹਰਪਾਲ ਸਿੰਘ ਮਾਨ, ਕੌਰ ਸਿੰਘ ਮਾਨ ,ਗੁਰਪ੍ਰੀਤ ਸਿੰਘ ਸਾਦੀਹਰੀ ਅਤੇ ਸੀਰ ਮਾਨ ਨੇ ਸਮੂਹ ਸੰਗਤਾਂ ਦਾ ਸਹਿਯੋਗ ਦੇਣ ਲਈ ਧੰਨਵਾਦ ਕੀਤਾ,

## ਭਾਕਿਯੂ ਕ੍ਰਾਂਤੀਕਾਰੀ ਪੰਜਾਬ ਵੱਲੋਂ ਬਲਾਕ ਫੂਲ਼ ਕਮੇਟੀ ਦੀ ਹੋਈ ਚੋਣ



ਭਗਤਾ ਭਾਈ ਕਾ 23 ਮਾਰਚ (ਸਵਰਨ ਸਿੰਘ ਭਗਤਾ)ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਪੰਜਾਬ ਵੱਲੋਂ ਸੂਬੇ ਅੰਦਰ ਜਥੇਬੰਦੀ ਦੇ ਵਿਸਥਾਰਕ ਢਾਂਚੇ ਨੂੰ ਮੁੱਖ ਰੱਖਦਿਆਂ ਇਜਲਾਸ ਮੁਹਿੰਮ ਚਲਾਈ ਹੋਈ ਹੈ ਜਿਸ ਤਹਿਤ ਲੜੀਵਾਰ ਪਹਿਲਾਂ ਪਿੰਡ ਇਕਾਈਆਂ, ਬਲਾਕ ਕਮੇਟੀ, ਜ਼ਿਲ੍ਹਾ ਕਮੇਟੀ ਅਤੇ ਸੂਬਾ ਕਮੇਟੀ ਦੀ ਚੋਣ ਪ੍ਰਕਿਰਿਆ ਨੂੰ ਅਮਲ ਵਿੱਚ ਲਿਆਂਦਾ ਜਾਂਦਾ ਹੈ ਜਿਥੇ ਕਿ ਜਥੇਬੰਦੀ ਦੀ ਸੰਵਿਧਾਨਿਕ ਨੀਤੀ ਤਹਿਤ ਚੁਣੇ ਹੋਏ ਡੈਲੀਗੇਟ ਵੱਖ ਵੱਖ ਅਹੁਦਿਆਂ ਲਈ ਯੋਗਤਾ ਮੁਤਾਬਿਕ ਚੋਣ ਕਰਦੇ ਹਨ। ਇਸ ਮੌਕੇ ਜਥੇਬੰਦੀ ਵੱਲੋਂ ਬਲਾਕ ਫੂਲ਼ ਕਮੇਟੀ ਦੀ ਚੋਣ ਪ੍ਰਕਿਰਿਆ ਮੁਕੰਮਲ ਕੀਤੀ ਗਈ ਹੈ ਜਿਸਦੀ ਅਗਵਾਈ ਜ਼ਿਲ੍ਹਾ ਪ੍ਰਧਾਨ ਪੁਰਸ਼ੋਤਮ ਮਹਿਰਾਜ ਵੱਲੋਂ ਕੀਤੀ ਗਈ ਜਦਕਿ ਸੂਬਾ ਜਨਰਲ ਸਕੱਤਰ ਬੀਬੀ ਸੁਖਵਿੰਦਰ ਕੌਰ ਰਾਮਪੁਰਾ ਵਿਸ਼ੇਸ਼ ਤੌਰ ਤੇ ਹਾਜ਼ਰ ਰਹੇ। ਇਸ ਮੌਕੇ ਚੋਣ ਪ੍ਰਕਿਰਿਆ ਦੀ ਨੀਤੀ ਉੱਪਰ ਚਲਦਿਆਂ ਪਹਿਲਾਂ ਪੁਰਾਣੀ ਬਲਾਕ ਕਮੇਟੀ ਨੂੰ ਭੰਗ ਕੀਤਾ ਗਿਆ ਤੇ ਉਪਰੰਤ ਵੱਖ ਵੱਖ ਪਿੰਡਾਂ ਦੀਆਂ ਕਮੇਟੀਆਂ ਵੱਲੋਂ ਸਰਬਸੰਮਤੀ ਨਾਲ ਨਵੀਂ ਬਲਾਕ ਕਮੇਟੀ ਦੀ ਚੋਣ ਕੀਤੀ ਗਈ ਜਿਸ ਵਿਚ ਪ੍ਰਧਾਨ ਗੁਰਪ੍ਰੀਤ ਢਿਪਾਲੀ, ਸੀ: ਮੀਤ ਪ੍ਰਧਾਨ ਮਿੱਠੂ ਵੈਦ ਮਹਿਰਾਜ, ਮੀਤ ਪ੍ਰਧਾਨ ਨਿਰਮਲ ਸਿੰਘ ਮਹਿਰਾਜ ਤੇ ਗੁਰਨਾਮ ਸਿੰਘ ਖ਼ਾਲਸਾ ਢਿਪਾਲੀ, ਸਕੱਤਰ ਬੂਟਾ ਸਿੰਘ ਢਿਪਾਲੀ, ਸਹਾਇਕ ਸਕੱਤਰ ਭਜਨ ਸਿੰਘ ਚੋਟੀਆਂ, ਖਜਾਨਚੀ ਦਲਬੀਰ ਸਿੰਘ ਫੂਲ਼, ਸਹਾਇਕ ਖਜਾਨਚੀ ਬਲਵਿੰਦਰ ਸਿੰਘ ਫੂਲ਼, ਪ੍ਰੈਸ ਸਕੱਤਰ ਕੁਲਦੀਪ ਸੇਲਬਰਾਹ ਤੇ ਸੁਖਵਿੰਦਰ ਢਿਪਾਲੀ ਆਦਿ ਨੂੰ ਉਕਤ ਅਹੁਦਿਆਂ ਲਈ ਚੁਣਿਆ ਗਿਆ ਜਦਕਿ ਗੁਰਤੇਜ ਸਿੰਘ, ਡਾ. ਗੁਰਮੇਲ ਸਿੰਘ ਤੇ ਗੁਰਜੀਤ ਸਿੰਘ ਨੂੰ ਬਲਾਕ ਕਮੇਟੀ ਵਜੋਂ ਨਾਮਜ਼ਦ ਕੀਤਾ ਗਿਆ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਪੁਰਸ਼ੋਤਮ ਮਹਿਰਾਜ ਨੇ ਦੱਸਿਆ ਕਿ ਜਥੇਬੰਦੀ ਦੇ ਸੰਗਠਨ ਬਣਤਰ ਨੂੰ ਬਿਹਤਰ ਢੰਗ ਨਾਲ ਚਲਾਉਣ ਲਈ ਹਰ ਦੋ ਸਾਲ ਬਾਅਦ ਇਹ ਇਜਲਾਸ ਮੁਹਿੰਮ ਵਿੱਢੀ ਜਾਂਦੀ ਹੈ ਤੇ ਚੋਣ ਕਰਵਾਈ ਜਾਂਦੀ ਹੈ। ਉਨ੍ਹਾਂ ਆਖਿਆ ਕਿ ਬਲਾਕ ਫੂਲ਼ ਕਮੇਟੀ ਵੱਲੋਂ ਸ਼ੁਰੂ ਤੋਂ ਹੀ ਜਥੇਬੰਦੀ ਦੀ ਨੀਤੀ ਤਹਿਤ ਹੁਣ ਤੱਕ ਜਿਹਨੇ ਵੀ ਕਿਸਾਨਾਂ ਮਜ਼ਦੂਰਾਂ ਨਾਲ ਸੰਬੰਧਿਤ ਮਸਲਿਆਂ ਤੋਂ ਇਲਾਵਾ ਹੋਰ ਵੀ ਪੀੜਤ ਵਰਗਾਂ ਨੂੰ ਇਨਸਾਫ ਦਿਵਾਉਣ ਲਈ ਨਿਭਾਈ ਗਈ ਭੂਮਿਕਾ ਸ਼ਲਾਘਾਯੋਗ ਰਹੀ ਹੈ ਤੇ ਬਲਾਕ ਕਮੇਟੀ ਆਗੂ ਆਪਣਾ ਕੀਮਤੀ ਸਮਾਂ ਕੱਢਕੇ ਹਮੇਸ਼ਾ ਹਰੇਕ ਸੱਦੇ ਦੌਰਾਨ ਅਹਿਮ ਭੂਮਿਕਾ ਨਿਭਾਉਂਦੇ ਆਏ ਹਨ। ਇਸ ਦੌਰਾਨ ਬਲਾਕ ਫੂਲ਼ ਦੀ ਨਵੀਂ ਚੁਣੀ ਗਈ ਕਮੇਟੀ ਵੱਲੋਂ ਵਿਸ਼ਵਾਸ ਦਿਵਾਇਆ ਗਿਆ ਕਿ ਉਹ ਜਥੇਬੰਦੀ ਦੀ ਸੰਵਿਧਾਨਿਕ ਨੀਤੀ ਨੂੰ ਬਰਕਰਾਰ ਰੱਖਦੇ ਹੋਏ ਜਥੇਬੰਦੀ ਵੱਲੋਂ ਦਿੱਤੀ ਗਈ ਜਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ। ਇਸ ਮੌਕੇ ਪਿੰਡ ਢਿਪਾਲੀ ਵਿਖੇ ਰੱਖੇ ਗਏ ਇਸ ਬਲਾਕ ਕਮੇਟੀ ਇਜਲਾਸ ਮੀਟਿੰਗ ਮੌਕੇ ਜ਼ਿਲ੍ਹਾ ਸੀ: ਮੀਤ ਪ੍ਰਧਾਨ ਦਰਸ਼ਨ ਢਿੱਲੋਂ ਫੂਲ਼, ਜ਼ਿਲ੍ਹਾ ਮੀਤ ਪ੍ਰਧਾਨ ਗੋਰਾ ਡਿਖ, ਤੀਰਥਰਾਮ ਸੇਲਬਰਾਹ, ਕੌਰ ਸਿੰਘ ਢਿਪਾਲੀ ਤੋਂ ਇਲਾਵਾ ਪਿੰਡ ਫੂਲ਼ ਟਾਊਨ, ਮਹਿਰਾਜ, ਢਿਪਾਲੀ, ਸੇਲਬਰਾਹ, ਧਿੰਗੜ ਤੇ ਚੋਟੀਆਂ ਆਦਿ ਪਿੰਡਾਂ ਦੇ ਕਿਸਾਨ ਵੀ ਸ਼ਾਮਲ ਸਨ।ਇਸ ਮੌਕੇ ਪਿੰਡ ਢਿਪਾਲੀ ਵਿਖੇ ਰੱਖੇ ਗਏ ਇਸ ਬਲਾਕ ਕਮੇਟੀ ਇਜਲਾਸ ਮੀਟਿੰਗ ਮੌਕੇ ਜ਼ਿਲ੍ਹਾ ਸੀ: ਮੀਤ ਪ੍ਰਧਾਨ ਦਰਸ਼ਨ ਢਿੱਲੋਂ ਫੂਲ਼, ਜ਼ਿਲ੍ਹਾ ਮੀਤ ਪ੍ਰਧਾਨ ਗੋਰਾ ਡਿਖ, ਤੀਰਥਰਾਮ ਸੇਲਬਰਾਹ, ਕੌਰ ਸਿੰਘ ਢਿਪਾਲੀ ਤੋਂ ਇਲਾਵਾ ਪਿੰਡ ਫੂਲ਼ ਟਾਊਨ, ਮਹਿਰਾਜ, ਢਿਪਾਲੀ, ਸੇਲਬਰਾਹ, ਧਿੰਗੜ ਤੇ ਚੋਟੀਆਂ ਆਦਿ ਪਿੰਡਾਂ ਦੇ ਕਿਸਾਨ ਵੀ ਸ਼ਾਮਲ ਸਨ।

## ਰਾਇਲ ਸਿਟੀ ਕਲੋਨੀ ਦੇ ਸੁਰਿੰਦਰ ਕੁਮਾਰ ਗਰਗ ਪੰਜਵੀਂ ਵਾਰ ਬਣੇ ਚੇਅਰਮੈਨ



ਬੁਢਲਾਡਾ, 23 ਮਾਰਚ (ਦਵਿੰਦਰ ਸਿੰਘ ਕੋਹਲੀ, ਜੀਵਨ ਕੁਮਾਰ): ਰਾਇਲ ਸਿਟੀ ਕਲੋਨੀ ਵਿੱਚ ਸਾਰੇ ਮੈਂਬਰਾਂ ਦੀ ਇਕ ਅਹਿਮ ਮੀਟਿੰਗ ਕੀਤੀ ਗਈ, ਜਿਸ ਵਿੱਚ ਕਲੋਨੀ ਦੀ ਨਵੀਂ ਕਮੇਟੀ ਦੀ ਚੋਣ ਕੀਤੀ ਗਈ। ਮੀਟਿੰਗ ਦੌਰਾਨ ਪਿਛਲੇ ਸਾਲ ਦਾ ਪੂਰਾ ਲੇਖਾ-ਜੋਖਾ ਵੀ ਮੈਂਬਰਾਂ ਸਾਹਮਣੇ ਪੇਸ਼ ਕੀਤਾ ਗਿਆ।ਇਸ ਮੌਕੇ ਕਲੋਨੀ ਵਿੱਚ ਆ ਰਹੀਆਂ ਵੱਖ-ਵੱਖ ਸਮੱਸਿਆਵਾਂ ਬਾਰੇ ਵੀ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਮੈਂਬਰਾਂ ਵੱਲੋਂ ਆਪਣੇ ਸੁਝਾਅ ਦਿੱਤੇ ਗਏ। ਮੀਟਿੰਗ ਵਿੱਚ ਸਹਿਮਤੀ ਨਾਲ ਮਾਸਟਰ ਕਲਵੰਤ ਜੀ ਨੂੰ ਕਾਰਜਕਾਰੀ ਪ੍ਰਧਾਨ ਚੁਣਿਆ ਗਿਆ, ਜਦਕਿ ਸੁਰਿੰਦਰ ਕੁਮਾਰ ਜੀ ਨੂੰ ਚੇਅਰਮੈਨ ਬਣਾਇਆ ਗਿਆ।ਚੇਅਰਮੈਨ ਸੁਰਿੰਦਰ ਕੁਮਾਰ ਜੀ ਨੂੰ 13 ਮੈਂਬਰੀ ਕਮੇਟੀ ਦਾ ਗਠਨ ਕਰਨ ਦੀ ਜ਼ਿੰਮੇਵਾਰੀ ਵੀ ਸੌਂਪੀ ਗਈ। ਇਸ ਮੌਕੇ ਚੇਅਰਮੈਨ ਸਾਹਿਬ ਨੇ ਸਭ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਭਰੋਸਾ ਦਿੱਤਾ ਕਿ ਕਲੋਨੀ ਵਿੱਚ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਸਭ ਦੇ ਸਹਿਯੋਗ ਨਾਲ ਕਲੋਨੀ ਦੀਆਂ ਮੁਸ਼ਕਿਲਾਂ ਦਾ ਹੱਲ ਕੀਤਾ ਜਾਵੇਗਾ।

## ਹਮੀਰਗੜ੍ਹ ਪਹੁੰਚਣ 'ਤੇ ਯਾਤਰੀਆਂ ਦਾ ਹਲਕਾ ਵਿਧਾਇਕ ਬਲਕਾਰ ਸਿੱਧੂ ਵੱਲੋਂ ਸ਼ਾਨਦਾਰ ਸਵਾਗਤ



ਭਗਤਾ ਭਾਈ ਕਾ, 23 ਮਾਰਚ (ਸਵਰਨ ਸਿੰਘ ਭਗਤਾ): ਪੰਜਾਬ ਸਰਕਾਰ ਦੀ ਲੋਕ-ਹਿਤੈਸ਼ੀ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਤਹਿਤ ਪਿੰਡ ਹਮੀਰਗੜ੍ਹ ਦੇ ਸਤਿਕਾਰਯੋਗ ਬਜ਼ੁਰਗ ਸ਼੍ਰੀ ਅੰਮ੍ਰਿਤਸਰ ਸਾਹਿਬ, ਦੁਰਗਿਆਨਾ ਮੰਦਰ, ਜਲਿਆਂਵਾਲਾ ਬਾਗ਼ ਅਤੇ ਬਾਘਾ ਬਾਰਡਰ ਸਮੇਤ ਕਈ ਪਵਿੱਤਰ ਤੇ ਇਤਿਹਾਸਕ ਸਥਾਨਾਂ ਦੀ ਯਾਤਰਾ ਕਰਕੇ ਕੱਲ੍ਹ ਵਾਪਸ ਆਪਣੇ ਪਿੰਡ ਪਹੁੰਚੇ। ਇਸ ਮੌਕੇ ਪਿੰਡ ਵਿੱਚ ਖੁਸ਼ੀ ਦਾ ਮਾਹੌਲ ਦੇਖਣਯੋਗ ਸੀ, ਜਿੱਥੇ ਹਲਕਾ ਵਿਧਾਇਕ ਬਲਕਾਰ ਸਿੱਧੂ ਵੱਲੋਂ ਬਜ਼ੁਰਗਾਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ।ਪੰਜਾਬ ਦੀ ਧਰਤੀ, ਜੋ ਹਮੇਸ਼ਾ ਆਪਣੇ ਵੱਡਿਆਂ ਦੀ ਇੱਜ਼ਤ ਤੇ ਸੇਵਾ ਲਈ ਜਾਣੀ ਜਾਂਦੀ ਹੈ, ਉਸਦੀ ਝਲਕ ਇਸ ਮੌਕੇ ਵੇਖਣ ਨੂੰ ਮਿਲੀ। ਯਾਤਰਾ ਕਰਕੇ ਵਾਪਸ ਆਏ ਬਜ਼ੁਰਗਾਂ ਦੇ ਚਿਹਰਿਆਂ 'ਤੇ ਖੁਸ਼ੀ ਅਤੇ ਸੰਤੁਸ਼ਟੀ ਸਾਫ਼ ਦਿਖਾਈ ਦੇ ਰਹੀ ਸੀ, ਜਿਵੇਂ ਉਨ੍ਹਾਂ ਦੇ ਮਨ ਦੀ ਕੋਈ ਪੁਰਾਣੀ ਇੱਛਾ ਪੂਰੀ ਹੋ ਗਈ ਹੋਵੇ।ਯਾਤਰਾ ਤੋਂ ਪਰਤੇ ਬਜ਼ੁਰਗਾਂ ਨੇ ਭਾਵੁਕ ਹੋ ਕੇ ਦੱਸਿਆ ਕਿ ਸਰਕਾਰ ਵੱਲੋਂ ਦਿੱਤੀਆਂ ਗਈਆਂ ਸਹੂਲਤਾਂ ਉਨ੍ਹਾਂ ਦੀ ਉਮੀਦ ਤੋਂ ਕਾਫ਼ੀ ਵੱਧ ਸਨ। ਕਈ ਬਜ਼ੁਰਗਾਂ ਨੇ ਦੱਸਿਆ ਕਿ ਰਹਿਣ-ਸਹਿਣ, ਖਾਣ-ਪੀਣ ਅਤੇ ਸੁਰੱਖਿਆ ਦੇ ਬਹੁਤ ਹੀ ਉੱਚ ਪੱਧਰੀ ਇੰਤਜ਼ਾਮਾਂ ਨੇ ਉਨ੍ਹਾਂ ਨੂੰ ਵਿਸ਼ੇਸ਼ ਅਨੁਭਵ ਕਰਵਾਇਆ।ਇਸ ਮੌਕੇ ਬਜ਼ੁਰਗਾਂ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਸਰਕਾਰ ਨੂੰ ਦਿਲੋਂ ਦੁਆਵਾਂ ਦਿੱਤੀਆਂ ਗਈਆਂ। ਉਨ੍ਹਾਂ ਕਿਹਾ ਕਿ ਇਹ ਸਕੀਮ ਸਿਰਫ਼ ਇੱਕ ਯਾਤਰਾ ਨਹੀਂ, ਸਗੋਂ ਬਜ਼ੁਰਗਾਂ ਲਈ ਸਨਮਾਨ ਅਤੇ ਮਾਣ ਦਾ ਪ੍ਰਤੀਕ ਹੈ, ਜਿਸ ਨਾਲ ਉਹ ਆਪਣੇ ਆਪ ਨੂੰ ਸਮਾਜ ਵਿੱਚ ਕਦਰਯੋਗ ਮਹਿਸੂਸ ਕਰਦੇ ਹਨ।ਹਲਕਾ ਵਿਧਾਇਕ ਬਲਕਾਰ ਸਿੱਧੂ ਨੇ ਇਸ ਮੌਕੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਬਜ਼ੁਰਗਾਂ ਦੀ ਸੇਵਾ ਅਤੇ ਸਨਮਾਨ ਲਈ ਸ਼ੁਰੂ ਕੀਤੀਆਂ ਸਕੀਮਾਂ ਦਾ ਮਕਸਦ ਉਨ੍ਹਾਂ ਨੂੰ ਖੁਸ਼ੀ ਅਤੇ ਆਤਮਿਕ ਸ਼ਾਂਤੀ ਪ੍ਰਦਾਨ ਕਰਨਾ ਹੈ। ਉਨ੍ਹਾਂ ਕਿਹਾ ਕਿ ਸਾਡੇ ਵੱਡੇ ਸਾਡੇ ਸਮਾਜ ਦੀਆਂ ਜੜ੍ਹਾਂ ਹਨ ਅਤੇ ਉਨ੍ਹਾਂ ਦੀ ਖੁਸ਼ੀ ਵਿੱਚ ਹੀ ਸਾਡੀ ਅਸਲ ਤਰੱਕੀ ਹੈ।ਉਨ੍ਹਾਂ ਹੋਰ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਵੀ ਇਸ ਤਰ੍ਹਾਂ ਦੀਆਂ ਲੋਕ-ਭਲਾਈ ਸਕੀਮਾਂ ਨੂੰ ਹੋਰ ਵਧਾਇਆ ਜਾਵੇਗਾ ਤਾਂ ਜੋ ਹਰ ਵਰਗ ਨੂੰ ਸਰਕਾਰ ਦੀਆਂ ਸਹੂਲਤਾਂ ਦਾ ਲਾਭ ਮਿਲ ਸਕੇ।ਇਲਾਕਾ ਨਿਵਾਸੀਆਂ ਨੇ ਵੀ ਇਸ ਯਤਨ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇਹ ਸਕੀਮ ਪੰਜਾਬ ਦੀ ਸੰਸਕ੍ਰਿਤੀ, ਵਿਰਾਸਤ ਅਤੇ ਬਜ਼ੁਰਗਾਂ ਪ੍ਰਤੀ ਸਨਮਾਨ ਦੀ ਮਿਸਾਲ ਹੈ। ਪਿੰਡ ਵਿੱਚ ਵਾਪਸ ਆਏ ਯਾਤਰੀਆਂ ਦਾ ਸਵਾਗਤ ਕਰਦਿਆਂ ਲੋਕਾਂ ਨੇ ਇਸ ਮੌਕੇ ਨੂੰ ਇੱਕ ਤਿਉਹਾਰ ਵਾਂਗ ਮਨਾਇਆ।ਇਸ ਤਰ੍ਹਾਂ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਨਾ ਸਿਰਫ਼ ਬਜ਼ੁਰਗਾਂ ਦੀਆਂ ਆਤਮਿਕ ਇੱਛਾਵਾਂ ਨੂੰ ਪੂਰਾ ਕਰ ਰਹੀ ਹੈ, ਸਗੋਂ ਪੰਜਾਬ ਦੀ ਸਾਂਝੀ ਵਿਰਾਸਤ ਅਤੇ ਸੇਵਾ ਦੀ ਪਰੰਪਰਾ ਨੂੰ ਹੋਰ ਮਜ਼ਬੂਤ ਕਰ ਰਹੀ ਹੈ।

## ਪੀ.ਏ.ਯੂ. ਦੇ ਕਿਸਾਨ ਮੇਲੇ ਵਿੱਚ ਕ੍ਰਿਸ਼ੀ ਵਿਗਿਆਨ ਕੇਂਦਰ ਦੀ ਟੀਮ ਦਾ ਸ਼ਾਨਦਾਰ ਪ੍ਰਦਰਸ਼ਨ



ਸ੍ਰੀ ਮੁਕਤਸਰ ਸਾਹਿਬ, 23 ਮਾਰਚ ( ਐਚ ਐਸ ਕਪੂਰ): ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਲੁਧਿਆਣਾ ਵਿਖੇ 20-21 ਮਾਰਚ 2026 ਨੂੰ ਖੇਤੀ ਵਿਭਿੰਨਤਾ ਅਪਣਾਓ, ਵੱਡਮੁੱਲਾ ਵਾਤਾਵਰਨ ਬਚਾਓ ਥੀਮ ਹੇਠ ਕਰਵਾਏ ਗਏ ਮੁੱਖ ਕਿਸਾਨ ਮੇਲੇ ਦੌਰਾਨ ਯੂਨੀਵਰਸਿਟੀ ਦੇ ਕ੍ਰਿਸ਼ੀ ਵਿਗਿਆਨ ਕੇਂਦਰ, ਸ੍ਰੀ ਮੁਕਤਸਰ ਸਾਹਿਬ ਦੀ ਟੀਮ ਅਤੇ ਇਲਾਕੇ ਦੇ ਅਗਾਂਹਵਧੂ ਕਿਸਾਨਾਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਮਹੱਤਵਪੂਰਨ ਸਨਮਾਨ ਹਾਸਲ ਕੀਤੇ। ਇਸ ਮੌਕੇ 'ਤੇ ਕ੍ਰਿਸ਼ੀ ਵਿਗਿਆਨ ਕੇਂਦਰ, ਸ੍ਰੀ ਮੁਕਤਸਰ ਸਾਹਿਬ ਨੂੰ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਹੋਰ ਕ੍ਰਿਸ਼ੀ ਵਿਗਿਆਨ ਕੇਂਦਰਾਂ ਵਿੱਚੋਂ ਕਿਸਾਨਾਂ ਤੱਕ ਖੇਤੀਬਾੜੀ ਸਹਿਤ ਵੱਧ ਤੋਂ ਵੱਧ ਪਹੁੰਚਾਉਣ ਲਈ ਪਹਿਲਾ ਸਥਾਨ ਪ੍ਰਾਪਤ ਹੋਇਆ। ਇਹ ਪ੍ਰਾਪਤੀ ਕਿਸਾਨਾਂ ਵਿੱਚ ਖੇਤੀਬਾੜੀ ਤਕਨੀਕਾਂ ਅਤੇ ਨਵੀਂ ਜਾਣਕਾਰੀ ਦੇ ਪ੍ਰਸਾਰ ਵੱਲ ਇਸ ਕੇਂਦਰ ਦੀ ਲਗਾਤਾਰ ਕੋਸ਼ਿਸ਼ਾਂ ਦਾ ਨਤੀਜਾ ਹੈ।ਇਸ ਦੇ ਨਾਲ ਹੀ ਜ਼ਿਲ੍ਹੇ ਦੇ ਅਗਾਂਹਵਧੂ ਕਿਸਾਨਾਂ ਨੇ ਵੀ ਵੱਖ-ਵੱਖ ਫਸਲਾਂ ਵਿੱਚ ਉੱਤਮ ਗੁਣਵੱਤਾ ਦੇ ਉਤਪਾਦ ਪੇਸ਼ ਕਰਕੇ ਇਨਾਮ ਹਾਸਲ ਕੀਤੇ। ਪਿੰਡ ਬੋਦੀਵਾਲਾ ਖੜਕ ਸਿੰਘ ਦੇ ਕਿਸਾਨ ਕੁਲਦੀਪ ਸਿੰਘ ਨੂੰ ਮਿਰਚ ਅਤੇ ਫੁੱਲਗੋਭੀ ਦੀ ਫ਼ਸਲ ਲਈ ਪਹਿਲਾ ਇਨਾਮ ਮਿਲਿਆ। ਇਸੇ ਤਰ੍ਹਾਂ, ਪਿੰਡ ਖੁੰਨਣ ਕਲਾਂ ਦੇ ਕਿਸਾਨ ਗੁਰਪਾਲ ਸਿੰਘ ਨੂੰ ਹਲਦੀ ਦੀ ਫ਼ਸਲ ਲਈ ਦੂਜਾ ਇਨਾਮ ਪ੍ਰਾਪਤ ਹੋਇਆ, ਜਦਕਿ ਪਿੰਡ ਬੋਦੀਵਾਲਾ ਖੜਕ ਸਿੰਘ ਦੇ ਹੀ ਕਿਸਾਨ ਮਨਦੀਪ ਸਿੰਘ ਨੂੰ ਛੋਲਿਏ ਦੀ ਫ਼ਸਲ ਲਈ ਦੂਜਾ ਸਥਾਨ ਮਿਲਿਆ। ਇਹ ਸਾਰੇ ਇਨਾਮ ਪੰਜਾਬ ਭਰ ਦੇ ਕਿਸਾਨਾਂ ਵਿੱਚ ਚੰਗੀ ਫ਼ਸਲ ਦੇ ਉਤਪਾਦਨ ਸੰਬੰਧੀ ਹੋਏ ਮੁਕਾਬਲੇ ਦੇ ਆਧਾਰ 'ਤੇ ਫ਼ਸਲਾਂ ਦੀ ਉੱਚ ਗੁਣਵੱਤਾ ਦੇ ਮੱਦੇਨਜ਼ਰ ਪ੍ਰਦਾਨ ਕੀਤੇ ਗਏ। ਇਹ ਪ੍ਰਾਪਤੀਆਂ ਇਸ ਗੱਲ ਦਾ ਹੁੰਗਾਰਾ ਭਰਦੀਆਂ ਹਨ ਕਿ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਕਿਸਾਨ ਨਵੀਆਂ ਖੇਤੀਬਾੜੀ ਤਕਨੀਕਾਂ ਨੂੰ ਅਪਣਾਉਂਦੇ ਹੋਏ ਗੁਣਵੱਤਾ ਵਾਲੀ ਪੈਦਾਵਾਰ ਵੱਲ ਅੱਗੇ ਵੱਧ ਰਹੇ ਹਨ ਅਤੇ ਹੋਰ ਕਿਸਾਨਾਂ ਲਈ ਪ੍ਰੇਰਣਾ ਦਾ ਸਰੋਤ ਬਣ ਰਹੇ ਹਨ।ਡਾ. ਅਮਰਜੀਤ ਸਿੰਘ ਖਹਿਰਾ ਓਪਨ ਏਅਰ ਥੀਏਟਰ ਵਿਚ ਹੋਏ ਇਸ ਵਿਸ਼ੇਸ਼ ਸਮਾਰੋਹ ਦੀ ਪ੍ਰਧਾਨਗੀ ਪੀ.ਏ.ਯੂ. ਦੇ ਵਾਈਸ ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ ਨੇ ਕੀਤੀ। ਮੁੱਖ ਮਹਿਮਾਨ ਦੇ ਤੌਰ ਤੇ ਆਈ.ਸੀ.ਏ.ਆਰ. ਦੇ ਨਿਰਦੇਸ਼ਕ ਜਨਰਲ (ਖੇਤੀ ਖੋਜ ਅਤੇ ਸਿੱਖਿਆ) ਡਾ. ਮਾਂਗੀ ਲਾਲ ਜਾਟ ਅਤੇ ਵਿਸ਼ੇਸ਼ ਮਹਿਮਾਨਾਂ ਵਜੋਂ ਉੱਘੇ ਖੇਤੀ ਵਿਗਿਆਨੀ ਡਾ. ਗੁਰਦੇਵ ਸਿੰਘ ਖੁਸ਼, ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ੍ਰੀ ਹਰਚੰਦ ਸਿੰਘ ਬਰਸਟ, ਨਿਰਦੇਸ਼ਕ ਖੋਜ ਡਾ. ਅਜਮੇਰ ਸਿੰਘ ਢੱਟ ਅਤੇ ਨਿਰਦੇਸ਼ਕ ਪਸਾਰ ਸਿੱਖਿਆ ਡਾ. ਮੱਖਣ ਸਿੰਘ ਭੁੱਲਰ ਤੋਂ ਇਲਾਵਾ ਅਟਾਰੀ ਦੇ ਨਿਰਦੇਸ਼ਕ ਡਾ. ਪਰਵਿੰਦਰ ਸ਼ੇਰੋਂ, ਸਿਫਟ ਦੇ ਨਿਰਦੇਸ਼ਕ ਡਾ. ਨਚੀਕੇਤ ਕੋਤਵਾਲੀਵਾਲੇ, ਭਾਰਤੀ ਮੱਕੀ ਖੋਜ ਕੇਂਦਰ ਦੇ ਨਿਰਦੇਸ਼ਕ ਡਾ. ਐਚ ਐਸ ਜਾਟ, ਪੀ.ਏ.ਯੂ. ਦੇ ਰਜਿਸਟਰਾਰ ਡਾ. ਰਿਸ਼ੀਪਾਲ ਸਿੰਘ (ਆਈ ਏ ਐਸ) ਅਤੇ ਪ੍ਰਬੰਧਕੀ ਬੋਰਡ ਦੇ ਮੈਂਬਰਾਨ ਡਾ. ਅਸ਼ੋਕ ਕੁਮਾਰ, ਡਾ. ਦਵਿੰਦਰ ਸਿੰਘ ਚੀਮਾ, ਸ੍ਰੀ ਅਮਰਜੀਤ ਸਿੰਘ ਢਿੱਲੋਂ ਅਤੇ ਸ੍ਰੀ ਮੋਹਨ ਸਿੰਘ ਜਾਖੜ ਸ਼ਾਮਿਲ ਸਨ

## ਨੇਤ੍ਰ ਬੈਂਕ ਸਮਿਤੀ ਨੇ ਲਗਾਇਆ 76 ਵਾਂ ਮੁਫ਼ਤ ਅੱਖਾਂ ਦਾ ਆਪ੍ਰੇਸ਼ਨ ਕੈਂਪ



ਸੁਨਾਮ ਊਧਮ ਸਿੰਘ ਵਾਲਾ 23 ਮਾਰਚ (ਮੋਹਣ ਸ਼ਰਮਾ /ਰਾਊਵਰਿੰਦਰ ਮਠਾੜੂ)ਨੇਤ੍ਰ ਬੈਂਕ ਸਮਿਤੀ ਵੱਲੋਂ 76ਵਾਂ ਫ੍ਰੀ ਅੱਖਾ ਦਾ ਆਪ੍ਰੇਸ਼ਨ ਕੈਂਪ ਸੋਹਣ ਲਾਲ ਜੈਨ ਮੈਮੋਰੀਅਲ ਚੈਰੀਟੇਬਲ ਆਈ ਹਸਪਤਾਲ ਵਿਖੇ ਲਗਾਇਆ ਗਿਆ।15ਮਰੀਜਾ ਨੂੰ ਆਪ੍ਰੇਸ਼ਨ ਲਈ ਗਲੋਬਲ ਆਈ ਹਸਪਤਾਲ ਸੰਗਰੂਰ ਵਿਖੇ ਬੱਸ ਰਾਹੀਂ ਰਵਾਨਾ ਕੀਤਾ ।ਸਮਿਤੀ ਦੇ ਜੁਝਾਰੂ ਮੈਂਬਰ ਸ਼੍ਰੀ ਦਵਿੰਦਰ ਪਾਲ ਸਿੰਘ ਸੰਧੇ ਜੀ ਨੇ ਕਿਹਾ ਕੇ ਸਮਿਤੀ ਨੇ ਅੱਜ 15 ਮਰੀਜ਼ਾ ਨੂੰ ਚੈੱਕਅਪ ਕਰ ਕੇ ਆਪ੍ਰੇਸ਼ਨ ਲਈ ਭੇਜਿਆ, ਸ਼੍ਰੀ ਸੰਧੇ ਸਾਹਿਬ ਨੇ ਦੱਸਿਆ ਕਿ ਸਮਿਤੀ ਹੁਣ ਤੱਕ 15095 ਮਰੀਜ਼ਾ ਦੇ ਮੁਫ਼ਤ ਆਪ੍ਰੇਸ਼ਨ ਕਰਵਾ ਚੁੱਕੀ ਹੈ,ਪਰਮਾਤਮਾ ਦੇ ਮਿਹਰ ਨਾਲ ਸਾਰੇ ਹੀ ਆਪ੍ਰੇਸ਼ਨ ਸਫਲ ਹਨ ।ਸਮਿਤੀ ਦਾ ਹਰ ਮੈਂਬਰ ਪੂਰੀ ਸ਼ਿੱਦਤ ਨਾਲ ਸੇਵਾ ਕਰਦਾ ਹੈ ।ਪ੍ਰਿੰਸੀਪਲ ਵਿਕਰਮ ਸ਼ਰਮਾ ਜੀ ਨੇ ਦੱਸਿਆ ਕਿ ਹਰ ਮੈਂਬਰ ਆਪਣੀ ਡਿਊਟੀ ਸਮਜਦੇ ਹੋਏ ਆਪਣੇ ਸਾਰੇ ਆਲੇ ਦੁਆਲੇ ਦੇ ਇਲਾਕੇ ਵਿੱਚ ਗਰੀਬ ਮਰੀਜ਼ਾ ਨੂੰ ਲੱਭ ਕੇ ਲਿਆਉਂਦੇ ਨੇ ਤਾਂ ਕੇ ਇਸ ਕੈਂਪ ਦਾ ਪੂਰਾ ਪੂਰਾ ਲਾਭ ਉਨ੍ਹਾਂ ਮਰੀਜ਼ਾ ਨੂੰ ਮਿਲ ਸਕੇ ।ਗੋਪਾਲ ਸ਼ਰਮਾ ਜੀ ਆਪਣੀ ਜ਼ਿੰਮੇਵਾਰੀ ਨਾਲ ਸਾਰੇ ਮਰੀਜ਼ਾ ਨੂੰ ਬੱਸ ਵਿੱਚ ਬਿਠਾ ਕੇ ਸੰਗਰੂਰ ਲੈ ਕੇ ਗਏ ।ਮਰੀਜ਼ਾ ਦੀ ਸਾਰੀ ਸਮਗਰੀ ਪ੍ਰਿੰਸੀਪਲ ਰਜਿੰਦਰ ਗੋਇਲ ਜੀ ਨੇ ਤਿਆਰ ਕੀਤੀ ।ਇਸ ਮੌਕੇ ,ਪਵਨ ਚੱਠਾ ਮੰਗਲ ਸਿੰਘ ਜੱਜ ,ਮੁਕੇਸ਼ ਗੋਇਲ ਹੀਰਤ ਲੱਕੀ,ਪ੍ਰਮੋਦ ਕੁਮਾਰ ਨੀਟੂ ਅਮਰੀਕ ਸਿੰਘ ਆਦਿ ਹਾਜ਼ਿਰ ਸਨ

# ਮੁੱਖ ਮੰਤਰੀ ਕੈਂਪਸ ਦਫ਼ਤਰ ਵਿਖੇ ਸ਼ਹੀਦੀ ਦਿਹਾੜੇ ਮੌਕੇ ਸ਼ਰਧਾ ਦੇ ਫੁੱਲ ਭੇਟ ਕੀਤੇ

## ਨੌਜਵਾਨਾਂ ਨੂੰ ਸ਼ਹੀਦਾਂ ਦੀਆਂ ਕੁਰਬਾਨੀਆਂ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ : ਢਿੱਲੋਂ, ਘੁੱਲੀ, ਚੱਠਾ



ਧੂਰੀ, 23 ਮਾਰਚ (ਰਾਜੇਸ਼ਵਰ ਪਿੰਟੂ) : ਅੱਜ ਸਥਾਨਕ ਮੁੱਖ ਮੰਤਰੀ ਕੈਂਪਸ ਦਫ਼ਤਰ ਵਿਖੇ ਸ਼ਹੀਦ-ਏ-ਆਜ਼ਮ ਭਗਤ ਸਿੰਘ, ਸ਼ਹੀਦ ਰਾਜਗੁਰੂ ਅਤੇ ਸ਼ਹੀਦ ਸੁਖਦੇਵ ਦੇ ਸ਼ਹੀਦੀ ਦਿਹਾੜੇ ਮੌਕੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਪੰਜਾਬ ਲਘੂ ਉਦਯੋਗ ਵਿਕਾਸ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ, ਪੰਜਾਬ ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਅਸ਼ੋਕ ਕੁਮਾਰ ਲੱਖਾ, ਮਾਰਕਿਟ ਕਮੇਟੀ ਧੂਰੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਅਤੇ ਆਲ ਇੰਡੀਆ ਐਫ.ਸੀ.ਆਈ ਐਗਜੀਕਿਊਟਿਵ ਸਟਾਫ਼ ਯੂਨੀਅਨ ਦੇ ਕੌਮੀ ਪ੍ਰਧਾਨ ਅਤੇ ਪਾਰਟੀ ਦੇ ਸੀਨੀਅਰ ਸੂਬਾਈ ਆਗੂ ਸਤਿੰਦਰ ਸਿੰਘ ਚੱਠਾ, ਸੀਨੀਅਰ ਆਗੂ ਪਰਮਜੀਤ ਸਿੰਘ ਕਾਂਝਲਾ, ਬਲਾਕ ਸੰਮਤੀ ਦੇ ਚੇਅਰਮੈਨ ਰਣਜੋਤ ਸਿੰਘ ਕਾਂਝਲਾ ਆਦਿ ਵੀ ਹਾਜਰ ਸਨ।

ਵੱਖ -ਵੱਖ ਬੁਲਾਰਿਆਂ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ, ਸ਼ਹੀਦ ਸੁਖਦੇਵ ਅਤੇ ਸ਼ਹੀਦ ਰਾਜਗੁਰੂ ਜੀ ਨੇ ਦੇਸ਼ ਦੀ ਖਾਤਰ ਆਪਣੀਆਂ ਜਾਨਾਂ ਵਾਰੀਆਂ ਅਤੇ ਦੇਸ਼ ਵਾਸੀ ਹਮੇਸ਼ਾ ਉਨ੍ਹਾਂ ਦੇ ਰਿਣੀ ਰਹਿਣਗੇ। ਉਨ੍ਹਾਂ ਨੌਜਵਾਨਾਂ ਨੂੰ ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਰਾਖੀ ਲਈ ਸਾਡੇ ਮਹਾਨ ਨਾਇਕਾਂ ਦੁਆਰਾ ਦਿੱਤੀ ਮਹਾਨ ਕੁਰਬਾਨੀ ਤੋਂ ਪ੍ਰੇਰਨਾ ਲੈਣ ਦਾ ਸੱਦਾ ਦਿੱਤਾ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜਿਸ ਤਰ੍ਹਾਂ ਸਾਡੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਨੌਜਵਾਨੀ ਦਾ ਵਡਮੁੱਲੀ ਭੂਮਿਕਾ ਰਹੀ ਹੈ, ਉਸੇ ਤਰ੍ਹਾਂ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਸੂਬੇ ਨੂੰ ਮੁੜ ਰੰਗਲਾ ਪੰਜਾਬ ਦੀ ਸਿਰਜਣਾ ਲਈ ਨੌਜਵਾਨਾਂ ਨੂੰ ਮੋਹਰੀ ਰੋਲ ਅਦਾ ਕਰਨਾ ਚਾਹੀਦਾ ਹੈ।

ਉਨ੍ਹਾਂ ਇਹ ਵੀ ਯਾਦ ਦੁਆਇਆ ਕਿ ਸਾਡੇ ਮਹਾਨ ਸੁਤੰਤਰਤਾ ਸੈਨਾਨੀਆਂ ਨੇ ਆਉਣ ਵਾਲੀਆਂ ਪੀੜ੍ਹੀਆਂ ਦੀ ਬਿਹਤਰੀ ਅਤੇ ਦੇਸ਼ ਅਤੇ ਸੂਬੇ ਦੇ ਸਰਬਪੱਖੀ ਵਿਕਾਸ ਨੂੰ ਯਕੀਨੀ ਬਣਾਉਣ ਲਈ ਸਰਬੋਤਮ ਕੁਰਬਾਨੀਆਂ ਦਿੱਤੀਆਂ ਅਤੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਆਪਣੇ ਸੁਤੰਤਰਤਾ ਸੰਗਰਾਮੀਆਂ ਦੀਆਂ ਸੋਚ ਦੀ ਕਦਰ ਕਰਨ ਲਈ ਸਖਤ ਯਤਨ ਕਰਨੇ ਚਾਹੀਦੇ ਹਨ। ਇਸ ਮੌਕੇ ਧੂਰੀ ਟਰੇਡਰਜ਼ ਬੋਰਡ ਦੇ ਚੇਅਰਮੈਨ ਕੌਂਸਲਰ ਪੁਸ਼ਪਿੰਦਰ ਸ਼ਰਮਾ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਹਰਜਿੰਦਰ ਸਿੰਘ ਕਾਂਝਲਾ, ਸਰਪੰਚ ਅੰਮ੍ਰਿਤ ਸਿੰਘ ਘਨੌਰੀ, ਅਨਿਲ ਮਿੱਤਲ, ਨਰੇਸ਼ ਸਿੰਗਲਾ, ਨਵਜੋਤ ਕੌਰ ਆਦਿ ਵੀ ਹਾਜ਼ਰ ਸਨ।

# ਕੋਪਲ ਕੰਪਨੀ ਦੇ ਐਮ.ਡੀ. ਨੇ ਵਿੱਤ ਮੰਤਰੀ ਨਾਲ ਕੀਤੀ ਮੁਲਾਕਾਤ



ਬਰਨਾਲਾ 23 ਮਾਰਚ (ਸੁਖਵਿੰਦਰ ਸਿੰਘ ਭੰਡਾਰੀ) : ਇੱਕ ਨਿੱਜੀ ਸਮਾਰੋਹ ਦੌਰਾਨ ਪੰਜਾਬ ਦੇ ਖ਼ਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ, ਕੋਪਲ ਕੰਪਨੀ ਦੇ ਐਮ.ਡੀ. ਸੰਜੀਵ ਬਾਂਸਲ ਨਾਲ ਵਿਚਾਰ-ਵਟਾਂਦਰਾ ਕਰਦੇ ਹੋਏ। ਇਸ ਮੌਕੇ ਅਗਰਵਾਲ ਸਭਾ ਦੇ ਪ੍ਰਧਾਨ ਅਰੁਣ ਬਾਂਸਲ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਮੌਕੇ ਪੂਰਨ ਸਦਭਾਵਨਾ 'ਚ ਗੱਲਬਾਤ ਹੋਈ। ਇਸ ਮੌਕੇ ਵਿੱਤ ਮੰਤਰੀ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ।

# ਗਿਆਰਵੀਂ ਝੰਡਾ ਪੈਦਲ ਯਾਤਰਾ ਹੋਈ ਰਵਾਨਾ



ਮੌੜ ਮੰਡੀ, 23 ਮਾਰਚ (ਭੋਲਾ ਸਿੰਘ ਮਾਨ) : ਸਿੱਧ ਪੀਠ ਪ੍ਰਾਚੀਨ ਹਨੂਮਾਨ ਮੰਦਰ ਮੌੜ ਮੰਡੀ ਤੋਂ ਗਿਆਰਵੀਂ ਝੰਡਾ ਪੈਦਲ ਯਾਤਰਾ ਮਾਤਾ ਮਾਈਸਰਖਾਨਾ ਲਈ ਬੜੀ ਸ਼ਰਧਾ ਅਤੇ ਧੂਮ-ਧਾਮ ਨਾਲ ਰਵਾਨਾ ਹੋਈ। ਇਹ ਪਵਿੱਤਰ ਯਾਤਰਾ ਹਰ ਸਾਲ ਨਵਰਾਤਰਿਆਂ ਦੇ ਦੌਰਾਨ ਆਯੋਜਿਤ ਕੀਤੀ ਜਾਂਦੀ ਹੈ, ਜਿਸ ਵਿੱਚ ਵੱਡੀ ਗਿਣਤੀ ਵਿੱਚ ਭਗਤ ਸ਼ਰਧਾ ਨਾਲ ਹਿੱਸਾ ਲੈਂਦੇ ਹਨ।ਇਸ ਯਾਤਰਾ ਦੀ ਅਗਵਾਈ ਸੁਆਮੀ ਕੈਲਾਸ ਮੁਨੀ ਮਹਾਰਾਜ ਜੀ ਨੇ ਕੀਤੀ, ਜਿਨ੍ਹਾਂ ਨੇ ਰਵਾਨਗੀ ਤੋਂ ਪਹਿਲਾਂ ਭਗਤਾਂ ਨੂੰ ਆਸ਼ੀਰਵਾਦ ਦਿੰਦਿਆਂ ਕਿਹਾ ਕਿ ਮਾਤਾ ਦੀ ਭਗਤੀ ਨਾਲ ਮਨ ਨੂੰ ਸ਼ਾਂਤੀ ਅਤੇ ਜੀਵਨ ਵਿੱਚ ਸਫਲਤਾ ਪ੍ਰਾਪਤ ਹੁੰਦੀ ਹੈ। ਉਨ੍ਹਾਂ ਨੇ ਕਿਹਾ ਕਿ ਨਵਰਾਤਰਿਆਂ ਦੌਰਾਨ ਕੀਤੀ ਗਈ ਭਗਤੀ ਅਤੇ ਸੇਵਾ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ ਅਤੇ ਇਹ ਯਾਤਰਾ ਲੋਕਾਂ ਵਿੱਚ ਭਾਈਚਾਰਾ ਅਤੇ ਆਧਿਆਤਮਿਕਤਾ ਨੂੰ ਮਜ਼ਬੂਤ ਕਰਦੀ ਹੈ।ਇਸ ਮੌਕੇ ਸੇਵਾਦਾਰਾਂ ਵਿੱਚ ਰਾਹੁਲ ਸ਼ਰਮਾ, ਰੋਹਿਤ, ਮੋਹਿਤ, ਹਰਸ਼, ਚਬੂ, ਜਤਿਨ, ਕੋਬਰਾ, ਕਾਕਾ, ਗੁਰਜੰਟ ਸਿੰਘ, ਰਾਜੂ ਅਤੇ ਸੋਕੀ ਸਮੇਤ ਹੋਰ ਭਗਤ ਸ਼ਾਮਲ ਸਨ, ਜਿਨ੍ਹਾਂ ਨੇ ਪੂਰੇ ਜੋਸ਼ ਨਾਲ ਯਾਤਰਾ ਵਿੱਚ ਹਾਜ਼ਰੀ ਭਰੀ। ਯਾਤਰਾ ਦੌਰਾਨ ਭਗਤ ਮਾਤਾ ਦੇ ਜੈਕਾਰਿਆਂ ਨਾਲ ਮਾਹੌਲ ਨੂੰ ਭਗਤੀਮਈ ਬਣਾ ਰਹੇ ਸਨ।ਇਹ ਯਾਤਰਾ ਮਾਤਾ ਮਾਈਸਰਖਾਨਾ ਵਿਖੇ ਮਾਤਾ ਰਾਣੀ ਜੀ ਦੇ ਦਰਸ਼ਨ ਕਰਨ ਤੋਂ ਬਾਅਦ ਸੰਪੰਨ ਹੋਈ।

# ਬੰਦੂਕਾਂ ਬੀਜਣ ਦੀ ਸੋਚ ਦੇ ਨਾਲ-ਨਾਲ ਕਲਮਾਂ ਦੇ ਬੀਜ ਬੀਜਣਾ ਸਮੇਂ ਦੀ ਲੋੜ : ਅਵਤਾਰ ਸਿੰਘ ਢਿੱਲੋਂ



ਬਠਿੰਡਾ, 23 ਮਾਰਚ (ਲੁਭਾਸ ਸਿੰਗਲਾ/ਗੁਰਪ੍ਰੀਤ ਸਿੰਘ): ਡੀ ਐਮ ਗਰੁੱਪ ਆਫ ਇੰਸਟੀਚਿਊਸ਼ਨ ਕਰਾੜਵਾਲਾ ਦੇ ਮੈਨੇਜਿੰਗ ਡਾਇਰੈਕਟਰ ਇੰਜੀ: ਅਵਤਾਰ ਸਿੰਘ ਢਿੱਲੋਂ ਨੇ 23 ਮਾਰਚ ਦੇ ਸ਼ਹੀਦੀ ਦਿਹਾੜੇ ਮੌਕੇ ਸ਼ਹੀਦ ਏ ਆਜ਼ਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀਆਂ ਅਮਰ ਕੁਰਬਾਨੀਆਂ ਨੂੰ ਨਮਨ ਕਰਦਿਆਂ ਕਿਹਾ ਕਿ ਇਹ ਦਿਨ ਸਿਰਫ ਭਾਰਤ ਹੀ ਨਹੀਂ, ਸਗੋਂ ਸਮੂਹ ਸੰਸਾਰ ਦੇ ਕ੍ਰਾਂਤੀਕਾਰੀਆਂ ਲਈ ਪ੍ਰੇਰਨਾ ਦਾ ਸਰੋਤ ਹੈ। ਉਨ੍ਹਾਂ ਕਿਹਾ ਕਿ ਭਗਤ ਸਿੰਘ ਵਰਗੇ ਮਹਾਨ ਯੋਧਿਆਂ ਨੇ ਆਪਣੇ ਖ਼ੂਨ ਨਾਲ ਜੋ ਇਤਿਹਾਸ ਲਿਖਿਆ, ਉਹ ਅੱਜ ਵੀ ਨੌਜਵਾਨ ਪੀੜੀ ਲਈ ਰਾਹ-ਦਸੇਰਾ ਬਣਿਆ ਹੋਇਆ ਹੈ।

ਇੰਜੀ: ਢਿੱਲੋਂ ਨੇ ਅੱਗੇ ਕਿਹਾ ਕਿ ਜੇ ਅਸੀਂ ਪੰਜਾਬ ਦੇ ਇਤਿਹਾਸ 'ਤੇ ਨਜ਼ਰ ਮਾਰੀਆਂ ਤਾਂ ਇਹ ਸਪੱਸ਼ਟ ਹੁੰਦਾ ਹੈ ਕਿ ਇਸ ਧਰਤੀ 'ਤੇ ਸ਼ਹਾਦਤਾਂ ਦੀ ਪ੍ਰੰਪਰਾ ਕੋਈ ਨਵੀਂ ਗੱਲ ਨਹੀਂ। ਆਜ਼ਾਦੀ ਦੇ ਸੰਗਰਾਮ ਤੋਂ ਲੈ ਕੇ ਫਿਰ ਅਜੋਕੇ ਸਮੇਂ ਵਿੱਚ ਵੀ ਵੱਖ-ਵੱਖ ਰੂਪਾਂ ਵਿੱਚ ਸੰਘਰਸ਼ ਜਾਰੀ ਹੈ। ਉਨ੍ਹਾਂ ਦੱਸਿਆ ਕਿ ਨਕਸਲਵਾਦ, ਖਾੜਕੂਵਾਦ ਦੇ ਸਿਧਾਂਤ ਜਾਂ ਅੱਜਕੱਲ੍ਹ ਨੌਜਵਾਨਾਂ ਵਿੱਚ ਵਧ ਰਹੀ ਗੈਂਗਸਟਰ ਸੋਚ ਇਹਨਾਂ ਘਟਨਾਵਾਂ ਨੂੰ ਸਮਝਣ ਦੀ ਲੋੜ ਹੈ, ਤਾਂ ਜੋ ਸਮਾਜ ਨੂੰ ਸਹੀ ਦਿਸ਼ਾ ਦਿੱਤੀ ਜਾ ਸਕੇ।

ਉਨ੍ਹਾਂ ਚਿੰਤਾ ਜ਼ਾਹਿਰ ਕਰਦਿਆਂ ਕਿਹਾ ਕਿ ਅੱਜ ਦੀ ਸਭ ਤੋਂ ਵੱਡੀ ਕਮੀ ਇਹ ਹੈ ਕਿ ਅਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਦਿੱਤੇ ਸਾਂਝੀਵਾਲਤਾ ਅਤੇ ਸੰਵਾਦ ਦੇ ਸਿਧਾਂਤਾਂ ਤੋਂ ਅਸੀਂ ਦੂਰ ਹੋ ਰਹੇ ਹਾਂ। ਜੇ ਅਸੀਂ ਵੱਖ-ਵੱਖ ਖੇਤਰਾਂ ਦੇ ਮਾਹਿਰਾਂ—ਇਤਿਹਾਸਕਾਰਾਂ, ਲੇਖਕਾਂ ਅਤੇ ਸਮਾਜਿਕ ਵਿਦਵਾਨਾਂ—ਨੂੰ ਇਕ ਮੰਚ 'ਤੇ ਬਿਠਾ ਕੇ ਗੰਭੀਰ ਸੰਵਾਦ ਕਰੀਏ, ਤਾਂ ਕਈ ਸਮੱਸਿਆਵਾਂ ਦਾ ਹੱਲ ਲੱਭ ਸਕਦੇ ਹਾਂ;।

ਇੰਜੀ: ਢਿੱਲੋਂ ਨੇ ਮੀਡੀਆ ਦੀ ਭੂਮਿਕਾ 'ਤੇ ਵੀ ਚਰਚਾ ਕਰਦਿਆਂ ਕਿਹਾ ਕਿ ਭਾਵੇਂ ਅੱਜ ਸੋਸ਼ਲ ਮੀਡੀਆ ਦੀ ਪਹੁੰਚ ਹਰ ਵਿਅਕਤੀ ਤੱਕ ਹੈ, ਪਰ ਪ੍ਰਿੰਟ ਮੀਡੀਆ ਦੀ ਭਰੋਸੇਯੋਗਤਾ ਨੂੰ ਅਣਦੇਖਾ ਕਰਨਾ ਵੱਡੀ ਗਲਤੀ ਹੋਵੇਗੀ। ਉਨ੍ਹਾਂ ਕਿਹਾ ਕਿ ਇਤਿਹਾਸ ਨੂੰ ਲਿਖਤੀ ਰੂਪ ਵਿੱਚ ਸੰਭਾਲਣਾ ਅਤੇ ਤੱਥਾਂ ਦੇ ਆਧਾਰ 'ਤੇ ਪੇਸ਼ ਕਰਨਾ ਬਹੁਤ ਜ਼ਰੂਰੀ ਹੈ, ਤਾਂ ਜੋ ਆਉਣ ਵਾਲੀਆਂ ਪੀੜੀਆਂ ਨੂੰ ਸਹੀ ਦਿਸ਼ਾ ਮਿਲ ਸਕੇ।

ਉਨ੍ਹਾਂ ਅੱਗੇ ਕਿਹਾ ਕਿ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਜੀਵਨ ਦੇ ਅਨੇਕਾਂ ਪਹਿਲੂ ਅਜੇ ਵੀ ਅਣਛੋਹੇ ਹਨ, ਜਿਨ੍ਹਾਂ ਤੋਂ ਸਾਨੂੰ ਸਿੱਖਣ ਦੀ ਲੋੜ ਹੈ। ਸਿਰਫ਼ ਨਾਅਰੇ ਲਗਾਉਣ ਨਾਲ ਨਹੀਂ, ਸਗੋਂ ਉਨ੍ਹਾਂ ਦੀ ਸੋਚ ਨੂੰ ਅਪਣਾਉਣ ਨਾਲ ਹੀ ਅਸੀਂ ਅਸਲ ਮਾਇਨੇ ਵਿੱਚ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ,, ਉਨ੍ਹਾਂ ਦੇਸ਼ ਦੇ ਬੁੱਧੀਜੀਵੀਆਂ, ਲੇਖਕਾਂ ਅਤੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਸੰਵਾਦ ਅਤੇ ਸਾਂਝੀਵਾਲਤਾ ਦੀ ਰਾਹ 'ਤੇ ਚੱਲਦੇ ਹੋਏ ਸਮਾਜ ਨੂੰ ਨਵੀਂ ਦਿਸ਼ਾ ਦੇਣ ਲਈ ਅੱਗੇ ਆਉਣ। ਉਨ੍ਹਾਂ ਕਿਹਾ ਕਿ ਇਹੀ ਸ਼ਹੀਦਾਂ ਦੀ ਕੁਰਬਾਨੀ ਦਾ ਸੱਚਾ ਸਨਮਾਨ ਹੋਵੇਗਾ ਅਤੇ ਇਹੀ ਰਾਹ ਸਾਡੇ ਦੇਸ਼ ਨੂੰ ਤਰੱਕੀ ਦੀਆਂ ਉੱਚਾਈਆਂ ਤੱਕ ਲੈ ਕੇ ਜਾਵੇਗਾ। ਇਸ ਮੌਕੇ ਉਨਾਂ ਦੇ ਭਰਾ ਅਮਰੀਕ ਸਿੰਘ ਢਿੱਲੋਂ, ਹੈਪੀ ਢਿੱਲੋਂ ਸਣੇ ਸਮੂਹ ਸਕੂਲ ਸਟਾਫ ਹਾਜ਼ਰ ਸੀ।

# ਸਹਿਜਦੀਪ ਜੇਠੀ ਪੰਜਾਬ ਸਟੇਟ ਬਾਕਸਿੰਗ ਚੈਂਪੀਅਨ ਦਾ ਰਾਮ ਨੌਮੀਂ ਮੌਕੇ ਕੀਤਾ ਜਾਵੇਗਾ ਸਨਮਾਨ



ਬਰਨਾਲਾ, 23 ਮਾਰਚ (ਸੁਖਵਿੰਦਰ ਸਿੰਘ ਭੰਡਾਰੀ) : ਪੰਜਾਬ ਸਟੇਟ 7ਵੀਂ ਬਾਕਸਿੰਗ ਚੈਂਪੀਅਨਸ਼ਿਪ 2026 ਬੜੀ ਸ਼ਾਨੋ-ਸ਼ੌਕਤ ਨਾਲ ਤਰਨਤਾਰਨ ਵਿਖੇ ਸਮਾਪਤ ਹੋਈ। ਇਸ ਮੁਕਾਬਲੇ ਵਿੱਚ ਬਰਨਾਲਾ ਜ਼ਿਲ੍ਹੇ ਦੇ ਬਾਕਸਰਾਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਜ਼ਿਲ੍ਹੇ ਦਾ ਨਾਮ ਰੌਸ਼ਨ ਕੀਤਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕੋਚ ਗੁਰਦਿਤ ਪੁਰੀ ਅਤੇ ਕੋਚ ਜਸਵੀਰ ਸਿੰਘ ਜੱਸੀ ਨੇ ਦੱਸਿਆ ਕਿ ਬਰਨਾਲਾ ਦੇ ਹੋਣਹਾਰ ਖਿਡਾਰੀ ਸਹਿਜਦੀਪ ਜੇਠੀ ਨੇ 50 ਕਿਲੋ ਭਾਰ ਵਰਗ ਵਿੱਚ ਸੋਨੇ ਦਾ ਤਗਮਾ ਜਿੱਤ ਕੇ ਪੰਜਾਬ ਸਟੇਟ ਚੈਂਪੀਅਨ ਬਣਨ ਦਾ ਮਾਣ ਹਾਸਲ ਕੀਤਾ। ਸਟੇਟ ਚੈਂਪੀਅਨ ਸਹਿਜਦੀਪ ਜੇਠੀ ਦਾ ਰਾਮ ਨੌਵੀਂ ਮੌਕੇ ਸਨਮਾਨ ਕੀਤਾ ਜਾਵੇਗਾ। ਉਹ ਹੁਣ 5 ਅਪ੍ਰੈਲ ਤੋਂ 11 ਅਪ੍ਰੈਲ 2026 ਤੱਕ ਨਾਗਪੁਰ (ਮਹਾਰਾਸ਼ਟਰ) ਵਿੱਚ ਹੋਣ ਵਾਲੀ ਨੈਸ਼ਨਲ ਬਾਕਸਿੰਗ ਚੈਂਪੀਅਨਸ਼ਿਪ ਵਿੱਚ ਪੰਜਾਬ ਦੀ ਨੁਮਾਇੰਦਗੀ ਕਰੇਗਾ। ਉਨ੍ਹਾਂ ਹੋਰ ਦੱਸਿਆ ਕਿ ਗੁਰਵਿੰਦਰ ਸਿੰਘ ਨੇ ਚਾਂਦੀ ਦਾ ਤਗਮਾ ਜਿੱਤਿਆ, ਜਦਕਿ ਧੀਰਜ ਸਿੰਘ ਨੇ ਕਾਂਸੀ ਦਾ ਤਗਮਾ ਹਾਸਲ ਕੀਤਾ। ਪ੍ਰੈਸ ਨਾਲ ਗੱਲਬਾਤ ਕਰਦਿਆਂ ਇੰਟਰਨੈਸ਼ਨਲ ਬਾਕਸਿੰਗ ਕੋਚ ਅਰੀਹੰਤ ਕੁਮਾਰ ਨੇ ਕਿਹਾ ਕਿ ਨੌਜਵਾਨਾਂ ਨੂੰ ਵੱਧ ਤੋਂ ਵੱਧ ਖੇਡਾਂ ਵਿੱਚ ਭਾਗ ਲੈਣਾ ਚਾਹੀਦਾ ਹੈ ਅਤੇ ਬਾਕਸਿੰਗ ਦੇ ਖੇਤਰ ਵਿੱਚ ਆਪਣਾ ਅਤੇ ਆਪਣੇ ਪੰਜਾਬ ਦਾ ਨਾਮ ਰੌਸ਼ਨ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਖਿਡਾਰੀ ਅਤੇ ਨੌਜਵਾਨ ਸਾਡੇ ਦੇਸ਼ ਦਾ ਕੀਮਤੀ ਸਰਮਾਇਆ ਹੁੰਦੇ ਹਨ। ਇਸ ਮੌਕੇ ਇੰਟਰਨੈਸ਼ਨਲ ਬਾਕਸਰ ਹਰਪ੍ਰੀਤ ਸਿੰਘ ਹੈਪੀ ਨੇ ਵੀ ਇਸ ਸ਼ਾਨਦਾਰ ਪ੍ਰਦਰਸ਼ਨ ਲਈ ਬਰਨਾਲਾ ਜ਼ਿਲ੍ਹਾ ਬਾਕਸਿੰਗ ਐਸੋਸੀਏਸ਼ਨ ਅਤੇ ਖਿਡਾਰੀਆਂ ਨੂੰ ਵਧਾਈ ਦਿੱਤੀ।

# ਗੋਬਿੰਦ ਇੰਟਰਨੈਸ਼ਨਲ ਪਬਲਿਕ ਸਕੂਲ ਨੇ 23 ਮਾਰਚ ਦੇ ਸ਼ਹੀਦਾਂ ਨੂੰ ਦਿੱਤੀ ਸ਼ਰਧਾਂਜਲੀ




ਭਦੌੜ 23 ਮਾਰਚ (ਸੁਖਵਿੰਦਰ ਪਲਾਹਾ) : ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਗੋਬਿੰਦ ਇੰਟਰਨੈਸ਼ਨਲ ਪਬਲਿਕ ਸਕੂਲ ਭਦੌੜ ਵੱਲੋਂ ਦੇਸ਼ ਦੇ ਮਹਾਨ ਸ਼ਹੀਦ ਭਗਤ ਸਿੰਘ , ਸ਼ਿਵਰਾਮ ਰਾਜਗੁਰੂ ਅਤੇ ਸੁਖਦੇਵ ਥਾਪਰ ਦੇ ਸ਼ਹੀਦੀ ਦਿਹਾੜੇ ਮੌਕੇ ਇੱਕ ਸ਼ਰਧਾਂਜਲੀ ਸਮਾਗਮ ਆਯੋਜਿਤ ਕੀਤਾ ਗਿਆ। ਇਸ ਮੌਕੇ ਸਕੂਲ ਦੇ ਵਾਈਸ ਚੇਅਰਮੈਨ ਹਰਪ੍ਰੀਤ ਸਿੰਘ ਗਿੱਲ , ਪ੍ਰਿੰਸੀਪਲ ਪਵਨ ਕੁਮਾਰ ਠਾਕੁਰ, ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਸ਼ਹੀਦਾਂ ਦੀ ਕੁਰਬਾਨੀ ਨੂੰ ਯਾਦ ਕਰਦਿਆਂ ਉਨ੍ਹਾਂ ਪ੍ਰਤੀ ਸ਼ਰਧਾਂਜਲੀ ਅਰਪਿਤ ਕੀਤੀ। ਸਕੂਲ ਦੇ ਚੇਅਰਮੈਨ ਡਾ. ਦਰਸ਼ਨ ਸਿੰਘ ਗਿੱਲ ਅਤੇ ਐਮ.ਡੀ. ਰਿਚਾ ਪਨੇਸਰ ਗਿੱਲ ਨੇ ਇਸ ਸ਼ਰਧਾਂਜਲੀ ਸਮਾਰੋਹ ਵਿੱਚ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਸਮਾਗਮ ਦੀ ਸ਼ੁਰੂਆਤ ਵਿੱਚ ਸ਼ਹੀਦਾਂ ਦੀਆਂ ਤਸਵੀਰਾਂ ਅੱਗੇ ਸਨਮਾਨ ਦੇ ਰੂਪ ਵਿੱਚ ਫੁੱਲ ਭੇਟ ਕੀਤੇ ਗਏ। ਇਸ ਦੌਰਾਨ ਵਿਦਿਆਰਥੀਆਂ ਵੱਲੋਂ ਇਹਨਾਂ ਸ਼ਹੀਦਾਂ ਦੀ ਬਹਾਦਰੀ, ਦੇਸ਼-ਪ੍ਰੇਮ ਅਤੇ ਕੁਰਬਾਨੀ ਨੂੰ ਬੜੀ ਸ਼ਰਧਾ ਨਾਲ ਯਾਦ ਕੀਤਾ। ਪ੍ਰਿੰਸੀਪਲ ਸਾਹਿਬ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਇਹ ਮਹਾਨ ਸ਼ਹੀਦ ਸਾਡੀ ਕੌਮ ਦੇ ਮਾਣ ਹਨ ਅਤੇ ਉਨ੍ਹਾਂ ਦੀ ਕੁਰਬਾਨੀ ਸਾਨੂੰ ਹਮੇਸ਼ਾਂ ਦੇਸ਼ ਦੀ ਸੇਵਾ ਅਤੇ ਸੱਚਾਈ ਦੇ ਰਸਤੇ 'ਤੇ ਚੱਲਣ ਲਈ ਪ੍ਰੇਰਿਤ ਕਰਦੀ ਰਹੇਗੀ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਮਨ ਲਗਾ ਕੇ ਪੜ੍ਹਾਈ ਕਰਨ ਅਤੇ ਚੰਗੇ ਨਾਗਰਿਕ ਬਣਨ।ਸਮਾਗਮ ਦੌਰਾਨ ਅਧਿਆਪਕਾਂ ਨੇ ਵੀ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਅੱਜ ਦੀ ਨੌਜਵਾਨ ਪੀੜ੍ਹੀ ਲਈ ਇਹ ਬਹੁਤ ਜ਼ਰੂਰੀ ਹੈ ਕਿ ਉਹ ਇਨ੍ਹਾਂ ਮਹਾਨ ਸ਼ਹੀਦਾਂ ਦੇ ਜੀਵਨ ਤੋਂ ਸਿੱਖਿਆ ਲੈ ਕੇ ਆਪਣੇ ਅੰਦਰ ਦੇਸ਼ਭਗਤੀ ਅਤੇ ਇਮਾਨਦਾਰੀ ਦੀ ਭਾਵਨਾ ਪੈਦਾ ਕਰਨ। ਅੰਤ ਵਿੱਚ ਸਕੂਲ ਪ੍ਰਬੰਧਕਾਂ ਵੱਲੋਂ ਸਾਰੇ ਵਿਦਿਆਰਥੀਆਂ ਅਤੇ ਸਟਾਫ਼ ਦਾ ਧੰਨਵਾਦ ਕੀਤਾ ਗਿਆ ਅਤੇ ਸਾਰਿਆਂ ਨੇ ਇਹ ਸੰਕਲਪ ਲਿਆ ਕਿ ਸ਼ਹੀਦਾਂ ਦੀ ਕੁਰਬਾਨੀ ਨੂੰ ਕਦੇ ਭੁਲਾਇਆ ਨਹੀਂ ਜਾਵੇਗਾ।

# ਸੰਤ ਰਾਮ ਉਦਾਸੀ ਯਾਦਗਾਰੀ ਕਵੀ ਦਰਬਾਰ 26 ਮਾਰਚ ਨੂੰ

ਬਰਨਾਲਾ, 23 ਮਾਰਚ (ਇਸ਼ੇਨ ਕੰਗ) : ਲੋਕ ਕਵੀ ਸੰਤ ਰਾਮ ਉਦਾਸੀ ਦੇ ਜਨਮ ਦਿਨ ਨੂੰ ਸਮਰਪਿਤ ਸਮਾਗਮਾਂ ਦੀ ਲੜੀ ਤਹਿਤ ਸਾਹਿਤ ਸਰਵਰ ਬਰਨਾਲਾ ਵੱਲੋਂ ਇਕ ਕਵੀ ਦਰਬਾਰ 26 ਮਾਰਚ ਨੂੰ ਸਵੇਰੇ 10 ਵਜੇ ਸਰਕਾਰੀ ਸੀਨੀਅਰ ਸੈਕੰਡਰੀ ਐਮੀਨੈਂਸ ਸਕੂਲ ਹੰਢਿਆਇਆ ਬਾਜ਼ਾਰ ਬਰਨਾਲਾ ਵਿਖੇ ਕਰਵਾਇਆ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਸਰਵਰ ਦੇ ਪ੍ਰਧਾਨ ਬਲਵਿੰਦਰ ਸਿੰਘ ਠੀਕਰੀਵਾਲਾ ਅਤੇ ਜਨਰਲ ਸਕੱਤਰ ਐਡਵੋਕੇਟ ਕੁਲਵੰਤ ਸਿੰਘ ਧਿੰਗੜ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਕਵੀ ਦਰਬਾਰ ਵਿਚ ਬਰਨਾਲਾ ਜ਼ਿਲ੍ਹੇ ਦੇ ਕਵੀ ਭਾਗ ਲੈਣਗੇ। ਕੋਈ ਵੀ ਕਵੀ ਆਪਣੀ ਜਾਂ ਸੰਤ ਰਾਮ ਉਦਾਸੀ ਦੀ ਰਚਨਾ ਪੇਸ਼ ਕਰ ਸਕਦਾ ਹੈ।

# ਇਨਕਲਾਬੀ ਕੇਂਦਰ ਨੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਇਨਕਲਾਬੀ ਮਾਰਚ ਕੱਢਿਆ




ਬਰਨਾਲਾ, 23 ਮਾਰਚ (ਬਘੇਲ ਸਿੰਘ ਧਾਲੀਵਾਲ) : 23 ਮਾਰਚ ਦੇ ਸ਼ਹੀਦਾਂ ਦਾ ਸ਼ਹੀਦੀ ਦਿਹਾੜਾ ਇਨਕਲਾਬੀ ਕੇਂਦਰ ਵੱਲੋਂ ਵਿਖੇ ਸ਼ਹੀਦ ਭਗਤ ਸਿੰਘ ਚੌਂਕ ਤੱਕ ਇਨਕਲਾਬ ਮਾਰਚ ਕਰਕੇ ਮਨਾਇਆ ਗਿਆ। ਸ਼ਹੀਦ ਭਗਤ ਸਿੰਘ ਦੇ ਬੁੱਤ ਨੂੰ ਫੁੱਲ ਮਾਲਾਵਾਂ ਭੇਟ ਕਰਨ ਦੀ ਰਸਮ ਭੈਣ ਪਰਮਜੀਤ ਕੌਰ ਸ਼ਹਿਣਾ ਨੇ ਅਦਾ ਕੀਤੀ। ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਵੱਲੋਂ ਇਨਕਲਾਬ-ਜ਼ਿੰਦਾਬਾਦ, ਸਾਮਰਾਜਵਾਦ-ਮੁਰਦਾਵਾਦ ਦੇ ਨਾਹਰੇ ਨੂੰ ਬੁਲੰਦ ਕਰਦਿਆਂ ਇਨਕਲਾਬੀ ਕੇਂਦਰ ਦੇ ਪ੍ਰਧਾਨ ਸਾਥੀ ਨਰੈਣ ਦੱਤ ਨੇ ਸੀਮਤ ਸਮੇਂ ਦੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਸ਼ਹੀਦ ਭਗਤ ਸਿੰਘ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਨੇ ਆਪਣੀਆਂ ਲਿਖਤਾਂ ਵਿੱਚ ਇਨਕਲਾਬ ਦੇ ਹਕੀਕੀ ਅਰਥਾਂ ਬਾਰੇ ਦੱਸਦਿਆਂ ਕਿਹਾ ਸੀ ਕਿ ਇਨਕਲਾਬ ਤੋਂ ਸਾਡਾ ਮਤਲਬ ਹੈ ਕਿ ਨੰਗੇ ਅਨਿਆਂ ਤੇ ਟਿਕਿਆ ਹੋਇਆ ਮੌਜੂਦਾ ਢਾਂਚਾ ਜ਼ਰੂਰ ਬਦਲਣਾ ਚਾਹੀਦਾ ਹੈ। ਇਨਕਲਾਬ ਤੋਂ ਸਾਡਾ ਭਾਵ ਇੱਕ ਐਸੀ ਵਿਵਸਥਾ ਨੂੰ ਕਾਇਮ ਕਰਨਾ ਹੈ, ਜਿਸ ਵਿੱਚ ਕਿਰਤੀ ਮਜ਼ਦੂਰ ਵਰਗ ਦੀ ਸਰਦਾਰੀ ਨੂੰ ਮੰਨਿਆ ਜਾਵੇ ਅਤੇ ਮਨੁੱਖਤਾ ਨੂੰ ਪੂੰਜੀਵਾਦ ਦੇ ਬੰਧਨਾਂ ਤੋਂ ਆਜ਼ਾਦ ਕਰਵਾਇਆ ਜਾਵੇ। ਉਨ੍ਹਾਂ ਕਿਹਾ ਕਿ ਕੌਮਾਂ ਵਿੱਚ ਜਦੋਂ ਇੱਕ ਵਾਰ ਜਾਗਰਤੀ ਫੈਲ ਜਾਵੇ ਤਦੋਂ ਕੌਮਾਂ ਸੌਂਇਆ ਨਹੀਂ ਕਰਦੀਆਂ। ਕੁੱਝ ਹੀ ਦਿਨਾਂ ਬਾਅਦ ਫਿਰ ਬੜੇ ਜੋਸ਼ ਨਾਲ ਉੱਠਦੀਆਂ ਅਤੇ ਹੱਲਾ ਬੋਲਦੀਆਂ ਹਨ।ਇਨਕਲਾਬ ਉਹ ਆਜ਼ਾਦੀ ਲਿਆਵੇਗਾ ਜਿਸ ਵਿੱਚ ਆਦਮੀ ਹੱਥੋਂ ਆਦਮੀ ਅਤੇ ਕੌਮ ਹੱਥੋਂ ਕੌਮ ਦੀ ਲੁੱਟ ਖਸੁੱਟ ਅਸੰਭਵ ਹੋ ਜਾਵੇਗੀ। ਇਸ ਲਈ ਅੱਜ ਦਾ ਦਿਨ ਮੌਜੂਦਾ ਨਿਜ਼ਾਮ ਨੂੰ ਮੁੱਢੋਂ ਸੁੱਢੋਂ ਤਬਦੀਲ ਕਰਕੇ ਸ਼ਹੀਦਾਂ ਵੱਲੋਂ ਚਿਤਵੇ ਨਵਾਂ ਬਰਾਬਰਤਾ ਵਾਲਾ ਜਮਹੂਰੀ ਪ੍ਰਬੰਧ ਸਿਰਜਣ ਲਈ ਚੱਲ ਰਹੀ ਜਮਾਤੀ ਜੱਦੋਜਹਿਦ ਨੂੰ ਤੇਜ਼ ਕਰਨਾ ਹੈ। ਇਸ ਸਮੇਂ ਡਾ ਰਜਿੰਦਰ ਪਾਲ ਨੇ ਮੋਦੀ ਸਰਕਾਰ ਨੇ ਅਮਰੀਕਾ ਸਾਮਰਾਜ ਦੇ ਦਬਾਅ ਹੇਠ ਕਿਸਾਨਾਂ ਮਜਦੂਰਾਂ ਤੇ ਛੋਟੇ ਕਾਰੋਬਾਰੀਆਂ ਦੇ ਹਿਤਾਂ ਮੁਕਤ ਵਪਾਰ ਸਮਝੌਤਾ ਮਨਜ਼ੂਰ ਕੀਤਾ ਹੈ। ਲੋਕ ਵਿਰੋਧੀ ਬਿਜਲੀ ਸੋਧ ਬਿਲ, ਸੀਡ ਬਿਲ, 4 ਕਿਰਤ ਕਾਨੂੰਨ, ਮਨਰੇਗਾ ਕਾਨੂੰਨ ਦਾ ਭੋਗ ਪਾਉਣ ਲਈ ਨਿੱਜੀਕਰਨ ਸੰਸਾਰੀਕਰਨ ਦੇ ਕਦਮ ਚੁੱਕੇ ਜਾ ਰਹੇ ਹਨ। ਇਸ ਲਈ ਸ਼ਹੀਦਾਂ ਦੇ ਅਧੂਰੇ ਕਾਰਜ ਨੂੰ ਪੂਰਾ ਕਰਨ ਲਈ ਜਮਾਤੀ ਸੰਘਰਸ਼ਾਂ ਦੇ ਅਖਾੜਿਆਂ ਮਘਾਉਣ ਭਖਾਉਣ ਦੀ ਲੋੜ ਹੈ। ਬਲਦੇਵ ਮੰਡੇਰ ਅਤੇ ਨਰਿੰਦਰ ਸਿੰਗਲਾ ਨੇ ਇਨਕਲਾਬੀ ਗੀਤਾਂ ਰਾਹੀਂ ਸ਼ਰਧਾਂਜਲੀ ਭੇਂਟ ਕੀਤੀ। ਇਸ ਸਮੇਂ ਹਰਚਰਨ ਚਹਿਲ, ਅਮਰਜੀਤ ਕੌਰ, ਕੁਲਵੀਰ ਸਿੰਘ ਔਲਖ, ਯਾਦਵਿੰਦਰ ਠੀਕਰੀਵਾਲ, ਕੇਵਲਜੀਤ ਕੌਰ ਕਿਰਨ ਕੌਰ, ਸ਼ਿੰਦਰਪਾਲ ਕੌਰ, ਪਰਮਿੰਦਰ ਕੌਰ ਰਿੰਪੀ, ਕੁਲਵਿੰਦਰ ਸਿੰਘ ਠੀਕਰੀਵਾਲਾ, ਯਾਦਵਿੰਦਰ ਠੀਕਰੀਵਾਲ, ਨੀਲਮ ਰਾਣੀ, ਕਿਰਨ ਰਾਣੀ, ਪਾਲ ਕੌਰ ਆਦਿ ਭੈਣਾਂ ਮੌਜੂਦ ਸਨ। ਸਭਨਾਂ ਸਾਥੀਆਂ ਦਾ ਧੰਨਵਾਦ ਸਾਥੀ ਸੁਖਵਿੰਦਰ ਨੇ ਕੀਤਾ।

# ਬਰਨਾਲਾ ਵਿਖੇ ਸ਼੍ਰੋਮਣੀ ਅਕਾਲੀ ਦਲ ਦੀ ਚੜ੍ਹਦੀਕਲਾ ਲਈ ਕੀਤੀਆਂ ਵਿਚਾਰਾਂ



ਬਰਨਾਲਾ, 23 ਮਾਰਚ (ਸੁਖਵਿੰਦਰ ਸਿੰਘ ਭੰਡਾਰੀ) : ਤਖ਼ਤ ਸ਼੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸੰਤ ਬਾਬਾ ਟੇਕ ਸਿੰਘ ਜੀ ਧਨੌਲਾ ਅੱਜ ਜ਼ਿਲ੍ਹਾ ਪ੍ਰਧਾਨ ਸ਼ਹਿਰੀ ਯਾਦਵਿੰਦਰ ਸਿੰਘ ਬਿੱਟੂ ਦੀਵਾਨਾ ਦੇ ਘਰ ਪਹੁੰਚੇ। ਉਹਨਾਂ ਪੰਥ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਚੜ੍ਹਦੀ ਕਲਾ ਲਈ ਵਿਚਾਰ ਸਾਂਝੇ ਕੀਤੇ। ਉਹਨਾਂ ਕਿਹਾ ਕਿ ਦਿਨ ਪ੍ਰਤੀ ਦਿਨ ਵੱਧ ਰਹੀ ਗੁੰਡਾ ਗਰਦੀ ਅਤੇ ਨਸ਼ਿਆਂ ਨੇ ਜਵਾਨੀ ਦਾ ਘਾਣ ਕਰਕੇ ਰੱਖ ਦਿੱਤਾ । ਇਹੋ ਜਿਹੇ ਸਮੇਂ ਵਿੱਚ ਬਾਣੀ ਅਤੇ ਸਿੱਖੀ ਨਾਲ ਜੁੜਨ ਦੀ ਲੋੜ ਹੈ ਤਾਂ ਹੀ ਇਹਨਾਂ ਲਾਹਣਤਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਗੁਰਦਵਾਰਾ ਬਾਬਾ ਗਾਂਧਾ ਸਿੰਘ ਦੇ ਮੈਨੇਜਰ ਅਤੇ ਪਰਿਵਾਰ ਵੱਲੋਂ ਉਹਨਾਂ ਦਾ ਸਨਮਾਨ ਕੀਤਾ ਗਿਆ। ਸਨਮਾਨ ਕਰਨ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰੈਸ ਸਕੱਤਰ ਗੁਰਜੰਟ ਸਿੰਘ ਸੋਨਾ,ਸੀਨੀ ਮੀਤ ਪ੍ਰਧਾਨ ਸਰਬਜੀਤ ਸਿੰਘ , ਸਰਪੰਚ ਗੁਰਦੀਪਸਿੰਘ ਅਤਰ ਸਿੰਘ ਵਾਲਾ ਅਮਰਜੀਤ ਸਿੰਘ ਹਾਜ਼ਰ ਸਨ ।

# ਪ੍ਰੋਗਰੈਸਿਵ ਸੀਨੀਅਰ ਸਿਟੀਜ਼ਨ ਐਂਡ ਸਿਵਲ ਸੁਸਾਇਟੀ ਨੇ 130 ਯਾਤਰੀਆਂ ਨੂੰ ਕਰਵਾਈ ਧਾਰਮਿਕ ਯਾਤਰਾ



ਬਰਨਾਲਾ, 23 ਮਾਰਚ (ਸੁਖਵਿੰਦਰ ਸਿੰਘ ਭੰਡਾਰੀ) : ਪ੍ਰੋਗਰੈਸਿਵ ਸੀਨੀਅਰ ਸਿਟੀਜ਼ਨ ਐਂਡ ਸਿਵਲ ਸੋਸਾਇਟੀ ਬਰਨਾਲਾ ਦੀ ਸਰਪ੍ਰਸਤ ਨੀਰਜ਼ ਬਾਲਾ ਦਾਨੀਆ, ਸਮਾਜ ਸੇਵੀ ਸੋਮਾ ਭੰਡਾਰੀ, ਮਹਿਲਾ ਵਿੰਗ ਦੀ ਪ੍ਰਧਾਨ ਬਬੀਤਾ ਜਿੰਦਲ, ਸਰਪ੍ਰਸਤ ਪਿਆਰਾ ਲਾਲ ਰਾਏਸਰ ਵਾਲੇ, ਪ੍ਰੋਫ਼ੈਸਰ (ਡਾ.) ਮਨਦੀਪ ਘਈ ਅਤੇ ਮਨ ਲਈ ਮਸੀਹਾ ਫਾਊਂਡੇਸ਼ਨ ਬਰਨਾਲਾ ਦੇ ਪ੍ਰਧਾਨ ਕੁਲਵੰਤ ਸਿੰਘ ਸੰਧੂ (ਗੁੱਗ) ਅਤੇ ਚੇਅਰਮੈਨ ਸੰਜੀਵ ਸ਼ਰਮਾ ਦੀ ਸਰਪ੍ਰਸਤੀ ਚ 130 ਯਾਤਰੀਆਂ ਨਾਲ ਭਰੀਆਂ ਦੋ ਬਸਾਂ ਨੂੰ ਪ੍ਰੋਫ਼ੈਸਰ ਡਾ ਮਨਦੀਪ ਸਿੰਘ ਘਈ, ਰਾਕੇਸ਼ ਜਿੰਦਲ ਅਤੇ ਨਾਨਕ ਚੰਦ ਨੇ ਝੰਡੀ ਦੇ ਕੇ ਰਵਾਨਾ ਕੀਤਾ। ਇਸ ਮੌਕੇ ਮੋਨਿਕਾ ਘਈ , ਸੰਜੀਵ ਸ਼ਰਮਾ ਅਤੇ ਬਲਵੀਰ ਸਿੰਘ ਕ੍ਰਿਸ਼ਨਾ ਗਲੀ ਵਾਲਿਆਂ ਨੇ ਨਾਰੀਅਲ ਫੋੜਨ ਦੀ ਰਸਮ ਅਦਾ ਕੀਤੀ। ਇਹ ਧਾਰਮਿਕ ਯਾਤਰਾ ਚ ਸ਼ਾਮਿਲ ਸੰਗਤਾਂ ਨੇ ਸ਼੍ਰੀ ਰਾੜਾ ਸਾਹਿਬ, ਸ਼੍ਰੀ ਆਨੰਦਪੁਰ ਸਾਹਿਬ, ਸ਼੍ਰੀ ਨੈਣਾ ਦੇਵੀ, ਵਿਰਾਸਤ ਏ ਖਾਲਸਾ, ਚਮਕੌਰ ਸਾਹਿਬ, ਸਰਹੰਦ, ਫਤਿਹਗੜ੍ਹ ਸਾਹਿਬ, ਪਟਿਆਲਾ ਵਿਖੇ ਗੁਰਦੁਆਰਾ ਦੂਖ ਨਿਵਾਰਨ ਅਤੇ ਕਾਲੀ ਮਾਤਾ ਦਾ ਮੰਦਰ ਵਿਖੇ ਦਰਸ਼ਨ ਕੀਤੇ । ਮੁੱਖ ਸੇਵਾਦਾਰ, ਸੁਖਵਿੰਦਰ ਸਿੰਘ ਭੰਡਾਰੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ ਭੱਠਲ ਟੂਰ ਐਂਡ ਟਰੈਵਲਜ਼ ਬਰਨਾਲਾ ਦੀਆਂ ਦੋ ਬਸਾਂ ਵਾਲਿਆਂ ਨੇ ਪੂਰਾ ਸਹਿਯੋਗ ਦਿੱਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਪਰਮਜੀਤ ਸਿੰਘ ਖਾਲਸਾ ਨੇ ਆਨੰਦਪੁਰ ਸਾਹਿਬ ਵਿਖੇ ਕਮਰੇ ਬੁੱਕ ਕਰਵਾਏ। ਸਮੂਹ ਯਾਤਰੀਆਂ ਨੇ ਯਾਤਰਾ ਦਾ ਖ਼ੂਬ ਆਨੰਦ ਮਾਣਿਆ। ਇਸ ਮੌਕੇ ਜਸਪਾਲ ਸ਼ਰਮਾ, ਰਾਜੇਸ਼ ਭੂਟਾਨੀ, ਵਿਕਾਸ ਭੰਡਾਰੀ, ਪਰਮਜੀਤ ਪੰਮਾ, ਸੰਜੀਵ ਮਕੈਨਿਕ, ਪਰਦੀਪ ਸਿੰਘ ਸੋਨੂੰ, ਹਰਪ੍ਰੀਤ ਸਿੰਘ ਹੈਪੀ, ਗੋਬਿੰਦ ਰਾਮ ਬਾਂਸਲ, ਮਨਜੀਤ ਕੌਰ, ਮੀਨਾ ਭਗਰੀਆ, ਅਸ਼ਵਨੀ ਸ਼ਰਮਾ, ਗੁਰਮੀਤ ਸਿੰਘ, ਕੇਵਲ ਕ੍ਰਿਸ਼ਨ ਗਰਗ, ਮਹਿੰਦਰ ਪਾਲ ਗਰਗ, ਮੋਨਿਕਾ ਗਰਗ , ਜਨਕ ਰਾਜ ਗਰਗ ਆਦਿ ਹਾਜ਼ਰ ਸਨ।

# ਐਸ.ਬੀ.ਐਸ. ਪਬਲਿਕ ਸਕੂਲ ਸੁਰਜੀਤਪੁਰਾ ਦਾ ਸਾਲਾਨਾ ਨਤੀਜਾ ਸ਼ਾਨਦਾਰ ਰਿਹਾ



ਬਰਨਾਲਾ, 23 ਮਾਰਚ (ਹਮੀਰ ਸਿੰਘ) : ਐਸ.ਬੀ.ਐਸ ਪਬਲਿਕ ਸਕੂਲ ਸੁਰਜੀਤਪੁਰਾ ਵਿੱਚ ਨਰਸਰੀ ਤੋਂ ਦੂਜੀ ਕਲਾਸ ਤੱਕ ਦੇ ਵਿਦਿਆਰਥੀਆਂ ਲਈ ਪੇਰੈਂਟ-ਟੀਚਰ ਮੀਟਿੰਗ ਅਤੇ ਸਾਲਾਨਾ ਨਤੀਜੇ ਦਾ ਐਲਾਨ ਬੜੇ ਉਤਸ਼ਾਹ ਅਤੇ ਸੁਚੱਜੇ ਪ੍ਰਬੰਧ ਨਾਲ ਕਰਵਾਇਆ ਗਿਆ। ਇਸ ਮੌਕੇ ਸਕੂਲ ਦਾ ਵਾਤਾਵਰਣ ਖੁਸ਼ੀ ਨਾਲ ਭਰਪੂਰ ਦਿਖਾਈ ਦਿੱਤਾ। ਮਾਪਿਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਕੇ ਆਪਣੇ ਬੱਚਿਆਂ ਦੀ ਪ੍ਰਗਤੀ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਕਲਾਸ ਅਧਿਆਪਕਾਂ ਵੱਲੋਂ ਹਰ ਵਿਦਿਆਰਥੀ ਦੇ ਅਕਾਦਮਿਕ ਪ੍ਰਦਰਸ਼ਨ, ਅਨੁਸ਼ਾਸਨ, ਵਿਹਾਰ ਅਤੇ ਹੋਰ ਸਹਿਯੋਗੀ ਗਤੀਵਿਧੀਆਂ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਗਈ। ਉਨ੍ਹਾਂ ਨੇ ਮਾਪਿਆਂ ਨੂੰ ਇਹ ਵੀ ਸਲਾਹ ਦਿੱਤੀ ਕਿ ਘਰ ਵਿੱਚ ਬੱਚਿਆਂ ਦੀ ਪੜ੍ਹਾਈ ਅਤੇ ਆਦਤਾਂ ਉੱਤੇ ਖਾਸ ਧਿਆਨ ਦਿੱਤਾ ਜਾਵੇ ਤਾਂ ਜੋ ਉਹ ਹੋਰ ਵਧੀਆ ਪ੍ਰਦਰਸ਼ਨ ਕਰ ਸਕਣ। ਕਲਾਸ ਅਧਿਆਪਕਾਂ ਨੇ ਕਿਹਾ ਕਿ ਬੱਚਿਆਂ ਦੀ ਸਰਵਾਂਗੀਣ ਵਿਕਾਸ ਲਈ ਮਾਪਿਆਂ ਅਤੇ ਅਧਿਆਪਕਾਂ ਦਾ ਮਿਲਜੁਲ ਕੇ ਕੰਮ ਕਰਨਾ ਬਹੁਤ ਜ਼ਰੂਰੀ ਹੈ। ਉਨ੍ਹਾਂ ਨੇ ਬੱਚਿਆਂ ਦੀ ਮਿਹਨਤ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਹਰ ਬੱਚੇ ਵਿੱਚ ਵਿਲੱਖਣ ਯੋਗਤਾ ਹੁੰਦੀ ਹੈ ਜਿਸਨੂੰ ਪਛਾਣ ਕੇ ਅੱਗੇ ਵਧਾਉਣਾ ਚਾਹੀਦਾ ਹੈ। ਮਾਪਿਆਂ ਨੇ ਸਕੂਲ ਦੇ ਪ੍ਰਬੰਧ, ਅਨੁਸ਼ਾਸਨ ਅਤੇ ਅਧਿਆਪਕਾਂ ਦੀ ਭਰਪੂਰ ਪ੍ਰਸ਼ੰਸਾ ਕੀਤੀ। ਉਨ੍ਹਾਂ ਨੇ ਕਿਹਾ ਕਿ ਸਕੂਲ ਵੱਲੋਂ ਬੱਚਿਆਂ ਦੀ ਪੜ੍ਹਾਈ ਦੇ ਨਾਲ-ਨਾਲ ਉਨ੍ਹਾਂ ਦੇ ਨੈਤਿਕ ਮੁੱਲਾਂ ਅਤੇ ਆਤਮ-ਵਿਸ਼ਵਾਸ ਦੇ ਵਿਕਾਸ Óਤੇ ਵੀ ਖਾਸ ਧਿਆਨ ਦਿੱਤਾ ਜਾਂਦਾ ਹੈ, ਜੋ ਕਿ ਕਾਬਿਲ-ਏ-ਤਾਰੀਫ਼ ਹੈ। ਵਾਈਸ ਪ੍ਰਿੰਸੀਪਲ ਡਾ. ਸੰਜੇ ਕੁਮਾਰ ਨੇ ਮਾਪਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਕੂਲ ਹਮੇਸ਼ਾ ਵਿਦਿਆਰਥੀਆਂ ਦੀ ਬਿਹਤਰ ਸਿੱਖਿਆ ਅਤੇ ਵਿਕਾਸ ਲਈ ਵਚਨਬੱਧ ਹੈ। ਉਨ੍ਹਾਂ ਨੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਬੱਚਿਆਂ ਦੇ ਸਿੱਖਣ ਦੇ ਪ੍ਰਕਿਰਿਆ ਵਿੱਚ ਸਕੂਲ ਨਾਲ ਪੂਰਾ ਸਹਿਯੋਗ ਕਰਨ। ਸਕੂਲ ਪ੍ਰਿੰਸੀਪਲ ਮੈਡਮ ਕਮਲਜੀਤ ਕੌਰ ਨੇ ਸਾਰੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਮਿਹਨਤ ਲਈ ਵਧਾਈ ਦਿੱਤੀ ਅਤੇ ਕਿਹਾ ਕਿ ਹਰ ਸਫਲਤਾ ਦੇ ਪਿੱਛੇ ਲਗਨ ਅਤੇ ਨਿਰੰਤਰ ਕੋਸ਼ਿਸ਼ ਹੁੰਦੀ ਹੈ। ਉਨ੍ਹਾਂ ਨੇ ਮਾਪਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਸਹਿਯੋਗ ਨਾਲ ਹੀ ਸਕੂਲ ਨਵੀਆਂ ਉਚਾਈਆਂ ਨੂੰ ਛੂਹ ਰਿਹਾ ਹੈ। ਉਨ੍ਹਾਂ ਨੇ ਅਗਲੇ ਸੈਸ਼ਨ ਲਈ ਸਾਰੇ ਬੱਚਿਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ।

# ਮੌਤ ਦੀ ਸਰਿੰਜ ਤੇ 'ਚਿੱਟੇ' ਦਾ ਕਹਿਰ : ਕੀ ਨਸ਼ਿਆਂ ਦੀ ਮੰਡੀ ਬਣਦਾ ਜਾ ਰਿਹੈ ਮਾਲਵੇ ਦਾ ਦਿਲ ਬਠਿੰਡਾ?

ਬਠਿੰਡਾ, 23 ਮਾਰਚ (ਦੀਪਕ ਸ਼ਰਮਾ) : ਮਾਲਵੇ ਦੇ ਕੇਂਦਰ ਵਜੋਂ ਜਾਣੇ ਜਾਂਦੇ ਬਠਿੰਡਾ ਵਿੱਚ ਨਸ਼ਿਆਂ ਦਾ ਫੈਲਾਅ ਹੁਣ ਸਿਰਫ਼ ਇੱਕ ਸਮਾਜਿਕ ਬੁਰਾਈ ਨਹੀਂ ਰਿਹਾ, ਸਗੋਂ ਇਹ ਇੱਕ ਅਜਿਹੀ ਮਾਨਸਿਕ ਮਹਾਮਾਰੀ ਦਾ ਰੂਪ ਧਾਰਨ ਕਰ ਚੁੱਕਾ ਹੈ, ਜੋ ਸਾਡੀ ਹੋਣਹਾਰ ਨੌਜਵਾਨ ਪੀੜ੍ਹੀ ਨੂੰ ਅੰਦਰੋਂ-ਅੰਦਰੀ ਖੋਖਲਾ ਕਰ ਰਹੀ ਹੈ। ਪੁਲਿਸ ਦੀਆਂ ਰੋਜ਼ਾਨਾ ਦੀਆਂ ਕ੍ਰਾਈਮ ਰਿਪੋਰਟਾਂ ਵਿੱਚ ਨਸ਼ੀਲੇ ਪਦਾਰਥਾਂ ਦੀ ਫੜੋ-ਫੜਾਈ ਦੇ ਵਧ ਰਹੇ ਅੰਕੜੇ ਇਸ ਗੱਲ ਦੀ ਪ੍ਰਤੱਖ ਗਵਾਹੀ ਭਰਦੇ ਹਨ ਕਿ ਨਸ਼ਾ ਤਸਕਰਾਂ ਦੀ ਪਹੁੰਚ ਨੌਜਵਾਨਾਂ ਤੱਕ ਕਿੰਨੀ ਸੌਖੀ ਅਤੇ ਡੂੰਘੀ ਹੋ ਚੁੱਕੀ ਹੈ। ਜਦੋਂ ਨਸ਼ਾ ਗਲੀ-ਮੋੜ 'ਤੇ ਆਸਾਨੀ ਨਾਲ ਉਪਲਬਧ ਹੋਣ ਲੱਗ ਜਾਵੇ, ਤਾਂ ਕੱਚੀ ਉਮਰ ਦੇ ਮਨਾਂ ਦਾ ਭਟਕਣਾ ਲਾਜ਼ਮੀ ਹੈ। ਅੱਜ ਇਹ ਲੜਾਈ ਸਿਰਫ਼ ਨਸ਼ੇ ਦੀਆਂ ਬਰਾਮਦਗੀਆਂ ਤੱਕ ਸੀਮਤ ਨਹੀਂ ਰਹੀ, ਸਗੋਂ ਇਹ ਨੌਜਵਾਨਾਂ ਦੀ ਉਸ ਮਾਨਸਿਕਤਾ ਨੂੰ ਸਮਝਣ ਅਤੇ ਬਦਲਣ ਦੀ ਹੈ ਜੋ ਉਨ੍ਹਾਂ ਨੂੰ ਮੌਤ ਦੇ ਇਸ ਅੰਨ੍ਹੇ ਰਾਹ ਵੱਲ ਧੱਕ ਰਹੀ ਹੈ।

ਨਸ਼ੇ ਦੇ ਇਸ ਘਾਤਕ ਜਾਲ ਵਿੱਚ ਫਸਣ ਦਾ ਮੁੱਖ ਕਾਰਨ ਜਿੱਥੇ ਬੇਰੁਜ਼ਗਾਰੀ ਦਾ ਸੰਤਾਪ ਹੰਢਾ ਰਹੇ ਨੌਜਵਾਨਾਂ ਦੀ ਨਿਰਾਸ਼ਾ ਹੈ, ਉੱਥੇ ਹੀ ਦੋਸਤਾਂ-ਮਿੱਤਰਾਂ ਦੀ ਦੇਖੋ-ਦੇਖੀ ਸ਼ੌਕੀਆ ਤੌਰ 'ਤੇ ਸ਼ੁਰੂ ਕੀਤਾ ਗਿਆ ਨਸ਼ਾ ਅੰਤ ਵਿੱਚ ਇੱਕ ਲਾਇਲਾਜ ਬਿਮਾਰੀ ਬਣ ਜਾਂਦਾ ਹੈ।

ਗ੍ਰਿਫ਼ਤਾਰੀਆਂ ਤੇ ਬਰਾਮਦਗੀਆਂ: ਇੱਕ ਹਫ਼ਤੇ ਦੀ ਖ਼ੌਫ਼ਨਾਕ ਤਸਵੀਰ

ਜੇਕਰ ਪਿਛਲੇ ਮਹਿਜ਼ ਇੱਕ ਹਫ਼ਤੇ ਦੀਆਂ ਪੁਲਿਸ ਕਾਰਵਾਈਆਂ 'ਤੇ ਨਜ਼ਰ ਮਾਰੀਏ ਤਾਂ ਨਸ਼ਾ ਤਸਕਰਾਂ ਦੇ ਫੈਲੇ ਹੋਏ ਜਾਲ ਦੀ ਭਿਆਨਕਤਾ ਸਾਫ਼ ਨਜ਼ਰ ਆਉਂਦੀ ਹੈ:

16 ਮਾਰਚ: ਥਾਣਾ ਕੋਤਵਾਲੀ, ਥਰਮਲ ਅਤੇ ਕੈਨਾਲ ਕਲੋਨੀ ਦੀ ਪੁਲਿਸ ਨੇ 4 ਵਿਅਕਤੀਆਂ ਨੂੰ ਕਾਬੂ ਕਰਕੇ 410 ਗ੍ਰਾਮ ਦੇ ਕਰੀਬ ਹੈਰੋਇਨ ਬਰਾਮਦ ਕੀਤੀ।

17 ਮਾਰਚ: ਕੈਨਾਲ ਕਲੋਨੀ, ਸਦਰ ਬਠਿੰਡਾ ਅਤੇ ਨਥਾਣਾ ਪੁਲਿਸ ਵੱਲੋਂ 3 ਵਿਅਕਤੀਆਂ ਨੂੰ 31 ਗ੍ਰਾਮ ਹੈਰੋਇਨ ਅਤੇ 190 ਨਸ਼ੀਲੇ ਕੈਪਸੂਲਾਂ ਸਮੇਤ ਦਬੋਚਿਆ ਗਿਆ।

19 ਮਾਰਚ: ਕਾਰਵਾਈ ਵਿੱਚ ਤੇਜ਼ੀ ਆਈ ਅਤੇ ਨੇਹੀਆਂਵਾਲਾ, ਤਲਵੰਡੀ ਸਾਬੋ, ਫੂਲ ਤੇ ਭਗਤਾ ਭਾਈਕਾ ਪੁਲਿਸ ਨੇ 6 ਬੰਦਿਆਂ ਨੂੰ 690 ਨਸ਼ੀਲੀਆਂ ਗੋਲੀਆਂ ਅਤੇ ਭਾਰੀ ਮਾਤਰਾ ਵਿੱਚ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ।

21 ਮਾਰਚ: ਸਭ ਤੋਂ ਵੱਡੀ ਕਾਰਵਾਈ ਕਰਦਿਆਂ ਕੋਟਫੱਤਾ, ਸਦਰ, ਮੌੜ, ਰਾਮਪੁਰਾ, ਬਾਲਿਆਂਵਾਲੀ, ਰਾਮਾ, ਨੇਹੀਆਂਵਾਲਾ ਅਤੇ ਸਿਵਲ ਲਾਈਨ ਥਾਣਿਆਂ ਦੀ ਪੁਲਿਸ ਨੇ 14 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ 435 ਗ੍ਰਾਮ ਤੋਂ ਵੱਧ ਹੈਰੋਇਨ ਅਤੇ 500 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ।



ਇਹ ਅੰਕੜੇ ਸਾਬਤ ਕਰਦੇ ਹਨ ਕਿ ਨਸ਼ੇ ਦੀ ਸਪਲਾਈ ਚੇਨ ਕਿੰਨੀ ਮਜ਼ਬੂਤ ਹੋ ਚੁੱਕੀ ਹੈ, ਜਿਸ ਨੂੰ ਤੋੜਨਾ ਪ੍ਰਸ਼ਾਸਨ ਲਈ ਇੱਕ ਵੱਡੀ ਚੁਣੌਤੀ ਬਣਿਆ ਹੋਇਆ ਹੈ।

ਨਸ਼ਾ ਕੋਈ ਮਾੜੀ ਆਦਤ ਨਹੀਂ, ਬਲਕਿ ਗੰਭੀਰ ਮਾਨਸਿਕ ਰੋਗ: ਡਾਕਟਰ ਅਰੁਣ ਬਾਂਸਲ

ਬਠਿੰਡਾ ਦੇ ਸਰਕਾਰੀ ਹਸਪਤਾਲ ਵਿੱਚ ਤੈਨਾਤ ਸੀਨੀਅਰ ਮੈਡੀਕਲ ਅਫ਼ਸਰ ਅਤੇ ਮਾਨਸਿਕ ਰੋਗਾਂ ਦੇ ਮਾਹਿਰ ਡਾਕਟਰ ਅਰੁਣ ਬਾਂਸਲ ਨੇ ਇਸ ਗੰਭੀਰ ਮੁੱਦੇ 'ਤੇ ਗੱਲਬਾਤ ਕਰਦੇ ਦੱਸਿਆ ਕਿ ਸਮਾਜ ਨੂੰ ਆਪਣੀ ਸੋਚ ਬਦਲਣ ਦੀ ਲੋੜ ਹੈ। ਉਨ੍ਹਾਂ ਅਨੁਸਾਰ, 'ਨਸ਼ਾ ਸਿਰਫ਼ ਇੱਕ ਆਦਤ ਨਹੀਂ , ਸਗੋਂ ਇਹ ਇੱਕ ਗੰਭੀਰ ਮਾਨਸਿਕ ਬਿਮਾਰੀ ਹੈ। ਜਦੋਂ ਕੋਈ ਨੌਜਵਾਨ ਨਸ਼ਾ ਕਰਦਾ ਹੈ, ਤਾਂ ਉਸ ਦੇ ਦਿਮਾਗ ਦਾ ਉਹ ਹਿੱਸਾ ਜੋ ਸਹੀ-ਗਲਤ ਦੀ ਪਛਾਣ ਕਰਦਾ ਹੈ, ਕੰਮ ਕਰਨਾ ਬੰਦ ਕਰ ਦਿੰਦਾ ਹੈ। ਹੌਲੀ-ਹੌਲੀ ਉਹ ਨਸ਼ੇ ਦਾ ਮਾਨਸਿਕ ਗੁਲਾਮ ਬਣ ਜਾਂਦਾ ਹੈ।

ਡਾ. ਬਾਂਸਲ ਨੇ ਅੱਗੇ ਕਿਹਾ ਕਿ ਅੱਜ ਦੇ ਨੌਜਵਾਨਾਂ ਵਿੱਚ ਨਸ਼ੇ ਨੂੰ ਲੈ ਕੇ ਇੱਕ ਖ਼ਤਰਨਾਕ ਉਤਸੁਕਤਾ ਹੈ। ਜਦੋਂ ਆਲੇ-ਦੁਆਲੇ ਨਸ਼ਾ ਸੌਖਾ ਮਿਲਦਾ ਹੈ, ਤਾਂ ਉਹ ਮਾਨਸਿਕ ਤਣਾਅ, ਇਕੱਲੇਪਣ ਜਾਂ ਅਸਫਲਤਾ ਦੇ ਡਰ ਨੂੰ ਦੂਰ ਕਰਨ ਲਈ ਇਸ ਮੌਤ ਦੇ ਜਾਲ ਵਿੱਚ ਫਸ ਜਾਂਦੇ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਨਸ਼ਾ ਕਰਨ ਵਾਲੇ ਵਿਅਕਤੀ ਨੂੰ ਨਫ਼ਰਤ ਦੀ ਨਜ਼ਰ ਨਾਲ ਦੇਖਣ ਦੀ ਬਜਾਏ, ਉਸ ਨੂੰ ਇੱਕ ਮਰੀਜ਼ ਵਾਂਗ ਹਮਦਰਦੀ ਅਤੇ ਸਹੀ ਇਲਾਜ ਦੀ ਲੋੜ ਹੁੰਦੀ ਹੈ। ਨਸ਼ਾ ਮੁਕਤੀ ਕੇਂਦਰਾਂ ਤੋਂ ਬਾਹਰ ਆਉਣ ਤੋਂ ਬਾਅਦ ਜੇਕਰ ਪਰਿਵਾਰਕ ਪਿਆਰ ਅਤੇ ਮਾਨਸਿਕ ਸਹਿਯੋਗ ਨਾ ਮਿਲੇ, ਤਾਂ ਮਰੀਜ਼ ਦੇ ਦੁਬਾਰਾ ਨਸ਼ੇ ਵਿੱਚ ਫਸਣ ਦੀ ਸੰਭਾਵਨਾ ਕਈ ਗੁਣਾ ਵੱਧ ਜਾਂਦੀ ਹੈ।

ਸਮਾਜਿਕ ਚਿੰਤਾ: ਆਖਰ ਕੀ ਹੋਵੇਗਾ ਭਵਿੱਖ?

ਬਠਿੰਡਾ ਦੇ ਪਿੰਡਾਂ ਤੋਂ ਲੈ ਕੇ ਸ਼ਹਿਰ ਦੀਆਂ ਗਲੀਆਂ ਤੱਕ ਫੈਲਿਆ ਇਹ ਨਸ਼ੇ ਦਾ ਜਾਲ ਸਾਡੀ ਆਉਣ ਵਾਲੀ ਪੀੜ੍ਹੀ ਦੇ ਭਵਿੱਖ @ਤੇ ਵੱਡਾ ਸਵਾਲੀਆ ਚਿੰਨ੍ਹ ਲਗਾ ਰਿਹਾ ਹੈ। ਨਸ਼ੇ ਦੀ ਸੌਖੀ ਉਪਲਬਧਤਾ ਨੇ ਨੌਜਵਾਨਾਂ ਦੇ ਮਨਾਂ ਵਿੱਚੋਂ ਕਾਨੂੰਨ ਦਾ ਡਰ ਅਤੇ ਜ਼ਿੰਦਗੀ ਦੀ ਕੀਮਤ ਨੂੰ ਘਟਾ ਦਿੱਤਾ ਹੈ। ਮਾਪਿਆਂ ਦੇ ਚਿਹਰਿਆਂ @ਤੇ ਵਧ ਰਹੀ ਚਿੰਤਾ ਇਸ ਗੱਲ ਦਾ ਸਬੂਤ ਹੈ ਕਿ ਹੁਣ ਸਿਰਫ਼ ਪੁਲਿਸ ਕਾਰਵਾਈ ਨਾਲ ਇਸ ਕੋਹੜ ਨੂੰ ਨਹੀਂ ਵੱਢਿਆ ਜਾ ਸਕਦਾ।

ਸਾਨੂੰ ਇੱਕ ਸਮਾਜ ਵਜੋਂ ਨੌਜਵਾਨਾਂ ਦੇ ਮਾਨਸਿਕ ਪੱਧਰ @ਤੇ ਕੰਮ ਕਰਨਾ ਪਵੇਗਾ। ਜਦੋਂ ਤੱਕ ਨੌਜਵਾਨਾਂ ਨੂੰ ਮਾਨਸਿਕ ਤੌਰ @ਤੇ ਮਜ਼ਬੂਤ ਨਹੀਂ ਕੀਤਾ ਜਾਂਦਾ ਅਤੇ ਉਨ੍ਹਾਂ ਦੀ ਊਰਜਾ ਨੂੰ ਸਹੀ ਪਾਸੇ ਨਹੀਂ ਲਗਾਇਆ ਜਾਂਦਾ, ਉਦੋਂ ਤੱਕ ਇਸ ਜੰਗ ਨੂੰ ਜਿੱਤਣਾ ਮੁਸ਼ਕਿਲ ਹੈ। ਅੱਜ ਲੋੜ ਹੈ ਕਿ ਮਾਪੇ ਆਪਣੇ ਬੱਚਿਆਂ ਨਾਲ ਦੋਸਤਾਂ ਵਾਂਗ ਰਹਿਣ, ਉਨ੍ਹਾਂ ਦੀਆਂ ਗੱਲਾਂ ਸੁਣਨ ਅਤੇ ਉਨ੍ਹਾਂ ਨੂੰ ਜ਼ਿੰਦਗੀ ਦੀਆਂ ਚੁਣੌਤੀਆਂ ਦਾ ਬਹਾਦਰੀ ਨਾਲ ਸਾਹਮਣਾ ਕਰਨਾ ਸਿਖਾਉਣ, ਤਾਂ ਜੋ ਉਹ 'ਮੌਤ ਦੀ ਸਰਿੰਜ ਦੀ ਬਜਾਏ 'ਜ਼ਿੰਦਗੀ ਦੇ ਸੁਪਨਿਆਂ' ਨੂੰ ਚੁਣ ਸਕਣ।



# ਪਟਿਆਲਾ-ਆਸ/ਪਾਸ



# ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਧਾਰਮਿਕ ਸਮਾਗਮ 'ਚ ਸ਼ਿਰਕਤ

## ➢ਪੰਚਮੀ ਦੇ ਦਿਹਾੜੇ ਮੌਕੇ ਸੰਗਤਾਂ ਗੁਰੂ ਘਰ ਹੋਈਆਂ ਨਤਮਸਤਕ, ਪਵਿੱਤਰ ਸਰੋਵਰ 'ਚ ਕੀਤਾ ਇਸ਼ਨਾਨ

## ➢ਗੁਰਦੁਆਰਾ ਪ੍ਰਬੰਧ ਅਧੀਨ ਚੱਲ ਰਹੇ ਨਿਰਮਾਣ ਕਾਰਜਾਂ ਨੂੰ ਜਲਦ ਮੁਕੰਮਲ ਕਰਨ ਦੇ ਨਿਰਦੇਸ਼





ਪਟਿਆਲਾ 23 ਮਾਰਚ (ਰੁਪਾਣਾ/ ਵਿਨੋਦ ਸ਼ਰਮਾ/ਅਮਰਜੀਤ) : ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਚਰਨਛੋਹ ਅਸਥਾਨ ਗੁਰਦੁਆਰਾ ਸ੍ਰੀ ਦੂਖ-ਨਿਵਾਰਨ ਸਾਹਿਬ ਵਿਖੇ ਪੰਚਮੀ ਦਾ ਦਿਹਾੜਾ ਸੰਗਤਾਂ ਵੱਲੋਂ ਗੁਰੂ ਘਰ ਨਤਮਸਤਕ ਹੋ ਕੇ ਸ਼ਰਧਾ ਭਾਵਨਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਗੁਰਦੁਆਰਾ ਸਾਹਿਬ ਵਿਖੇ ਆਯੋਜਿਤ ਧਾਰਮਿਕ ਸਮਾਗਮ ਵਿਚ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵੀ ਸ਼ਿਰਕਤ ਕੀਤੀ, ਜਿਨ੍ਹਾਂ ਨਾਲ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਅੰਤਰਿੰਗ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ, ਜਥੇਦਾਰ ਜਸਮੇਰ ਸਿੰਘ ਲਾਲੜੂ, ਜਥੇਦਾਰ ਅਵਤਾਰ ਸਿੰਘ ਰਿਆ, ਐਡਵੋਕੇਟ ਧਾਰਨੀ ਵੀ ਉਚੇਚੇ ਤੌਰ 'ਤੇ ਪੁੱਜੇ ਹੋਏ ਸਨ। ਪੰਚਮੀ ਦੇ ਪਵਿੱਤਰ ਦਿਹਾੜੇ ਮੌਕੇ ਤੜਕ ਸਵੇਰੇ ਕਿਵਾੜ ਖੁੱਲ੍ਹਣ ਮਗਰੋਂ ਹੈੱਡ ਗ੍ਰੰਥੀ ਭਾਈ ਪ੍ਰਨਾਮ ਸਿੰਘ ਨੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਅਤੇ ਕਥਾਵਾਚਕ ਗਿਆਨੀ ਪ੍ਰਿਤਪਾਲ ਸਿੰਘ ਨੇ ਸੰਗਤਾਂ ਨੂੰ ਕਥਾ ਪ੍ਰਵਾਹ ਰਾਹੀਂ ਗੁਰੂ ਇਤਿਹਾਸ ਨਾਲ ਜੋੜਨ ਦਾ ਉਪਰਾਲਾ ਕੀਤਾ। ਦੀਵਾਨ ਹਾਲ ਵਿਖੇ ਆਯੋਜਿਤ ਧਾਰਮਿਕ ਸਮਾਗਮ ਦੌਰਾਨ ਢਾਡੀ ਕਵੀਸ਼ਰੀ ਜਥਿਆਂ ਨੇ ਜਿੱਥੇ ਸੰਗਤਾਂ ਨੂੰ ਗੁਰਬਾਣੀ ਇਤਿਹਾਸ ਨਾਲ ਜੋੜਿਆ, ਜਿਨਾਂ ਵਿਚ ਭਾਈ ਬਲਵਿੰਦਰ ਸਿੰਘ ਕਵੀਸ਼ਰ, ਭਾਈ ਸੁਖਜਿੰਦਰ ਸਿੰਘ ਚੰਗਿਆੜਾ, ਭਾਈ ਅਮਰੀਕ ਸਿੰਘ ਜਨੇਤਪੁਰ, ਗੁਰਪਿਆਰ ਸਿੰਘ ਜੌਹਰ, ਲਖਵਿੰਦਰ ਸਿੰਘ ਪਾਰਸ, ਸੁਰਜੀਤ ਸਿੰਘ ਸੱਜਣ, ਗੁਰਵਿੰਦਰ ਸਿੰਘ, ਖਜ਼ਾਨ ਸਿੰਘ ਪ੍ਰੇਮੀ ਆਦਿ ਨੇ ਸ਼ਾਮਲ ਹੋਏ। ਇਸ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੰਚਮੀ ਦੇ ਦਿਹਾੜੇ ਮੌਕੇ ਦੀਵਾਨ ਹਾਲ ਵਿਖੇ ਇਕੱਤਰ ਸੰਗਤ ਨੂੰ ਜਿੱਥੇ ਸ਼ਬਦ ਗੁਰੂ ਨਾਲ ਜੁੜਕੇ ਗੁਰੂ ਮਾਰਗ ਦਾ ਪਾਂਧੀ ਬਣਨ ਦੀ ਪ੍ਰੇਰਨਾ ਦਿੱਤੀ, ਉੱਥੇ ਹੀ ਗੁਰਦੁਆਰਾ ਸ੍ਰੀ ਦੂਖ-ਨਿਵਾਰਨੋਂ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੇ ਨਿਰਮਾਣ ਕਾਰਜਾਂ ਬਾਰੇ ਵੀ ਗੁਰਦੁਆਰਾ ਪ੍ਰਬੰਧਕ ਮੈਨੇਜਰ ਭਾਗ ਸਿੰਘ ਪਾਸੋਂ ਜਾਣਕਾਰੀ ਹਾਸਲ ਕਰਦਿਆਂ ਗੁਰਦੁਆਰਾ ਸ੍ਰੀ ਮੋਤੀ ਬਾਗ਼ ਸਾਹਿਬ ਸਰਾਵਾਂ, ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਦੇ ਜੋੜਾ ਘਰ, ਕੜਾਹ ਪ੍ਰਸ਼ਾਦ ਕਾਊਂਟਰ, ਲੰਗਰ ਆਦਿ ਸਮੇਤ ਚੱਲ ਰਹੇ ਨਿਰਮਾਣ ਕਾਰਜਾਂ ਨੂੰ ਜਲਦ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ।ਪ੍ਰੋ. ਬਡੂੰਗਰ ਨੇ ਕਿਹਾ ਕਿ ਸ਼ਹੀਦਾਂ ਪ੍ਰਤੀ ਸਰਕਾਰਾਂ ਦੀ ਵੱਡੀ ਅਣਦੇਖੀ ਰਹੀ ਹੈ ਅਫਸੋਸ ਹੈ ਕਿ ਸਰਕਾਰਾਂ ਬਣਦਾ ਸਤਿਕਾਰ ਸ਼ਹੀਦਾਂ ਨੂੰ ਨਹੀਂ ਦੇ ਸਕੀਆਂ। ਅੰਤ ਵਿਚ ਅੰਤਰੰਗ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਨੇ ਪੁੱਜੀਆਂ ਸੰਗਤਾਂ ਦਾ ਧੰਨਵਾਦ ਵੀ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਦੁਆਰਾ ਪ੍ਰਬੰਧਕ ਮੈਨੇਜਰ ਭਾਗ ਸਿੰਘ, ਸਮੇਤ ਮੈਨੇਜਰ ਨਵਜਿੰਦਰ ਸਿੰਘ, ਅਕਾਊਂਟੈਂਟ ਗੁਰਮੀਤ ਸਿੰਘ, ਸ਼੍ਰੋਮਣੀ ਕਮੇਟੀ ਅਧਿਕਾਰੀ , ਸਮੂਹ ਸਟਾਫ਼ ਮੈਂਬਰ ਪ੍ਰਚਾਰਕ ਭਾਈ ਪਰਵਿੰਦਰ ਸਿੰਘ ਬਰਾੜਾ, ਜਸਵੀਰ ਸਿੰਘ, ਅਵਤਾਰ ਸਿੰਘ ਬਲੌਂਪੁਰ ਆਦਿ ਵੀ ਸ਼ਾਮਲ ਸਨ।

### ਬੇਅਦਬੀਆਂ ਦੇ ਮਾਮਲੇ 'ਤੇ ਕਿਸੇ ਵੀ ਧਿਰ ਨੂੰ ਸਿਆਸਤ ਨਹੀਂ ਕਰਨੀ ਚਾਹੀਦੀ: ਐਡਵੋਕੇਟ ਧਾਮੀ

-ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਇਕ ਸਵਾਲ ਦੇ ਜਵਾਬ ਵਿਚ ਕਿਹਾ ਕਿ ਪੰਜਾਬ ਪੰਜਾਬ ਵਿਧਾਨ ਸਭਾ ਵੱਲੋਂ 'ਪੰਜਾਬ ਪਵਿੱਤਰ ਧਾਰਮਿਕ ਗ੍ਰੰਥਾਂ ਦੇ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਿੱਲ 2025' ਲਿਆਂਦਾ ਗਿਆ, ਪਰੰਤੂ ਸਰਕਾਰ ਦੀ ਇਸ ਸਬੰਧੀ ਹੁਣ ਤਕ ਦੀ ਪਹੁੰਚ ਨਿਰਾਸ਼ਾਜਨਕ ਹੀ ਰਹੀ ਹੈ।ਸ਼੍ਰੋਮਣੀ ਕਮੇਟੀ ਪ੍ਰਧਾਨ ਧਾਮੀ ਨੇ ਕਿਹਾ ਕਿ ਬੇਅਦਬੀਆਂ ਸਬੰਧੀ ਕਾਨੂੰਨ ਨੂੰ ਲੈ ਕੇ ਭਾਈ ਗੁਰਜੀਤ ਸਿੰਘ ਵੱਲੋਂ ਸਮਾਣਾ ਵਿਖੇ ਸੰਘਰਸ਼ ਕੀਤਾ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਪਹਿਲੇ ਦਿਨ ਤੋਂ ਹੀ ਇਸ ਸੰਘਰਸ਼ ਨੂੰ ਪੂਰਨ ਤੌਰ 'ਤੇ ਹਮਾਇਤ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਬੇਅਦਬੀਆਂ ਦੇ ਮਾਮਲੇ 'ਤੇ ਕਿਸੇ ਵੀ ਧਿਰ ਨੂੰ ਸਿਆਸਤ ਨਹੀਂ ਕਰਨੀ ਚਾਹੀਦੀ, ਸਗੋਂ ਇਸ ਸੰਜੀਦਾ ਮਾਮਲੇ ਸਬੰਧੀ ਸਿਰ ਜੋੜ ਖੜ੍ਹਨਾ ਚਾਹੀਦਾ ਹੈ।

## ਗੁ: ਸਿੰਘ ਸਭਾ ਮਾਲ ਰੋਡ ਕਮੇਟੀ ਦੀ ਜਨਰਲ ਹਾਊਸ ਦੀ ਇਕੱਤਰਤਾ

### ➢ਬਰਜਿੰਦਰ ਸਿੰਘ ਦੀਵਾਨ ਨੂੰ ਪ੍ਰਧਾਨ ਤੇ ਸੁਖਰਾਮ ਸਿੰਘ ਨੂੰ ਸਕੱਤਰ ਚੁਣਿਆ



ਪਟਿਆਲਾ, 23 ਮਾਰਚ (ਅਮਰਜੀਤ ਸਿੰਘ) : ਗੁਰਦੁਆਰਾ ਸਿੰਘ ਸਭਾ ਮਾਲ ਰੋਡ ਕਮੇਟੀ ਦੀ ਜਨਰਲ ਹਾਊਸ ਦੀ ਇਕੱਤਰਤਾ ਹੋਈ, ਜਿਸ ਵਿੱਚ ਸਮੂਹ ਸੰਗਤਾਂ ਨੇ ਸਰਬਸੰਮਤੀ ਨਾਲ ਬਰਜਿੰਦਰ ਸਿੰਘ ਦੀਵਾਨ ਨੂੰ ਪ੍ਰਧਾਨ ਅਤੇ ਉਪਰੰਤ ਸੁਖਰਾਮ ਸਿੰਘ ਨੂੰ ਸਕੱਤਰ ਚੁਣਿਆ । ਜਾਣਕਾਰੀ ਦਿੰਦਿਆਂ ਨਵੇਂ ਬਣੇ ਪ੍ਰਧਾਨ ਅਤੇ ਸਮੂਹ ਪ੍ਰਬੰਧਕ ਕਮੇਟੀ ਨੇ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਸੰਗਤਾਂ ਦੀ ਵੱਧ ਚੜ੍ਹ ਕੇ ਸੇਵਾ ਕਰ ਰਹੇ ਹਨ ਅਤੇ ਗੁਰੂ ਘਰ ਨਾਲ ਜੁੜੇ ਹੋਏ ਹਨ। ਇਸ ਦੀ ਸੇਵਾ ਨੂੰ ਦੇਖਦਿਆਂ ਸੰਗਤਾਂ ਨੇ ਫੈਸਲਾ ਪ੍ਰਵਾਨ ਕੀਤਾ ਅਤੇ ਗੁਰੂ ਘਰ ਦੀ ਸੇਵਾ ਕਰਨ ਦਾ ਜ਼ਿੰਮਾ ਦਿੱਤਾ ਹੈ। ਇਸ ਮੌਕੇ ਇੰਦਰਮੋਹਨ ਸਿੰਘ ਬਜਾਜ, ਨਰਿੰਦਰ ਸਿੰਘ ਸਹਿਗਲ, ਜਸਬੀਰ ਸਿੰਘ ਸੇਠੀ, ਪ੍ਰੋ. ਬਾਬੂ ਸਿੰਘ ਗੁਰਮ, ਡਾ.ਮਨਮੋਹਨ ਸਿੰਘ, ਗੁਰਦੀਪ ਸਿੰਘ ਏਐਸਆਈ, ਅਮਰਜੀਤ ਸਿੰਘ ਕਾਲੇਕਾ ਤੋਂ ਇਲਾਵਾ ਜਨਰਲ ਹਾਊਸ ਦੇ ਸਮੂਹ ਅਹੁਦੇਦਾਰ ਮੌਜੂਦ ਸਨ।

## ਖ਼ਾਲਸਾ ਕਾਲਜ ਵਿਖੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਸ਼ਹਾਦਤ ਨੂੰ ਸਮਰਪਿਤ ਵਿਸ਼ੇਸ਼ ਸਮਾਗਮ



ਪਟਿਆਲਾ, 23 ਮਾਰਚ (ਰੁਪਾਣਾ) : ਖ਼ਾਲਸਾ ਕਾਲਜ ਪਟਿਆਲਾ ਵਿਖੇ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੀ ਲਾਸਾਨੀ ਸ਼ਹਾਦਤ ਨੂੰ ਸਿਜਦਾ ਕਰਨ ਲਈ ਇੱਕ ਵਿਸ਼ੇਸ਼ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਧਰਮਿੰਦਰ ਸਿੰਘ ਉੱਭਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਦਿਆਂ ਆਪਣੇ ਸੰਬੋਧਨ ਵਿੱਚ ਕਿਹਾ ਕਿ ਅਜਿਹੇ ਸਮਾਗਮ ਨੌਜਵਾਨਾਂ ਵਿੱਚ ਦੇਸ਼ਭਗਤੀ ਅਤੇ ਸਮਾਜ ਸੇਵਾ ਦੀ ਭਾਵਨਾ ਜਗਾਉਣ ਲਈ ਬੇਹੱਦ ਜ਼ਰੂਰੀ ਹਨ। ਉਨ੍ਹਾਂ ਨੇ ਭਗਤ ਸਿੰਘ ਦੀ ਬਹਾਦਰੀ, ਸਿਧਾਂਤਾਂ ਪ੍ਰਤੀ ਵਫ਼ਾਦਾਰੀ ਅਤੇ ਸਮਾਜ ਵਿੱਚ ਬਰਾਬਰੀ ਦੇ ਸੁਪਨੇ ਨੂੰ ਬਹੁਤ ਹੀ ਸਹਿਜਮਈ ਢੰਗ ਨਾਲ ਬਿਆਨ ਕੀਤਾ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਭਗਤ ਸਿੰਘ ਵਰਗੇ ਮਹਾਨ ਸ਼ਹੀਦਾਂ ਦੇ ਦੱਸੇ ਰਾਹ 'ਤੇ ਚੱਲ ਕੇ ਦੇਸ਼ ਦੀ ਸੇਵਾ ਕਰਨ ਲਈ ਪ੍ਰੇਰਿਤ ਵੀ ਕੀਤਾ। ਸਮਾਗਮ ਦੇ ਮੁੱਖ ਬੁਲਾਰੇ ਡਾ. ਦਵਿੰਦਰ ਸਿੰਘ ਨੇ ਭਗਤ ਸਿੰਘ ਦੀ ਜੀਵਨ-ਯਾਤਰਾ ਬਾਰੇ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ। ਇਸੇ ਤਰ੍ਹਾਂ ਪ੍ਰੋਫੈਸਰ ਸਮਨਦੀਪ ਸਿੰਘ ਖੀਵਾ ਨੇ ਆਪਣੀ ਕਵਿਤਾ ਰਾਹੀਂ ਭਗਤ ਸਿੰਘ ਦੀ ਅਣਥੱਕ ਪੜ੍ਹਾਈ, ਦਲੇਰ ਸ਼ਖਸੀਅਤ ਅਤੇ ਇਨਕਲਾਬੀ ਸੋਚ ਨੂੰ ਉਜਾਗਰ ਕੀਤਾ। ਪ੍ਰੋਫੈਸਰ ਗੁਰਜੀਤ ਸਿੰਘ ਨੇ ਵੀ ਕਵਿਤਾ ਰਾਹੀਂ ਭਗਤ ਸਿੰਘ ਦੀ ਸ਼ਹਾਦਤ ਦੇ ਸਦੀਵੀ ਪੱਖਾਂ ਤੇ ਚਾਨਣਾ ਪਾਇਆ।

## 'ਜ਼ੋਰ ਪੰਜਾਬ ਦਾ 2026' ਪਾਵਰ ਲਿਫਟਿੰਗ ਮੁਕਾਬਲੇ ਕਰਵਾਏ

### ➢ਧੀਆਂ ਸਾਡੇ ਸਮਾਜ ਲਈ ਪ੍ਰੇਰਨਾਸ੍ਰੋਤ : ਸੋਢੀ




ਪਟਿਆਲਾ, 23 ਮਾਰਚ (ਅਮਰਜੀਤ ਸਿੰਘ) : ਨਸ਼ਿਆਂ ਤੋਂ ਦੂਰ ਰਹਿਣ ਅਤੇ ਸਿਹਤ ਨੂੰ ਫਿੱਟ ਰੱਖਣ ਲਈ 'ਜ਼ੋਰ ਪੰਜਾਬ ਦਾ 2026' ਪਾਵਰ ਲਿਫਟਿੰਗ (ਬੈਂਚ ਪ੍ਰੈਸ ਅਤੇ ਡੈਡ ਲਿਫਟ) ਰਾਮ ਆਸ਼ਰਮ ਨੇੜੇ ਦਾਲ ਦਲੀਆ ਚੌਕ ਵਿਖੇ ਕਰਵਾਈ ਗਈ। ਇਸ ਮੌਕੇ 400 ਦੇ ਕਰੀਬ ਖਿਡਾਰੀਆਂ ਨੇ ਭਾਗ ਲਿਆ। ਮੁਕਾਬਲੇ ਦੌਰਾਨ ਬੀਬੀ ਕੋਮਲ ਕੌਰ ਸਟਰੌਂਗ ਵੂਮੈਨ ਦਾ ਐਵਾਰਡ ਜਿੱਤ ਕੇ ਇਲਾਕਾ ਦਾ ਨਾਮ ਰੌਸ਼ਨ ਕੀਤਾ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਜੁਝਾਰੂ ਅਤੇ ਮਿਹਨਤੀ ਆਗੂ ਹਰਮੀਤ ਸਿੰਘ ਸੋਢੀ (ਮੀਤ ਪ੍ਰਧਾਨ ਯੂਥ ਵਿੰਗ) ਵੱਲੋਂ ਕੋਮਲ ਕੌਰ ਦਾ ਸਨਮਾਨ ਕੀਤਾ। ਜਾਣਕਾਰੀ ਦਿੰਦਿਆਂ ਸੋਢੀ ਨੇ ਦੱਸਿਆ ਕਿ ਅਜਿਹੀਆਂ ਧੀਆਂ ਜੋ ਸਾਡੇ ਸਮਾਜ ਲਈ ਪ੍ਰੇਰਨਾ ਸ੍ਰੋਤ ਹਨ, ਜੋ ਖੇਡਾਂ ਤੇ ਸਰੀਰਕ ਸੱਭਿਆਚਾਰ ਵਿਚ ਦੇਸ ਵਿਚ ਆਪਣਾ ਨਾਮ ਰੌਸ਼ਨ ਕਰ ਰਹੀਆਂ ਹਨ। ਇਹ ਸਮਾਗਮ ਬਾਡੀ ਬਿਲਡਰ ਹਰਪ੍ਰੀਤ ਸਿੰਘ ਪੀਤਾ ਵੱਲੋਂ ਕਰਵਾਇਆ ਗਿਆ। ਇਸ ਮੌਕੇ ਰਾਜੇਸ਼ ਅਰੋੜਾ, ਗੁਰਵਿੰਦਰ ਸਿੰਘ ਘੋਲਾ, ਖਜਾਨ ਸਿੰਘ ਹਿਆਨਾ, ਹਰਪ੍ਰੀਤ ਸਿੰਘ ਤੋਂ ਇਲਾਵਾ ਭਾਗ ਲੈਣ ਵਾਲੇ ਖਿਡਾਰੀ ਮੌਜੂਦ ਸਨ।

## ਪੁਲਿਸ ਵੱਲੋਂ 50 ਲੀਟਰ ਲਾਹਣ ਬ੍ਰਾਮਦ

ਪਟਿਆਲਾ, 23 ਮਾਰਚ (ਵਿਨੋਦ ਸ਼ਰਮਾ) : ਥਾਣਾ ਪਸਿਆਣਾ ਪੁਲਿਸ ਨੇ ਕਥਿਤ ਦੋਸ਼ੀ ਭੁਪਿੰਦਰ ਸਿੰਘ ਵਾਸੀ ਪਿੰਡ ਦੇਵੀਨਗਰ ਵਿਰੁੱਧ ਮਾਮਲਾ ਦਰਜ ਕੀਤਾ ਹੈ। ਏਐਸਆਈ ਨਿਰਮਲ ਸਿੰਘ ਸਮੇਤ ਪੁਲਿਸ ਪਾਰਟੀ ਪਿੰਡ ਬਠੋਈ ਕਲਾਂ ਮੋੜ ਮੌਜੂਦ ਸੀ, ਜੋ ਮੁਖਬਰ ਦੀ ਇਤਲਾਹ ਪਰ ਦੋਸ਼ੀ ਦੇ ਮੋਟਰ ਵਾਲੇ ਕੋਠੇ ਪਰ ਰੇਡ ਕਰਨ ਪਰ 50 ਲੀਟਰ ਲਾਹਣ ਬ੍ਰਾਮਦ ਹੋਈ।

## ਸਮਾਜ ਸੇਵਕ ਜੀਵਨ ਲਾਲ ਗੁਪਤਾ ਨੇ ਬਿਰਧ ਆਸ਼ਰਮ ਵਿਖੇ ਆਪਣਾ ਜਨਮ ਦਿਨ ਮਨਾਇਆ



ਪਟਿਆਲਾ, 23 ਮਾਰਚ (ਚ.ਨ.ਸ.) :ਪਟਿਆਲਾ, ਸਮਾਜ ਸੇਵਕ ਪੁਨੀਤ ਗੁਪਤਾ ਦੇ ਪਿਤਾ ਜੀਵਨ ਲਾਲ ਗੁਪਤਾ ਨੇ ਆਪਣਾ ਜਨਮ ਦਿਨ ਬਿਰਧ ਆਸ਼ਰਮ ਵਿਖੇ ਜਾ ਕੇ ਮਨਾਇਆ। ਜੀਵਨ ਲਾਲ ਗੁਪਤਾ ਨੇ ਬਜ਼ੁਰਗਾਂ ਨੂੰ ਖਾਣਾ ਖੁਆਇਆ ਅਤੇ ਉੱਥੇ ਹੀ ਜਾ ਕੇ ਕੇਕ ਕੱਟਿਆ। ਦੱਸਣਯੋਗ ਹੈ ਕਿ ਜੀਵਨ ਲਾਲ ਗੁਪਤਾ ਸਮਾਜ-ਸੇਵਾ 'ਚ ਵੱਡਾ ਕੰਮ ਕਰ ਰਹੇ ਹਨ ਗਊ ਸੇਵ ਰਹੇ ਹਨ । ਗਊ ਸੇਵਾ, ਜ਼ਰੂਰਤਮੰਦਾਂ ਨੂੰ ਰਾਸ਼ਨ ਤੋਂ ਲੈ ਕੇ ਕੋਈ ਵੀ ਗਰੀਬ ਉਨ੍ਹਾਂ ਦੇ ਦਰਵਾਜ਼ੇ 'ਤੇ ਜਾਵੇ ਤਾਂ ਉਸ ਦੀ ਸਮਰੱਥਾਂ ਮੁਤਾਬਕ ਮਦਦ ਕਰਦੇ ਹਨ। ਉਨ੍ਹਾਂ ਦੇ ਸਪੁੱਤਰ ਪੁਨੀਤ ਗੁਪਤਾ ਗੋਪੀ ਦਾ ਵੀ ਸਮਾਜ ਸੇਵਾ ਦੇ ਖੇਤਰ 'ਚ ਵੱਡਾ ਨਾਮ ਹੈ। ਪੁਨੀਤ ਗੁਪਤਾ ਗੋਪੀ ਨੂੰ ਸਮਾਜ ਸੇਵਾ ਲਈ ਕਈ ਵਾਰ ਵੱਖ-ਵੱਖ ਸੰਸਥਾਵਾਂ ਵੱਲੋਂ ਸਨਮਾਨਿਤ ਵੀ ਕੀਤਾ ਜਾ ਚੁੱਕਿਆ ਹੈ।

## ਆੜ੍ਹਤੀ ਦੀ ਦੁਕਾਨ ਤੋਂ ਨਗਦੀ ਤੇ ਹੋਰ ਸਾਮਾਨ ਚੋਰੀ ਕਰਨ ਦੇ ਦੋਸ਼ ਹੇਠ ਦੋ ਕਾਬੂ



ਸਮਾਣਾ, 23 ਮਾਰਚ (ਵਿਜੇ ਕੁਮਾਰ) : ਇੱਕ ਆੜ੍ਹਤੀ ਦੀ ਦੁਕਾਨ ਤੋਂ 55 ਹਜ਼ਾਰ ਰੁਪਏ ਦੀ ਨਕਦੀ, ਏ.ਸੀ. ਕੰਪ੍ਰੈਸਰ ਅਤੇ ਦਸਤਾਵੇਜ਼ ਚੋਰੀ ਕਰਨ ਦੇ ਦੋਸ਼ ਵਿੱਚ ਸਿਟੀ ਪੁਲਿਸ ਨੇ ਦੋ ਨੌਜਵਾਨਾਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਸੁਮਿਤ ਕੁਮਾਰ ਅਤੇ ਸਾਹਿਲ , ਦੋਵੇਂ ਵਾਸੀ ਰਾਮ ਬਸਤੀ ਸਮਾਣਾ ਵਜੋਂ ਹੋਈ ਹੈ। ਇਸ ਵਾਰਦਾਤ ਵਿੱਚ ਕੁਝ ਹੋਰ ਨੌਜਵਾਨ ਵੀ ਸ਼ਾਮਲ ਦੱਸੇ ਜਾ ਰਹੇ ਹਨ। ਮਾਮਲੇ ਦੇ ਜਾਂਚ ਅਧਿਕਾਰੀ ਸਿਟੀ ਪੁਲਿਸ ਦੇ ਏ.ਐਸ.ਆਈ. ਬਲਬੀਰ ਸਿੰਘ ਨੇ ਦੱਸਿਆ ਕਿ ਸੁਖਵਿੰਦਰ ਸਿੰਘ, ਵਾਸੀ ਪਿੰਡ ਮਿਆਲ ਖੁਰਦ ਵੱਲੋਂ ਦਰਜ ਕਰਵਾਈ ਸ਼ਿਕਾਇਤ ਅਨੁਸਾਰ 26-27 ਫਰਵਰੀ ਦੀ ਦਰਮਿਆਨੀ ਰਾਤ ਦੌਰਾਨ ਉਕਤ ਮੁਲਜ਼ਮਾਂ ਨੇ ਪੱਕਾ ਫੜ ਸਮਾਣਾ ਸਥਿਤ ਉਸ ਦੀ ਆੜ੍ਹਤ ਦੀ ਦੁਕਾਨ ਦੇ ਗਲੇ ਵਿੱਚ ਰੱਖੀ 55 ਹਜ਼ਾਰ ਦੀ ਨਗਦੀ ਅਤੇ ਉੱਥੇ ਪਏ ਕੁਝ ਦਸਤਾਵੇਜ਼ ਅਤੇ ਛੱਤ 'ਤੇ ਲੱਗਿਆ ਏ.ਸੀ ਦਾ ਕੰਮਪ੍ਰੈਸ਼ਰ ਵੀ ਚੋਰੀ ਕਰਕੇ ਲੈ ਗਏ। ਅਧਿਕਾਰੀ ਅਨੁਸਾਰ ਜਾਂਚ ਪੜਤਾਲ ਦੌਰਾਨ ਪਹਿਚਾਣ ਕਰਨ ਉਪਰਾਂਤ ਪੁਲਿਸ ਨੇ ਦੋ ਮੁਲਜ਼ਮ ਨੌਜਵਾਨਾਂ ਨੂੰ ਕਾਬੂ ਕਰ ਲਿਆ। ਮੁਲਜਮ ਨੌਜਵਾਨਾਂ ਵਿੱਚੋਂ ਇੱਕ ਤੇ ਪਹਿਲਾਂ ਵੀ ਚੋਰੀ ਦਾ ਮਾਮਲਾ ਦਰਜ ਹੈ, ਜਦੋਂ ਕਿ ਦੂਸਰੇ 'ਤੇ ਵੀ ਅਜਿਹੀਆਂ ਵਾਰਦਾਤਾਂ 'ਚ ਸ਼ਾਮਿਲ ਹੋਣ ਦਾ ਸ਼ੱਕ ਹੈ। ਪੁਲਿਸ ਵੱਲੋਂ ਵਾਰਦਾਤ 'ਚ ਸ਼ਾਮਿਲ ਉਨ੍ਹਾਂ ਦੇ ਹੋਰ ਸਾਥੀਆਂ ਸਣੇ ਚੋਰੀ ਕੀਤੇ ਸਮਾਨ ਦੀ ਬਰਾਮਦਗੀ ਲਈ ਮੁਲਜਮਾਂ ਨੂੰ ਮਾਨਯੋਗ ਅਦਾਲਤ ਤੋਂ ਰਿਮਾਂਡ 'ਤੇ ਲੈ ਕੇ ਪੁੱਛਗਿਛ ਕੀਤੀ ਜਾਵੇਗੀ।

## ਤ੍ਰਿਵੇਣੀ ਸਾਹਿਤ ਪਰਿਸ਼ਦ ਵੱਲੋਂ ਅੰਤਰਰਾਸ਼ਟਰੀ ਮਹਿਲਾ ਦਿਵਸ ਅਤੇ ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੀ ਯਾਦ ਨੂੰ ਸਮਰਪਿਤ ਸਾਹਿਤਕ ਸਮਾਗਮ



ਪਟਿਆਲਾ, 23 ਮਾਰਚ (ਚ.ਨ.ਸ.): ਤ੍ਰਿਵੇਣੀ ਸਾਹਿਤ ਪਰਿਸ਼ਦ ਪਟਿਆਲਾ ਵੱਲੋਂ ਭਾਸ਼ਾ ਵਿਭਾਗ ਪਟਿਆਲਾ ਦੇ ਸੈਮੀਨਾਰ ਹਾਲ ਵਿੱਚ ਅੰਤਰਰਾਸ਼ਟਰੀ ਮਹਿਲਾ ਦਿਵਸ ਅਤੇ ਸ਼ਹੀਦ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਦੀ ਸ਼ਹਾਦਤ ਨੂੰ ਸਮਰਪਿਤ ਇੱਕ ਸਾਹਿਤਕ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਲਗਭਗ 45 ਸ਼ਾਇਰਾਂ ਨੇ ਹਿੱਸਾ ਲਿਆ। ਸਭਾ ਦੇ ਪ੍ਰਧਾਨ ਐਡਵੋਕੇਟ ਗੁਰਦਰਸ਼ਨ ਸਿੰਘ ਗੁਸੀਲ, ਸੀ. ਮੀਤ ਪ੍ਰਧਾਨ ਨਿਰਮਲਾ ਗਰਗ, ਕਲਾ ਕ੍ਰਿਤੀ ਪਟਿਆਲਾ ਦੇ ਡਾਇਰੈਕਟਰ ਪਰਮਿੰਦਰ ਪਾਲ ਕੌਰ, ਡਾ. ਜੀਵਨ ਬਾਲਾ (ਰਿਟਾ). ਮੁਖੀ ਨ੍ਰਿਤ ਵਿਭਾਗ, ਵੂਮੈਨ ਕਾਲਜ ਪਟਿਆਲਾ, ਡਾ. ਮੰਜੂ ਅਰੋੜਾ ਅਤੇ ਉੱਘੇ ਸਮਾਜ ਸੇਵੀ ਭਗਵਾਨ ਦਾਸ ਗੁਪਤਾ ਪ੍ਰਧਾਨਗੀ ਮੰਡਲ ਵਿੱਚ ਸੁਸ਼ੋਭਿਤ ਹੋਏ। ਸਮਾਗਮ ਦੀ ਸ਼ੁਰੂਆਤ ਮੰਗਤ ਖ਼ਾਨ ਵੱਲੋਂ 'ਚਾਰੇ ਪਾਸੇ ਖੁਸ਼ੀਆਂ ਲਿਆਈ ਮੇਰੇ ਮਾਲਕਾ' ਗਾ ਕੇ ਕੀਤੀ ਗਈ। ਸਭਾ ਦੇ ਪ੍ਰਧਾਨ ਐਡਵੋਕੇਟ ਗੁਰਦਰਸ਼ਨ ਸਿੰਘ ਗੁਸੀਲ ਨੇ ਆਏ ਹੋਏ ਸਾਹਿਤਕਾਰਾਂ ਦਾ ਸਵਾਗਤ ਕੀਤਾ ਅਤੇ ਸਮਾਗਮ ਦੇ ਮਨੋਰਥ ਅਤੇ ਵਿਸ਼ੇ ਬਾਰੇ ਸੰਖੇਪ ਜਾਣਕਾਰੀ ਦਿੱਤੀ। ਸਭਾ ਵੱਲੋਂ ਸਮਾਗਮ ਵਿੱਚ ਹਾਜ਼ਰ ਹੋਣ ਵਾਲੀਆਂ ਸਾਰੀਆਂ ਕਵਿੱਤਰੀਆਂ ਨੂੰ ਸਨਮਾਨਿਤ ਕੀਤਾ ਗਿਆ। ਮੁੱਖ ਮਹਿਮਾਨ ਪਰਮਿੰਦਰ ਪਾਲ ਕੌਰ ਨੇ ਅੰਤਰਰਾਸ਼ਟਰੀ ਔਰਤ ਦਿਵਸ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਸ਼ਹੀਦ ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਨੂੰ ਸ਼ਰਧਾਂਜਲੀ ਦਿੱਤੀ। ਕਵੀ ਦਰਬਾਰ ਸੈਸ਼ਨ ਦੌਰਾਨ ਧੰਨਾ ਸਿੰਘ ਖਰੌੜ, ਕ੍ਰਿਸ਼ਨ ਲਾਲ ਧੀਮਾਨ,ਜੱਗਾ ਰੰਗੂਵਾਲ, ਬਲਵੀਰ ਦਿਲਦਾਰ, ਰਘਬੀਰ ਸਿੰਘ ਮਹਿਮੀ, ਰਮਨਦੀਪ ਕੌਰ, ਕਾਜਲ ਗੋਇਲ, ਸ਼ਾਮ ਸਿੰਘ ਪ੍ਰੇਮ, ਬਚਨ ਸਿੰਘ ਗੁਰਮ, ਗੁਰਪ੍ਰੀਤ ਸਿੰਘ ਢਿੱਲੋਂ,ਰਾਕੇਸ਼ ਜਲੋਤਰਾ, ਆਸ਼ਾ ਸ਼ਰਮਾ, ਸੁਖਵਿੰਦਰ ਕੌਰ, ਬਲਵਿੰਦਰ ਕੌਰ ਥਿੰਦ, ਡਾ. ਤਰਲੋਚਨ ਕੌਰ, ਅਵਤਾਰਜੀਤ ਅਟਵਾਲ, ਇੰਸ਼ਾਦ ਖੜਿਆਲਵੀ, ਦਰਸ਼ਨ ਸਿੰਘ ਪਸਿਆਣਾ, ਹਰਜੀਤ ਕੌਰ, ਰਣਜੀਤ ਸਿੰਘ ਫਤਿਹਗੜ੍ਹ ਸਾਹਿਬ, ਕੁਲਵੰਤ ਸੈਦੋਕੇ, ਰਾਜੇਸ਼ਵਰ ਕੁਮਾਰ, ਜਸਵਿੰਦਰ ਸਿੰਘ ਖਾਰਾ, ਜਸਵਿੰਦਰ ਕੌਰ, ਹਰੀ ਸਿੰਘ ਚਮਕ, ਕੁਲਵੰਤ ਸਿੰਘ ਨਾਰੀਕੇ, ਜਗਜੀਤ ਸਾਹਨੀ ,ਬਲਜੀਤ ਸਿੰਘ, ਅਨੀਤਾ ਅਰੋੜਾ, ਯਸ਼ੂ ਅਰੋੜਾ, ਵਿਜੇ ਕੁਮਾਰ, ਮਦਨ ਮਦਹੋਸ਼, ਮਾਲਤੀ ਸਿੰਗਲਾ, ਸਨੇਹਦੀਪ, ਡਾ. ਜੀ. ਐੱਸ.ਆਨੰਦ, ਰਿਪਨਜੋਤ ਕੌਰ ਸੋਨੀ ਬੱਗਾ, ਭਗਵਾਨ ਦਾਸ ਗੁਪਤਾ, ਡਾ. ਜੀਵਨ ਬਾਲਾ, ਡਾ. ਮੰਜੂ ਅਰੋੜਾ ਅਤੇ ਨਿਰਮਲਾ ਗਰਗ ਨੇ ਆਪਣੀਆਂ ਆਪਣੀਆਂ ਰਚਨਾਵਾਂ ਨਾਲ ਅੰਤਰਰਾਸ਼ਟਰੀ ਔਰਤ ਦਿਵਸ ਸੰਬੰਧੀ ਆਪਣੇ ਜਜ਼ਬਾਤ ਸਾਂਝੇ ਕੀਤੇ ਅਤੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ। ਇਸ ਤੋਂ ਇਲਾਵਾ ਗੋਪਾਲ ਸ਼ਰਮਾ,ਪ੍ਰੋ. ਜੇ.ਕੇ. ਮਿਗਲਾਨੀ, ਅਤੇ ਐੱਸ.ਪੀ. ਸਿੰਘ ਨੇ ਬਤੌਰ ਸਰੋਤੇ ਹਾਜ਼ਰੀ ਲਵਾਈ। ਅੰਤ ਵਿੱਚ ਸਭਾ ਦੇ ਪ੍ਰਧਾਨ ਗੁਰਦਰਸ਼ਨ ਸਿੰਘ ਗੁਸੀਲ ਨੇ ਇਸ ਸਾਹਿਤਕ ਸਮਾਗਮ ਵਿੱਚ ਪੁੱਜੇ ਸਾਰੇ ਹੀ ਸਾਹਿਤਕਾਰਾਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ ਅਤੇ ਆਪਣੀ ਗ਼ਜ਼ਲ ਦੇ ਚੰਦ ਸ਼ਿਅਰ ਵੀ ਸੁਣਾਏ। ਮੰਚ ਸੰਚਾਲਕ ਦੀ ਜ਼ਿੰਮੇਵਾਰੀ ਮੰਗਤ ਖ਼ਾਨ ਵੱਲੋਂ ਬਾਖ਼ੂਬੀ ਨਿਭਾਈ ਗਈ। ਸਾਰੇ ਸਾਹਿਤਕਾਰਾਂ ਦੇ ਸਹਿਯੋਗ ਨਾਲ ਇਹ ਸਮਾਗਮ ਯਾਦਗਾਰੀ ਹੋ ਨਿੱਬੜਿਆ।

## ਮਨੇਸ਼ ਇਨਕਲੇਵ ਵਾਸੀਆਂ ਵੱਲੋਂ ਮੇਅਰ ਦਾ ਸਨਮਾਨ

### ➢ਲੋਕਾਂ ਦੀ ਸੇਵਾ ਕਰਨਾ ਪਹਿਲੀ ਜ਼ਿੰਮੇਵਾਰੀ : ਕੁੰਦਨ ਗੋਗੀਆ



ਪਟਿਆਲਾ, 23 ਮਾਰਚ (ਰੁਪਾਣਾ) : ਸਿਹਤ ਮੰਤਰੀ ਡਾ. ਬਲਬੀਰ ਸਿੰਘ ਦੀ ਅਗਵਾਈ ਵਿੱਚ ਮਨੇਸ਼ ਇਨਕਲੇਵ ਦੇ ਨਿਵਾਸੀਆਂ ਅਤੇ ਮੇਅਰ ਕੁੰਦਨ ਗੋਗੀਆ ਵੱਲੋਂ ਝਿੱਲ ਵਿਖੇ ਇਲਾਕੇ ਦੇ ਵਿਕਾਸ ਸਬੰਧੀ ਵਿਸ਼ੇਸ਼ ਮੀਟਿੰਗ ਕੀਤੀ ਗਈ। ਇਸ ਮੌਕੇ ਇਲਾਕਾ ਨਿਵਾਸੀਆਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰੀ ਅਤੇ ਮੇਅਰ ਕੁੰਦਨ ਗੋਗੀਆ ਨੂੰ ਉਹਨਾਂ ਦੀਆਂ ਸ਼ਹਿਰ ਪ੍ਰਤੀ ਚੰਗੀਆਂ ਕਾਰਗੁਜ਼ਾਰੀਆਂ ਲਈ ਸਨਮਾਨ ਚਿੰਨ੍ਹ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ।ਦੱਸਣਯੋਗ ਹੈ ਕਿ ਇਸ ਮੌਕੇ ਇਲਾਕਾ ਨਿਵਾਸੀਆਂ ਨੇ ਮਹੱਲੇ ਦੀਆਂ ਵੱਖ-ਵੱਖ ਸਮੱਸਿਆਵਾਂ ਜਿਵੇਂ ਕਿ ਸਫਾਈ ਦੀ ਘਾਟ, ਸੜਕਾਂ ਦੀ ਮੁਰੰਮਤ, ਸੀਵਰੇਜ ਅਤੇ ਨਿਕਾਸੀ ਪ੍ਰਬੰਧ ਬਾਰੇ ਮੇਅਰ ਨੂੰ ਜਾਣੂ ਕਰਵਾਇਆ। ਮੇਅਰ ਕੁੰਦਨ ਗੋਗੀਆ ਨੇ ਸਾਰੀਆਂ ਗੱਲਾਂ ਨੂੰ ਧਿਆਨ ਵਿੱਚ ਰੱਖਦਿਆਂ ਇਲਾਕਾ ਵਾਸੀਆਂ ਨੂੰ ਭਰੋਸਾ ਦਿਵਾਇਆ ਕਿ ਇਹ ਸਮੱਸਿਆਵਾਂ ਜਲਦੀ ਹੱਲ ਕੀਤੀਆਂ ਜਾਣਗੀਆਂ ਅਤੇ ਸੰਬੰਧਤ ਵਿਭਾਗਾਂ ਨੂੰ ਤੁਰੰਤ ਕਾਰਵਾਈ ਲਈ ਹੁਕਮ ਦਿੱਤੇ ਜਾਣਗੇ। ਇਸ ਮੌਕੇ ਕਮੇਟੀ ਦੇ ਭੁਪਿੰਦਰਜੀਤ ਸਿੰਘ ਬਸਰਾ ਪ੍ਰਧਾਨ, ਪੰਕਜ ਧੀਰ ਖਜ਼ਾਨਚੀ, ਦੇਵਿੰਦਰ ਸਿੰਘ ਸਕੱਤਰ, ਗੁਰਪ੍ਰੀਤ ਸਿੰਘ ਮੈਂਬਰ, ਸੁਮਨ ਕੁਮਾਰ, ਅਮਨ ਵਰਮਾ, ਜਸਵਿੰਦਰ ਸਿੰਘ ਅਤੇ ਗੁਰਵਿੰਦਰ ਸਿੰਘ ਕਾਲੋਨਾਈਜ਼ਰ ਵੀ ਮੌਜੂਦ ਸਨ। ਸਮੂਹ ਇਲਾਕਾ ਨਿਵਾਸੀਆਂ ਨੇ ਮੇਅਰ ਦਾ ਧੰਨਵਾਦ ਕੀਤਾ।

## ਅਣਖੀ ਭਵਨ ਵਿਖੇ ਪਾਵਰਕਾਮ ਤੇ ਟਰਾਂਸਕੋ ਦੀ ਮੀਟਿੰਗ



ਪਟਿਆਲਾ, 23 ਮਾਰਚ (ਚ.ਨ.ਸ.) :ਪਾਵਰਕਾਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ, ਹੈੱਡ ਆਫਿਸ ਯੂਨਿਟ, ਪਟਿਆਲਾ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਅੱਜ ਅਣਖੀ ਭਵਨ, ਫੈਕਟਰੀ ਏਰੀਆ, ਪਟਿਆਲਾ ਵਿਖੇ ਸ: ਭਿੰਦਰ ਸਿੰਘ ਚਹਿਲ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਸ: ਭਗਤ ਸਿੰਘ ਦੀ ਅੱਜ ਦੇ ਦਿਨ ਸ਼ਹੀਦੀ ਨੂੰ ਸਮਰਪਿਤ ਕਰਦਿਆਂ ਯਾਦ ਕੀਤਾ ਗਿਆ ਅਤੇ ਉਨ੍ਹਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਜਥੇਬੰਦੀ ਨੂੰ ਲਾਮਬੰਦ ਕਰਨ ਲਈ ਅਹਿਦ ਲਿਆ। ਮੀਟਿੰਗ ਵਿੱਚ ਇੰਜ. ਹੀਰਾ ਲਾਲ ਗੋਇਲ ਸਾਬਕਾ ਡਾਇਰੈਕਟਰ/ਪਾਵਰਕੌਮ ਦੇ ਸਵਰਗਵਾਸ ਹੋਣ ਕਾਰਨ ਜਥੇਬੰਦੀ ਵੱਲੋਂ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਅਰਪਣ ਕੀਤੀ ਗਈ । ਜਾਣਕਾਰੀ ਦਿੰਦਿਆਂ ਅਪ੍ਰੈਲ 2026 ਦੇ ਦੂਜੇ ਸ਼ਨੀਵਾਰ ਨੂੰ ਸੀਨੀਅਰ ਪੈਨਸ਼ਨਰਾਂ ਨੂੰ ਸਨਮਾਨਿਤ ਕਰਨ ਲਈ ਸਮਾਗਮ ਸਬੰਧੀ ਵੇਰਵੇ ਦਿੱਤੇ ਗਏ । ਪੰਜਾਬ ਸਰਕਾਰ ਤੇ ਪਾਵਰਕੌਮ ਮੈਨੇਜਮੈਂਟ ਨੂੰ ਅਪੀਲ ਕਰਦਿਆਂ ਆਖਿਆ ਕਿ ਪੈਨਸ਼ਨਰਾਂ ਦੀਆਂ ਮੰਗਾਂ ਜਿਵੇਂ 1.1.2016 ਤੋਂ ਪਹਿਲਾਂ ਰਿਟਾਇਰ ਪੈਨਸ਼ਨਰਾਂ ਨੂੰ 2.59 ਪੈਨਸ਼ਨ ਸੁਧਾਈ ਫੈਕਟਰ, ਡੀ ਏ ਦੇ ਬਕਾਏ ਤੇ ਰਹਿੰਦੀਆਂ ਕਿਸ਼ਤਾਂ, ਜਜ਼ੀਆ ਟੈਕਸ ਦੀ ਕਟੌਤੀ ਬੰਦ ਕਰਨਾ, ਕੈਸ਼ਲੈਸ ਮੈਡੀਕਲ ਸਹੂਲਤ ਤੇ ਮੰਗ ਚਾਰਟਰ ਅਨੁਸਾਰ ਮੰਗਾਂ ਦਾ ਤੁਰੰਤ ਨਿਪਟਾਰਾ ਕੀਤਾ ਜਾਵੇ ਨਹੀਂ ਤਾਂ ਸਰਕਾਰ ਨੂੰ ਜਲਦ ਆਉਣ ਵਾਲੀਆਂ ਚੋਣਾਂ ਵਿੱਚ ਅਣਦੇਖੀ ਲਈ ਸਿੱਟੇ ਭੁਗਤਣੇ ਪੈਣਗੇ । ਮੀਟਿੰਗ ਵਿੱਚ ਇੰਜ ਸੰਤੋਖ ਸਿੰਘ ਬੋਪਾਰਾਏ, ਅਮਰਜੀਤ ਸਿੰਘ, ਭੁਪਿੰਦਰ ਸਿੰਘ , ਮਲਕੀਅਤ ਸਿੰਘ ਸਰਪ੍ਰਸਤ, ਜਸਵੀਰ ਸਿੰਘ, ਇੰਜ. ਜਗਤਾਰ ਤੇ ਵਰਕਿੰਗ ਕਮੇਟੀ ਦੇ ਮੈਂਬਰ ਹਾਜ਼ਰ ਸਨ।

## ਸੜਕ ਹਾਦਸੇ 'ਚ ਜ਼ਖ਼ਮੀ

ਪਟਿਆਲਾ, 23 ਮਾਰਚ (ਵਿਨੋਦ ਸ਼ਰਮਾ) : ਥਾਣਾ ਪਸਿਆਣਾ ਪੁਲਿਸ ਕੋਲ ਹਰਦੀਪ ਕੌਰ ਪਤਨੀ ਸੁਖਵਿੰਦਰ ਸਿੰਘ ਵਾਸੀ ਪਿੰਡ ਮਹਿਮੂਦਪੁਰ ਨੇ ਕਾਰ ਦੇ ਡਰਾਈਵਰ ਮਨਦੀਪ ਸਿੰਘ ਵਾਸੀ ਗਰੀਨ ਪਾਰਕ ਕਲੋਨੀ ਪਸਿਆਣਾ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ ਕਿ ਉਸ ਦਾ ਲੜਕਾ ਪ੍ਰਨੀਤ ਸਿੰਘ, ਜੋ ਕਿ ਮੋਟਰਸਾਈਕਲ 'ਤੇ ਸਵਾਰ ਹੋ ਕੇ ਪਿੰਡ ਰਾਜਗੜ੍ਹ ਪਾਸ ਜਾ ਰਿਹਾ ਸੀ, ਜੋ ਕਥਿਤ ਦੋਸ਼ੀ ਡਰਾਇਵਰ ਨੇ ਆਪਣੀ ਕਾਰ ਤੇਜ ਰਫਤਾਰ ਤੇ ਲਾਪ੍ਰਵਾਹੀ ਨਾਲ ਲਿਆ ਕੇ ਉਸ ਦੇ ਲੜਕੇ ਵਿੱਚ ਮਾਰੀ, ਜੋ ਐਕਸੀਡੈਂਟ ਵਿੱਚ ਉਸ ਦੇ ਲੜਕੇ ਦੇ ਕਾਫੀ ਸੱਟਾਂ ਲੱਗੀਆਂ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

## ਗਾਹਕ ਦੀ ਉਡੀਕ 'ਚ ਬੈਠਾ ਵਿਅਕਤੀ 3 ਗ੍ਰਾਮ ਹੈਰੋਇਨ ਸਮੇਤ ਕਾਬੂ

ਸਮਾਣਾ, 23 ਮਾਰਚ (ਵਿਜੇ ਕੁਮਾਰ) : ਚਿੱਟਾ/ਹੈਰੋਇਨ ਵੇਚਣ ਲਈ ਗਾਹਕ ਦੀ ਉਡੀਕ ਕਰ ਰਹੇ ਇੱਕ ਵਿਅਕਤੀ ਨੂੰ ਸਿਟੀ ਪੁਲਿਸ ਨੇ 3 ਗ੍ਰਾਮ ਹੈਰੋਇਨ ਸਮੇਤ ਕਾਬੂ ਕਰਕੇ ਉਸ ਖ਼ਿਲਾਫ਼ ਐਨ.ਡੀ.ਪੀ.ਐਸ. ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮੁਲਜ਼ਮ ਦੀ ਪਛਾਣ ਗੁਰਚਰਨ ਸਿੰਘ ਵਾਸੀ ਪਿੰਡ ਮੁਰਾਦਪੁਰ, ਸਮਾਣਾ ਵਜੋਂ ਹੋਈ ਹੈ। ਸਿਟੀ ਪੁਲਿਸ ਮੁੱਖੀ ਬਲਜੀਤ ਸਿੰਘ ਨੇ ਦੱਸਿਆ ਕਿ ਏ.ਐਸ.ਆਈ. ਰਾਜਵਿੰਦਰ ਕੌਰ ਪੁਲਿਸ ਪਾਰਟੀ ਸਮੇਤ ਵੜੈਚਾਂ ਰੋਡ 'ਤੇ ਮੌਜੂਦ ਸੀ। ਉਨ੍ਹਾਂ ਨੂੰ ਸੂਚਨਾ ਮਿਲੀ ਕਿ ਮੁਲਜ਼ਮ ਹੈਰੋਇਨ ਵੇਚਣ ਲਈ ਟੀ-ਪੁਆਇੰਟ ਨੇੜੇ ਬੈਠਾ ਗਾਹਕ ਦੀ ਉਡੀਕ ਕਰ ਰਿਹਾ ਹੈ। ਪੁਲਿਸ ਪਾਰਟੀ ਵੱਲੋਂ ਕੀਤੀ ਗਈ ਛਾਪੇਮਾਰੀ ਦੌਰਾਨ ਉਸ ਕੋਲੋਂ 3 ਗ੍ਰਾਮ ਚਿੱਟਾ/ਹੈਰੋਇਨ ਬਰਾਮਦ ਹੋਈ, ਜਿਸ ਤੋਂ ਬਾਅਦ ਉਸ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਅਧਿਕਾਰੀ ਅਨੁਸਾਰ ਮੁਲਜ਼ਮ ਖ਼ਿਲਾਫ਼ ਪਹਿਲਾਂ ਵੀ ਮਾਮਲੇ ਦਰਜ ਹਨ। ਉਸ ਨੂੰ ਅਗਲੇਰੀ ਕਾਰਵਾਈ ਲਈ ਮਾਨਯੋਗ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

## ਦੂਜਾ ਮੈਡੀਕਲ ਚੈਕਅੱਪ ਕੈਂਪ ਸਫਲਤਾਪੂਰਵਕ ਸੰਪੰਨ, 500 ਮਰੀਜ਼ਾਂ ਦੀ ਕੀਤੀ ਜਾਂਚ



ਪਟਿਆਲਾ, 23 ਮਾਰਚ (ਰੁਪਾਣਾ) : ਸ਼ਹੀਦ ਕਰਤਾਰ ਸਿੰਘ ਸਰਾਭਾ ਵੈਲਫੇਅਰ ਟਰੱਸਟ, ਪਟਿਆਲਾ ਅਤੇ ਆਦਰਸ਼ ਐਜੂਕੇਸ਼ਨਲ ਸੋਸਾਇਟੀ, ਸ਼ੁਤਰਾਣਾ ਦੇ ਸਾਂਝੇ ਉਪਰਾਲੇ ਨਾਲ ਆਦਰਸ਼ ਪਬਲਿਕ ਸਕੂਲ, ਸ਼ੁਤਰਾਣਾ ਵਿਖੇ ਦੂਜਾ ਮੁਫ਼ਤ ਮਲਟੀ-ਸਪੈਸ਼ਲਟੀ ਮੈਡੀਕਲ ਚੈਕਅੱਪ ਕੈਂਪ ਬੜੀ ਸਫਲਤਾਪੂਰਵਕ ਸੰਪੰਨ ਹੋਇਆ। ਇਹ ਕੈਂਪ ਸ਼ਹੀਦ ਭਗਤ ਸਿੰਘ, ਸ਼ਹੀਦ ਰਾਜਗੁਰੂ ਅਤੇ ਸ਼ਹੀਦ ਸੁਖਦੇਵ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕੀਤਾ ਗਿਆ। ਕੈਂਪ ਦੀ ਸ਼ੁਰੂਆਤ ਮੁੱਖ ਮਹਿਮਾਨ ਸਰਪੰਚ ਸੁਰੇਸ਼ ਕੁਮਾਰ ਸ਼ਰਮਾ ਅਤੇ ਪ੍ਰਸਿੱਧ ਧਰਮੀ ਕਬੱਡੀ ਖਿਡਾਰੀ ਵੱਲੋਂ ਰਿਬਨ ਕੱਟ ਕੇ ਕੀਤੀ ਗਈ। ਇਸ ਮੌਕੇ 'ਤੇ ਟਰੱਸਟ ਪ੍ਰਧਾਨ ਅਕਸ਼ੈ ਕੁਮਾਰ ਖਨੌਰੀ ਵੱਲੋਂ ਹਾਜ਼ਰੀਨ ਦਾ ਤਹਿ ਦਿਲੋਂ ਸਵਾਗਤ ਕੀਤਾ ਗਿਆ। ਆਦਰਸ਼ ਪਬਲਿਕ ਸਕੂਲ, ਸ਼ੁਤਰਾਣਾ ਦੇ ਪ੍ਰਿੰਸੀਪਲ ਜਤਿੰਦਰ ਸਿੰਘ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਕਿਹਾ ਕਿ ਅਜਿਹੇ ਮੈਡੀਕਲ ਕੈਂਪ ਸਿਹਤ ਪ੍ਰਤੀ ਜਾਗਰੂਕਤਾ ਵਧਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਮੁੱਖ ਮਹਿਮਾਨਾਂ ਵਿੱਚ ਸਰਪੰਚ ਸੁਰੇਸ਼ ਕੁਮਾਰ ਸ਼ਰਮਾ, ਧਰਮੀ ਕਬੱਡੀ ਖਿਡਾਰੀ, ਕਰਮਜੀਤ ਨੂਰ (ਫਿਜ਼ੀਕਲ ਟਰੇਨਰ) ਅਤੇ ਮੋਹਿਤ ਕੁਮਾਰ (ਪੰਚਾਇਤ ਮੈਂਬਰ) ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸ਼ਹੀਦਾਂ ਦੀਆਂ ਕੁਰਬਾਨੀਆਂ ਸਾਨੂੰ ਹਮੇਸ਼ਾਂ ਦੇਸ਼ ਸੇਵਾ ਅਤੇ ਮਨੁੱਖਤਾ ਦੀ ਭਲਾਈ ਲਈ ਪ੍ਰੇਰਿਤ ਕਰਦੀਆਂ ਹਨ।ਲਗਭਗ 500 ਮਰੀਜ਼ਾਂ ਦਾ ਸਫਲਤਾਪੂਰਵਕ ਚੈਕਅੱਪ ਕੀਤਾ ਗਿਆ, ਜੋ ਕਿ ਇਸ ਕੈਂਪ ਦੀ ਵੱਡੀ ਉਪਲਬਧੀ ਰਹੀ। ਇਸ ਮੌਕੇ 'ਤੇ ਡਾ. ਅਮਨਦੀਪ ਗਰਗ (ਅੱਖਾਂ ਦੇ ਮਾਹਿਰ), ਡਾ. ਸ਼ਿਮੋਨਾ ਗਰਗ (ਚਮੜੀ ਰੋਗ ਮਾਹਿਰ), ਡਾ. ਕੇ.ਐਸ. ਗਰੋਵਰ (ਹੱਡੀਆਂ ਦੇ ਮਾਹਿਰ), ਡਾ. ਸਿਮਰ ਸ਼ਰਮਾ (ਫਿਜ਼ਿਓਥੈਰੇਪਿਸਟ), ਡਾ. ਅਸਦ (ਮੈਡੀਸਨ ਮਾਹਿਰ), ਡਾ. ਸੋਨਾਲੀ ਅਤੇ ਡਾ. ਅੰਗਦ ਵੱਲੋਂ ਆਪਣੀਆਂ ਕੀਮਤੀ ਸੇਵਾਵਾਂ ਪ੍ਰਦਾਨ ਕੀਤੀਆਂ ਗਈਆਂ। ਇਸ ਮੌਕੇ 'ਤੇ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਲੈਕਚਰਾਰ ਨਰਿੰਦਰਪਾਲ ਸਿੰਘ ਨੇ ਬਾਖ਼ੂਬੀ ਨਿਭਾਈ। ਇਸ ਮੌਕੇ 'ਤੇ ਡਾ. ਰਣਜੀਤ ਸਿੰਘ, ਸੱਤਪਾਲ ਸ਼ਰਮਾ, ਦੀਪਕ ਭਾਰਦਵਾਜ, ਡਾ. ਦੀਪਇੰਦਰ ਸਿੰਘ, ਗੁਰਤੇਜ ਸਿੰਘ, ਡਾ. ਕਰਨ, ਡਾ. ਮੋਹਿਤ, ਅਮਰਿੰਦਰ ਸਿੰਘ ਅਤੇ ਸਕੂਲ ਸਟਾਫ਼ ਮੈਂਬਰ ਵੀ ਮੌਜੂਦ ਸਨ।

## 200 ਨਸ਼ੀਲੀਆਂ ਗੋਲ਼ੀਆਂ ਬ੍ਰਾਮਦ

ਪਟਿਆਲਾ, 23 ਮਾਰਚ (ਵਿਨੋਦ ਸ਼ਰਮਾ) : ਥਾਣਾ ਲਾਹੌਰੀ ਗੇਟ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਰਵੀ ਪੁੱਤਰ ਰਾਜ ਵਾਸੀ ਢੇਹਾ ਬਸਤੀ ਭੀਮ ਨਗਰ ਸਫਾਬਾਦੀ ਗੇਟ ਵਿਰੁੱਧ ਧਾਰਾ 22, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਐਸ.ਆਈ ਚੈਨਸੁੱਖ ਸਿੰਘ ਸਮੇਤ ਸਮੇਤ ਪੁਲਿਸ ਪਾਰਟੀ ਪੁੱਡਾ ਗਰਾਊਡ ਰਾਜਪੁਰਾ ਰੋਡ ਪਟਿਆਲਾ ਮੌਜੂਦ ਸੀ, ਜੋ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ 200 ਖੁੱਲੀਆਂ ਨਸ਼ੀਲੀਆਂ ਗੋਲ਼ੀਆਂ ਬ੍ਰਾਮਦ ਹੋਈਆਂ।

## ਬਾਈਕ ਸਵਾਰ ਦੀ ਕੁੱਟਮਾਰ ਕਰਨ 'ਤੇ ਮਾਮਲਾ ਦਰਜ

ਸਮਾਣਾ, 23 ਮਾਰਚ (ਵਿਜੇ ਕੁਮਾਰ) : ਰੇਹੜੀ ਚਾਲਕ ਵੱਲੋਂ ਗਲਤ ਤਰੀਕੇ ਨਾਲ ਆਪਣੀ ਮੋਟਰਸਾਈਕਲ ਰੇਹੜੀ ਸਾਹਮਣੇ ਤੋਂ ਆ ਰਹੇ ਬਾਈਕ ਅੱਗੇ ਕਰ ਦੇਣ ਅਤੇ ਪੁੱਛਣ 'ਤੇ ਬਾਈਕ ਸਵਾਰ ਦੀ ਕੁੱਟਮਾਰ ਕਰਨ ਦੇ ਮਾਮਲੇ ਵਿੱਚ ਸਿਟੀ ਪੁਲਿਸ ਨੇ ਰੇਹੜੀ ਚਾਲਕ ਕੁਲਵਿੰਦਰ ਸਿੰਘ, ਵਾਸੀ ਪਿੰਡ ਸਪਹੇੜੀ ਖ਼ਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ।ਮਾਮਲੇ ਦੇ ਜਾਂਚ ਅਧਿਕਾਰੀ ਹੈੱਡ ਕਾਂਸਟੇਬਲ ਗਗਨ ਸਿੰਘ ਨੇ ਦੱਸਿਆ ਕਿ ਰੋਸ਼ਨ ਲਾਲ, ਵਾਸੀ ਸ਼ੇਖੋਂ ਕਲੋਨੀ ਸਮਾਣਾ ਵੱਲੋਂ ਦਰਜ ਕਰਵਾਈ ਸ਼ਿਕਾਇਤ ਅਨੁਸਾਰ 19 ਮਾਰਚ ਦੀ ਸਵੇਰ ਨੂੰ ਜਦੋਂ ਉਹ ਬਾਈਕ 'ਤੇ ਸਵਾਰ ਹੋ ਕੇ ਘੱਗਾ ਰੋਡ ਸਥਿਤ ਪੈਟਰੋਲ ਪੰਪ ਨੇੜੇ ਜਾ ਰਿਹਾ ਸੀ, ਤਾਂ ਮੁਲਜ਼ਮ ਨੇ ਆਪਣੀ ਜੁਗਾੜੂ ਰੇਹੜੀ ਇਕਦਮ ਉਸ ਦੀ ਬਾਈਕ ਅੱਗੇ ਕਰ ਦਿੱਤੀ। ਉਸ ਨੇ ਬੜੀ ਮੁਸ਼ਕਿਲ ਨਾਲ ਬਾਈਕ 'ਤੇ ਕੰਟਰੋਲ ਕਰਕੇ ਆਪਣਾ ਬਚਾਅ ਕੀਤਾ। ਜਦੋਂ ਉਸ ਨੇ ਇਸ ਬਾਰੇ ਪੁੱਛਿਆ ਤਾਂ ਰੇਹੜੀ ਚਾਲਕ ਨੇ ਉਸ ਦੀ ਕੁੱਟਮਾਰ ਕੀਤੀ। ਅਧਿਕਾਰੀ ਅਨੁਸਾਰ ਪੁਲਿਸ ਨੇ ਸ਼ਿਕਾਇਤ ਦੇ ਆਧਾਰ 'ਤੇ ਮਾਮਲਾ ਦਰਜ ਕਰ ਲਿਆ ਹੈ ਅਤੇ ਮੁਲਜ਼ਮ ਦੀ ਭਾਲ ਜਾਰੀ ਹੈ।

## ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਸ਼ਰਧਾਂਜਲੀ ਭੇਟ

### ਸ਼ਹੀਦ ਭਗਤ ਸਿੰਘ ਦੇ ਨਾਮ 'ਤੇ ਚੌਕ ਬਣਾਉਣ ਦੀ ਪੰਜਾਬ ਸਰਕਾਰ ਨੂੰ ਅਪੀਲ



ਨਾਭਾ, 23 ਮਾਰਚ (ਬਲਜਿੰਦਰ ਮਾਨ) : ਸ਼ਹੀਦ ਭਗਤ ਸਿੰਘ ਵੈਲਫੇਅਰ ਕਲੱਬ ਵੱਲੋਂ ਸ਼ਹੀਦ ਭਗਤ ਸਿੰਘ ਚੌਕ ਵਿਖੇ ਝੰਡਾ ਚੜਾ ਕੇ ਸ਼ਹੀਦ ਭਗਤ ਸਿੰਘ, ਸ਼ਹੀਦ ਰਾਜਗੁਰੂ, ਸ਼ਹੀਦ ਸੁਖਦੇਵ ਸਿੰਘ ਨੂੰ ਕੀਤੀ ਸ਼ਰਧਾਂਜਲੀ ਭੇਂਟ ਇਸ ਮੌਕੇ ਝੰਡਾ ਚੜਾਉਣ ਦੀ ਰਸਮ ਨਰਿੰਦਰ ਕੁਮਾਰ ਬਾਂਸਲ ਨੇ ਆਪਣੇ ਕਰ ਕਮਲਾਂ ਨਾਲ ਕੀਤੀ ਇਸ ਮੌਕੇ ਨਰਿੰਦਰ ਕੁਮਾਰ ਬਾਸਲ ਨੇ ਸ਼ਹੀਦ ਭਗਤ ਸਿੰਘ ਦੀ ਕੁਰਬਾਨੀ ਨੂੰ ਸਿਜਦਾ ਕਰਦਿਆਂ ਆਖਿਆ ਕਿ ਸਾਨੂੰ ਸ਼ਹੀਦਾਂ ਦੇ ਦਰਸਾਏ ਮਾਰਗ ਤੇ ਚੱਲਣਾ ਚਾਹੀਦਾ ਹੈ। ਇਸ ਮੌਕੇ ਕਲੱਬ ਦੇ ਪ੍ਰਧਾਨ ਪਰਮਜੀਤ ਸਿੰਘ ਥੂਹੀ ਵੱਲੋਂ ਹਰ ਸਾਲ ਦੀ ਤਰ੍ਹਾਂ ਕਲੱਬ ਦੇ ਸਮੁੱਚੇ ਮੈਂਬਰਾਂ ਨਾਲ ਸ਼ਹੀਦ ਭਗਤ ਸਿੰਘ ਨੂੰ ਸ਼ਰਧਾਂਜਲੀ ਭੇਂਟ ਕੀਤੀ। ਇਸ ਮੌਕੇ ਪਰਮਜੀਤ ਸਿੰਘ ਥੂਹੀ ਵੱਲੋਂ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ ਪੰਜਾਬ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਇਸ ਚੌਕ ਵਿਖੇ ਸ਼ਹੀਦ ਭਗਤ ਸਿੰਘ ਦਾ ਬੁੱਤ ਲੱਗਣਾ ਚਾਹੀਦਾ ਹੈ ਅਤੇ ਇਸ ਜਗਹਾ ਤੇ ਸ਼ਹੀਦ ਭਗਤ ਸਿੰਘ ਦੇ ਨਾਂ ਤੇ ਚੌਕ ਬਣਨਾ ਚਾਹੀਦਾ ਹੈ। ਇਸ ਮੌਕੇ ਸਮੁੱਚੇ ਕਲੱਬ ਮੈਂਬਰਾਂ ਵੱਲੋਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ। ਇਸ ਮੌਕੇ ਗੋਬਿੰਦਰ ਸਿੰਘ ਭਿੰਦੀ ਟਰਾਂਸਪੋਰਟ ਨਾਭਾ ਜਥੇਦਾਰ ਕੁਲਦੀਪ ਸਿੰਘ ਅਲੌਹਰਾ, ਸੁਰਿੰਦਰ ਸਿੰਘ ਚੌਹਾਨ, ਸੁਖਵਿੰਦਰ ਸਿੰਘ ਛੀਟਾਂਵਾਲ, ਸਾਬਕਾ ਸਰਪੰਚ ਹਰਜੀਤ ਸਿੰਘ ਅਗੇਤਾ, ਬਹਾਦਰ ਸਿੰਘ ਆਗੇਤਾ, ਗੁਰਧਿਆਨ ਸਿੰਘ ਸਰਪੰਚ, ਹਰਵਿੰਦਰ ਸਿੰਘ ਚੌਧਰੀਮਾਜਰਾ, ਮਨਜੀਤ ਸਿੰਘ ਨੰਬਰਦਾਰ, ਕੁਲਵੰਤ ਹਿਆਣਾ,ਆਸੂ ਜਖਮੀ, ਜਸਪਾਲ ਦਲੱਦੀ,ਬਿੱਲਾ ਗੁਣੀਕੇ, ਜੇਈ ਹਰਦੀਪ ਸਿੰਘ ਬਿਰੜਵਾਲ, ਬਲਜੀਤ ਦਲੱਦੀ ਅਤੇ ਸਮੂਹ ਕਲੱਬ ਮੈਂਬਰ ਹਾਜ਼ਰ ਸਨ।



# ਪਟਿਆਲਾ-ਆਸ/ਪਾਸ



## ਸਿਲੰਡਰ ਨਾ ਮਿਲਣ ਕਾਰਨ ਲੋਕਾਂ ਵੱਲੋਂ ਰੋਡ ਜਾਮ

**➢ਕੁੱਝ ਘੰਟਿਆਂ ਬਾਅਦ ਪੁਲਿਸ ਨੇ ਰੋਡ ਖਾਲੀ ਕਰਵਾਇਆ**

**➢ਲਾਈਨਾਂ 'ਚ ਲਗਵਾ ਕੇ ਦਿਵਾਈਆਂ ਸਿਲੰਡਰਾਂ ਦੀਆਂ ਪਰਚੀਆਂ**

ਪਟਿਆਲਾ, 23 ਮਾਰਚ (ਅਮਰਜੀਤ): ਈਰਾਨ ਇਜ਼ਰਾਈਲ ਦੀ ਜੰਗ ਦਾ ਅਸਰ ਪੂਰੇ ਭਾਰਤ 'ਚ ਦੇਖਣ ਨੂੰ ਮਿਲ ਰਿਹਾ ਹੈ, ਜਿਸ ਕਰਕੇ ਹਰ ਇੱਕ ਵਿਅਕਤੀ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਮਿਡਲ ਈਸਟ ਵਿੱਚ ਲੱਗੀ ਜੰਗ ਦਾ ਅਸਰ ਹੁਣ ਰਸੋਈ ਤੱਕ ਵੀ ਪਹੁੰਚ ਗਿਆ ਹੈ। ਐਲਪੀਜੀ ਗੈਸ ਦੀ ਆ ਰਹੀ ਲਗਾਤਾਰ ਦਿੱਕਤ ਕਾਰਨ ਲੋਕ ਪਰੇਸ਼ਾਨ ਨਜ਼ਰ ਆ ਰਹੇ ਹਨ। ਅਜਿਹੀ ਪਰੇਸ਼ਾਨੀ ਦਾ ਸਾਹਮਣਾ ਲੋਕਾਂ ਦਾ ਪਟਿਆਲਾ ਦੇ ਮਹਿੰਦਰਾ ਕਾਲਜ ਦੇ ਨਜ਼ਦੀਕ ਗੈਸ ਏਜੰਸੀ ਦੇ ਵਿੱਚ ਦੇਖਣ ਨੂੰ ਮਿਲਿਆ, ਜਿੱਥੇ ਕਿ ਲੋਕ ਆਪਣੇ ਹੱਥਾਂ ਦੇ ਵਿੱਚ ਸਲੰਡਰ ਫੜ ਕੇ ਸੜਕ 'ਤੇ ਰੋਡ ਜਾਮ ਕਰਕੇ ਪ੍ਰਦਰਸ਼ਨ ਕਰਦੇ ਨਜ਼ਰ ਆ ਰਹੇ ਸਨ ਲੋਕਾਂ ਦੀ ਮੰਗ ਸੀ ਕਿ ਏਜੰਸੀ ਵੱਲੋਂ ਗੈਸ ਸਲੰਡਰ ਨਹੀਂ ਦਿੱਤਾ ਜਾ ਰਿਹਾ ਤੇ ਲਗਾਤਾਰ ਪਰੇਸ਼ਾਨੀ ਆ ਰਹੀ ਹੈ ਤਾਂ ਲੋਕਾਂ ਨੇ ਹੱਕ ਹਾਰ ਕੇ ਮਹਿੰਦਰਾ



ਕਾਲਜ ਰੋਡ ਜਾਮ ਕਰ ਦਿੱਤੀ, ਜਿਸ ਤੋਂ ਬਾਅਦ ਪੁਲਿਸ ਪ੍ਰਸ਼ਾਸਨ ਨੇ ਆਪਣੀ ਮੁਸਤੈਦੀ ਦਿਖਾਉਂਦਿਆਂ ਹੋਇਆਂ ਰੋਡ ਨੂੰ ਖਾਲੀ ਕਰਵਾਇਆ ਤੇ ਲੋਕਾਂ ਨੂੰ ਲਾਈਨ 'ਚ ਲਗਵਾ ਕੇ ਗੈਸ ਏਜੰਸੀ ਦੇ ਵਰਕਰਾਂ ਵੱਲੋਂ ਸਲੰਡਰ ਦੀਆਂ ਪਰਚੀਆਂ ਦਵਾਈਆਂ ਗਈਆਂ ਪਰ ਲੋਕ ਪਰਚੀਆਂ ਲੈ ਕੇ ਵੀ ਪਰੇਸ਼ਾਨ ਨਜ਼ਰ ਆ ਰਹੇ ਸਨ ਕਿ ਸਾਨੂੰ ਪਰਚੀਆਂ ਤਾਂ ਦਿੱਤੀਆਂ ਜਾ ਰਹੀਆਂ ਹਨ ਪਰ ਸਲੰਡਰ ਨਹੀਂ ਦਿੱਤਾ ਜਾ ਰਿਹਾ ਦਾ ਆਖਰਕਾਰ ਅਜਿਹੀ ਦਿੱਕਤ ਪਰੇਸ਼ਾਨੀ ਕਦ ਤੱਕ ਦੂਰ ਹੋਵੇਗੀ।ਇਸ ਮੌਕੇ 'ਤੇ ਜਦੋਂ ਚੜ੍ਹਦੀਕਲਾ ਟਾਈਮ ਟੀਵੀ ਦੀ ਟੀਮ ਨੇ ਇਸ ਦੀ ਪੂਰੀ ਕਵਰੇਜ ਕੀਥੀ ਤਾਂ ਏਜੰਸੀ ਅਧਿਕਾਰੀ ਕਹਿੰਦੇ ਹਨ ਕਿ ਐਲਪੀਜੀ ਗੈਸ ਦੀ ਕੋਈ ਦਿੱਕਤ ਪਰੇਸ਼ਾਨੀ ਨਹੀਂ ਹੈ ਪਰ ਫਿਰ ਵੀ ਪਿਛੋਂ ਸਪਾਲਈ ਘੱਟ ਹੋਣ ਕਰਕੇ ਲੋਕ ਪੈਨਿਕ ਹੋ ਰਹੇ ਅਤੇ ਲੋਕਾਂ ਨੂੰ ਸਮਝਾਉਣ ਲਈ ਕੋਸ਼ਿਸ਼ ਕੀਤੀ ਜਾ ਰਹੀ ਪਰ ਲੋਕ ਇਸ ਸਭ ਨਹੀਂ ਸਮਝ ਰਹੇ।ਉਮੀਦ ਹੈ ਕਿ ਆਉਣ ਵਾਲਕੇ ਸਮੇਂ ਵਿੱਚ ਲੋਕਾਂ ਦੀ ਇਹ ਪਰੇਸ਼ਾਨੀ ਜ਼ਰੂਰ ਖਤਮ ਹੋਵੇਗੀ ਅਤੇ ਲੋਕਾਂ ਨੂੰ ਇੰਨਾ ਪ੍ਰੇਸ਼ਾਨ ਨਹੀਂ ਹੋਣਾ ਪਵੇਗਾ।

## ਅਕਾਦਮਿਕ ਖੋਜ ਨੂੰ ਸਮਾਜਿਕ ਲੋੜਾਂ ਅਨੁਸਾਰ ਵਪਾਰਕ ਰੂਪ ਦੇ ਕੇ ਪੈਦਾ ਕਰਨੇ ਚਾਹੀਦੇ ਨੇ ਰੁਜ਼ਗਾਰ ਦੇ ਨਵੇਂ ਮੌਕੇ: ਡਾ. ਜਗਦੀਪ ਸਿੰਘ

**➢ਪੰਜਾਬੀ ਯੂਨੀਵਰਸਿਟੀ ਵਿਖੇ ਨਵੀਆਂ ਪਹਿਲਕਦਮੀਆਂ ਅਤੇ ਉੱਦਮਤਾ ਸਬੰਧੀ ਵਿਸ਼ੇ 'ਤੇ ਵਰਕਸ਼ਾਪ ਕਰਵਾਈ**

ਪਟਿਆਲਾ, 23 ਮਾਰਚ (ਰੁਪਾਣਾ): ਪੰਜਾਬੀ ਯੂਨੀਵਰਸਿਟੀ ਦੇ ਇਲੈਕਟ੍ਰਾਨਿਕਸ ਅਤੇ ਕਮਿਊਨੀਕੇਸ਼ਨ ਇੰਜੀਨੀਅਰਿੰਗ ਵਿਭਾਗ ਵੱਲੋਂ 'ਐਂਟਰਪ੍ਰੀਨਿਓਰਸ਼ਿਪ, ਇਨੋਵੇਸ਼ਨ ਐਂਡ ਕਰੀਅਰ ਹੱਬ' ਦੇ ਸਹਿਯੋਗ ਨਾਲ਼ ਇੱਕ ਰੋਜ਼ਾ ਵਿਸ਼ੇਸ਼ ਵਰਕਸ਼ਾਪ ਕਰਵਾਈ ਗਈ। 'ਇਨੋਵੇਸ਼ਨ ਐਂਡ ਐਂਟਰਪ੍ਰੀਨਿਓਰਸ਼ਿਪ: ਕੈਂਪਸ ਆਈਡੀਆਜ਼ ਟੂ ਕਰੀਅਰ ਵੈਂਚਰਜ਼' ਅਤੇ 'ਆਈਡੀਆਥੌਨ-2026' ਤਹਿਤ ਕਰਵਾਈ ਇਸ ਵਰਕਸ਼ਾਪ ਦੇ ਉਦਘਾਟਨੀ ਸੈਸ਼ਨ ਦੀ ਪ੍ਰਧਾਨਗੀ ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਕੀਤੀ। ਡਾ. ਜਗਦੀਪ ਸਿੰਘ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਯੂਨੀਵਰਸਿਟੀ ਵਿਦਿਆਰਥੀਆਂ ਅਤੇ ਸਟਾਫ਼ ਲਈ ਅਜਿਹਾ ਮਾਹੌਲ ਸਿਰਜਣ ਲਈ ਵਚਨਬੱਧ ਹੈ, ਜਿੱਥੇ ਨਵੇਂ ਵਿਚਾਰਾਂ ਨੂੰ ਪ੍ਰਫੁੱਲਤ ਹੋਣ ਦਾ ਮੌਕਾ ਮਿਲੇ। ਅਜਿਹਾ ਢੁਕਵਾਂ ਪਲੇਟਫਾਰਮ



ਪ੍ਰਦਾਨ ਕਰਨ ਲਈ ਵਚਨਬੱਧ ਹੈ, ਜਿੱਥੇ ਨਵੀਨਤਾਕਾਰੀ ਸੋਚ ਅਤੇ ਉੱਦਮਤਾ ਨੂੰ ਉਤਸ਼ਾਹਿਤ ਕੀਤਾ ਜਾ ਸਕੇ। ਉਨ੍ਹਾਂ ਅੱਗੇ ਕਿਹਾ ਕਿ ਅਕਾਦਮਿਕ ਖੋਜ ਨੂੰ ਸਮਾਜਿਕ ਲੋੜਾਂ ਅਨੁਸਾਰ ਵਪਾਰਕ ਰੂਪ ਦੇ ਕੇ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨੇ ਚਾਹੀਦੇ ਹਨ। ਉਨ੍ਹਾਂ ਭਰੋਸਾ ਦਿੱਤਾ ਕਿ ਯੂਨੀਵਰਸਿਟੀ ਸਟਾਰਟਅੱਪਸ ਨੂੰ ਹਰ ਸੰਭਵ ਸਹਿਯੋਗ ਦੇਵੇਗੀ। ਮੁੱਖ ਮਹਿਮਾਨ ਡਾ. ਜਗਤਾਰ ਸਿੰਘ ਸਿਵੀਆ (ਚੇਅਰਮੈਨ, ਇੰਸਟੀਚਿਊਸ਼ਨ ਆਫ਼ ਇੰਜੀਨੀਅਰਜ਼, ਇੰਡੀਆ) ਨੇ ਪ੍ਰਤੀਭਾਗੀਆਂ ਨੂੰ ਦ੍ਰਿੜ੍ਹਤਾ ਨਾਲ ਅੱਗੇ ਵਧਣ ਦਾ ਸੱਦਾ ਦਿੱਤਾ। ਸਨਮਾਨਿਤ ਮਹਿਮਾਨ ਡਾ. ਰਜਤ ਸੰਧੀਰ (ਡਾਇਰੈਕਟਰ, ਪੀ.ਆਈ., ਪੰਜਾਬ ਯੂਨੀਵਰਸਿਟੀ) ਨੇ ਸਟਾਰਟਅੱਪ ਸਿਸਟਮ ਲਈ ਸੰਸਥਾਗਤ ਸਹਿਯੋਗ ਦੀ ਲੋੜ 'ਤੇ ਜ਼ੋਰ ਦਿੱਤਾ ਅਤੇ ਭਵਿੱਖ ਵਿੱਚ ਸਾਂਝੇ ਉਪਰਾਲੇ ਕਰਨ ਦਾ ਭਰੋਸਾ ਦਿੱਤਾ। ਡਾ. ਹਿਮੇਂਦਰ ਭਾਰਤੀ (ਡਾਇਰੈਕਟਰ, 'ਐਂਟਰਪ੍ਰੀਨਿਓਰਸ਼ਿਪ, ਇਨੋਵੇਸ਼ਨ ਐਂਡ ਕਰੀਅਰ ਹੱਬ') ਨੇ ਕਿਹਾ ਕਿ ਵਿਚਾਰਾਂ ਨੂੰ ਸਿਰਫ਼ ਕਲਾਸਰੂਮਾਂ ਤੱਕ ਸੀਮਤ ਨਹੀਂ ਰੱਖਣਾ ਚਾਹੀਦਾ, ਸਗੋਂ ਉਨ੍ਹਾਂ ਨੂੰ ਅਸਲ ਜ਼ਿੰਦਗੀ ਦੇ ਹੱਲ ਵਜੋਂ ਵਿਕਸਤ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਜੰਗ ਜਾਂ ਸੰਕਟ ਦੇ ਸਮੇਂ ਐਲ.ਪੀ.ਜੀ ਦੀ ਕਿੱਲਤ ਵਰਗੀਆਂ ਸਮਾਜਿਕ ਚੁਣੌਤੀਆਂ ਦਾ ਹਵਾਲਾ ਦਿੰਦੇ ਹੋਏ ਨੌਜਵਾਨਾਂ ਨੂੰ ਲੋੜ ਅਧਾਰਿਤ ਕਾਢਾਂ ਕੱਢਣ ਲਈ ਪ੍ਰੇਰਿਤ ਕੀਤਾ। ਵਿਭਾਗ ਮੁਖੀ ਡਾ. ਕੁਲਵਿੰਦਰ ਸਿੰਘ ਮੱਲ੍ਹੀ ਅਤੇ ਇੰਜੀਨੀਅਰਿੰਗ ਫੈਕਲਟੀ ਦੇ ਡੀਨ ਡਾ. ਮਨਜੀਤ ਸਿੰਘ ਭਮਰਾ ਨੇ ਵੀ ਵਿਦਿਆਰਥੀਆਂ ਨੂੰ ਕਿਹਾ ਕਿ ਸਫਲ ਸਟਾਰਟਅੱਪ ਲਈ ਵਿਸ਼ੇ ਦੀ ਡੂੰਘੀ ਮੁਹਾਰਤ ਅਤੇ ਖੋਜ ਬਹੁਤ ਜ਼ਰੂਰੀ ਹੈ। ਪ੍ਰੋਗਰਾਮ ਦੀ ਸ਼ੁਰੂਆਤ ਮੌਕੇ ਕਨਵੀਨਰ ਡਾ. ਸੋਨੀਆ ਗੋਇਲ ਨੇ ਸਵਾਗਤੀ ਭਾਸ਼ਣ ਦੌਰਾਨ ਨਵੀਨਤਾਕਾਰੀ ਸਿੱਖਿਆ ਅਤੇ ਉੱਦਮੀ ਸੋਚ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਵਰਕਸ਼ਾਪ ਦੌਰਾਨ ਮਾਹਿਰਾਂ ਨੇ ਅਹਿਮ ਭਾਸ਼ਣ ਦਿੱਤੇ। ਇੰਜੀ. ਨਵਸੁਦੀਪ ਕੌਰ ਨੇ ਨਿਵੇਸ਼ਕਾਂ ਦੀ ਮਾਨਸਿਕਤਾ ਅਤੇ ਫੰਡ ਪ੍ਰਾਪਤ ਕਰਨ ਦੀਆਂ ਰਣਨੀਤੀਆਂ ਬਾਰੇ ਦੱਸਿਆ। ਡਾ. ਐੱਸ. ਐੱਸ. ਮਲਿਕ (ਥਾਪਰ ਇੰਸਟੀਚਿਊਟ) ਨੇ ਖੋਜ ਨੂੰ ਲੈਬ ਤੋਂ ਮਾਰਕੀਟ ਤੱਕ ਲਿਜਾਣ ਦੇ ਨੁਕਤੇ ਸਾਂਝੇ ਕੀਤੇ। ਮਿਸ ਨੇਹਾ ਅਰੋੜਾ ਨੇ ਸਟਾਰਟਅੱਪਸ ਲਈ ਇਨਕਿਊਬੇਟਰਾਂ ਅਤੇ ਮੇਂਟਰਸ਼ਿਪ ਦੀ ਮਹੱਤਤਾ ਬਾਰੇ ਚਾਨਣਾ ਪਾਇਆ।ਸਮਾਗਮ ਵਿੱਚ ਮੁੱਖ ਖਿੱਚ ਦਾ ਕੇਂਦਰ 'ਆਈਡੀਆਥੌਨ' ਰਿਹਾ, ਜਿਸ ਵਿੱਚ 30 ਤੋਂ ਵੱਧ ਐਂਟਰੀਆਂ ਪ੍ਰਾਪਤ ਹੋਈਆਂ। ਡਾ. ਪ੍ਰੀਤੀ (ਪ੍ਰੋਗਰਾਮ ਕੋਆਰਡੀਨੇਟਰ) ਅਤੇ ਡਾ. ਅਕਸ਼ਪ੍ਰੀਤ ਕੌਰ ਦੀ ਦੇਖ-ਰੇਖ ਹੇਠ ਸਕ੍ਰੀਨਿੰਗ ਤੋਂ ਬਾਅਦ 10 ਫਾਈਨਲਿਸਟ ਚੁਣੇ ਗਏ। ਵਿਦਿਆਰਥੀਆਂ ਨੇ ਆਪਣੇ ਨਵੀਨਤਾਕਾਰੀ ਮਾਡਲ ਪੇਸ਼ ਕੀਤੇ, ਜਿਨ੍ਹਾਂ ਵਿੱਚੋਂ ਸਰਵੋਤਮ 3 ਜੇਤੂਆਂ ਦਾ ਐਲਾਨ ਕੀਤਾ ਗਿਆ। ਸਮਾਗਮ ਦੀ ਸਫਲਤਾ ਵਿੱਚ ਡਾ. ਸੋਨੀਆ, ਡਾ. ਪ੍ਰੀਤੀ, ਡਾ. ਅੰਮ੍ਰਿਤ ਕੌਰ, ਡਾ. ਅਕਸ਼ਪ੍ਰੀਤ ਕੌਰ ਅਤੇ ਵਿਦਿਆਰਥੀ ਟੀਮ ਨੇ ਅਹਿਮ ਭੂਮਿਕਾ ਨਿਭਾਈ। ਅਖੀਰ ਵਿੱਚ ਡਾ. ਪ੍ਰੀਤੀ ਵੱਲੋਂ ਸਭ ਦਾ ਧੰਨਵਾਦ ਕੀਤਾ ਗਿਆ।

## ਵਿੱਕੀ ਘਨੌਰ ਨੇ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਨਾਲ ਕੀਤੀ ਮੁਲਾਕਾਤ

ਘਨੌਰ, 23 ਮਾਰਚ (ਰਾਜਿੰਦਰ ਸਿੰਘ ਕੰਬੋਜ): ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਵਾਈਸ ਚੇਅਰਮੈਨ ਅਤੇ ਆਮ ਆਦਮੀ ਪਾਰਟੀ ਪੰਜਾਬ ਦੇ ਸਪੋਰਟਸ ਵਿੰਗ ਦੇ ਪ੍ਰਧਾਨ ਮਨਿੰਦਰਜੀਤ ਸਿੰਘ ਵਿੱਕੀ ਘਨੌਰ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਮਿਲੇ ਅਤੇ ਮਾਣਯੋਗ ਅਦਾਲਤ ਵੱਲੋਂ ਐਕਸਾਈਜ਼ ਐਕਟ ਵਿਚ ਬਰੀ ਹੋਣ 'ਤੇ ਸ੍ਰੀ ਅਰਵਿੰਦ ਕੇਜਰੀਵਾਲ ਨੂੰ ਫੁੱਲਾਂ ਦਾ ਗੁਲਦਸਤਾ ਦੇ ਕੇ ਸਨਮਾਨਤ ਕੀਤਾ। ਵਿੱਕੀ ਘਨੌਰ ਨੇ ਕਿਹਾ ਕਿ ਭਾਜਪਾ ਨੇ ਸ੍ਰੀ ਅਰਵਿੰਦ ਕੇਜਰੀਵਾਲ ਦੇ ਪਾਕ ਸਾਫ ਦਾਮਨ ਨੂੰ ਮੈਲਾ ਕਰਨ ਦੀ ਸਾਜਿਸ਼ ਰਚੀ ਸੀ, ਜਿਸ ਦਾ ਮਾਣਯੋਗ ਅਦਾਲਤ ਨੇ ਸ੍ਰੀ ਅਰਵਿੰਦ ਕੇਜਰੀਵਾਲ ਨੂੰ ਬਰੀ ਕਰਕੇ ਪਾਰਦਾਫਾਸ਼ ਕਰ ਦਿੱਤਾ। ਅਦਾਲਤ ਦੇ ਇਸ ਫੈਸਲੇ ਨੇ ਸਾਬਤ ਕਰ ਦਿੱਤਾ ਹੈ ਕਿ ਇਮਾਨਦਾਰੀ ਦੀ ਸਿਆਸਤ ਨੂੰ ਕਦੇ ਵੀ ਦਬਾਇਆ ਨਹੀਂ ਜਾ ਸਕਦਾ। ਉਨ੍ਹਾਂ ਕਿਹਾ ਕਿ ਅਰਵਿੰਦ ਕੇਜਰੀਵਾਲ



ਦੀ ਰਿਹਾਈ ਅਤੇ ਬਰੀ ਹੋਣ ਨਾਲ ਦੇਸ਼ ਭਰ ਦੇ 'ਆਪ' ਵਰਕਰਾਂ ਵਿੱਚ ਨਵੀਂ ਊਰਜਾ ਭਰ ਗਈ ਹੈ। ਵਾਈਸ ਚੇਅਰਮੈਨ ਵਿੱਕੀ ਘਨੌਰ ਨੇ ਕਿਹਾ ਕਿ ਸ੍ਰੀ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਅੱਜ ਪੰਜਾਬ ਤਰੱਕੀ ਦੀਆਂ ਰਾਹ ਹੈ। ਇਸ ਦੌਰਾਨ ਹਲਕਾ ਘਨੌਰ ਦੇ ਸਰਬਪੱਖੀ ਵਿਕਾਸ ਅਤੇ ਲੋਕਾਂ ਦੀਆਂ ਸਥਾਨਕ ਲੋੜਾਂ 'ਤੇ ਵੀ ਵਿਸਥਾਰਪੂਰਵਕ ਗੱਲਬਾਤ ਹੋਈ। ਅਰਵਿੰਦ ਕੇਜਰੀਵਾਲ ਨੇ ਵਿੱਕੀ ਘਨੌਰ ਵੱਲੋਂ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕੀਤੀ।

## ਮੇਅਰ ਕੁੰਦਨ ਗੋਗੀਆ ਦਾ ਵੱਡਾ ਉਪਰਾਲਾ, ਬੇਸਹਾਰਾ ਗਊ ਵੰਸ਼ ਨੂੰ ਗਊਸ਼ਾਲਾ ਪਹੁੰਚਾ ਕੇ ਲੋਕਾਂ ਨੂੰ ਦਿੱਤੀ ਰਾਹਤ

ਪਟਿਆਲਾ, 23 ਮਾਰਚ (ਰੁਪਾਣਾ): ਸ਼ਾਹੀ ਸ਼ਹਿਰ ਪਟਿਆਲਾ ਦੇ ਮੇਅਰ ਕੁੰਦਨ ਗੋਗੀਆ ਨੇ ਇੱਕ ਵਾਰ ਫਿਰ ਸਾਬਿਤ ਕਰ ਦਿੱਤਾ ਹੈ ਕਿ ਉਹ ਜਨਤਾ ਦੀ ਸੇਵਾ ਲਈ 24 ਘੰਟੇ ਵਚਨਬੱਧ ਹਨ। ਸ਼ਹਿਰ ਦੀਆਂ ਸੜਕਾਂ 'ਤੇ ਘੁੰਮ ਰਹੇ ਬੇਸਹਾਰਾ ਗਊ ਵੰਸ਼ ਕਾਰਨ ਹੋਣ ਵਾਲੇ ਹਾਦਸਿਆਂ ਨੂੰ ਰੋਕਣ ਅਤੇ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਮੇਅਰ ਨੇ ਅੱਜ ਖੁਦ ਮੈਦਾਨ ਵਿੱਚ ਉਤਰ ਕੇ ਬੇਸਹਾਰਾ ਗਊ ਵੰਸ਼ ਨੂੰ ਸੁਰੱਖਿਅਤ ਤਰੀਕੇ ਨਾਲ ਗਊਸ਼ਾਲਾ ਪਹੁੰਚਾਉਣ ਦੀ ਮੁਹਿੰਮ ਦੀ ਅਗਵਾਈ ਕੀਤੀ। ਇਸ ਮੌਕੇ ਉਨ੍ਹਾਂ ਨਾਲ ਨਿਗਮ ਟੀਮ ਤੋਂ ਵਿਕਾਸ ਕੰਬੋਜ, ਜਸਵੀਰ ਸਿੰਘ, ਜਗਜੀਤ ਸਿੰਘ, ਸ਼ੇਰ ਸਿੰਘ, ਪਿੰਦਰ ਸਿੰਘ, ਸੰਜੇ ਕੁਮਾਰ ਵੀ ਮੌਜੂਦ ਸਨ। ਸ਼ਹਿਰ ਦੇ ਵੱਖ-ਵੱਖ ਚੌਕਾਂ ਅਤੇ ਮੁੱਖ ਮਾਰਗਾਂ 'ਤੇ ਬੇਸਹਾਰਾ ਪਸ਼ੂਆਂ ਦੀ ਭਰਮਾਰ ਕਾਰਨ ਆਮ ਨਾਗਰਿਕਾਂ,



ਖਾਸ ਕਰਕੇ ਦੋ ਪਹੀਆ ਵਾਹਨ ਚਾਲਕਾਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਇਨ੍ਹਾਂ ਪਸ਼ੂਆਂ ਕਾਰਨ ਕਈ ਵਾਰ ਜਾਨਲੇਵਾ ਹਾਦਸੇ ਵੀ ਵਾਪਰ ਜਾਂਦੇ ਹਨ। ਇਸ ਗੰਭੀਰ ਸਮੱਸਿਆ ਨੂੰ ਦੇਖਦਿਆਂ ਮੇਅਰ ਕੁੰਦਨ ਗੋਗੀਆ ਨੇ ਨਗਰ ਨਿਗਮ ਦੀ ਵਿਸ਼ੇਸ਼ ਟੀਮ ਨੂੰ ਨਾਲ ਲੈ ਕੇ ਇਨ੍ਹਾਂ ਬੇਸਹਾਰਾ ਪਸ਼ੂਆਂ ਨੂੰ ਫੜ ਕੇ ਨੇੜਲੀਆਂ ਗਊਸ਼ਾਲਾਵਾਂ ਵਿੱਚ ਭੇਜਣਾ ਸ਼ੁਰੂ ਕੀਤਾ ਹੈ। ਮੇਅਰ ਅਨੁਸਾਰ ਇਹ ਕਦਮ ਜਿੱਥੇ ਆਮ ਲੋਕਾਂ ਦੇ ਬਚਾਅ ਲਈ ਜ਼ਰੂਰੀ ਹੈ, ਉੱਥੇ ਹੀ ਗਊ ਵੰਸ਼ ਦੀ ਸਾਂਭ-ਸੰਭਾਲ ਲਈ ਵੀ ਅਤਿ ਲੋੜੀਂਦਾ ਹੈ। ਅੱਜ ਛੁੱਟੀ ਵਾਲੇ ਦਿਨ ਵੀ ਕੰਮ ਕਰਦਿਆਂ ਮੇਅਰ ਕੁੰਦਨ ਗੋਗੀਆ ਨੇ ਵਿਰੋਧੀਆਂ ਅਤੇ ਸੁਸਤ ਪ੍ਰਣਾਲੀ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਪਟਿਆਲਾ ਦੇ ਲੋਕਾਂ ਨੇ ਸਾਨੂੰ ਇਸ ਲਈ ਨਹੀਂ ਚੁਣਿਆ ਕਿ ਜਦੋਂ ਜਨਤਾ ਮੁਸ਼ਕਿਲ ਵਿੱਚ ਹੋਵੇ ਤਾਂ ਅਸੀਂ ਛੁੱਟੀ ਵਾਲੇ ਦਿਨ ਆਪਣੇ ਘਰਾਂ ਵਿੱਚ ਬੈਠ ਕੇ ਆਰਾਮ ਕਰੀਏ। ਉਨ੍ਹਾਂ ਸਪੱਸ਼ਟ ਕੀਤਾ ਕਿ ਜਨਤਾ ਨੇ ਉਨ੍ਹਾਂ ਨੂੰ ਸੇਵਾ ਦਾ ਫ਼ਤਵਾ ਦਿੱਤਾ ਹੈ ਅਤੇ ਉਹ ਇਸ ਜ਼ਿੰਮੇਵਾਰੀ ਨੂੰ ਨਿਭਾਉਣ ਲਈ ਹਰ ਵੇਲੇ 'ਆਨ ਡਿਊਟੀ' ਹਨ। ਉਨ੍ਹਾਂ ਕਿਹਾ ਕਿ ਪਟਿਆਲਾ ਵਾਸੀਆਂ ਲਈ ਉਹ 24 ਘੰਟੇ ਹਾਜ਼ਰ ਹਨ। ਮੇਅਰ ਨੇ ਦੱਸਿਆ ਕਿ ਨਿਗਮ ਟੀਮ ਵੱਲੋਂ ਹਰ ਵਾਰਡ ਵਿੱਚ ਚੱਲ ਰਹੀਆਂ ਗਤੀਵਿਧੀਆਂ 'ਤੇ ਨਿਗਰਾਨੀ ਰੱਖੀ ਜਾ ਰਹੀ ਹੈ, ਤਾਂ ਜੋ ਸ਼ਿਕਾਇਤਾਂ ਦਾ ਤੁਰੰਤ ਨਿਪਟਾਰਾ ਕੀਤਾ ਜਾ ਸਕੇ। ਉਨ੍ਹਾਂ ਅੱਗੇ ਕਿਹਾ ਕਿ ਬੇਸਹਾਰਾ ਪਸ਼ੂਆਂ ਦੀ ਸਮੱਸਿਆ ਨੂੰ ਪੱਕੇ ਤੌਰ 'ਤੇ ਹੱਲ ਕਰਨ ਲਈ ਨਿਗਮ ਵੱਲੋਂ ਹੋਰ ਵੀ ਠੋਸ ਕਦਮ ਚੁੱਕੇ ਜਾ ਰਹੇ ਹਨ। ਇਸ ਮੁਹਿੰਮ ਦੌਰਾਨ ਇਲਾਕਾ ਨਿਵਾਸੀਆਂ ਨੇ ਮੇਅਰ ਕੁੰਦਨ ਗੋਗੀਆ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੂੰ ਇੱਕ 'ਲੋਕ ਮੇਅਰ' ਵਜੋਂ ਸਨਮਾਨਿਤ ਮਹਿਸੂਸ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਨਗਰ ਨਿਗਮ ਟੀਮ ਅਤੇ ਨਿਜੀ ਸਟਾਫ ਵੀ ਮੌਜੂਦ ਸਨ।

## ਭਾਰਤੀ ਕਿਸਾਨ ਯੂਨੀਅਨ ਸ਼ਾਦੀਪੁਰ ਵੱਲੋਂ ਸ਼ਹੀਦਾਂ ਨੂੰ ਸ਼ਰਧਾ ਸਤਿਕਾਰ ਭੇਟ



ਦੇਵੀਗੜ੍ਹ, 23 ਮਾਰਚ (ਗੁਰਜੀਤ ਸਿੰਘ ਢੋਟ): ਭਾਰਤੀ ਕਿਸਾਨ ਯੂਨੀਅਨ ਸ਼ਾਦੀਪੁਰ ਵੱਲੋਂ ਸ਼ਹੀਦੇ ਆਜ਼ਮ ਭਗਤ ਸਿੰਘ ਰਾਜਗੁਰੂ ਸੁਖਦੇਵ ਦੇ ਸ਼ਹੀਦੀ ਦਿਹਾੜੇ ਨੂੰ ਮੁੱਖ ਰੱਖ ਕੇ ਗੁਰਦੁਆਰਾ ਸਾਹਿਬ ਭੁਨਰਹੇੜੀ ਵਿਖੇ ਸ਼ਹੀਦਾਂ ਨੂੰ ਸ਼ਰਧਾ ਤੇ ਸਤਿਕਾਰ ਭੇਟ ਕੀਤਾ ਗਿਆ। ਅੱਜ ਦੀ ਮੀਟਿੰਗ ਦੀ ਪ੍ਰਧਾਨਗੀ ਚਰਨਜੀਤ ਸਿੰਘ ਬਾਜਵਾ ਪਾਲਾ ਸਿੰਘ ਸਨੌਰ ਰਣਜੀਤ ਸਿੰਘ ਔਜਾਂ ਨੇ ਕੀਤੀ ਅਤੇ ਕੇਂਦਰ ਸਰਕਾਰ ਦੇ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਜਥੇਬੰਦੀ ਦੇ ਪ੍ਰਧਾਨ ਬੂਟਾ ਸਿੰਘ ਸ਼ਾਦੀਪੁਰ ਵੱਲੋਂ ਜਥੇਬੰਦੀ ਦੇ ਜਝਾਰੂ ਸਾਥੀਆਂ ਦੇ ਅੰਦਰ ਜੋਸ਼ ਭਰਦਿਆਂ ਹੋਇਆਂ ਸਾਰੇ ਸਾਥੀਆਂ ਨੂੰ ਤਗੜੇ ਹੋ ਕੇ ਆਪਣੇ ਹੱਕਾਂ ਦੇ ਖਾਤਰ ਲੜਾਈ ਲੜ ਕੇ ਇਸ ਸੰਘਰਸ਼ ਨੂੰ ਹੋਰ ਤਿੱਖਾ ਕਰਕੇ ਤੇ ਕੇਂਦਰ ਸਰਕਾਰ ਤੋਂ ਆਪਣੀਆਂ ਮੰਗਾਂ ਮਨਵਾਉਣ ਲਈ ਪ੍ਰੇਰਨਾ ਦਿੱਤੀ। ਇਸ ਮੌਕੇ 'ਤੇ ਹਰਬੰਤ ਸਿੰਘ ਦਦੇੜਾ, ਕੈਪਟਨ ਮੇਜਰ ਸਿੰਘ, ਭੁਪਿੰਦਰ ਸਿੰਘ ਸ਼ੰਕਰਪੁਰ, ਰਣਜੀਤ ਸਿੰਘ ਮਿਆਲਾ, ਗੁਰਲਾਲ ਸਿੰਘ ਵਿਰਕ, ਬਖਸ਼ੀਸ਼ ਸਿੰਘ ਪੱਖਾ, ਕੁਲਵਿੰਦਰ ਸਿੰਘ, ਹਾਕਮ ਸਿੰਘ ਬੂਹੀ, ਬੂਟਾ ਸਿੰਘ ਵਿਰਕ, ਸਾਹਿਬ ਸਿੰਘ ਬਾਜਵਾ, ਸੰਸਾਰ ਸ਼ਾਦੀਪੁਰ ਲੱਖਾ ਸਿੰਘ ਸ਼ਾਦੀਪੁਰ ਗੁਰਵਿੰਦਰ ਸਿੰਘ ਰੋੜ ਅੰਗਰੇਜ਼ ਸਿੰਘ ਭੰਬਲ,ਗੁਰਮੇਲ ਸਿੰਘ ਹਾਜ਼ਰ ਸਨ।

## ਕਾਂਗਰਸ ਕਮੇਟੀ ਵੱਲੋਂ ਸ਼ਹੀਦੇ ਆਜ਼ਮ ਭਗਤ ਸਿੰਘ ਨੂੰ ਸ਼ਰਧਾਂਜਲੀ ਅਰਪਿਤ



ਪਟਿਆਲਾ, 23 ਮਾਰਚ (ਰੁਪਾਣਾ): ਜ਼ਿਲ੍ਹਾ ਕਾਂਗਰਸ ਕਮੇਟੀ ਪਟਿਆਲਾ ਸ਼ਹਿਰੀ ਦੇ ਪ੍ਰਧਾਨ ਨਰੇਸ਼ ਕੁਮਾਰ ਦੁੱਗਲ ਦੀ ਅਗਵਾਈ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਜ਼ਿਲ੍ਹਾ ਕਾਂਗਰਸ ਕਮੇਟੀ ਪਟਿਆਲਾ ਸ਼ਹਿਰੀ ਨੇ ਸ਼ਹੀਦੇ ਆਜ਼ਮ ਭਗਤ ਸਿੰਘ ਰਾਜਗੁਰੂ ਅਤੇ ਸੁਖਦੇਵ ਦੇ ਬਲੀਦਾਨ ਦਿਵਸ ਮੌਕੇ ਉਹਨਾਂ ਦੇ ਸਮਾਰਕ ਘਲੋੜੀ ਗੇਟ ਪਟਿਆਲਾ ਵਿਖੇ ਫੁੱਲ ਮਾਲਾ ਅਰਪਣ ਕਰਕੇ ਉਹਨਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਰਜੇਸ਼ ਮੰਡੋਰਾ ਅਤੇ ਨਰੇਸ਼ ਕੁਮਾਰ ਦੁੱਗਲ ਨੇ ਕਿਹਾ ਕਿ ਇਹਨਾਂ ਆਜ਼ਾਦੀ ਘੁਲਾਟੀਆਂ ਦੀਆਂ ਕੁਰਬਾਨੀਆਂ ਸਦਕਾ ਤਕਰੀਬਨ 100 ਸਾਲ ਬਾਅਦ ਭਾਰਤ ਆਜ਼ਾਦ ਹੋਇਆ ਜਿਸ ਕਾਰਨ ਅੱਜ ਅਸੀਂ ਰਹਿਣ ਦਾ ਬੋਲਣ ਦਾ ਕੰਮ ਕਰਨ ਦਾ ਹੋਰ ਬਹੁਤ ਸਾਰੇ ਅਧਿਕਾਰਾਂ ਦਾ ਆਨੰਦ ਮਾਨ ਰਹੇ ਹਾਂ। ਇਸ ਮੌਕੇ ਮਦਨ ਲਾਲ ਭਾਮਰੀ ਰਜਿੰਦਰ ਸ਼ਰਮਾ ਗੁਰਿੰਦਰ ਸਿੰਘ ਢਿੱਲੋਂ ਸਾਬਕਾ ਏਡੀਜੀਪੀ ਕੇਕੇ ਸਹਿਗਲ ਰਜੇਸ਼ ਬੱਗਣ, ਮਹਿੰਦਰ ਸਿੰਘ ਬਡੂੰਗਰ ਦਿਨੇਸ਼ ਸ਼ਰਮਾ ਇੰਦਰਜੀਤ ਸਿੰਘ ਸੋਢੀ ਅਵਤਾਰ ਸਿੰਘ ਗੌਤਮ ਸਲੂਜਾ ਅਤੇ ਦੀਪ ਟੰਡਨ ਮੀਡੀਆ ਇੰਚਾਰਜ ਪ੍ਰਦੀਪ ਸਿੰਘ ਪੈਰੀਮਾਨ ਸੁਭਾਸ਼ ਚੰਦ ਅਸ਼ੋਕ ਸ਼ਰਮਾ ਵਿਨੋਦ ਮਲਹੋਤਰਾ ਕ੍ਰਿਸ਼ਨ ਲਾਲ ਸੰਜੂ ਕੇਸ਼ਵ ਵਿਨੋਦ ਕੁਮਾਰ ਲੀਲੂ ਪਵਨ ਗੁਪਤਾ ਸੋਮ ਸਿੰਘ ਜਸਪ੍ਰੀਤ ਨਿਰਮਾਣ ਯਸਪਾਲ ਗਰਗ ਰਜਨੀ ਬਡਲਾਨ ਰਜਿੰਦਰ ਸਿੰਘ ਸਹੋਤਾ ਅਜੇ ਹੰਸ ਦੀਪਕ ਟਿਵਾਣਾ ਕਰਮਜੀਤ ਲਚਕਾਣੀ ਪਰਮ ਸ਼ਰਮਾ ਜੋਗਿੰਦਰ ਪਾਲ ਸਿੰਘ ਕਮਲ ਕੁਮਾਰ ਮੋਹਿਤ ਸ਼ਰਮਾ ਲਵਲੀ ਅਨਿਲ ਵਰਮਾ ਰੋਹਿਤ ਸ਼ਰਮਾ ਭੀਮ ਸੈਨ ਚੌਹਾਨ ਦਲਜੀਤ ਸਿੰਘ ਰਘਵੀਰ ਸਿੰਘ ਨੇ ਸ਼ਮੂਲੀਅਤ ਕੀਤੀ।

## ਸ਼ਹੀਦੀ ਦਿਹਾੜੇ ਮੌਕੇ ਸਮਾਗਮ ਦੌਰਾਨ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ



ਸਮਾਣਾ, 23 ਮਾਰਚ (ਜਵੰਦਾ/ ਵਿਜੇ ਕੁਮਾਰ/ਸੁਖਜਿੰਦਰ): ਸ਼ਹੀਦੇ ਆਜ਼ਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸੀਨੀਅਰ ਕਾਂਗਰਸੀ ਆਗੂ ਅਤੇ ਕੌਂਸਲਰ ਟਿੰਕਾ ਗਾਜੇਵਾਸ ਦੇ ਦਫ਼ਤਰ ਵਿਖੇ ਇਕ ਸਮਾਗਮ ਆਯੋਜਿਤ ਕੀਤਾ ਗਿਆ। ਇਸ ਮੌਕੇ ਪੰਜਾਬ ਮਹਿਲਾ ਕਾਂਗਰਸ ਦੀ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਦਿਆਂ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ। ਉਨ੍ਹਾਂ ਆਪਣੇ ਸੰਬੋਧਨ ਦੌਰਾਨ ਸ਼ਹੀਦੇ ਆਜ਼ਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਮਹਾਨ ਬਲੀਦਾਨ ਨੂੰ ਯਾਦ ਕਰਦਿਆਂ ਕਿਹਾ ਕਿ ਦੇਸ਼ ਦੀ ਆਜ਼ਾਦੀ ਲਈ ਦਿੱਤੀਆਂ ਕੁਰਬਾਨੀਆਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਨੌਜਵਾਨ ਪੀੜ੍ਹੀ ਨੂੰ ਸ਼ਹੀਦਾਂ ਦੇ ਆਦਰਸ਼ਾਂ 'ਤੇ ਚੱਲਣ ਦੀ ਅਪੀਲ ਵੀ ਕੀਤੀ। ਇਸ ਮੌਕੇ ਮਹਿਲਾ ਮੰਡਲ ਦੀ ਪ੍ਰਧਾਨ ਪੂਜਾ ਗਰਗ, ਵਿਜੇ ਅਗਰਵਾਲ, ਸ਼ਿਵ ਸ਼ਰਮਾ, ਨਵੀਨ ਸਿੰਗਲਾ ਅਤੇ ਸੁਸ਼ੀਲ ਬੱਬਰ ਸਮੇਤ ਹੋਰ ਆਗੂ ਅਤੇ ਵਰਕਰ ਵੀ ਹਾਜ਼ਰ ਰਹੇ।

## ਸ਼ਹੀਦਾਂ ਨੂੰ ਨਮਨ ਕਰਦਿਆਂ ਵੱਖ-ਵੱਖ ਜਥੇਬੰਦੀਆਂ ਵੱਲੋਂ ਸਾਮਰਾਜੀ ਤਾਕਤਾਂ ਦਾ ਵਿਰੋਧ

ਨਾਭਾ, 23 ਮਾਰਚ (ਬਲਜਿੰਦਰ ਮਾਨ): ਸਮੂਹ ਕਿਸਾਨ, ਮਜ਼ਦੂਰ, ਮੁਲਾਜ਼ਮ ਅਤੇ ਵਿਦਿਆਰਥੀ ਜਥੇਬੰਦੀਆਂ ਵੱਲੋਂ ਨਾਭਾ ਵਿਖੇ ਅਮਰ ਸ਼ਹੀਦ ਭਗਤ ਸਿੰਘ, ਸ਼ਿਵਰਾਮ ਰਾਜਗੁਰੂ ਅਤੇ ਸੁਖਦੇਵ ਥਾਪਰ ਦੀ ਲਾਸਾਨੀ ਸ਼ਹਾਦਤ ਨੂੰ ਯਾਦ ਕੀਤਾ ਗਿਆ, ਦੇਸ਼ ਦੀ ਆਜ਼ਾਦੀ ਲਈ ਲੜੀ ਗਈ ਲੜਾਈ ਵਿੱਚ ਇਹਨਾਂ ਦੇਸ਼ ਭਗਤਾਂ ਨੇ ਕਿਵੇਂ ਆਪਣਾ ਜੀਵਨ ਦੇਸ਼ ਦੀ ਆਜ਼ਾਦੀ ਲਈ ਸੇਧਤ ਹੋ ਕੇ ਗੁਜ਼ਾਰਿਆ ਤੇ ਆਖਿਰ ਫਾਂਸੀ ਰੱਸਿਆਂ ਨੂੰ ਚੁੰਮਿਆ। ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਨੇ ਇਹਨਾਂ ਸ਼ਹੀਦਾਂ ਨੂੰ ਸਿਜਦਾ ਕਰਦੇ ਹੋਏ ਇਹਨਾਂ ਦੇ ਦਰਸਾਏ ਰਸਤੇ ਉੱਪਰ ਚਲਦੇ ਹੋਏ ਦੁਨੀਆ ਦੀਆਂ ਸਾਮਰਾਜੀ ਤਾਕਤਾਂ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਦੇ ਹੋਏ ਫ੍ਰੀ ਟਰੇਡ ਐਗਰੀਮੈਂਟ, 649, ਜੀ ਰਾਮ ਜੀ ਸਕੀਮ, ਬਿਜ਼ਲੀ ਬਿੱਲ, ਬੀਜ਼ ਬਿੱਲ, ਨਵੀਂ ਸਿੱਖਿਆ ਨੀਤੀ ਅਤੇ ਸਰਕਾਰੀ



ਵਿਭਾਗਾਂ ਨੂੰ ਲਗਾਤਾਰ ਖਤਮ ਕਰਨਾ ਆਦਿ ਲੋਕ ਮਾਰੂ ਫੈਸਲੇ ਲੈ ਕੇ ਆਉਣ ਦਾ ਵਿਰੋਧ ਕੀਤਾ ਅਤੇ ਇਹਨਾਂ ਸਾਰੇ ਫੈਸਲਿਆਂ ਨੂੰ ਕਾਰਪੋਰੇਟ ਅਤੇ ਸਾਮਰਾਜੀ ਤਾਕਤਾਂ ਪੱਖੀ ਫੈਸਲੇ ਦੱਸਿਆ। ਆਗੂਆਂ ਨੇ ਇਕੱਠੇ ਹੋ ਕੇ ਇਹਨਾਂ ਲੋਕ ਵਿਰੋਧੀ ਤਾਕਤਾਂ ਦਾ ਲਗਾਤਾਰ ਵਿਰੋਧ ਕਰਨ ਦੀ ਅਪੀਲ ਕੀਤੀ ਅਤੇ ਸਮਰਾਜੀ ਤਾਕਤਾਂ ਦੇ ਚਿਹਰੇ ਡੋਨਾਲਡ ਟਰੰਪ ਅਤੇ ਨਿਤਨਯਾਹੂ ਦੇ ਪੁਤਲਿਆਂ ਨੂੰ ਸਾੜ ਕੇ ਵਿਰੋਧ ਦਰਜ ਕਰਵਾਇਆ ਗਿਆ।ਇਸ ਮੌਕੇ ਵੱਖ ਵੱਖ ਜਥੇਬੰਦੀਆਂ ਜਿਵੇਂ ਕਿ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ, BKU ਡਕੌਂਦਾ, BKU ਲੱਖੋਵਾਲ, ਡੇਮੋਕ੍ਰੇਟਿਕ ਟੀਚਰਜ਼ ਫਰੰਟ, ਇਸਤ੍ਰੀ ਜਾਗ੍ਰਤੀ ਮੰਚ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ, ਖੇਤੀ ਅਤੇ ਕਿਸਾਨ ਵਿਕਾਸ ਫ਼ਰੰਟ, ਪੰਜਾਬ ਸਟੂਡੈਂਟਸ ਯੂਨੀਅਨ, ਪੈਨਸ਼ਨਰ ਐਸੋਸੀਏਸ਼ਨ (PSPCL), ਟੈਕਨੀਕਲ ਸਰਵਿਸ ਯੂਨੀਅਨ, ਕੁੱਲ ਹਿੰਦ ਕਿਸਾਨ ਸਭਾ, ਜੰਗਲਾਤ ਵਰਕਰ ਯੂਨੀਅਨ, J E ਟੈਕਨੀਕਲ ਸਰਵਿਸ ਯੂਨੀਅਨ ਆਦਿ ਸ਼ਾਮਿਲ ਸਨ।

## ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ 'ਤੇ ਸਾਮਰਾਜ ਵਿਰੋਧੀ ਦਿਹਾੜਾ ਮਨਾਉਂਦਿਆਂ ਟਰੰਪ ਦਾ ਪੁਤਲਾ ਫੂਕਿਆ



ਸਮਾਣਾ, 23 ਮਾਰਚ (ਵਿਜੇ ਕੁਮਾਰ/ਜਵੰਦਾ): ਸੰਯੁਕਤ ਕਿਸਾਨ ਮੋਰਚਾ, ਮਜ਼ਦੂਰ ਅਤੇ ਮੁਲਾਜ਼ਮ ਜਥੇਬੰਦੀਆਂ ਵੱਲੋਂ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ਤੇ ਸਤੀ ਮੰਦਰ ਪਾਰਕ ਵਿਖੇ ਇਕੱਠੇ ਹੋ ਕੇ ਸਾਮਰਾਜ ਵਿਰੋਧੀ ਦਿਹਾੜਾ ਮਨਾਉਂਦੇ ਹੋਏ ਸਮਾਣਾ ਦੇ ਬੱਸ ਸਟੈਂਡ ਕੋਲ ਟਰੰਪ ਦਾ ਪੁਤਲਾ ਫੂਕਿਆ। ਇਸ ਮੌਕੇ ਸਤੀ ਮੰਦਿਰ ਪਾਰਕ ਵਿੱਚ ਇਕੱਠੇ ਹੋਏ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਬੀਕੇਯੂ ਲੱਖੋਵਾਲ ਦੇ ਦਲਜੀਤ ਸਿੰਘ, ਕਿਰਤੀ ਕਿਸਾਨ ਯੂਨੀਅਨ ਦੇ ਵੱਲੋਂ ਕੁਲਬੀਰ ਟੋਡਰਪੁਰ, ਬੀਕੇਯੂ ਡਕੌਂਦਾ ਵੱਲੋਂ ਸੁਖਵਿੰਦਰ ਸਿੰਘ ਫਤਿਹ ਮਾਜਰੀ, ਪੈਨਸ਼ਨ ਵੈਲਫ਼ੇਅਰ ਐਸੋਸੀਏਸ਼ਨ ਵੱਲੋਂ ਕ੍ਰਿਸ਼ਨ ਸਿੰਘ ਕੁਲਵਾਨੂ, ਫੈਡਰੇਸ਼ਨ ਵੱਲੋਂ ਹਰਦੇਵ ਸਿੰਘ ਅਤੇ ਗੁਰਬਖਸ਼ ਸਿੰਘ ਨੇ ਆਖਿਆ ਕਿ ਸਾਡੇ ਸ਼ਹੀਦਾਂ ਨੇ ਬਰਾਬਰੀ ਵਾਲੇ ਦੇਸ਼ ਦਾ ਸੁਪਨਾ ਵੇਖਿਆ ਸੀ ਪਰ ਸਾਡੇ ਮੁਲਕ ਦੇ ਹਾਕਮ ਲਗਾਤਾਰ ਸਾਮਰਾਜੀ ਮੁਲਕਾਂ ਦੇ ਕਾਰਪੋਰੇਟ ਘਰਾਣਿਆਂ ਦੇ ਦਬਾਅ ਹੇਠ ਦੇਸ਼ ਨੂੰ ਵੇਚਣ ਵਾਲੇ ਸਮਝੌਤੇ ਕਰ ਰਹੇ ਹਨ ਜਿਸ ਦੇ ਸਿੱਟੇ ਵਜੋਂ ਕੇਂਦਰ ਦੀ ਮੋਦੀ ਸਰਕਾਰ ਵਪਾਰ ਮੁਕਤ ਸਮਝੌਤਾ, ਬਿਜਲੀ ਸੋਧ ਬਿਲ,ਬੀਜ ਬਿਲ ,ਚਾਰ ਲੇਬਰ ਕੋਰਡ ਅਤੇ ਜੀ ਰਾਮ ਜੀ ਆਦਿ ਕਨੂੰਨ ਲਿਆ ਕੇ ਲਗਾਤਾਰ ਲੋਕ ਮਾਰੂ ਫੈਸਲੇ ਕਰ ਰਹੇ ਹਨ। ਆਗੂਆਂ ਨੇ ਆਖਿਆ ਕਿ ਅਮਰੀਕਾ ਵੱਲੋਂ ਆਪਣੀ ਚੌਧਰ ਨੂੰ ਕਾਇਮ ਰੱਖਣ ਲਈ ਕਈ ਦੇਸ਼ਾਂ ਨਾਲ ਜੰਗਾਂ ਲਾਈਆਂ ਜਾ ਰਹੀਆਂ ਹਨ। ਇਸ ਮੌਕੇ ਜਸਵਿੰਦਰ ਸਿੰਘ ਸੋਜਾ, ਜਸਵੀਰ ਸਿੰਘ, ਕ੍ਰਿਸ਼ਨ ਸਿੰਘ ਕਲਵਾਨੂ ਅਤੇ ਪਰਗਟ ਸਿੰਘ ਨੇ ਆਖਿਆ ਕਿ ਸ਼ਹੀਦ ਭਗਤ ਸਿੰਘ ਤੇ ਉਹਨਾ ਦੇ ਸਾਥੀਆਂ ਨੂੰ ਸੱਚੀ ਸ਼ਰਧਾਂਜਲੀ ਇਹੀ ਹੋਵੇਗੀ ਸਾਡੇ ਮੁਲਕ ਦੇ ਲੋਕਾਂ ਨੂੰ ਇਕੱਠੇ ਹੋ ਕੇ ਕਾਰਪੋਰੇਟ ਘਰਾਣਿਆਂ ਦੇ ਖਿਲਾਫ ਦੇਸ਼ ਪੱਧਰੀ ਲਹਿਰ ਬਣਾਉਣੀ ਹੋਵੇਗੀ। ਇਸ ਮੌਕੇ ਸ਼ੇਰ ਸਿੰਘ ਕਾਕੜਾ, ਮੋਹਰ ਸਿੰਘ, ਅੰਗਰੇਜ਼ ਸਿੰਘ, ਜੋਗਾ ਸਿੰਘ ਅਤੇ ਰਣਧੀਰ ਸਿੰਘ ਕਾਦਰਾਬਾਦ ਆਦਿ ਆਗੂ ਵੀ ਹਾਜ਼ਰ ਸਨ।

## ਜਪ-ਤਪ ਸਮਾਗਮ ਦੌਰਾਨ 32 ਲੋੜਵੰਦ ਲੜਕੀਆਂ ਦੇ ਕੀਤੇ ਸਮੂਹਿਕ ਵਿਆਹ

ਪਟਿਆਲਾ, 23 ਮਾਰਚ (ਰੁਪਾਣਾ/ ਅਮਰਜੀਤ): ਪਟਿਆਲਾ ਦਿਹਾਤੀ ਅਧੀਨ ਪੈਂਦੇ ਪਿੰਡ ਬਾਰਨ ਵਿਖੇ ਗੁਰਮਿਤ ਅਕੈਡਮੀ ਵੱਲੋਂ 18ਵੇਂ ਜਪ-ਤਪ ਸਮਾਗਮ ਦੌਰਾਨ 32 ਲੋੜਵੰਦ ਲੜਕੀਆਂ ਦੇ ਉਹਨਾਂ ਦੀ ਧਾਰਮਿਕ ਮਰਿਆਦਾ ਅਨੁਸਾਰ ਸਮੂਹਿਕ ਵਿਆਹ ਕੀਤੇ ਗਏ। ਇਹ ਸਮਾਗਮ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਸੰਤ ਬਾਬਾ ਮਨਮੋਹਨ ਸਿੰਘ ਬਾਰਨ ਵਾਲਿਆਂ ਦੀ ਰਹਿਨੁਮਾਈ ਹੇਠ ਕਰਵਾਇਆ ਗਿਆ। ਇਸ ਸਮਾਗਮ ਵਿੱਚ ਸੰਤ ਮਹਾਂਪੁਰਸ਼ਾਂ ਤੋਂ ਇਲਾਵਾ ਰਾਜਨੀਤਕ ਆਗੂਆਂ, ਸਮਾਜ ਸੇਵੀਆਂ, ਇਲਾਕਾ ਨਿਵਾਸੀਆਂ ਅਤੇ ਪਿੰਡ ਵਾਸੀਆਂ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕਰਕੇ ਨਵ ਵਿਆਹੇ ਜੋੜਿਆਂ ਨੂੰ ਅਸ਼ੀਰਵਾਦ ਦਿੱਤਾ। ਸਮਾਗਮ ਦੌਰਾਨ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਸਾਬਕਾ ਮੈਂਬਰ ਪਾਰਲੀਮੈਂਟ



ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਗੁਰਮਿਤ ਅਕੈਡਮੀ ਦੇ ਪ੍ਰਬੰਧਕ ਸੰਤ ਬਾਬਾ ਮਨਮੋਹਨ ਸਿੰਘ ਬਾਰਨ ਵਾਲੇ ਜਿੱਥੇ ਧਰਮ ਪ੍ਰਚਾਰ ਨਾਲ ਲੰਬੇ ਸਮੇਂ ਤੋਂ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ, ਉਥੇ ਹੀ ਸਮਾਜ ਸੇਵਾ ਦੇ ਖੇਤਰ ਵਿੱਚ ਵੀ ਮੀਰੀ ਤੇ ਪੀਰੀ ਦੇ ਸਿਧਾਂਤ ਨੂੰ ਮੰਨਦੇ ਹੋਏ ਵਡਮੁੱਲਾ ਯੋਗਦਾਨ ਪਾ ਕੇ ਲੋੜਵੰਦਾਂ ਦੀ ਮਦਦ ਕਰ ਰਹੇ ਹਨ। ਸੰਤ ਬਾਬਾ ਮਨਮੋਹਨ ਸਿੰਘ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖ ਕੇ ਗੁਰੂ ਦੀ ਇਲਾਹੀ ਬਾਣੀ ਨਾਲ ਜੋੜ ਕੇ ਇੱਕ ਚੰਗੇ ਨਰੋਏ ਸਮਾਜ ਦੀ ਸਿਰਜਣਾ ਵਿੱਚ ਵੀ ਆਪਣੀ ਅਹਿਮ ਭੂਮਿਕਾ ਨਿਭਾ ਰਹੇ ਹਨ।ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਬਾਬਾ ਕਸ਼ਮੀਰਾ ਸਿੰਘ ਲੌਹਰਾ ਸਾਹਿਬ, ਸੁਆਮੀ ਰਵੇਸ਼ਵਰ ਨੰਦ, ਬਾਬਾ ਜੈਮਲ ਸਿੰਘ ਦੁੱਧਾਧਾਰੀ, ਬਾਬਾ ਭੁਪਿੰਦਰ ਸਿੰਘ ਪਟਿਆਲਾ, ਬਾਬਾ ਸੁਰਜੀਤ ਸਿੰਘ ਯੂਐਸਏ, ਬਾਬਾ ਹਰਪਾਲ ਸਿੰਘ, ਬਾਬਾ ਸੁਖਦੀਪ ਸਿੰਘ ਸਧਾਣਾ ਸਾਹਿਬ ਸੰਗਰੂਰ, ਬਾਬਾ ਗੁਰਮੀਤ ਸਿੰਘ ਬੜੂ ਸਾਹਿਬ,ਬਾਬਾ ਹਰਬੇਅੰਤ ਸਿੰਘ ਮਸਤੂਆਣਾ ਸਾਹਿਬ, ਬਾਬਾ ਗੁਰਮੇਲ ਸਿੰਘ ਲਾਲਤੋਂ, ਪ੍ਰੇਮ ਸਿੰਘ ਕਨੇਡਾ, ਬਾਬਾ ਮਨੋਹਰ ਸਿੰਘ ਕਿਲ੍ਹਾ ਰਾਏਪੁਰ, ਬਾਬਾ ਗੁਲਾਬ ਸਿੰਘ ਚਮਕੌਰ ਸਾਹਿਬ,ਬਾਬਾ ਤੇਗਾ ਸਿੰਘ ਅੰਮ੍ਰਿਤਸਰ,ਬਾਬਾ ਨਛੱਤਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਧਾਰਮਿਕ ਆਗੂਆਂ ਨੇ ਸ਼ਿਰਕਤ ਕੀਤੀ, ਜਿਨ੍ਹਾਂ ਨੇ ਸੰਗਤਾਂ ਨੂੰ ਸੰਬੋਧਨ ਕੀਤਾ ਅਤੇ ਨਵ ਵਿਆਹੇ ਜੋੜਿਆਂ ਨੂੰ ਅਸ਼ੀਰਵਾਦ ਦਿੱਤਾ।ਇਸ ਮੌਕੇ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਸਤਵੀਰ ਸਿੰਘ ਖੱਟੜਾ, ਕਰਨ ਕੌੜਾ,ਜਰਨੈਲ ਸਿੰਘ ਕਰਤਾਰਪੁਰ, ਕਰਨੈਲ ਸਿੰਘ ਡੀਐਸਪੀ, ਸੁਰਜੀਤ ਸਿੰਘ ਅਬਲੋਵਾਲ, ਸਤਵੀਰ ਸਿੰਘ ਅਬਲੋਵਾਲ, ਹਰਵਿੰਦਰ ਸਿੰਘ ਹਰਪਾਲਪੁਰ, ਮੰਜੂ ਕਰੇਸ਼ੀ,ਹਰਵਿੰਦਰ ਸਿੰਘ ਸੋਨੀ ਮਨੀਲਾ,ਚਿਤਵੰਤ ਸਿੰਘ ਮਨੀਲਾ, ਦਵਿੰਦਰ ਸਿੰਘ ਫੌਜੀ,ਕੇਹਰ ਸਿੰਘ ਝਿੱਲ, ਵਿਕਰਾਂਤ ਸਿੰਘ ਵਿੱਕੂ, ਸੁਖਬੀਰ ਸਿੰਘ ਬਲਵੇੜਾ, ਕਲੱਬ ਪ੍ਰਧਾਨ ਇੰਦਰਪ੍ਰੀਤ ਸਿੰਘ ਬਾਰਨ, ਹਰਭਜਨ ਸਿੰਘ ਮਾਜਰੀ,ਇੰਦਰਜੀਤ ਸਿੰਘ, ਹਰਭਜਨ ਸਿੰਘ, ਮਨਦੀਪ ਸਿੰਘ ਡੁਬਈ,ਭਾਈ ਸੰਦੀਪ ਸਿੰਘ ਮਸਕੀਨ, ਭਾਈ ਜਗਜੀਤ ਸਿੰਘ ਆਦਿ ਹਾਜ਼ਰ ਸਨ।

## ਘਨੌਰ ਬੱਸ ਸਟੈਂਡ 'ਤੇ ਸ਼ਹੀਦੇ-ਆਜ਼ਮ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦਾ ਸ਼ਹੀਦੀ ਦਿਹਾੜਾ ਮਨਾਇਆ, ਸਾਮਰਾਜੀ ਤਾਕਤਾਂ ਖ਼ਿਲਾਫ਼ ਉਠੀ ਆਵਾਜ਼

ਘਨੌਰ, 23 ਮਾਰਚ (ਰਾਜਿੰਦਰ ਸਿੰਘ ਕੰਬੋਜ): ਐਸ.ਕੇ.ਐਮ.ਟਰੇਡ ਯੂਨੀਅਨ ਅਤੇ ਕੁਲ ਹਿੰਦ ਖੇਤ ਮਜਦੂਰ ਤੇ ਮੁਲਾਜਮ ਜਥੇਬੰਦੀਆਂ ਵਲੋਂ ਦੇਸ਼ ਪੱਧਰ ਤੇ ਸਾਮਰਾਜੀ ਦਿਵਸ ਵਜੋਂ ਘਨੌਰ ਬੱਸ ਸਟੈਂਡ ਵਿਖੇ ਭਗਤ ਸਿੰਘ,ਰਾਜਗੁਰੂ ਅਤੇ ਸੁਖਦੇਵ ਦਾ 95ਵਾਂ ਸ਼ਹੀਦੀ ਦਿਹਾੜਾ ਅਮਰੀਕਾ ਅਤੇ ਇਜਰਾਈਲ ਦੇ ਸਾਮਰਾਜੀ ਹਮਲਿਆਂ ਦੇ ਵਿਰੋਧ ਵਿੱਚ ਮਨਾਇਆ ਗਿਆ।ਸਮਾਗਮ ਦੀ ਪ੍ਰਧਾਨਗੀ ਕਾਮਰੇਡ ਧਰਮਪਾਲ ਸਿੰਘ ਸੀਲ ਨੇ ਕੀਤੀ। ਇਸ ਮੌਕੇ ਇਕਬਾਲ ਸਿੰਘ ਮੰਡੋਲੀ, ਪਵਨ ਕੁਮਾਰ ਸੋਗਲਪੁਰ, ਗੁਲਜਾਰ ਸਿੰਘ ਸਲੇਮਪੁਰ, ਹਜੂਰਾ ਸਿੰਘ ਮਿਰਜਾਂਪੁਰ,ਅਮਰਜੀਤ ਸਿੰਘ ਘਨੌਰ, ਪ੍ਰੇਮ ਸਿੰਘ ਘਨੌਰ, ਡਾ. ਵਿਜੇਪਾਲ, ਮਾਸਟਰ ਗੁਰਨਾਮ ਸਿੰਘ,



ਤਰਸੇਮ ਸਿੰਘ ਅਜਰਾਵਰ, ਸੁਖਜੀਤ ਸਿੰਘ ਅਜਰਾਵਰ, ਮਸਤਰਾਮ ਨੰਬਰਦਾਰ ਲਾਛੜੂ, ਗੁਰਦੀਪ ਸਿੰਘ ਸਰਾਲਾ ਅਤੇ ਮੇਵਾ ਸਿੰਘ ਸਰਾਲਾ,ਜੈ ਰਾਮ ਘਨੌਰ ਸਮੇਤ ਕਈ ਆਗੂਆਂ ਨੇ ਸੰਬੋਧਨ ਕੀਤਾ। ਆਗੂਆਂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਅੱਜ ਦੁਨੀਆ ਭਰ ਵਿੱਚ ਸਾਮਰਾਜੀ ਤਾਕਤਾਂ ਵੱਲੋਂ ਕਮਜ਼ੋਰ ਦੇਸ਼ਾਂ 'ਤੇ ਹਮਲੇ ਕੀਤੇ ਜਾ ਰਹੇ ਹਨ। ਉਨ੍ਹਾਂ ਨੇ ਅਮਰੀਕਾ ਅਤੇ ਇਜਰਾਈਲ ਵੱਲੋਂ ਇਰਾਨ 'ਤੇ ਕੀਤੀਆਂ ਜਾ ਰਹੀਆਂ ਕਾਰਵਾਈਆਂ ਦੀ ਤਿੱਖੀ ਨਿਖੇਧੀ ਕੀਤੀ। ਆਗੂਆਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸ਼ਹੀਦਾਂ ਦੀ ਵਿਚਾਰਧਾਰਾ ਨੂੰ ਅਪਣਾਉਂਦੇ ਹੋਏ ਸਾਮਰਾਜਵਾਦ, ਜੰਗਾਂ ਅਤੇ ਲੁੱਟ-ਖਸੁੱਟ ਦੇ ਖ਼ਿਲਾਫ਼ ਇਕੱਠੇ ਹੋਣ ਅਤੇ ਸੰਘਰਸ਼ ਨੂੰ ਮਜ਼ਬੂਤ ਬਣਾਉਣ।ਇਸ ਦੌਰਾਨ ਬੱਸ ਸਟੈਂਡ ਤੋਂ ਮਾਰਚ ਵੀ ਕੱਢਿਆ ਗਿਆ ਅਤੇ ਜੰਗੀ ਨੀਤੀਆਂ ਦੇ ਵਿਰੋਧ ਵਿੱਚ ਨਾਅਰੇਬਾਜ਼ੀ ਕੀਤੀ ਗਈ।

## ਪੀ.ਆਰ.ਟੀ.ਸੀ. ਦੇ ਚੇਅਰਮੈਨ ਹਰਪਾਲ ਜੁਨੇਜਾ ਨੇ ਅਰਵਿੰਦ ਕੇਜਰੀਵਾਲ ਨਾਲ ਕੀਤੀ ਮੁਲਾਕਾਤ

ਪਟਿਆਲਾ, 23 ਮਾਰਚ (ਰੁਪਾਣਾ): ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਪੀ.ਆਰ.ਟੀ.ਸੀ. ਦੇ ਚੇਅਰਮੈਨ ਹਰਪਾਲ ਜੁਨੇਜਾ ਨੇ ਅੱਜ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨਾਲ ਮੁਲਾਕਾਤ ਕੀਤੀ। ਇਸ ਮੌਕੇ ਉਨ੍ਹਾਂ ਨੇ ਪਾਰਟੀ ਵੱਲੋਂ ਸੌਂਪੀ ਗਈ ਜ਼ਿੰਮੇਵਾਰੀ ਲਈ ਧੰਨਵਾਦ ਪ੍ਰਗਟ ਕਰਦਿਆਂ ਅਸ਼ੀਰਵਾਦ ਪ੍ਰਾਪਤ ਕੀਤਾ। ਕੇਜਰੀਵਾਲ ਨੇ ਉਨ੍ਹਾਂ ਨੂੰ ਪਾਰਟੀ ਦੀ ਚੜ੍ਹਦੀਕਲਾ ਲਈ ਨਿਰੰਤਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਮੁਲਾਕਾਤ ਦੌਰਾਨ ਚੇਅਰਮੈਨ ਜੁਨੇਜਾ ਨੇ ਕਿਹਾ ਕਿ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਲਾਗੂ ਕੀਤੀਆਂ ਜਾ ਰਹੀਆਂ ਲੋਕ-



ਭਲਾਈ ਯੋਜਨਾਵਾਂ ਦਾ ਲੋਕਾਂ ਨੂੰ ਵੱਡੇ ਪੱਧਰ 'ਤੇ ਲਾਭ ਮਿਲ ਰਿਹਾ ਹੈ। ਸ੍ਰੀ ਅਰਵਿੰਦ ਕੇਜਰੀਵਾਲ ਨੇ ਚੇਅਰਮੈਨ ਜੁਨੇਜਾ ਦੀ ਇਮਾਨਦਾਰੀ ਅਤੇ ਲਗਨ ਦੀ ਸਰਾਹਨਾ ਕਰਦਿਆਂ ਉਨ੍ਹਾਂ ਨੂੰ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

## ਮੇਅਰ ਗੋਗੀਆ ਵੱਲੋਂ 'ਮੁੱਖ ਮੰਤਰੀ ਤੀਰਥ ਯਾਤਰਾ' ਤਹਿਤ ਸ੍ਰੀ ਹਰਿਮੰਦਰ ਸਾਹਿਬ ਤੇ ਦੁਰਗਿਆਣਾ ਮੰਦਰ ਦੇ ਦਰਸ਼ਨਾਂ ਲਈ ਬੱਸ ਰਵਾਨਾ

ਪਟਿਆਲਾ, 23 ਮਾਰਚ (ਰੁਪਾਣਾ): ਪਟਿਆਲਾ ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ ਨੇ 'ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ' ਦੇ ਦੂਜੇ ਪੜਾਅ ਤਹਿਤ ਅੱਜ ਬਡੂੰਗਰ, ਗੁਰੂ ਨਾਨਕ ਨਗਰ ਵਾਰਡ ਨੰਬਰ 54 ਤੋਂ ਯਾਤਰੀਆਂ ਦੀ ਬੱਸ ਨੂੰ ਰਵਾਨਾ ਕੀਤਾ। ਗੋਗੀਆ ਨੇ ਦੱਸਿਆ ਕਿ ਇਹ ਬੱਸ ਸ਼ਰਧਾਲੂਆਂ ਨੂੰ ਸ੍ਰੀ ਹਰਿਮੰਦਰ ਸਾਹਿਬ, ਦੁਰਗਿਆਣਾ ਮੰਦਿਰ, ਭਗਵਾਨ ਵਾਲਮੀਕਿ ਤੀਰਥ ਸਥਲ, ਜਲ੍ਹਿਆਂਵਾਲਾ ਬਾਗ, ਪਾਰਟੀਸ਼ਨ ਮਿਊਜ਼ੀਅਮ, ਵਾਹਗਾ ਬਾਰਡਰ ਅਤੇ ਅੰਮ੍ਰਿਤਸਰ ਦੇ ਹੋਰ ਧਾਰਮਿਕ ਸਥਾਨਾਂ ਦੀ ਯਾਤਰਾ ਕਰਵਾਏਗੀ। ਇਸ ਮੌਕੇ ਕੌਂਸਲਰ ਜਗਮੋਹਨ ਸਿੰਘ, ਬਲਾਕ ਪ੍ਰਧਾਨ ਅਸ਼ੋਕ ਬਿੱਟੂ, ਤੀਰਥ ਯਾਤਰਾ ਮੈਨੇਜਰ



ਰਮਨਪ੍ਰੀਤ ਕੌਰ ਬਾਲੀ, ਗੁਰਮੇਲ ਸਿੰਘ ਭੱਟੀ, ਦਰਸ਼ਨ ਸਿੰਘ, ਅਮਰੀਕ ਸਿੰਘ, ਪਬਲਿਕ ਹੈਲਪ ਫਾਊਂਡੇਸ਼ਨ ਤੋਂ ਰਵਿੰਦਰ ਸਿੰਘ ਰਵੀ ਤੇ ਸਤੀਸ਼ ਕੁਮਾਰ ਵੀ ਹਾਜ਼ਰ ਸਨ। ਮੇਅਰ ਗੋਗੀਆ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸੂਬਾ ਸਰਕਾਰ ਨੇ ਲੋਕਾਂ ਦੀ ਸੇਵਾ ਲਈ ਸਹੀ ਮਾਅਨਿਆਂ ਵਿੱਚ ਵਿਲੱਖਣ ਉਪਰਾਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਸਾਰੇ ਸ਼ਰਧਾਲੂਆਂ ਨੂੰ ਪ੍ਰਸਾਦ ਵੀ ਵੰਡਿਆ ਜਾਵੇਗਾ ਅਤੇ ਜਿਹੜੇ ਲੋਕ ਕਿਸੇ ਕਾਰਨ ਪਵਿੱਤਰ ਅਸਥਾਨਾਂ ਦੇ ਦਰਸ਼ਨ ਕਰਨ ਤੋਂ ਵਾਂਝੇ ਰਹਿ ਗਏ ਸਨ, ਉਨ੍ਹਾਂ ਲੋਕਾਂ ਲਈ ਇਹ ਸਕੀਮ ਵਰਦਾਨ ਸਾਬਤ ਹੋਵੇਗੀ। ਮੇਅਰ ਨੇ ਲੋਕਾਂ ਨੂੰ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਦੌਰਾਨ ਪੰਜਾਬ ਦੀ ਤਰੱਕੀ, ਸ਼ਾਂਤੀ ਅਤੇ ਖੁਸ਼ਹਾਲੀ ਲਈ ਅਰਦਾਸ ਬੇਨਤੀ ਕਰਨ ਦੀ ਅਪੀਲ ਕੀਤੀ।